Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

FARMERS INSURANCE
*Auto *Home *Life
*Business *Work Comp
Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Gurcharan S. Mann
License # 0C70672
Duabba Insurance Agency
2450 Peralta Blvd, Suite 203
Fremont CA 94536

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 21, May 23, 2015
20451 N Plum Grove Rd., Palatine, IL 60074
Ph:847-359-0746, Fax:847-705-9388

# ਔਰਬਿਟ ਕੇਸ: ਸੁਖਬੀਰ ਤੇ ਹਰਸਿਮਰਤ ਨੂੰ ਨੋਟਿਸ

## ਹਾਈਕੋਰਟ ਵਲੋਂ ਬੱਸਾਂ ਦਾ 5 ਸਾਲ ਦਾ ਰਿਕਾਰਡ ਤਲਬ

**ਚੰਡੀਗੜ੍ਹ:** ਮੋਗਾ ਔਰਬਿਟ ਬੱਸ ਕਾਂਡ ਮਾਮਲੇ ਵਿਚ ਬਾਦਲ ਪਰਿਵਾਰ ਘਿਰਨ ਲੱਗਾ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਸ ਕੇਸ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਵੀ ਨੋਟਿਸ ਜਾਰੀ ਕਰ ਦਿੱਤੇ ਹਨ। ਬਾਦਲ ਪਰਿਵਾਰ ਦੀ ਮਾਲਕੀ ਵਾਲੀ ਟਰਾਂਸਪੋਰਟ ਕੰਪਨੀ ਔਰਬਿਟ ਏਵੀਏਸ਼ਨ ਦੇ ਬੀਤੇ ਪੰਜ ਸਾਲਾ ਮੁਨਾਫ਼ੇ ਅਤੇ ਇਸ ਦੀ ਮਲਕੀਅਤ ਬਾਰੇ ਵੇਰਵਿਆਂ ਦੀ ਨਿਰਖ-ਪਰਖ ਕੀਤੀ ਜਾਵੇਗੀ। ਅਦਾਲਤ ਨੂੰ ਸੌਂਪੇ ਇਕ ਰਿਕਾਰਡ ਅਨੁਸਾਰ ਸੂਬੇ ਦੀਆਂ ਸੜਕਾਂ ਉਤੇ ਔਰਬਿਟ ਦੀਆਂ 62 ਬੱਸਾਂ ਦੌੜ ਰਹੀਆਂ ਹਨ ਅਤੇ ਬਾਦਲ ਜੋੜਾ ਔਰਬਿਟ ਕੰਪਨੀ ਦਾ ਮੁੱਖ ਸ਼ੇਅਰ ਹੋਲਡਰ ਹੈ। ਐਡਵੋਕੇਟ ਜਸਦੀਪ ਸਿੰਘ ਬੈਂਸ ਵਲੋਂ ਦਾਇਰ ਪਟੀਸ਼ਨ ਵਿਚ ਦਿੱਲੀ ਦੇ ਸਮੂਹਿਕ ਬਲਾਤਕਾਰ ਕਾਂਡ ਦੀ ਤਰਜ਼ ਉਤੇ ਮੋਗਾ ਮਾਮਲੇ ਵਿਚ ਕੰਪਨੀ ਦੇ ਮਾਲਕਾਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ।

ਹਾਈਕੋਰਟ ਦੇ ਡਿਵੀਜ਼ਨ ਬੈਂਚ ਨੇ ਸੂਬੇ ਦੇ ਸਟੇਜ ਕੈਰਿਜ ਪਰਮਿਟ ਹੋਲਡਰਾਂ ਖ਼ਿਲਾਫ਼ ਬੀਤੇ ਸਾਲ ਦੌਰਾਨ ਦਰਜ ਫ਼ੌਜਦਾਰੀ ਕੇਸਾਂ ਦੇ ਵੇਰਵੇ ਵੀ ਤਲਬ ਕੀਤੇ ਹਨ। ਅਦਾਲਤ ਨੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੂੰ ਮੋਗਾ ਛੇੜਛਾੜ ਕੇਸ ਦੀ ਐਫ਼.ਆਈ.ਆਰ. ਵੀ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਹਾਈਕੋਰਟ ਦੇ ਬੈਂਚ ਨੇ ਔਰਬਿਟ ਨੂੰ ਹਦਾਇਤ ਦਿੱਤੀ ਕਿ ਉਹ ਆਪਣੇ ਸ਼ੇਅਰ ਹੋਲਡਰਾਂ ਤੇ ਪੰਜ ਸਾਲਾਂ ਦੀ ਬੈਲੈਂਸ ਸ਼ੀਟ ਪੇਸ਼ ਕਰੇ।





ਇਸ ਦੇ ਨਾਲ ਹੀ 10 ਤੋਂ ਵੱਧ ਪਰਮਿਟ ਧਾਰਕਾਂ ਦੀ ਤਫਸੀਲ ਦੱਸਣ ਲਈ ਕਹੇ ਜਾਣ ਦੇ ਨਾਲ-ਨਾਲ ਮੋਗਾ ਬੱਸ ਕਾਂਡ ਬਾਰੇ 30 ਅਪਰੈਲ 2015 ਨੂੰ ਪੁਲਿਸ ਥਾਣਾ ਬਾਘਾ ਪੁਰਾਣਾ ਵਿਖੇ ਦਰਜ ਕੀਤੀ ਐਫ.ਆਈ.ਆਰ. ਨੰਬਰ 60 ਵੀ ਲੈ ਕੇ ਆਉਣ ਦੀ ਤਾਕੀਦ ਕੀਤੀ ਗਈ ਹੈ। ਬੈਂਚ ਨੇ ਸੂਬੇ ਦੇ ਪੁਲਿਸ ਪ੍ਰਸ਼ਾਸਨ ਤੇ ਆਵਾਜਾਈ ਮਹਿਕਮੇ ਨੂੰ ਪੁੱਛਿਆ ਹੈ ਕਿ ਬੱਸ ਆਪਰੇਟਰ ਖਿਲਾਫ ਕੀ ਕਾਰਵਾਈ ਅਮਲ ਵਿਚ ਲਿਆਏ ਜਾਣ ਦਾ ਪ੍ਰਸਤਾਵ ਹੈ? ਸਵਾਰੀਆਂ ਨਾਲ ਬਦਤਮੀਜ਼ੀ ਕਰਨ 'ਤੇ ਜੇ ਅਪਰਾਧਿਕ ਮਾਮਲਾ ਦਰਜ ਨਹੀਂ ਕੀਤਾ ਜਾ ਸਕਦਾ ਤਾਂ ਉਕਤ ਬੱਸ ਦਾ ਰੂਟ ਪਰਮਿਟ ਰੱਦ ਕਿਉਂ ਨਾ ਕੀਤਾ ਜਾਵੇ? ਇਸ ਪਟੀਸ਼ਨ ਉਤੇ ਅਗਲੀ ਸੁਣਵਾਈ 27 ਮਈ ਨੂੰ ਹੋਵੇਗੀ

ਦੱਸਣਯੋਗ ਹੈ ਕਿ ਬੀਤੀ 29 ਅਪਰੈਲ ਨੂੰ ਮੋਗਾ ਵਿਚ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਬੱਸ ਦੇ ਅਮਲੇ ਨੇ ਇਕ 13 ਸਾਲਾ ਲੜਕੀ ਨੂੰ ਛੇੜਛਾੜ ਪਿੱਛੋਂ ਥੱਲੇ ਸੁੱਟ ਦਿੱਤਾ ਸੀ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਹਾਈਕੋਰਟ ਨੇ ਇਸ ਮਾਮਲੇ ਦਾ ਸਵੈ-ਨੋਟਿਸ ਲਿਆ ਹੋਇਆ ਹੈ। ਹਾਈਕੋਰਟ ਨੇ ਪ੍ਰਾਈਵੇਟ ਟਰਾਂਸਪੋਰਟ ਦੇ ਦਿਨ-ਬ-ਦਿਨ ਹੋ ਰਹੇ ਪਸਾਰੇ 'ਤੇ ਵੀ ਸਵਾਲ ਕੀਤੇ ਹਨ। ਘਟਨਾ ਪਿੱਛੋਂ ਇਹ ਸਾਹਮਣੇ ਆਇਆ ਹੈ ਕਿ ਪਿਛਲੇ ਤਕਰੀਬਨ ਸੱਤ-ਅੱਠ ਸਾਲਾਂ ਵਿਚ ਬਾਦਲ ਪਰਿਵਾਰ ਨੇ ਟਰਾਂਸਪੋਰਟ ਕਾਰੋਬਾਰ ਉਤੇ ਮੁਕੰਮਲ ਕਬਜ਼ਾ

*(ਬਾਕੀ ਸਫਾ 6 'ਤੇ)*

## ਬਾਦਲਾਂ ਨੇ ਫਿਰ ਪੰਥਕ ਏਜੰਡੇ ਦੀ ਓਟ ਲਈ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਕ ਵਾਰ ਫਿਰ ਪੰਥਕ ਮੁੱਦਿਆਂ ਦੀ ਓਟ ਲੈ ਲਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਥੇ 1984 ਵਿਚ ਦਰਬਾਰ ਸਾਹਿਬ ਉਤੇ ਹਮਲੇ ਦੌਰਾਨ ਭਾਰਤੀ ਫੌਜ ਵੱਲੋਂ ਸਿੱਖ ਰੈਫਰੈਂਸ ਲਾਇਬਰੇਰੀ ਤੇ ਹੋਰ ਥਾਂਵਾਂ ਤੋਂ ਚੁੱਕੀਆਂ ਸਿੱਖ ਨਿਸ਼ਾਨੀਆਂ ਤੇ ਇਤਿਹਾਸਕ ਵਸਤਾਂ ਦੀ ਵਾਪਸੀ ਲਈ ਕੇਂਦਰ ਸਰਕਾਰ ਕੋਲ ਪਹੁੰਚ ਦੇ ਦਾਅਵੇ ਕਰ ਰਹੇ ਹਨ, ਉਥੇ ਅਕਾਲੀ ਦਲ ਦੇ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੰਜਾਬ ਦੇ ਹੱਕਾਂ ਲਈ ਸੰਸਦ ਵਿਚ ਦੁਹਾਈ ਪਾਈ ਹੈ।

ਅਕਾਲੀ ਦਲ ਨੇ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਦਰਜਾ ਦੇਣ ਬਾਰੇ ਪੰਜ ਸਾਲ ਪਹਿਲਾਂ ਪਾਸ ਕੀਤੇ ਮਤੇ ਬਾਰੇ ਵੀ ਸੰਸਦ ਵਿਚ ਗੁਹਾਰ ਲਾਈ ਹੈ, ਹਾਲਾਂਕਿ ਬਾਦਲ ਸਰਕਾਰ ਨੇ ਪੰਜ ਸਾਲ ਪਹਿਲਾਂ ਇਹ ਮਤਾ ਪਾਸ ਕਰਨ ਪਿਛੋਂ ਕਦੇ ਇਸ ਨੂੰ ਲਾਗੂ ਕਰਵਾਉਣ ਬਾਰੇ ਗੌਰ ਨਹੀਂ ਕੀਤੀ। ਹੁਣ ਸੀਨੀਅਰ ਅਕਾਲੀ ਆਗੂ ਇਹ ਮੁੱਦਾ ਲੈ ਕੇ ਪੰਜਾਬ-ਹਰਿਆਣਾ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਕਪਤਾਨ ਸਿੰਘ ਸੋਲੰਕੀ ਕੋਲ ਵੀ ਪਹੁੰਚ ਗਏ ਹਨ। ਅਕਾਲੀ ਦਲ ਦੀ ਪੰਥਕ ਮੁੱਦਿਆਂ 'ਤੇ ਇਕਦਮ ਸਰਗਰਮੀ ਨੇ ਸਿਆਸੀ ਤੇ ਧਾਰਮਿਕ ਹਲਕਿਆਂ ਵਿਚ ਚਰਚਾ ਛੇੜ ਦਿੱਤੀ ਹੈ। ਅਸਲ ਵਿਚ ਅਕਾਲੀ ਦਲ ਹਰ 'ਔਖੀ ਘੜੀ' ਵਿਚ ਇਨ੍ਹਾਂ ਮੁੱਦਿਆਂ ਦਾ ਸਹਾਰਾ ਲੈਂਦਾ ਆ ਰਿਹਾ ਹੈ। ਇਸ ਵੇਲੇ ਪੰਜਾਬ ਅੰਦਰ ਲਾਕਾਨੂੰਨੀ ਦੇ ਮੁੱਦੇ 'ਤੇ ਅਕਾਲੀ ਦਲ ਖਿਲਾਫ ਲਾਮਬੰਦੀ ਹੋ ਰਹੀ ਹੈ। ਵੱਡੀ ਗਿਣਤੀ ਸੰਘਰਸ਼ਸ਼ੀਲ ਜਥੇਬੰਦੀਆਂ

*(ਬਾਕੀ ਸਫਾ 6 'ਤੇ)*

### ਪੰਥਕ ਏਜੰਡੇ ਬਦਲੇ ਕਾਂਗਰਸ ਦਾ ਆਰਥਿਕ ਏਜੰਡਾ

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਪ੍ਰਕਾਸ਼ ਸਿੰਘ ਬਾਦਲ ਹੁਣ 31 ਸਾਲਾਂ ਬਾਅਦ ਬਲੂ ਸਟਾਰ ਅਪਰੇਸ਼ਨ ਦੌਰਾਨ ਫੌਜ ਵਲੋਂ ਲਿਜਾਈਆਂ ਗਈਆਂ ਕੀਮਤੀ ਪੁਸਤਕਾਂ ਵਾਪਸ ਲਿਆਉਣ ਦੀ ਦੁਹਾਈ ਪਾ ਕੇ ਸਿੱਖ ਪੰਥ ਦਾ ਹਮਾਇਤੀ ਹੋਣ ਦਾ ਵਿਖਾਵਾ ਕਰ ਰਹੇ ਹਨ ਜਦਕਿ ਇਸ ਤੋਂ ਪਹਿਲਾਂ ਉਨ੍ਹਾਂ ਕਦੇ ਇਸ ਬਾਰੇ ਜ਼ਿਕਰ ਤੱਕ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੇ ਪੰਥਕ ਏਜੰਡੇ ਦੇ ਮੁਕਾਬਲੇ ਕਾਂਗਰਸ ਪਾਰਟੀ ਆਰਥਿਕ ਮਜ਼ਬੂਤੀ ਦਾ ਏਜੰਡਾ ਲੈ ਕੇ ਆਵੇਗੀ।

REAL ESTATE & HOME LOANS
Low Interest Rate
3.5% Down Payment
Free Credit Report
Free Pre–Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ
ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ
ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



***Anu Peshawaria***
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiance Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India

*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com


46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

STATEN SOLAR
Affordable Energy For Everyone

# Save with Solar

## Commercial, Agricultural and Residential





***Simran S. Deol***
*Solar Engineer*
1844-4 BYEBILL
661-412-4728 (Office)
661-427-0843 (Fax)

# Bye, bill



## No One Can Beat Our Price Guranteed!


- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

# ਬਰਾਇਨ ਮਰਫੀ ਹੋਣਗੇ ਯੂਬਾ ਸਿਟੀ ਮੇਲੇ ਦੇ ਮੁਖ ਮਹਿਮਾਨ

**ਯੂਬਾ ਸਿਟੀ (ਬਿਊਰੋ):** 5 ਅਗਸਤ 2012 ਨੂੰ ਗੁਰਦੁਆਰਾ ਓਕ ਕਰੀਕ, ਵਿਸਕਾਨਸਿਨ ਵਿਚ ਵਾਪਰੇ ਗੋਲੀ ਕਾਂਡ ਦੇ ਹੀਰੋ ਪੁਲਿਸ ਅਫਸਰ ਬਰਾਇਨ ਮਰਫੀ ਆਪਣੇ ਪਰਿਵਾਰ ਸਮੇਤ 24 ਮਈ ਨੂੰ ਇਥੇ ਯੂਬਾ ਸਟਰ ਫੇਅਰ ਗਰਾਊਂਡ ਵਿਚ ਹੋ ਰਹੇ ਪੰਜਾਬੀ ਅਮੈਰੀਕਨ ਹੈਰੀਟੇਜ਼ ਆਰਗੇਨਾਈਜੇਸ਼ਨ ਦੇ 21ਵੇਂ ਸਾਲਾਨਾ ਮੇਲੇ ਵਿਚ ਮੁਖ ਮਹਿਮਾਨ ਵਜੋਂ ਸ਼ਰੀਕ ਹੋਣਗੇ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਓਕ ਕਰੀਕ ਵਿਚ ਵਾਪਰੇ ਇਸ ਗੋਲੀ ਕਾਂਡ ਦੌਰਾਨ ਨਿਰਦੋਸ਼ ਸ਼ਰਧਾਲੂਆਂ ਨੂੰ ਬਚਾਉਂਦਿਆਂ ਖੁਦ ਸ੍ਰੀ ਮਰਫੀ ਨੂੰ 15 ਗੋਲੀਆਂ ਲਗੀਆਂ ਅਤੇ ਉਹ ਗੰਭੀਰ ਜਖ਼ਮੀ ਹੋ ਗਏ ਸਨ। ਇਸ ਗੋਲੀ ਕਾਂਡ ਤੋਂ ਬਾਅਦ ਸ੍ਰੀ ਮਰਫੀ ਦਾ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਦੋ ਵਾਰ ਸਨਮਾਨ ਕੀਤਾ ਜਾ ਚੁਕਾ ਹੈ। ਪਹਿਲੀ ਵਾਰ 2013 ਵਿਚ ਸਟੇਟ ਆਫ ਯੂਨੀਅਨ ਸਮੇਂ ਅਤੇ ਫਿਰ 'ਟਾਪ ਕੌਪ' ਅਵਾਰਡ ਨਾਲ। ਸ੍ਰੀ ਮਰਫੀ ਪੁਲਿਸ ਮਹਿਕਮੇ ਤੋਂ ਜੂਨ 2013 ਵਿਚ ਰਿਟਾਇਰ ਹੋ ਗਏ ਸਨ।

ਮੇਲੇ ਦੌਰਾਨ 'ਵੇਕਿੰਗ ਇਨ ਓਕ ਕਰੀਕ' ਨਾਂ ਦੀ ਦਸਤਾਵੇਜ਼ੀ ਫਿਲਮ ਫਰੈਂਕਲਿਨ ਹਾਲ ਵਿਚ ਬਾਅਦ ਦੁਪਹਿਰ 3 ਵਜੇ ਦਿਖਾਈ ਜਾਵੇਗੀ। ਇਹ ਫਿਲਮ ਵਖ ਵਖ ਸਭਿਆਚਾਰਾਂ ਅਤੇ ਧਰਮਾਂ ਵਿਚਾਲੇ ਦੋਸਤਾਨਾ ਸਬੰਧਾਂ ਨੂੰ ਉਤਸ਼ਹਿਤ ਕਰਦੀ ਹੈ। ਫਿਲਮ ਸ਼ੋਅ ਉਪਰੰਤ ਸਵਾ ਚਾਰ ਵਜੇ ਮੁਖ ਸਟੇਜ ਤੋਂ ਲੈਫਟੀਨੈਂਟ ਬਰਾਇਨ ਮਰਫੀ ਦਾ ਸਨਮਾਨ ਕੀਤਾ ਜਾਏਗਾ।



ਬਰਾਇਨ ਮਰਫੀ

ਮੇਲਾ ਸਵੇਰੇ 11 ਵਜੇ ਅਰੰਭ ਹੋਵੇਗਾ ਅਤੇ ਦਿਨ ਛਿਪੇ ਤਕ ਚਲੇਗਾ। ਮਿਸ ਪੂਜਾ, ਅਮੀ ਵਿਰਕ, ਗੀਤਾ ਬੈਂਸ ਅਤੇ ਮੰਨਾ ਢਿਲੋਂ ਸਮੇਤ ਲੋਕ ਕਲਾਕਾਰ ਮੇਲੀਆਂ ਦਾ ਮਨੋਰੰਜਨ ਕਰਨਗੇ। ਗਿੱਧੇ-ਭੰਗੜੇ ਦੀਆਂ ਟੀਮਾਂ ਵੀ ਆਪਣੇ ਜੌਹਰ ਦਿਖਾਉਣਗੀਆਂ। ਹਾਈ ਸਕੂਲ ਵਿਦਿਆਰਥੀਆਂ ਨੂੰ 8 ਸਕਾਲਰਸ਼ਿਪ ਦਿਤੇ ਜਾਣਗੇ। ਪੰਜਾਹ ਦੇ ਕਰੀਬ ਖਰੀਦੋ-ਫਰੋਖਤ ਦੇ ਸਟਾਲ/ਬੂਥ ਲਗਣਗੇ।

## ਮਦਰ ਟਰੇਸਾ ਨੂੰ 2016 'ਚ ਮਿਲੇਗੀ ਸੰਤ ਦੀ ਉਪਾਧੀ

**ਵੈਟੀਕਨ ਸਿਟੀ:** ਮਦਰ ਟਰੇਸਾ ਨੂੰ ਸਤੰਬਰ 2016 ਵਿਚ ਸੰਤਗਣ ਦੀ ਉਪਾਧੀ ਦਿੱਤੀ ਜਾਵੇਗੀ। ਇਟਲੀ ਦੇ ਮੀਡੀਆ ਨੇ ਪਾਦਰੀ ਸਲਵਾਤੋਰ ਫਿਸੀਛੇਲਾ ਦੇ ਹਵਾਲੇ ਨਾਲ ਦੱਸਿਆ ਕਿ ਪੋਪ ਫਰਾਂਸਿਸ ਮਦਰ ਟਰੇਸਾ ਨੂੰ ਕੋਲਕਾਤਾ ਦੇ ਗਰੀਬ ਲੋਕਾਂ ਨਾਲ ਕੰਮ ਕਰਨ ਲਈ ਸੰਤਗਣ ਦੀ ਉਪਾਧੀ ਦੇਣਗੇ। ਉਂਝ ਵੈਟੀਕਨ ਦੇ ਬੁਲਾਰੇ ਨੇ ਕਿਹਾ ਕਿ ਸੰਤਗਣ ਦੀ ਉਪਾਧੀ ਦੇਣ ਦੀ ਰਸਮ ਨੂੰ ਅਜੇ ਪ੍ਰਵਾਨਗੀ ਨਹੀਂ ਦਿੱਤੀ ਗਈ ਅਤੇ ਪਹਿਲਾਂ ਹੀ ਤੈਅ ਕੀਤੀ ਇਸ ਤਾਰੀਕ ਬਾਰੇ ਹੁਣ ਕੋਈ ਗੱਲ ਕਰਨਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਹੈ।

ਇਸੇ ਦੌਰਾਨ ਸਮਾਗਮਾਂ ਦੇ ਜੁਬਲੀ ਪ੍ਰੋਗਰਾਮ ਦੇ ਹਿੱਸੇ ਵਜੋਂ ਮਦਰ ਟਰੇਸਾ ਦੀ 5 ਸਤੰਬਰ 2016 ਨੂੰ ਯਾਦ ਮਨਾਈ ਜਾਵੇਗੀ। ਪਾਦਰੀ ਫਿਸੀਛੇਲਾ ਦਾ ਕਹਿਣਾ ਹੈ ਕਿ ਮਦਰ ਟਰੇਸਾ ਨੂੰ 4 ਸਤੰਬਰ ਨੂੰ ਸੰਤਗਣ ਦੀ ਉਪਾਧੀ ਦਿੱਤੀ ਜਾਵੇਗੀ।

# ਪੰਜਾਬ ਦੇ ਬੱਚੇ ਵੀ ਨਸ਼ਿਆਂ ਦੀ ਦਲਦਲ ਵਿਚ ਫਸੇ

**ਲੁਧਿਆਣਾ:** ਪੰਜਾਬ ਦੇ ਨੌਜਵਾਨਾਂ ਨੂੰ ਤਾਂ ਨਸ਼ਿਆਂ ਨੇ ਬਰਬਾਦ ਕੀਤਾ ਹੀ ਸੀ, ਸੂਬੇ ਦੇ ਬੱਚੇ ਵੀ ਨਸ਼ਿਆਂ ਵਿਚ ਫਸ ਚੁੱਕੇ ਹਨ। ਜ਼ਿਲ੍ਹਾ ਲੁਧਿਆਣਾ ਦੇ ਵੱਖ ਵੱਖ ਨਸ਼ਾ ਛੁਡਾਊ ਕੇਂਦਰ ਅਤੇ ਮਨੋਵਿਗਿਆਨੀਆਂ ਦੇ ਕਲੀਨਿਕ 'ਤੇ ਹਰ ਮਹੀਨੇ 4-5 ਬੱਚੇ ਨਸ਼ਾ ਛੱਡਣ ਲਈ ਆ ਰਹੇ ਹਨ। ਇਹ ਬੱਚੇ ਹੈਰੋਇਨ, ਸਮੈਕ, ਚਰਸ ਦੇ ਆਦੀ ਹਨ। ਜ਼ਿਆਦਾਤਰ ਬੱਚਿਆਂ ਨੂੰ ਨਸ਼ਾ ਸਪਲਾਈ ਕਰਨ ਵਾਲਿਆਂ ਨੇ ਹੀ ਨਸ਼ਿਆਂ ਦੀ ਦਲਦਲ ਵਿਚ ਫਸਾਇਆ ਹੈ। ਪਹਿਲਾਂ ਬੱਚਿਆਂ ਨੂੰ ਨਸ਼ਾ ਸਪਲਾਈ ਕਰਨ ਲਈ ਵਰਤਿਆ ਗਿਆ ਤੇ ਬਾਅਦ ਵਿਚ ਉਨ੍ਹਾਂ ਨੂੰ ਵੀ ਨਸ਼ੇ ਦੀ ਲਤ ਲਾ ਦਿੱਤੀ ਗਈ।

ਲੁਧਿਆਣਾ ਸਿਵਲ ਹਸਪਤਾਲ ਅਤੇ ਰੈੱਡ ਕਰਾਸ ਵੱਲੋਂ ਬਣਾਏ ਨਸ਼ਾ ਛੁਡਾਊ ਕੇਂਦਰ ਵਿਚ ਦੋ ਕੇਸ ਨਵੇਂ ਸਾਹਮਣੇ ਆਏ ਹਨ। ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਵਿਚ ਆਏ 9 ਸਾਲਾ ਬੱਚੇ ਨੂੰ ਉਸ ਦੇ ਦੋਸਤਾਂ ਨੇ ਹੀ ਨਸ਼ੇ 'ਤੇ ਲਾਇਆ ਸੀ। ਪਹਿਲਾਂ ਉਸ ਦੀ ਉਮਰ ਤੋਂ ਵੱਡੇ ਦੋਸਤ ਉਸ ਨੂੰ ਨਾਲ ਲੈ ਜਾਂਦੇ ਸਨ ਅਤੇ ਚਰਸ ਆਦਿ ਦਾ ਨਸ਼ਾ ਕਰਵਾ ਦਿੰਦੇ ਸਨ। ਉਸ ਤੋਂ ਬਾਅਦ ਉਹ ਇਕੱਲਾ ਬੈਠ ਕੇ ਨਸ਼ਾ ਕਰਨ ਲੱਗ ਪਿਆ। ਕੁਝ ਦਿਨਾਂ ਬਾਅਦ ਉਸ ਦੇ ਮਾਪਿਆਂ ਨੂੰ ਸ਼ੱਕ ਹੋਇਆ ਅਤੇ ਨਸ਼ਾ ਕਰਨ ਬਾਰੇ ਪਤਾ ਲੱਗਣ 'ਤੇ ਉਸ ਨੂੰ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ।


ਦੂਜਾ ਬੱਚਾ ਜਲੰਧਰ ਦਾ ਹੈ ਜੋ ਕੁਝ ਸਮਾਂ ਪਹਿਲਾਂ ਰੈੱਡ ਕਰਾਸ ਦੇ ਨਸ਼ਾ ਛੁਡਾਊ ਕੇਂਦਰ ਵਿਚ ਦਾਖ਼ਲ ਹੋਇਆ। ਇਹ ਬੱਚਾ 12 ਸਾਲ ਦਾ ਹੈ ਅਤੇ ਚਾਹ ਦੀ ਦੁਕਾਨ 'ਤੇ ਕੰਮ ਕਰਦਾ ਸੀ। ਇਸ ਬੱਚੇ ਸਾਹਮਣੇ ਕੁਝ ਵਿਅਕਤੀ ਹੈਰੋਇਨ ਦਾ ਨਸ਼ਾ ਕਰਦੇ ਸੀ। ਫਿਰ ਉਨ੍ਹਾਂ ਇਸ ਬੱਚੇ ਨੂੰ ਕਦੇ ਕਦੇ ਇਕ ਪੁੜੀ ਕਿਸੇ ਨੂੰ ਦੇਣ ਲਈ ਭੇਜਣਾ ਸ਼ੁਰੂ ਕਰ ਦਿੱਤਾ ਅਤੇ ਬਾਅਦ ਵਿਚ ਇਸ ਨੂੰ ਵੀ ਨਸ਼ੇ ਦੀ ਲਤ ਲੱਗ ਗਈ। ਸਿਵਲ ਹਸਪਤਾਲ ਦੇ ਡਾਕਟਰ ਵਿਵੇਕ ਗੋਇਲ ਨੇ ਕਿਹਾ ਕਿ ਬੱਚਿਆਂ ਦੇ ਨਸ਼ੇ ਸਬੰਧੀ ਉਨ੍ਹਾਂ ਦੀ ਡਿਊਟੀ ਦੌਰਾਨ ਇਕ ਹੀ ਮਾਮਲਾ ਸਾਹਮਣੇ ਆਇਆ ਹੈ।

ਡਾਕਟਰ ਰਾਜੀਵ ਗੁਪਤਾ ਨੇ ਕਿਹਾ ਕਿ ਉਨ੍ਹਾਂ ਦੇ ਕਲੀਨਿਕ 'ਤੇ ਹਰ ਮਹੀਨੇ ਪੂਰੇ ਸੂਬੇ ਦੇ ਵੱਖ ਵੱਖ ਸ਼ਹਿਰਾਂ ਤੋਂ 4-5 ਬੱਚਿਆਂ ਨੂੰ ਉਨ੍ਹਾਂ ਦੇ ਮਾਤਾ ਪਿਤਾ ਨਸ਼ਾ ਛੁਡਵਾਉਣ ਲਈ ਲੈ ਕੇ ਆਉਂਦੇ ਹਨ। ਸਾਰੇ ਹੀ ਕੇਸਾਂ ਵਿਚ ਇਕ ਹੀ ਗੱਲ ਦੇਖੀ ਗਈ ਹੈ ਕਿ ਨਸ਼ੇ ਦੀ ਸਪਲਾਈ ਕਰਨ ਵਾਲੇ ਹੀ ਬੱਚਿਆਂ ਨੂੰ ਨਸ਼ਿਆਂ 'ਤੇ ਲਾਉਂਦੇ ਰਹੇ ਹਨ।

## ਅਮਿਤ ਸ਼ਾਹ ਦਾ ਜਲੰਧਰ ਦੌਰਾ ਰੱਦ

**ਜਲੰਧਰ:** ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦਾ 21 ਮਈ ਦਾ ਜਲੰਧਰ ਦੌਰਾ ਰੱਦ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ ਭਾਜਪਾ ਐਸ.ਸੀ. ਮੋਰਚੇ ਦੀ ਦੋ ਰੋਜ਼ਾ ਕਾਰਜਕਾਰਨੀ ਦੀ ਸ਼ੁਰੂਆਤ 21 ਮਈ ਤੋਂ ਜਲੰਧਰ 'ਚ ਹੋਈ ਹੈ ਜਿਸ ਦਾ ਉਦਘਾਟਨ ਅਮਿਤ ਸ਼ਾਹ ਨੇ ਕਰਨਾ ਸੀ।



# ਪੰਜਾਬ ਅੰਦਰ ਪ੍ਰਾਈਵੇਟ ਬੱਸ ਕਾਰੋਬਾਰੀਆਂ ਦਾ ਦਬਦਬਾ

**ਚੰਡੀਗੜ੍ਹ:** ਪੰਜਾਬ ਅੰਦਰ ਸਰਕਾਰੀ ਨਾਲੋਂ ਨਿੱਜੀ ਬੱਸਾਂ ਦੀ ਗਿਣਤੀ ਕਿਤੇ ਵੱਧ ਹੈ। ਹਾਈਕੋਰਟ ਵੱਲੋਂ ਮੋਗਾ ਔਰਬਿਟ ਬੱਸ ਦੁਰਘਟਨਾ ਹਾਦਸੇ ਬਾਰੇ ਅਦਾਲਤੀ ਸਵੈ-ਨੋਟਿਸ ਵਾਲੇ ਕੇਸ ਵਿਚ ਸੁਣਵਾਈ ਦੌਰਾਨ ਇਹ ਖੁਲਾਸੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਜਾਣਕਾਰੀ ਮੁਤਾਬਕ ਇਸ ਵੇਲੇ 2508 ਸਰਕਾਰੀ ਬੱਸਾਂ ਦੇ ਮੁਕਾਬਲੇ 3543 ਨਿੱਜੀ ਬੱਸਾਂ ਪੰਜਾਬ ਦੀਆਂ ਸੜਕਾਂ ਉੱਤੇ ਦੌੜ ਰਹੀਆਂ ਹਨ। ਇੰਨਾਂ ਹੀ ਨਹੀਂ ਇਨ੍ਹਾਂ ਵਿਚੋਂ ਇਕੱਲੀ ਔਰਬਿਟ ਐਵੀਏਸ਼ਨ ਦੀਆਂ 62, ਡੱਬਵਾਲੀ ਟਰਾਂਸਪੋਰਟ ਦੀਆਂ 64, ਨਿਊ ਦੀਪ ਬੱਸ ਸਰਵਿਸ ਦੀਆਂ 55, ਰੋਹਤਕ ਡਿਸਟ੍ਰਿਕ ਟਰਾਂਸਪੋਰਟ ਕੰਪਨੀ ਦੀਆਂ 42 ਬੱਸਾਂ ਪੰਜਾਬ ਦੀਆਂ ਸੜਕਾਂ ਉਤੇ ਗਤੀਸ਼ੀਲ ਹਨ। ਹਾਈਕੋਰਟ ਵੱਲੋਂ ਪੰਜਾਬ ਸਰਕਾਰ ਤੋਂ ਸੂਬੇ ਅੰਦਰ ਸਰਕਾਰੀ ਖਾਸਕਰ ਪੰਜਾਬ ਰੋਡਵੇਜ਼ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਦੀ ਗਿਣਤੀ ਦੇ ਨਾਲ-ਨਾਲ ਉਚੇਚੇ ਤੌਰ ਉਤੇ ਔਰਬਿਟ ਐਵੀਏਸ਼ਨ ਸਣੇ ਨਿੱਜੀ ਬੱਸ ਅਪਰੇਟਰਾਂ ਦੀ ਮਾਲਕੀ ਵਾਲੀਆਂ ਬੱਸਾਂ ਦੀ ਗਿਣਤੀ ਬਾਰੇ ਪੁੱਛਿਆ ਗਿਆ ਸੀ।

ਇਸ ਦੇ ਜਵਾਬ ਵਿਚ ਰਾਜ ਸਰਕਾਰ ਵੱਲੋਂ ਹਾਲਾਂਕਿ ਉਪਰੋਕਤ ਤੱਥਗਤ ਜਾਣਕਾਰੀ ਤਾਂ ਬੈਂਚ ਨੂੰ ਮੁਹੱਈਆ ਕਰਵਾ ਦਿੱਤੀ ਗਈ ਪਰ ਬੈਂਚ ਵੱਲੋਂ ਬਕਾਇਦਾ ਤੌਰ ਉਤੇ ਨੋਟਿਸ ਜਾਰੀ ਕੀਤਾ ਗਿਆ ਹੋਣ ਦੇ ਬਾਵਜੂਦ ਵੀ ਜਵਾਬਦਾਤਾ ਨੰਬਰ 4 (ਔਰਬਿਟ ਐਵੀਏਸ਼ਨ ਪ੍ਰਾਈਵੇਟ ਲਿਮਟਿਡ) ਵੱਲੋਂ ਕੋਈ ਪੇਸ਼ ਨਹੀਂ ਹੋਇਆ। ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਲੀਜ਼ਾ ਗਿੱਲ ਵਾਲੇ ਡਿਵੀਜ਼ਨ ਬੈਂਚ ਵੱਲੋਂ ਜਵਾਬਦਾਤਾ ਨੰਬਰ 4 ਦੀ ਗੈਰ-ਮੌਜੂਦਗੀ ਵੱਲ ਇਸ਼ਾਰਾ ਕਰਦਿਆਂ ਪੰਜਾਬ ਦੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਦਾ ਪੱਖ ਜਾਨਣਾ ਚਾਹਿਆ ਤਾਂ ਉਨ੍ਹਾਂ ਔਰਬਿਟ ਐਵੀਏਸ਼ਨ ਨੂੰ ਸੰਮਨ ਹੀ ਤਾਮਿਲ ਹੋਏ ਜਾਂ ਨਾ ਹੋਏ ਹੋਣ ਬਾਰੇ ਅਗਿਆਨਤਾ ਜ਼ਾਹਿਰ ਕਰ ਦਿੱਤੀ ਗਈ। ਉਧਰ ਦੂਜੇ ਪਾਸੇ ਰਾਜ ਟਰਾਂਸਪੋਰਟ ਕਮਿਸ਼ਨ ਨੇ ਬੈਂਚ ਨੂੰ ਸੂਚਿਤ ਕੀਤਾ ਕਿ ਸੂਬੇ ਅੰਦਰ ਇਸ ਵੇਲੇ 1635 ਬੱਸਾਂ ਪੰਜਾਬ ਰੋਡਵੇਜ਼ ਤੇ ਪਨਬੱਸ ਦੀਆਂ 873 ਬੱਸਾਂ ਪੀ.ਆਰ.ਟੀ.ਸੀ. ਦੀ ਮਾਲਕੀ ਵਾਲੀਆਂ ਹਨ, ਜਦਕਿ ਇਸੇ ਸਾਲ (2015-16) ਦੌਰਾਨ 565 ਬੱਸਾਂ ਹੋਰ ਸ਼ਾਮਲ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਚੱਲਦਿਆਂ ਕੁੱਲ ਬੱਸ ਫਲੀਟ 3073 ਹੋ ਜਾਵੇਗਾ।

ਜ਼ਿਕਰਯੋਗ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਕ ਨਿੱਜੀ ਬੱਸਾਂ ਦੀ ਦੱਸੀ ਗਈ ਗਿਣਤੀ (3543) ਹਾਲੇ ਵੀ ਸਰਕਾਰੀ ਬੱਸ ਫਲੀਟ ਤੋਂ ਕਿਤੇ ਵੱਧ ਬਣਦੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਡੀ.ਜੀ.ਪੀ. ਦੇ ਹਵਾਲੇ ਨਾਲ ਦਾਇਰ ਕੀਤੇ ਹਲਫਨਾਮੇ ਤਹਿਤ ਖੁਲਾਸਾ ਕੀਤਾ ਗਿਆ ਹੈ ਕਿ ਬਕੌਲ ਐਸ.ਐਸ.ਪੀ. ਮੋਗਾ ਬੱਸ ਕੇਸ ਵਿਚ ਦੋਸ਼ੀਆਂ ਖਿਲਾਫ਼ ਕਤਲ, ਕਤਲ ਦੀ ਕੋਸ਼ਿਸ਼, ਛੇੜਛਾੜ ਦੇ ਨਾਲ-ਨਾਲ ਐਸ.ਸੀ./ਐਸ.ਟੀ. ਐਕਟ ਤੇ ਬੱਚਿਆਂ ਖਿਲਾਫ਼ ਜਿਣਸੀ ਸ਼ੋਸ਼ਣ ਵਾਲੇ ਕਾਨੂੰਨ ਦੀਆਂ ਧਾਰਾਵਾਂ ਵੀ ਲਾਈਆਂ ਗਈਆਂ ਹਨ। ਬੱਸ ਦੇ ਡਰਾਈਵਰ, ਕੰਡਕਟਰ ਤੇ ਦੋ ਹੈਲਪਰਾਂ ਨੂੰ 21 ਮਈ ਤੱਕ ਨਿਆਇਕ ਹਿਰਾਸਤ ਵਿਚ ਭੇਜਿਆ ਗਿਆ ਹੈ।

## ਸਰਕਾਰੀ ਨਾਲੋਂ ਪ੍ਰਾਈਵੇਟ ਬੱਸਾਂ ਦੀ ਗਿਣਤੀ ਕਿਤੇ ਵੱਧ



## ਸਭ ਤੋਂ ਵੱਧ ਬੱਸਾਂ ਬਾਦਲ ਪਰਿਵਾਰ ਦੀਆਂ

**ਚੰਡੀਗੜ੍ਹ:** ਪੰਜਾਬ ਦੀ ਪ੍ਰਾਈਵੇਟ ਟਰਾਂਸਪੋਰਟ ਵਿਚ ਸਭ ਤੋਂ ਵੱਧ ਬਾਦਲ ਪਰਿਵਾਰ ਦੀਆਂ ਬੱਸਾਂ ਹਨ। ਹਾਈਕੋਰਟ ਨੂੰ ਦਿੱਤੀ ਰਿਪੋਰਟ ਮੁਤਾਬਕ ਔਰਬਿਟ ਏਵੀਏਸ਼ਨ ਦੀਆਂ 62 ਤੇ ਡੱਬਵਾਲੀ ਟਰਾਂਸਪੋਰਟ ਦੀਆਂ 64 ਬੱਸਾਂ ਹਨ। ਇਸ ਤੋਂ ਇਲਾਵਾ ਇੰਡੋ ਕੈਨੇਡੀਅਨ ਤੇ ਤਾਜ ਟਰੈਵਲ ਦੀਆਂ ਬੱਸਾਂ ਦੀ ਗਿਣਤੀ ਵੀ ਸੈਂਕੜਿਆਂ ਵਿਚ ਹੈ।ਬਾਦਲ ਪਰਿਵਾਰ ਦੀਆਂ ਇਹ ਬੱਸਾਂ ਪੰਜਾਬ ਦੇ ਸਭ ਤੋਂ ਅਹਿਮ ਰੂਟਾਂ ਉਤੇ ਚੱਲਦੀਆਂ ਹਨ ਜਿਸ ਕਰਕੇ ਹੋਰ ਟਰਾਂਸਪੋਰਟ ਇਨ੍ਹਾਂ ਤੋਂ ਕਮਾਈ ਦੇ ਮਾਮਲੇ ਵਿਚ ਬਹੁਤ ਪਿੱਛੇ ਹਨ। ਇਸ ਦੇ ਨਾਲ ਹੀ ਹੋਰ ਨਿੱਜੀ ਕੰਪਨੀਆਂ ਜੁਝਾਰ ਕੰਨਸਟਰੱਕਸ਼ਨ ਦੀਆਂ 51 ਬੱਸਾਂ, ਜੁਝਾਰ ਪੈਸੰਜਰ ਬੱਸ ਸਰਵਿਸ 32, ਕਰਤਾਰ ਬੱਸ ਸਰਵਿਸ 66, ਕਰਤਾਰ ਬੱਸ ਸਰਵਿਸ 65, ਕਰਤਾਰ ਟੂਰਿਸਟ ਬੱਸ ਸਰਵਿਸ 9 ਆਦਿ ਕਈ ਟਰਾਂਸਪੋਟਰਾਂ ਕੋਲ ਅਜਿਹੀ ਹੀ ਬੱਸਾਂ ਦੀ ਗਿਣਤੀ ਹੈ।

## ਪੰਜਾਬ ਵਿਚ ਬੱਸਾਂ

ਲਿਬੜਾ ਬੱਸ ਸਰਵਿਸ-68
ਕਰਤਾਰ ਬੱਸ ਸਰਵਿਸ-65
ਡੱਬਵਾਲੀ ਟਰਾਂਸਪੋਰਟ ਕੰਪਨੀ-64
ਔਰਬਿਟ ਐਵੀਏਸ਼ਨ-62
ਰਾਜ ਟਰਾਂਸਪੋਰਟ ਕੰਪਨੀ ਅੰਮ੍ਰਿਤਸਰ-59
ਨਿਊ ਦੀਪ ਬੱਸ ਸਰਵਿਸ-55
ਜੁਝਾਰ ਕੰਸਟਰਕਸ਼ਨਜ਼-51
ਰੋਹਤਕ ਟਰਾਂਸਪੋਰਟ ਕੰਪਨੀ ਅੰਮ੍ਰਿਤਸਰ-42
ਜੁਝਾਰ ਪਸੰਜਰ ਬੱਸ ਸਰਵਿਸ-32
ਪ੍ਰੀਤਮ ਬੱਸ ਸਰਵਿਸ ਲੁਧਿਆਣਾ-22
ਰਾਜਦੀਪ ਬੱਸ ਸਰਵਿਸ-14
ਲਿਬੜਾ ਮੋਟਰਜ਼-14
ਕਰਤਾਰ ਟੂਰਿਸਟ ਬੱਸ ਸਰਵਿਸ-9
ਲਿਬੜਾ ਐਕਸਪ੍ਰੈਸ-4
ਪੀ.ਆਰ.ਟੀ.ਸੀ./ਪਨਬਸ/ਪੰਜਾਬ ਰੋਡਵੇਜ਼-2508

## ਬੱਸਾਂ 'ਚ ਅਪਰਾਧ ਕਰਨ ਲਈ ਅਸੀਂ ਤਾਂ ਕਿਸੇ ਨੂੰ ਨਹੀਂ ਕਿਹਾ: ਬਾਦਲ

**ਲੁਧਿਆਣਾ:** ਮੋਗਾ ਵਿਚ ਔਰਬਿਟ ਬੱਸ ਕਾਂਡ ਤੋਂ ਬਾਅਦ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ ਰੋਜ਼ਾਨਾ ਬੱਸਾਂ ਵਿਚ ਹੋ ਰਹੇ ਛੇੜਛਾੜ ਤੇ ਹੋਰ ਅਪਰਾਧਿਕ ਮਾਮਲਿਆਂ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਬੱਸਾਂ ਵਿਚ ਅਪਰਾਧ ਕਰਨ ਲਈ ਅਸੀਂ ਤਾਂ ਨਹੀਂ ਕਿਹਾ। ਅਜਿਹੀਆਂ ਘਟਨਾਵਾਂ ਸਿਰਫ਼ ਪੰਜਾਬ ਵਿਚ ਨਹੀਂ ਬਲਕਿ ਪੂਰੇ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਵੀ ਵਾਪਰਦੀਆਂ ਰਹਿੰਦੀਆਂ ਹਨ। ਇਥੋਂ ਤੱਕ ਕਿ ਅਮਰੀਕਾ, ਕੈਨੇਡਾ ਵਰਗੇ ਦੇਸ਼ ਵੀ ਅਜਿਹੀਆਂ ਘਟਨਾਵਾਂ ਤੋਂ ਬਚੇ ਨਹੀਂ ਹਨ।

# ਯਾਦਵ ਧੜਾ ਵੀ ਪੰਜਾਬ 'ਚ ਪੈਰ ਜਮਾਉਣ ਲਈ ਕਾਹਲਾ

**ਚੰਡੀਗੜ੍ਹ:** ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ (ਆਪ) ਵੱਲੋਂ ਪੰਜਾਬ ਵਿਚ ਸ਼ੁਰੂ ਕੀਤੀ 'ਬੇਈਮਾਨ ਭਜਾਓ-ਪੰਜਾਬ ਬਚਾਓ' ਮੁਹਿੰਮ ਦੇ ਮੁਕਾਬਲੇ ਯੋਗੇਂਦਰ ਯਾਦਵ ਦੇ ਧੜੇ ਵੱਲੋਂ 'ਮਾਫ਼ੀਆ ਭਜਾਓ-ਪੰਜਾਬ ਬਚਾਓ' ਦਾ ਸੰਵਾਦ ਰਚਾਇਆ ਜਾਵੇਗਾ। ਇਸ ਤਹਿਤ ਆਉਂਦੇ ਦਿਨੀਂ ਦੋਵੇਂ ਧਿਰਾਂ ਵਿਚਕਾਰ ਇਕ-ਦੂਸਰੇ ਨੂੰ ਠਿੱਬੀ ਲਾਉਣ ਦੀ ਦੌੜ ਸ਼ੁਰੂ ਹੋਵੇਗੀ।

'ਆਪ' ਵੱਲੋਂ ਜਿਥੇ ਅੰਮ੍ਰਿਤਸਰ ਸਥਿਤ ਜਲ੍ਹਿਆਂਵਾਲੇ ਬਾਗ ਤੋਂ ਸ਼ੁਰੂ ਕੀਤੀ ਇਹ ਮੁਹਿੰਮ 23 ਮਈ ਤੱਕ ਚੱਲੇਗੀ, ਉਥੇ ਯੋਗੇਂਦਰ ਯਾਦਵ ਦੇ 'ਸਵਰਾਜ ਅਭਿਆਨ' ਵੱਲੋਂ 24 ਮਈ ਨੂੰ ਲੁਧਿਆਣਾ ਵਿਖੇ 'ਸਵਰਾਜ ਸੰਵਾਦ' ਰਚਾ ਕੇ ਮੁਹਿੰਮ ਵਿੱਢੀ ਜਾਵੇਗੀ। ਦੋਵੇਂ ਧਿਰਾਂ ਵੱਲੋਂ ਭਾਵੇਂ ਪੰਜਾਬ ਦੇ ਮੁੱਖ ਮੁੱਦਿਆਂ ਸਬੰਧੀ ਮੁਹਿੰਮਾਂ ਛੇੜਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਅਸਲ ਵਿਚ ਦੋਵੇਂ ਸੂਬੇ ਵਿਚ ਆਪਣੇ ਪੈਰ ਜਮਾਉਣ ਦੀ ਤਾਕ ਵਿਚ ਹਨ।। 'ਆਪ' ਦੇ ਸੂਬਾਈ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਜਿਥੇ ਆਪਣਿਆਂ ਵੱਲੋਂ ਹੀ ਚਲਾਏ ਜਾ ਰਹੇ ਸਿਆਸੀ ਤੀਰਾਂ ਵਿਚ ਘਿਰੇ ਆਪਣੀ ਕੁਰਸੀ ਬਚਾਉਣ ਦੇ ਯਤਨਾਂ ਵਿਚ ਹਨ, ਉਥੇ ਉਹ ਪਾਰਟੀ ਦੀ ਫੁੱਟ ਕਾਰਨ ਭੰਬਲਭੂਸੇ ਵਿਚ ਫਸੇ ਵਾਲੰਟੀਅਰਾਂ ਨੂੰ ਯਾਦਵ ਧੜੇ ਵੱਲ ਜਾਣ ਤੋਂ ਰੋਕਣ ਲਈ ਵੀ ਹੱਥ-ਪੈਰ ਮਾਰ ਰਹੇ ਹਨ।



ਦੂਸਰੇ ਪਾਸੇ ਯਾਦਵ ਧੜਾ ਪੰਜਾਬ ਵਿਚ ਆਪਣੇ ਸੈੱਲ ਚਾਰਜ ਕਰਨ ਤੇ ਭੰਬਲਭੂਸੇ ਵਿਚ ਫਸੇ ਵਾਲੰਟੀਅਰਾਂ ਨੂੰ ਕੇਜਰੀਵਾਲ ਤੋਂ ਤੋੜਨ ਲਈ ਸੰਵਾਦ ਰਚਾ ਰਿਹਾ ਹੈ। ਇਹ ਧੜਾ ਪੰਜਾਬ ਦੀ 'ਆਪ' ਇਕਾਈ ਦੀ ਫੁੱਟ ਦਾ ਲਾਭ ਉਠਾਉਣ ਦੀ ਤਾਕ ਵਿਚ ਹੈ। ਯਾਦਵ ਧੜੇ ਵੱਲੋਂ 24 ਮਈ ਨੂੰ ਲੁਧਿਆਣੇ ਵਿਚ 'ਸਵਰਾਜ ਸੰਵਾਦ' ਦੌਰਾਨ ਸ੍ਰੀ ਯਾਦਵ ਸਮੇਤ ਪ੍ਰਸ਼ਾਂਤ ਭੂਸ਼ਣ, ਪ੍ਰੋ. ਆਨੰਦ ਕੁਮਾਰ ਤੇ ਅਜੀਤ ਝਾਅ ਵਰਗੇ ਆਗੂ ਪੁੱਜ ਰਹੇ ਹਨ। ਇਸ ਦੌਰਾਨ ਪਹਿਲਾਂ ਸਾਰੀ ਲੀਡਰਸ਼ਿਪ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰੇਗੀ ਤੇ ਫਿਰ ਲੁਧਿਆਣਾ ਵਿਖੇ 'ਮਾਫ਼ੀਆ ਭਜਾਓ-ਪੰਜਾਬ ਬਚਾਓ' ਵਿਸ਼ੇ ਉਪਰ ਕਰਵਾਈ ਜਾ ਰਹੀ ਕਨਵੈਨਸ਼ਨ ਦੌਰਾਨ ਟੇਢੇ ਢੰਗ ਨਾਲ ਕੇਜਰੀਵਾਲ ਦੀ 'ਆਪ' ਉਪਰ ਸਿਆਸੀ ਵਾਰ ਕਰੇਗੀ।

ਦੱਸਣਯੋਗ ਹੈ ਕਿ ਔਰਬਿਟ ਬੱਸ ਕਾਂਡ ਦੌਰਾਨ ਵੀ ਸਵਰਾਜ ਅਭਿਆਨ ਦੇ ਆਗੂ ਸਰਗਰਮ ਰਹੇ ਤੇ ਖੁਦ ਸ੍ਰੀ ਯਾਦਵ ਮ੍ਰਿਤਕ ਲੜਕੀ ਦੇ ਪਰਿਵਾਰ ਨੂੰ ਮਿਲਣ ਪੰਜਾਬ ਆਏ ਸਨ।

# ਜੂਨ 84 ਦੇ ਘੱਲੂਘਾਰੇ ਨੂੰ ਸਮਰਪਿਤ ਪੰਥਕ ਕਾਨਫਰੰਸ 13 ਜੂਨ ਨੂੰ

**ਇੰਡੀਅਨਐਪੋਲਿਸ (ਬਿਊਰੋ):** ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ ਇਕ ਪੰਥਕ ਕਾਨਫਰੰਸ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ ਇਥੇ ਇੰਡਿਆ ਪੈਲੇਸ ਬੈਂਕੁਇਟ ਹਾਲ ਵਿਚ ਆਉਂਦੀ 13 ਜੂਨ ਸਨਿਚਰਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮੀਂ 6 ਵਜੇ ਤੱਕ ਕਰਵਾਈ ਜਾ ਰਹੀ ਹੈ, ਜਿਸ ਵਿਚ ਸਿੱਖਾਂ ਦੇ ਅਹਿਮ ਮਸਲਿਆਂ 'ਤੇ ਗੰਭੀਰ ਵਿਚਾਰਾਂ ਹੋਣਗੀਆਂ।

ਇਸ ਕਾਨਫਰੰਸ ਵਿਚ ਡਾ. ਗੁਰਦਰਸ਼ਨ ਸਿੰਘ ਢਿੱਲੋਂ (ਚੰਡੀਗੜ੍ਹ) ਆਰ. ਐਸ. ਐਸ ਦਾ ਭਗਵਾਂ ਏਜੰਡਾ ਸਿੱਖ ਕੌਮ ਲਈ ਘਾਤਕ ਕਿਵੇਂ? ਵਿਸ਼ੇ 'ਤੇ; ਸ. ਕਰਮਜੀਤ ਸਿੰਘ (ਸਾਬਕਾ ਅਸਿਸਟੈਂਟ ਐਡੀਟਰ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ) ਬਿਪਰਵਾਦੀ ਸਰਕਾਰੀ ਤੰਤਰ ਜੂਨ 84 ਦੇ ਘੱਲੂਘਾਰੇ ਨੂੰ ਭੁੱਲ ਜਾਣ ਦੀਆਂ ਸਲਾਹਾਂ ਕਿਉਂ ਦੇ ਰਿਹੈ ਅਤੇ ਇਹ ਰਿਸਦੇ ਜ਼ਖਮ ਸਿੱਖਾਂ ਦੇ ਮਨਾਂ ਅੰਦਰ ਸੂਰਜ ਦੀ ਤਰ੍ਹਾਂ ਮਘਦੇ ਰਹਿਣੇ ਕਿਉਂ ਜਰੂਰੀ? ਵਿਸ਼ੇ ਉਤੇ; ਡਾ. ਅਮਰਜੀਤ ਸਿੰਘ (ਮੁਖੀ ਖਾਲਿਸਤਾਨ ਅਫੇਅਰ ਸੈਂਟਰ) ਭਾਰਤੀ ਖਿੱਤੇ ਅੰਦਰ ਬਿਪਰਵਾਦ ਦੇ ਪ੍ਰਛਾਵੇਂ ਹੇਠ ਸਿੱਖ ਕੌਮ ਦਾ ਆਪਣੇ ਦੇਸ਼ ਖਾਲਿਸਤਾਨ ਤੋਂ ਬਿਨਾ ਵਰਤਮਾਨ ਅਤੇ ਭਵਿੱਖ? ਵਿਸ਼ੇ ਉਤੇ ਅਤੇ ਭਾਈ ਦਵਿੰਦਰ ਸਿੰਘ ਕੈਲੀਫੋਰਨੀਆ (ਚੀਫ ਆਰਗੇਨਾਈਜ਼ਰ, ਏ ਐਸ ਓ) ਗੁਰਮੁਖੀ ਭਾਸ਼ਾ, ਸਿੱਖ ਸਭਿਆਚਾਰ ਤੇ ਕੌਮੀ ਆਜ਼ਾਦੀ ਦੇ ਆਪਸੀ ਸਬੰਧ? ਵਿਸ਼ੇ ਉਤੇ ਪਰਚੇ ਪੜ੍ਹਨਗੇ। ਹੋਰ ਜਾਣਕਾਰੀ ਲਈ ਫੋਨ (317) 560-0019, (765) 987-5197 ਅਤੇ (570) 604-3177 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਦਿੱਲੀ ਕਮੇਟੀ ਦੇ ਆਗੂਆਂ ਨੇ ਆਪਸੀ ਖਿੱਚੋਤਾਣ ਨੂੰ ਨਕਾਰਿਆ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਆਪਸੀ ਖਿੱਚੋਤਾਣ ਨੂੰ ਨਕਾਰਦਿਆਂ ਕਮੇਟੀ ਵਿਚ 'ਸਭ ਅੱਛਾ' ਹੋਣ ਦਾ ਸੰਕੇਤ ਦਿੱਤਾ ਹੈ। ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਸੇ ਕਿਸਮ ਦੀ ਵੀ ਖਿੱਚੋਤਾਣ ਨਾ ਹੋਣ ਦੀ ਗੱਲ ਆਖੀ। ਸੂਤਰਾਂ ਮੁਤਾਬਕ ਦੋਹਾਂ ਆਗੂਆਂ ਦਰਮਿਆਨ ਜੋ ਵਿਚਾਰਕ ਵਖਰੇਵੇਂ ਸਨ, ਉਨ੍ਹਾਂ ਨੂੰ ਹੱਲ ਕਰ ਲਿਆ ਗਿਆ ਹੈ। ਸ. ਮਨਜੀਤ ਸਿੰਘ ਜੀ.ਕੇ. ਨੇ ਇਸ ਬਾਬਤ ਕਿਹਾ ਕਿ ਸਭ ਅਫ਼ਵਾਹਾਂ ਹਨ।

# 'ਆਪ' ਵਲੋਂ ਪੰਜਾਬ ਵਿਚੋਂ 'ਬੇਈਮਾਨ' ਭਜਾਉਣ ਲਈ ਮੁਹਿੰਮ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਵੱਲੋਂ ਜਲ੍ਹਿਆਂਵਾਲਾ ਬਾਗ ਤੋਂ 'ਬੇਈਮਾਨ ਭਜਾਓ-ਪੰਜਾਬ ਬਚਾਓ' ਜਨ ਚੇਤਨਾ ਯਾਤਰਾ ਸ਼ੁਰੂ ਕੀਤੀ ਗਈ ਹੈ। 'ਆਪ' ਵੱਲੋਂ ਇਹ ਜਨ ਚੇਤਨਾ ਯਾਤਰਾ ਲੋਕਾਂ ਨੂੰ ਸੂਬੇ ਵਿਚ ਫੈਲੇ ਭ੍ਰਿਸ਼ਟਾਚਾਰ, ਨਸ਼ਿਆਂ ਦੇ ਵੱਧ ਰਹੇ ਰੁਝਾਨ, ਅਮਨ ਕਾਨੂੰਨ ਦੀ ਵਿਗੜ ਰਹੀ ਸਥਿਤੀ ਆਦਿ ਬਾਰੇ ਜਾਣੂ ਕਰਾਉਣ ਦੇ ਮੰਤਵ ਨਾਲ ਸ਼ੁਰੂ ਕੀਤੀ ਗਈ ਹੈ। ਇਸ ਦੀ ਸ਼ੁਰੂਆਤ ਜਲ੍ਹਿਆਂਵਾਲਾ ਬਾਗ ਤੋਂ ਆਮ ਆਦਮੀ ਪਾਰਟੀ ਦੇ ਪੰਜਾਬ ਬਾਰੇ ਅਬਜ਼ਰਵਰ ਸੰਜੇ ਸਿੰਘ ਨੇ ਕੀਤੀ। ਇਸ ਮੌਕੇ ਸੰਜੇ ਸਿੰਘ ਨੇ ਆਖਿਆ ਕਿ ਇਸ ਯਾਤਰਾ ਦਾ ਮੁੱਖ ਮੰਤਵ ਸੂਬੇ ਨੂੰ ਬੇਈਮਾਨ ਲੋਕਾਂ ਤੋਂ ਬਚਾਉਣਾ ਹੈ। ਇਹ ਯਾਤਰਾ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚੋਂ ਲੰਘੇਗੀ ਤੇ 23 ਮਈ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗੀ।

ਯਾਤਰਾ ਦੌਰਾਨ ਲੋਕਾਂ ਨਾਲ ਸੰਪਰਕ ਕਰਕੇ 'ਆਪ' ਲਈ ਸਹਿਯੋਗ ਮੰਗਿਆ ਜਾਵੇਗਾ। ਉਨ੍ਹਾਂ ਆਖਿਆ ਕਿ ਅਕਾਲੀ ਭਾਜਪਾ ਰਾਜ ਵਿਚ ਸੂਬਾ ਨਿਘਾਰ ਵੱਲ ਗਿਆ ਹੈ। ਮੋਗਾ ਬੱਸ ਕਾਂਡ ਬਾਰੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀ ਆਲੋਚਨਾ ਕੀਤੀ ਤੇ ਆਖਿਆ ਕਿ ਪੰਜਾਬ ਵਿਚ ਔਰਤਾਂ



ਸੁਰੱਖਿਅਤ ਨਹੀਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਉਤੇ ਇਨ੍ਹਾਂ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕੀਤਾ ਜਾਵੇਗਾ। ਇਹ ਯਾਤਰਾ ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ ਮਜੀਠਾ, ਬਟਾਲਾ, ਧਾਰੀਵਾਲ, ਗੁਰਦਾਸਪੁਰ ਹੁੰਦੀ ਹੋਈ ਪਠਾਨਕੋਟ ਪੁੱਜੀ, ਜਿਥੇ ਰਾਤ ਠਹਿਰਾਅ ਮਗਰੋਂ ਮੁਕੇਰੀਆਂ, ਦਸੂਹਾ, ਟਾਂਡਾ, ਹੁਸ਼ਿਆਰਪੁਰ ਹੁੰਦੀ ਹੋਈ ਜਲੰਧਰ ਪਹੁੰਚੀ।

ਸ਼ੁਰੂਆਤ ਮੌਕੇ ਆਗੂਆਂ ਦੇ ਮੱਤਭੇਦ ਵੀ ਸਾਹਮਣੇ ਆਏ। ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਤੇ 'ਆਪ' ਦੇ ਅਨੁਸ਼ਾਸਨੀ ਕਮੇਟੀ ਦੇ ਆਗੂ ਡਾ. ਦਲਜੀਤ ਸਿੰਘ ਵਿਚਾਲੇ ਫ਼ਤਹਿ ਤੱਕ ਸਾਂਝੀ ਨਹੀਂ ਹੋਈ। ਦੋਵਾਂ ਧੜਿਆਂ ਵਿਚਾਲੇ ਦੂਰੀ ਦਿਖਾਈ ਦਿੱਤੀ। ਡਾ. ਦਲਜੀਤ ਸਿੰਘ ਉਸ ਵਾਹਨ 'ਤੇ ਵੀ ਸਵਾਰ ਨਹੀਂ ਹੋਏ, ਜਿਸ ਵਿਚ ਹੋਰ ਆਗੂ ਸਵਾਰ ਸਨ। ਉਹ ਆਪਣੇ ਵਾਹਨ ਵਿਚ ਮਜੀਠਾ ਤੱਕ ਗਏ ਤੇ ਉਥੋਂ ਪਰਤ ਗਏ। ਡਾ. ਦਲਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਸ ਯਾਤਰਾ ਨੂੰ ਸਫਲ ਬਣਾਉਣ ਲਈ ਪੂਰਾ ਯੋਗਦਾਨ ਦਿੱਤਾ ਹੈ। ਉਨ੍ਹਾਂ ਦੇ ਤਕਰੀਬਨ 700 ਸਮਰਥਕ ਤੇ 50 ਈ-ਰਿਕਸ਼ਾ ਯਾਤਰਾ ਵਿਚ ਸ਼ਾਮਲ ਸਨ। ਸ. ਛੋਟੇਪੁਰ ਨਾਲ ਮੁਲਾਕਾਤ ਤੇ ਫ਼ਤਹਿ ਸਾਂਝੀ ਨਾ ਹੋਣ ਦੀ ਪੁਸ਼ਟੀ ਕਰਦਿਆਂ ਉਨ੍ਹਾਂ ਆਖਿਆ ਕਿ ਮੁਲਾਕਾਤ ਕਿਉਂ ਨਹੀਂ ਕੀਤੀ ਗਈ, ਇਸ ਬਾਰੇ ਛੋਟੇਪੁਰ ਹੀ ਦੱਸ ਸਕਦੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਡਾ. ਦਲਜੀਤ ਸਿੰਘ ਨੇ ਅਨੁਸ਼ਾਸਨੀ ਕਮੇਟੀ ਦੇ ਮੁਖੀ ਵਜੋਂ ਸ. ਛੋਟੇਪੁਰ ਖਿਲਾਫ਼ ਕਾਰਵਾਈ ਕਰਦਿਆਂ, ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ ਪਰ ਪਾਰਟੀ ਹਾਈਕਮਾਨ ਨੇ ਇਸ ਫ਼ੈਸਲੇ ਨੂੰ ਲਾਗੂ ਨਹੀਂ ਸੀ ਕੀਤਾ।

## ਭਗਵੰਤ ਮਾਨ ਨੇ ਛੋਟੇਪੁਰ ਬਾਰੇ ਸਟੈਂਡ ਤੋਂ ਪਲਟੀ ਮਾਰੀ

**ਜਲੰਧਰ:** 'ਆਪ' ਦੇ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੇ ਆਪਣੇ ਪਹਿਲੇ ਬਿਆਨ ਤੋਂ ਪਲਟਦਿਆਂ ਦਾਅਵਾ ਕੀਤਾ ਹੈ ਕਿ ਸੂਬੇ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਅਹੁਦੇ ਤੋਂ ਹਟਾਉਣ ਬਾਰੇ ਕੋਈ ਮਤਾ ਪਾਸ ਹੀ ਨਹੀਂ ਕੀਤਾ ਗਿਆ ਸੀ। ਪਾਰਟੀ ਉਨ੍ਹਾਂ ਦੀ ਅਗਵਾਈ ਹੇਠ ਹੀ ਕੰਮ ਕਰ ਰਹੀ ਹੈ। ਉਹ ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਚ 'ਬੇਈਮਾਨ ਭਜਾਓ-ਪੰਜਾਬ ਬਚਾਓ' ਮੋਟਰਸਾਈਕਲ ਰੈਲੀ ਮੌਕੇ ਗੱਲਬਾਤ ਕਰ ਰਹੇ ਸਨ। ਜ਼ਿਕਰਯੋਗ ਹੈ ਕਿ 9 ਮਈ ਨੂੰ ਦਿੱਲੀ ਵਿਚ ਆਪ ਦੀ ਸੂਬਾਈ ਕਾਰਜਕਾਰਨੀ ਦੀ ਹੋਈ ਮੀਟਿੰਗ ਦੌਰਾਨ ਸੁੱਚਾ ਸਿੰਘ ਛੋਟੇਪੁਰ ਨੂੰ ਸੂਬੇ ਦੇ ਕਨਵੀਨਰ ਦੇ ਅਹੁਦੇ ਤੋਂ ਹਟਾਉਣ ਦੇ ਕੀਤੇ ਫੈਸਲੇ ਵਿਚ ਭਗਵੰਤ ਮਾਨ ਨੇ ਟੈਲੀਕਾਨਫਰੰਸ ਰਾਹੀਂ ਸਹਿਮਤੀ ਪ੍ਰਗਟਾਈ ਸੀ। ਇਸ ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੇ ਦੋਸ਼ ਲਾਇਆ ਸੀ ਕਿ ਛੋਟੇਪੁਰ ਨੇ ਸੰਵਿਧਾਨ ਅਨੁਸਾਰ ਕਾਰਜਕਾਰਨੀ ਦੀਆਂ ਮੀਟਿੰਗਾਂ ਨਹੀਂ ਸੱਦੀਆਂ ਜਿਸ ਕਰਕੇ ਸੰਵਿਧਾਨ ਦੀ ਉਲੰਘਣਾ ਕਾਰਨ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਇਆ ਜਾਂਦਾ ਹੈ।

# ਭਾਰਤ ਅਤੇ ਚੀਨ ਵਲੋਂ ਆਪਸੀ ਭਰੋਸਾ ਵਧਾਉਣ ਦਾ ਅਹਿਦ

**ਪੇਇਚਿੰਗ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤਿੰਨ ਰੋਜ਼ਾ ਚੀਨ ਫੇਰੀ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ 24 ਸਮਝੌਤੇ ਸਹੀਬੰਦ ਹੋਏ।ਹਨ। ਇਨ੍ਹਾਂ ਵਿਚੋਂ ਬਹੁਤੇ ਸਮਝੌਤੇ ਦੁਵੱਲਾ ਕਾਰੋਬਾਰ ਵਧਾਉਣ ਤੇ ਭਾਰਤੀ ਕਾਰੋਬਾਰੀਆਂ ਨੂੰ ਚੀਨ ਤੇ ਚੀਨੀ ਕਾਰੋਬਾਰੀਆਂ ਨੂੰ ਭਾਰਤ ਵਿਚ ਪੂੰਜੀ ਨਿਵੇਸ਼ ਕਰਨ ਦੇ ਵੱਧ ਮੌਕੇ ਦੇਣ ਦੇ ਅਹਿਦਾਂ ਦੇ ਰੂਪ ਵਿਚ ਹਨ। ਸਰਹੱਦੀ ਵਿਵਾਦ ਬਾਰੇ ਵੀ ਚਰਚਾ ਹੋਈ ਤੇ ਅਰੁਣਾਚਲ ਪ੍ਰਦੇਸ਼ ਦੇ ਵਸਨੀਕਾਂ ਨੂੰ ਚੀਨ ਵੱਲੋਂ 'ਨੱਥੀ' ਵੀਜ਼ੇ ਦੇਣ ਦੀ ਪ੍ਰਥਾ ਖ਼ਿਲਾਫ਼ ਰੋਸ ਪ੍ਰਗਟਾਵਾ ਵੀ ਹੋਇਆ। ਸ੍ਰੀ ਮੋਦੀ ਨੇ ਗਿਲਗਿਤ/ਕਰਾਕੁਰਮ ਤੋਂ ਲੈ ਕੇ ਕਰਾਚੀ ਤੱਕ ਸਿੱਧਾ ਚੀਨ-ਪਾਕਿਸਤਾਨ ਆਰਥਿਕ ਗਲਿਆਰਾ ਬਣਾਉਣ ਦੇ ਸਮਝੌਤੇ ਖ਼ਿਲਾਫ਼ ਵੀ ਰੋਸ ਪ੍ਰਗਟ ਕੀਤਾ ਤੇ ਗਿਲਗਿਤ ਉੱਤੇ ਭਾਰਤੀ ਹੱਕ ਜਤਾਇਆ। ਚੀਨੀ ਨੇਤਾਵਾਂ ਨੇ ਵੀ ਕੁਝ ਮਾਮਲਿਆਂ, ਖ਼ਾਸ ਕਰਕੇ ਦੱਖਣੀ ਚੀਨ ਸਾਗਰ ਵਿਚ ਭਾਰਤ ਵੱਲੋਂ ਆਪਣਾ ਦਬਦਬਾ ਵਧਾਉਣ ਖ਼ਿਲਾਫ਼ ਆਪਣਾ ਵਿਰੋਧ ਦਰਜ ਕਰਵਾਇਆ। ਚੀਨ ਨੇ ਭਾਰਤ ਵਿਚ ਸਾਲ 2019 ਤੱਕ 22 ਅਰਬ ਡਾਲਰਾਂ ਦਾ ਨਿਵੇਸ਼ ਕਰਨ ਤੇ ਭਾਰਤੀ ਨਿਰਮਾਣ ਇਕਾਈਆਂ ਵਿਚ ਪੂੰਜੀ ਲਾਉਣ ਦਾ ਵਾਅਦਾ ਦੁਹਰਾਇਆ ਹੈ।

ਦੋਵਾਂ ਦੇਸ਼ਾਂ ਵਿਚ ਰੇਲਵੇ ਤੇ ਸਿੱਖਿਆ ਸਮੇਤ ਮੁੱਖ ਖੇਤਰਾਂ ਵਿਚ 24 ਸਮਝੌਤਿਆਂ 'ਤੇ ਦਸਤਖਤ ਹੋਏ। ਸ੍ਰੀ ਮੋਦੀ ਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਲੀ ਕੇਕਿਆਂਗ ਦੀ ਮੌਜੂਦਗੀ ਵਿਚ ਜਿਨ੍ਹਾਂ 24 ਸਮਝੌਤਿਆਂ 'ਤੇ ਦਸਤਖਤ ਕੀਤੇ ਗਏ ਉਨ੍ਹਾਂ ਵਿਚ ਚੇਂਗਡੂ ਤੇ ਚੇਨਈ ਵਿਚ ਕੌਂਸਲ ਜਨਰਲ ਦੇ ਦਫਤਰ ਖੋਲ੍ਹਣ ਤੋਂ ਇਲਾਵਾ ਵਪਾਰ ਸਮਝੌਤਿਆਂ ਵਿਚ ਸਹਿਯੋਗ ਲਈ ਸਲਾਹਮਸ਼ਵਰਾ ਢਾਂਚੇ ਬਾਰੇ ਸਮਝੌਤਾ ਸ਼ਾਮਲ ਹਨ। ਭਾਰਤੀ ਰੇਲਵੇ ਤੇ ਚੀਨੀ ਨੈਸ਼ਨਲ ਰੇਲਵੇ ਵਿਚਕਾਰ ਰੇਲਵੇ ਖੇਤਰ ਵਿਚ ਸਹਿਯੋਗ ਵਧਾਉਣ ਲਈ ਇਕ ਕਾਰਜ ਯੋਜਨਾ 'ਤੇ ਵੀ ਦਸਤਖਤ ਕੀਤੇ ਗਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅਸੀਂ ਸਹਿਯੋਗ ਦੇ ਵੱਖ-ਵੱਖ ਖੇਤਰਾਂ ਵਿਚ 20 ਤੋਂ ਵੀ ਵੱਧ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ। ਇਸ ਤੋਂ ਸਾਡੇ ਸਬੰਧਾਂ ਦੀ ਡੂੰਘਾਈ ਤੇ ਪੱਕਿਆਈ ਤੇ ਸਾਡੀ ਭਾਈਵਾਲੀ ਦੀ ਹਾਂਪੱਖੀ ਦਿਸ਼ਾ ਦਾ ਪਤਾ ਲੱਗਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਚੇਂਗਡੂ ਤੇ ਚੇਨਈ ਵਿਚ ਕੌਂਸਲਖਾਨੇ ਖੋਲ੍ਹਣ ਦਾ ਫ਼ੈਸਲਾ ਆਪਸੀ ਭਰੋਸੇ ਤੇ ਸਬੰਧਾਂ ਦੇ ਵਿਸਥਾਰ ਪ੍ਰਤੀ ਵਚਨਬੱਧਤਾ ਦੀ ਝਲਕ ਪੇਸ਼ ਕਰਦਾ ਹੈ। ਸਿੱਖਿਆ ਵਟਾਂਦਰਾ ਪ੍ਰੋਗਰਾਮ ਦੇ ਸਹਿਮਤੀ ਪੱਤਰ ਤੇ ਪੁਲਾੜ ਸਹਿਯੋਗ ਸਮਝੌਤੇ 'ਤੇ ਵੀ ਦਸਤਖਤ ਕੀਤੇ ਗਏ। ਜਿਨ੍ਹਾਂ ਹੋਰ ਪ੍ਰਮੁੱਖ ਸਮਝੌਤਿਆਂ ਉਤੇ ਦਸਤਖਤ ਕੀਤੇ ਗਏ ਉਨ੍ਹਾਂ ਵਿਚ ਭਾਰਤ ਚੀਨ ਬੁੱਧੀਜੀਵੀ ਮੰਚ ਕਾਇਮ ਕਰਨ, ਸਮੁੰਦਰੀ ਸਹਿਯੋਗ ਤੇ ਸਮੁੰਦਰੀ ਸਾਇੰਸਾਂ ਦੇ ਵਿਕਾਸ ਬਾਰੇ ਸਮਝੌਤੇ ਸ਼ਾਮਲ ਸਨ। ਕਰਨਾਟਕ ਤੇ ਸਿਚੂਅਨ ਸੂਬੇ, ਚੇਨਈ ਤੇ ਚਾਂਗਕਿੰਗ, ਹੈਦਰਾਬਾਦ ਤੇ ਕਿੰਗਦਾਓ ਤੇ ਔਰੰਗਾਬਾਦ ਤੇ ਦੁਨਹੁਆਂਗ ਵਿਚਕਾਰ ਸਿਸਟਰ ਸਟੇਟ ਤੇ ਸਿਸਟਰ ਸਿਟੀ ਸਬੰਧਾਂ ਬਾਰੇ ਚਾਰ ਸਮਝੌਤਿਆਂ ਉਤੇ ਵੀ ਦਸਤਖਤ ਕੀਤੇ ਗਏ। ਅਹਿਮਦਾਬਾਦ ਵਿਚ ਮਹਾਤਮਾ ਗਾਂਧੀ ਮੁਹਾਰਤ ਕੇਂਦਰ ਦੀ ਸਥਾਪਨਾ ਲਈ ਸਮਝੌਤੇ ਤੋਂ ਇਲਾਵਾ ਦੂਰਦਰਸ਼ਨ ਤੇ ਚੀਨ ਦੇ ਸਰਕਾਰੀ ਟੈਲੀਵੀਜ਼ਨ ਸੀ.ਸੀ.ਟੀ. ਵੀ ਲਈ ਪ੍ਰਸਾਰਣ ਸਮਝੌਤੇ 'ਤੇ ਵੀ ਦਸਤਖਤ ਕੀਤੇ ਗਏ। ਸਿੱਖਿਆ ਵਟਾਂਦਰਾ ਪ੍ਰੋਗਰਾਮ, ਖਾਣਾਂ ਤੇ ਖਣਿਜ, ਮੁਹਾਰਤ ਵਿਕਾਸ, ਸੈਰ ਸਪਾਟਾ ਤੇ ਵੋਕੇਸ਼ਨਲ ਸਿੱਖਿਆ ਬਾਰੇ ਵੀ ਸਮਝੌਤੇ ਕੀਤੇ ਗਏ। ਯੋਗਾ ਕਾਲਜ ਦੀ ਸਥਾਪਨਾ ਤੇ ਗਾਂਧੀਅਨ ਲਈ ਕੇਂਦਰ ਤੇ ਇੰਡੀਅਨ ਸਟੱਡੀਜ਼ ਦੀ ਸਥਾਪਨਾ ਲਈ ਸਭਿਆਚਾਰਕ ਸਬੰਧਾਂ ਬਾਰੇ ਭਾਰਤੀ ਕੌਂਸਲ ਤੇ ਯੂਨਾਨ ਮਿੰਜ਼ੂ ਯੂਨੀਵਰਸਿਟੀ ਤੇ ਇਕ ਹੋਰ ਫੂਡਨ ਯੂਨੀਵਰਸਿਟੀ ਵਿਚਕਾਰ ਦੋ ਸਹਿਮਤੀ ਪੱਤਰਾਂ ਉਤੇ ਦਸਤਖਤ ਕੀਤੇ ਗਏ।



## ਚੀਨੀ ਮਾਹਿਰਾਂ ਨੂੰ ਮੋਦੀ ਫੇਰੀ ਤੋਂ ਵੱਡੀਆਂ ਆਸਾਂ

**ਪੇਇਚਿੰਗ:** ਚੀਨੀ ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਚੀਨ ਫੇਰੀ ਦੌਰਾਨ ਭਾਰਤ ਤੇ ਚੀਨ ਦਰਮਿਆਨ ਜਿਨ੍ਹਾਂ ਅਮਲੀ ਕਦਮਾਂ ਉਤੇ ਸਹਿਮਤੀ ਬਣੀ ਹੈ, ਉਸ ਨਾਲ ਦੋਵੇਂ ਮੁਲਕਾਂ ਵਿਚਕਾਰ ਟਕਰਾਅ ਦੇ ਆਸਾਰ ਬਹੁਤ ਜ਼ਿਆਦਾ ਘਟਣਗੇ ਤੇ ਆਪਸੀ ਭਰੋਸੇ ਨੂੰ ਹੁਲਾਰਾ ਮਿਲੇਗਾ। ਇਹ ਗੱਲ ਸਰਕਾਰੀ ਰੋਜ਼ਨਾਮਾ 'ਗਲੋਬਲ ਟਾਈਮਜ਼' ਵਿਚ ਛਪੀ ਇਕ ਰਿਪੋਰਟ ਵਿਚ ਕਹੀ ਗਈ ਹੈ। ਰਿਪੋਰਟ ਮੁਤਾਬਕ ਸ਼ੰਘਾਈ ਸਥਿਤ ਕੌਮਾਂਤਰੀ ਅਧਿਐਨ ਇੰਸਟੀਚਿਊਟ ਵਿਚ ਭਾਰਤੀ ਅਧਿਐਨ ਬਾਰੇ ਰਿਸਰਚ ਫੈਲੋ ਲੂ ਜ਼ੋਂਗਯੀ ਦਾ ਕਹਿਣਾ ਸੀ ਕਿ ਸ੍ਰੀ ਮੋਦੀ ਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਲੀ ਕੇਕਿਆਂਗ ਵਿਚਕਾਰ ਹੋਈ ਗੱਲਬਾਤ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿਚ ਅਜਿਹੇ ਅਮਲੀ ਕਦਮਾਂ ਦੀ ਪੇਸ਼ਕਸ਼ ਕੀਤੀ ਗਈ ਹੈ, ਜਿਨ੍ਹਾਂ ਨੂੰ ਛੇਤੀ ਹੀ ਲਾਗੂ ਕੀਤਾ ਜਾ ਸਕਦਾ ਹੈ ਤੇ ਇਹ ਆਪਸੀ ਟਕਰਾਅ ਦੇ ਖ਼ਦਸ਼ਿਆਂ ਨੂੰ ਬਹੁਤ ਘਟਾ ਦੇਣਗੇ।

## ਮੋਦੀ ਵਲੋਂ ਚੀਨੀ ਕਾਰੋਬਾਰੀਆਂ ਨੂੰ ਨਿਵੇਸ਼ ਦਾ ਸੱਦਾ

ਨਰੇਂਦਰ ਮੋਦੀ ਨੇ ਚੀਨ ਦੀਆਂ 22 ਕੰਪਨੀਆਂ ਦੇ ਸੀ.ਈ.ਓਜ਼. ਨਾਲ ਮੁਲਾਕਾਤ ਕਰਕੇ ਭਾਰਤ ਵਿਚ ਕਾਰੋਬਾਰ ਕਰਨ ਦਾ ਸੱਦਾ ਵੀ ਦਿੱਤਾ। ਇਸ ਦੌਰਾਨ ਦੋਵੇਂ ਮੁਲਕਾਂ ਵੱਲੋਂ 22 ਅਰਬ ਡਾਲਰ ਦੇ ਸਮਝੌਤਿਆਂ 'ਤੇ ਦਸਤਖ਼ਤ ਵੀ ਕੀਤੇ ਗਏ। ਪ੍ਰਧਾਨ ਮੰਤਰੀ ਨੇ ਚੀਨੀ ਨਿਵੇਸ਼ਕਾਂ ਨੂੰ ਭਾਰਤ ਵਿਚ ਨਿਵੇਸ਼ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਦੇਸ਼ ਵਿਚ ਆਏ ਬਦਲਾਅ ਦਾ ਲਾਹਾ ਲੈਣ। ਇਸ ਦੌਰਾਨ ਅਲੀਬਾਬਾ ਗਰੁੱਪ ਦੇ ਚੇਅਰਮੈਨ ਜੈਕ ਮਾ ਸਮੇਤ 22 ਕੰਪਨੀਆਂ ਦੇ ਸੀ.ਈ.ਓਜ਼. ਵੀ ਹਾਜ਼ਰ ਸਨ। ਦੋਹਾਂ ਮੁਲਕਾਂ ਦੀਆਂ ਉਘੀਆਂ ਕੰਪਨੀਆਂ ਨੇ 22 ਅਰਬ ਡਾਲਰ ਦੇ ਸਮਝੌਤਿਆਂ 'ਤੇ ਵੀ ਦਸਤਖ਼ਤ ਕੀਤੇ। ਸ੍ਰੀ ਮੋਦੀ ਨੇ ਕਿਹਾ ਕਿ ਚੀਨੀ ਕੰਪਨੀਆਂ ਲਈ ਇਹ ਇਤਿਹਾਸਕ ਮੌਕਾ ਹੈ ਕਿਉਂਕਿ ਭਾਰਤ ਵਿਚ ਕਾਰੋਬਾਰ ਦਾ ਸੁਖਾਵਾਂ ਮਾਹੌਲ ਤਿਆਰ ਕੀਤਾ ਗਿਆ ਹੈ।

## ਭਾਰਤ ਤੇ ਮੰਗੋਲੀਆ ਹੋਏ ਹੋਰ ਨੇੜੇ

**ਉਲਾਨ ਬਟੋਰ:** ਭਾਰਤ ਨੇ ਮੰਗੋਲੀਆ ਨੂੰ ਦੇਸ਼ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਸਹਿਯੋਗ ਲਈ ਇਕ ਅਰਬ ਡਾਲਰ ਦਾ ਕਰਜ਼ਾ ਦੇਣ ਦਾ ਐਲਾਨ ਕੀਤਾ ਹੈ। ਭਾਰਤ ਅਤੇ ਮੰਗੋਲੀਆ ਨੇ 14 ਆਪਸੀ ਸਮਝੌਤਿਆਂ ਉਤੇ ਸਹੀ ਪਾਈ ਹੈ। ਮੰਗੋਲੀਆ ਦੇ ਦੋ ਰੋਜ਼ਾ ਦੌਰੇ ਉਤੇ ਪੁੱਜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਮਰੁਤਬਾ ਚਿਮੇਦ ਸਾਈਖਾਨਬਿਲੇਗ ਨਾਲ ਵੱਖ-ਵੱਖ ਵਿਸ਼ਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਦੋਵੇਂ ਆਗੂਆਂ ਨੇ ਦੁਵੱਲੇ ਆਰਥਿਕ ਰਿਸ਼ਤਿਆਂ ਨੂੰ ਨਵੇਂ ਪੱਧਰ ਉਤੇ ਲੈ ਕੇ ਜਾਣ ਦੀ ਵਚਨਬੱਧਤਾ ਦੁਹਰਾਈ। ਦੋਵੇਂ ਧਿਰਾਂ ਨੇ 14 ਸਮਝੌਤਿਆਂ 'ਤੇ ਦਸਤਖ਼ਤ ਕੀਤੇ ਜਿਨ੍ਹਾਂ 'ਚ ਸਰਹੱਦ ਉਤੇ ਚੌਕਸੀ, ਪੁਲੀਸਿੰਗ ਤੇ ਨਿਗਰਾਨੀ ਵਧਾਉਣ, ਹਵਾਈ ਸੇਵਾਵਾਂ, ਸਾਈਬਰ ਸੁਰੱਖਿਆ ਤੇ ਨਵਿਆਉਣਯੋਗ ਊਰਜਾ ਵਿਚ ਸਹਿਯੋਗ ਵਧਾਉਣ ਦੇ ਸਮਝੌਤੇ ਸ਼ਾਮਲ ਹਨ।

## ਕੋਰੀਆ ਵਲੋਂ ਭਾਰਤ ਨੂੰ 10 ਅਰਬ ਡਾਲਰ ਦੇਣ ਦਾ ਐਲਾਨ

**ਸਿਓਲ:** ਦੱਖਣੀ ਕੋਰੀਆ ਨੇ ਭਾਰਤ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ, ਸਮਾਰਟ ਸ਼ਹਿਰਾਂ ਦੇ ਵਿਕਾਸ, ਰੇਲਵੇ, ਬਿਜਲੀ ਉਤਪਾਦਨ ਤੇ ਹੋਰ ਵੱਖ-ਵੱਖ ਖੇਤਰਾਂ ਲਈ 10 ਅਰਬ ਡਾਲਰ ਦੇਣ ਦਾ ਐਲਾਨ ਕੀਤਾ ਹੈ। ਦੋਹਾਂ ਮੁਲਕਾਂ ਨੇ ਸੱਤ ਸਮਝੌਤਿਆਂ ਉਤੇ ਦਸਤਖ਼ਤ ਵੀ ਕੀਤੇ। ਇਸ ਦੇ ਨਾਲ ਹੀ ਦੋਵੇਂ ਮੁਲਕਾਂ ਨੇ ਆਪਣੇ ਰਿਸ਼ਤਿਆਂ ਨੂੰ ਵਿਸ਼ੇਸ਼ ਰਣਨੀਤਕ ਭਾਈਵਾਲੀ ਦੇ ਪੱਧਰ ਤਕ ਪਹੁੰਚਾਉਣ ਦੀ ਸਹਿਮਤੀ ਜਤਾਈ ਹੈ। ਕੋਰੀਆਈ ਨਿਵੇਸ਼ਕਾਂ ਨੂੰ ਭਰਮਾਉਣ ਦੇ ਮਿਸ਼ਨ ਤਹਿਤ ਜਿਥੇ ਪੁੱਜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੱਖਣੀ ਕੋਰੀਆ ਦੀ ਰਾਸ਼ਟਰਪਤੀ ਪਾਰਕ ਗਿਊਨ ਹਾਈ ਨਾਲ ਵੱਖ-ਵੱਖ ਮੁੱਦਿਆਂ ਉਤੇ ਵਿਚਾਰ ਵਟਾਂਦਰਾ ਕੀਤਾ। ਦੋਹਾਂ ਆਗੂਆਂ ਨੇ ਆਪਸੀ ਸਬੰਧਾਂ ਵਿਚ ਨਵੇਂ ਤੱਤ, ਤੇਜ਼ੀ ਤੇ ਵਿਸ਼ਾ ਵਸਤੂ ਨੂੰ ਜੋੜ ਕੇ ਇਸ ਨੂੰ ਨਵੇਂ ਪੱਧਰ 'ਤੇ ਲੈ ਕੇ ਜਾਣ ਦਾ ਅਹਿਦ ਲਿਆ।

# ਬੰਦੀ ਸਿੰਘਾਂ ਦੀ ਰਿਹਾਈ ਲਈ ਬਾਦਲ ਦੀ ਕੋਠੀ ਦਾ ਘਿਰਾਓ

**ਫਤਹਿਗੜ੍ਹ ਸਾਹਿਬ:** ਪੰਥਕ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਬਾਪੂ ਸੂਰਤ ਸਿੰਘ ਖ਼ਾਲਸਾ ਵੱਲੋਂ ਆਰੰਭੇ ਸੰਘਰਸ਼ ਦੀ ਕੜੀ ਅਧੀਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਵੱਲ ਮਾਰਚ ਕੀਤਾ। ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਅਰਦਾਸ ਉਪਰੰਤ ਬਾਦਲ ਦੀ ਕੋਈ ਵੱਲ ਜਾਂਦਿਆਂ ਆਗੂਆਂ ਨੂੰ ਪੁਲਿਸ ਨੇ ਪਿੰਡ ਅੱਤੇਵਾਲੀ ਨਜ਼ਦੀਕ ਦੀਵਾਨ ਟੋਡਰ ਮੱਲ ਗੇਟ ਅੱਗੇ ਹਿਰਾਸਤ ਵਿਚ ਲੈ ਲਿਆ ਤੇ ਥਾਣਾ ਮੂਲੇਪੁਰ ਵਿਚ ਭੇਜ ਦਿੱਤਾ।

ਇਸ ਤੋਂ ਪਹਿਲਾਂ ਪੰਥਕ ਜਥੇਬੰਦੀਆਂ ਦੇ ਆਗੂਆਂ ਦੀ ਦੀਵਾਨ ਟੋਡਰਮੱਲ ਯਾਦਗਾਰੀ ਹਾਲ ਵਿਚ ਮੀਟਿੰਗ ਹੋਈ ਜਿਸ ਉਪਰੰਤ ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਇਹ ਕਾਫ਼ਲਾ ਚੰਡੀਗੜ੍ਹ ਲਈ ਰਵਾਨਾ ਹੋਇਆ। ਪੁਲਿਸ ਵੱਲੋਂ ਇਸ ਕਾਫ਼ਲੇ ਨੂੰ ਰੋਕਣ ਲਈ ਪਹਿਲਾਂ ਹੀ ਸਖ਼ਤ ਪ੍ਰਬੰਧ ਕੀਤੇ ਹੋਏ ਸਨ ਤੇ ਬੈਰੀਕੇਡ ਲਗਾ ਕੇ ਟ੍ਰੈਫਿਕ ਨੂੰ ਵੀ ਦੂਸਰੇ ਰਸਤਿਆਂ ਰਾਹੀਂ ਭੇਜਿਆ ਜਾ ਰਿਹਾ ਸੀ। ਜਦੋਂ ਮਾਰਚ ਪਿੰਡ ਅੱਤੇਵਾਲੀ ਪੁੱਜਿਆ ਤਾਂ ਪੁਲਿਸ ਨੇ ਅੱਗੇ ਜਾਣ ਤੋਂ ਉਨ੍ਹਾਂ ਨੂੰ ਰੋਕ ਕੇ ਹਿਰਾਸਤ ਵਿਚ ਲੈ ਲਿਆ।

ਇਸ ਮੌਕੇ ਉਨ੍ਹਾਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਇਹ ਮਾਰਚ ਯੂਨਾਈਟਿਡ ਖ਼ਾਲਸਾ ਦਲ ਦੇ ਭਾਈ ਮੋਹਕਮ ਸਿੰਘ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਭਾਈ ਹਰਪਾਲ ਸਿੰਘ ਚੀਮਾ, ਡਾ. ਮਨਜਿੰਦਰ ਸਿੰਘ ਜੰਡੀ, ਭਾਈ ਅਮਰੀਕ ਸਿੰਘ ਅਜਨਾਲਾ, ਆਰ.ਪੀ. ਸਿੰਘ, ਬਾਬਾ ਪਰਦੀਪ ਸਿੰਘ ਚਾਂਦਪੁਰ ਪੰਥਕ ਸੇਵਾ ਲਹਿਰ, ਅਕਾਲੀ ਦਲ ਅੰਮ੍ਰਿਤਸਰ ਦੇ ਤਰਲੋਕ ਸਿੰਘ ਡੱਲਾ, ਭਾਈ ਸੁਖਵਿੰਦਰ ਸਿੰਘ ਬਠਿੰਡਾ, ਅਖੰਡ ਕੀਰਤਨੀ ਜਥੇ ਦੇ ਭਾਈ ਬਖ਼ਸ਼ੀਸ਼ ਸਿੰਘ ਦੀ ਅਗਵਾਈ ਵਿਚ ਹੇਠ ਕੱਢਿਆ ਗਿਆ। ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਧਰਨੇ ਦੇਣ ਲਈ ਪੰਜਾਬ ਤੋਂ ਇਹ ਜਥੇ ਲਗਾਤਾਰ ਭੇਜੇ ਜਾਣਗੇ। ਭਾਈ ਮੋਹਕਮ ਸਿੰਘ ਨੇ ਕਿਹਾ ਕਿ ਸਜ਼ਾਵਾਂ ਕੱਟ ਚੁੱਕੇ ਸਿੰਘਾਂ ਦੀ ਰਿਹਾਈ ਤੱਕ ਖ਼ਾਲਸਾ ਪੰਥ ਦਾ ਸੰਘਰਸ਼ ਜਾਰੀ ਰਹੇਗਾ। ਹੁਣ ਅਗਲੇ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾ ਰਹੀ ਹੈ।

### ਅਗਲੇ ਸੰਘਰਸ਼ ਦੀ ਰੂਪ ਰੇਖਾ ਉਲੀਕੀ



**Punjab Times**
*Ph: 847-359-0746*
*Visit us on the web:*
***punjabtimesusa.com***

## ਮੰਗਲ ਪਾਂਡੇ ਦੇ ਵਾਰਸਾਂ ਵਲੋਂ ਰਾਸ਼ਟਰੀ ਸਨਮਾਨ ਵਲੋਂ ਵਾਪਸ

**ਨਵੀਂ ਦਿੱਲੀ:** ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ ਵਲੋਂ ਸ਼ਹੀਦ ਭਗਤ ਸਿੰਘ ਬਾਰੇ ਕੀਤੀ ਗਈ ਵਿਵਾਦਿਤ ਟਿੱਪਣੀ ਦਾ ਮਾਮਲਾ ਸ਼ਾਂਤ ਹੋਣ ਦਾ ਨਾਂ ਨਹੀਂ ਲੈ ਰਿਹਾ। ਰਾਦੌਰ ਵਿਚ ਸ਼ਹੀਦ ਮੰਗਲ ਪਾਂਡੇ ਦੇ ਪਰਿਵਾਰ ਤੇ ਸਮਾਜਿਕ ਸੰਸਥਾਵਾਂ ਨੇ ਸਰਕਾਰ ਵਲੋਂ ਮਿਲੇ ਰਾਸ਼ਟਰੀ ਸਨਮਾਨ ਤੇ ਪ੍ਰਸ਼ੰਸਾ ਪੱਤਰਾਂ ਨੂੰ ਵਿਰੋਧ ਦੇ ਤੌਰ 'ਤੇ ਰਾਦੌਰ ਦੇ ਵਿਧਾਇਕ ਸ਼ਿਆਮ ਸਿੰਘ ਰਾਣਾ ਨੂੰ ਵਾਪਸ ਕਰ ਦਿੱਤਾ।

ਸ਼ਹੀਦ ਦੇ ਪਰਿਵਾਰਕ ਮੈਂਬਰਾਂ ਦੀ ਮੰਗ ਹੈ ਕਿ ਜਦੋਂ ਤੱਕ ਦੇਸ਼ ਵਿਚ ਸ਼ਹੀਦਾਂ ਨੂੰ ਪੂਰਾ ਸਨਮਾਨ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਇਨ੍ਹਾਂ ਸਨਮਾਨਾਂ ਦਾ ਕੋਈ ਮਤਲਬ ਨਹੀਂ ਬਣਦਾ।

ਮੰਗਲ ਪਾਂਡੇ ਦੇ ਪਰਿਵਾਰ ਨੇ ਸਾਲ 2007 ਵਿਚ ਕਾਂਗਰਸ ਸਰਕਾਰ ਦੇ ਕਾਰਜਕਾਲ ਵਿਚ ਦਿੱਤੇ ਗਏ ਰਾਜੀਵ ਗਾਂਧੀ ਪੁਰਸਕਾਰ ਨੂੰ ਰਾਦੌਰ ਦੇ ਵਿਧਾਇਕ ਸ਼ਿਆਮ ਸਿੰਘ ਰਾਣਾ ਨੂੰ ਵਾਪਸ ਕਰ ਦਿੱਤਾ।

ਦੇਵੀ ਦਿਆਲ ਪਾਂਡੇ ਤੁਸ਼ਾਰ ਗਾਂਧੀ ਵਲੋਂ ਸ਼ਹੀਦਾਂ ਨੂੰ ਅਤਿਵਾਦੀ ਕਹੇ ਜਾਣ ਤੋਂ ਬਾਅਦ ਸਰਕਾਰ ਤੇ ਸਥਾਨਕ ਵਿਧਾਇਕ ਦੇ ਨਕਾਰਾਤਮਕ ਰਵੱਈਏ ਤੋਂ ਕਾਫ਼ੀ ਨਾਰਾਜ਼ ਹਨ।

**Upgrade your Security Cameras to High Definition at very reasonable prices**

*For a Free Demo of our new HD Cameras Please Contact us*




Balbir S Sidhu
209-495-3905 (Cell)
www.dvrunlimited.com
Toll Free (888) 233-4566

**DVRunlimited Inc.** Installation Available

**Wanted Tanduria, Cook & Helper**

Indian Restaurant in Indianapolis, IN needs Tanduria, Cook, Waiters & Helper immediately.
Good Salary, Free accommodation
Contact: Kulwinder Singh
Ph. 317-437-0367

**ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ**

ਇੰਡੀਅਨਐਪੋਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸੋਟਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਕੁਲਵਿੰਦਰ ਸਿੰਘ*

**ਫੋਨ: 317-437-0367**

19-22

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਦਿੱਲੀ ਵਿਚ ਫਿਰ ਛਾਇਆ ਸੰਵਿਧਾਨਿਕ ਸੰਕਟ

**ਨਵੀਂ ਦਿੱਲੀ:** ਦਿੱਲੀ ਦੇ ਉਪ ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਅਧਿਕਾਰਾਂ ਨੂੰ ਲੈ ਕੇ ਰੱਫੜ ਵਧਦਾ ਜਾ ਰਿਹਾ ਹੈ ਤੇ ਦੋਵੇਂ ਹੀ ਧਿਰਾਂ ਇਸ ਲੜਾਈ ਵਿਚ ਬਰਾਬਰ ਭਿੜ ਰਹੀਆਂ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਉਪ ਰਾਜਪਾਲ ਨਜੀਬ ਜੰਗ ਵਿਚਾਲੇ ਕਲੇਸ਼ ਹੁਣ ਰਾਸ਼ਟਰਪਤੀ ਪ੍ਰਣਬ ਮੁਖਰਜੀ ਕੋਲ ਪੁੱਜ ਗਿਆ ਹੈ। ਦੋਵਾਂ ਨੇ ਇਕ-ਦੂਜੇ ਉਤੇ ਆਪੋ-ਆਪਣੇ ਦਾਇਰਾ-ਅਖਤਿਆਰ ਤੇ ਸੰਵਿਧਾਨ ਨੂੰ ਉਲੰਘਣ ਦੇ ਦੋਸ਼ ਲਾਏ ਹਨ। ਸ੍ਰੀ ਕੇਜਰੀਵਾਲ ਦੀ ਰਾਸ਼ਟਰਪਤੀ ਨਾਲ ਮੀਟਿੰਗ ਤੋਂ ਕਈ ਘੰਟੇ ਪਹਿਲਾਂ ਅਚਨਚੇਤ ਸ੍ਰੀ ਜੰਗ ਨੇ ਸ੍ਰੀ ਮੁਖਰਜੀ ਨਾਲ ਮੁਲਾਕਾਤ ਕੀਤੀ ਤੇ ਦਿੱਲੀ ਸਰਕਾਰ ਵਿਚ ਮੁੱਖ ਅਫ਼ਸਰਸ਼ਾਹੀ ਦੀਆਂ ਨਿਯੁਕਤੀਆਂ ਤੇ ਤਬਾਦਲਿਆਂ ਦੇ ਮਾਮਲੇ ਉਤੇ ਜਾਰੀ ਖਹਿਬਾਜ਼ੀ ਬਾਰੇ ਜਾਣੂ ਕਰਵਾਇਆ। ਦਿੱਲੀ ਵਿਚ ਸਥਿਤੀ 'ਸੰਵਿਧਾਨਿਕ-ਸੰਕਟ' ਵਰਗੀ ਬਣ ਚੁੱਕੀ ਹੈ। ਸ੍ਰੀ ਜੰਗ ਇਹੋ ਦਾਅਵਾ ਕਰਦੇ ਆ ਰਹੇ ਹਨ ਕਿ 'ਆਪ' ਸਰਕਾਰ ਦੇ ਦੋਸ਼ਾਂ ਦੇ ਉਲਟ ਉਨ੍ਹਾਂ ਨੂੰ ਅਫ਼ਸਰਾਂ ਦੀਆਂ ਨਿਯੁਕਤੀਆਂ ਤੇ ਤਬਾਦਲੇ ਕਰਨ ਦੇ ਅਖਤਿਆਰ ਹਨ ਤੇ ਉਨ੍ਹਾਂ ਹੁਣ ਤੱਕ ਕੁਝ ਵੀ ਅਸੰਵਿਧਾਨਿਕ ਨਹੀਂ ਕੀਤਾ।

### ਮੁੱਖ ਮੰਤਰੀ ਤੇ ਉਪ ਰਾਜਪਾਲ ਫਿਰ ਆਹਮੋ-ਸਾਹਮਣੇ





ਕੇਜਰੀਵਾਲ ਸਰਕਾਰ ਨੇ ਪ੍ਰਿੰਸੀਪਲ ਸਕੱਤਰ (ਸੇਵਾਵਾਂ) ਅਨਿੰਦੋ ਮਜੂਮਦਾਰ ਦੇ ਦਿੱਲੀ ਸਕੱਤਰੇਤ ਦੇ ਦਫ਼ਤਰ ਨੂੰ ਬੰਦ ਕਰ ਦਿੱਤਾ ਤੇ ਉਧਰ ਉਪਰਾਜਪਾਲ ਨਜੀਬ ਜੰਗ ਨੇ ਮੁੱਖ ਮੰਤਰੀ ਵੱਲੋਂ ਲਾਏ ਗਏ ਨਵੇਂ ਅਧਿਕਾਰੀ ਰਾਜਿੰਦਰ ਕੁਮਾਰ ਦੀ ਵੀ ਨਿਯੁਕਤੀ ਰੱਦ ਕਰ ਦਿੱਤੀ।

ਮਜੂਮਦਾਰ ਵੱਲੋਂ ਸ਼ਕੁੰਤਲਾ ਗੇਮਲਿਨ ਨੂੰ ਦਿੱਲੀ ਦੀ ਕਾਰਜਕਾਰੀ ਪ੍ਰਿੰਸੀਪਲ ਸਕੱਤਰ ਵਜੋਂ ਨਿਯੁਕਤ ਕਰਨ ਬਾਬਤ ਲੰਘੇ ਸ਼ੁਕਰਵਾਰ ਨੂੰ ਜਾਰੀ ਕੀਤੀ ਗਈ ਚਿੱਠੀ ਤੋਂ ਖਫ਼ਾ ਹੋ ਕੇ ਕੇਜਰੀਵਾਲ ਸਰਕਾਰ ਨੇ ਉਨ੍ਹਾਂ ਦੀ ਨਵੀਂ ਨਿਯੁਕਤੀ, ਪ੍ਰਿੰਸੀਪਲ ਸਕੱਤਰ (ਸੇਵਾਵਾਂ) ਉਤੇ ਇਤਰਾਜ਼ ਉਠਾਇਆ ਸੀ ਤੇ ਉਨ੍ਹਾਂ ਦਾ ਦਫ਼ਤਰ ਬੰਦ ਕਰ ਦਿੱਤਾ ਗਿਆ। ਸ੍ਰੀ ਅਨਿੰਦੋ ਮਜੂਮਦਾਰ ਨੂੰ ਉਪਰਾਜਪਾਲ ਨੇ ਸ਼ਕੁੰਤਲਾ ਗੇਮਲਿਨ ਦੀ ਥਾਂ ਉਤੇ ਨਿਯੁਕਤ ਕੀਤਾ ਸੀ ਤੇ ਕੇਜਰੀਵਾਲ ਨੇ ਸ਼ਨਿਚਰਵਾਰ ਨੂੰ ਇਸ ਨਿਯੁਕਤੀ ਨੂੰ ਰੱਦ ਕਰ ਦਿੱਤਾ ਸੀ ਪਰ ਜਦੋਂ ਉਹ ਆਪਣੇ ਦਫ਼ਤਰ ਆਏ ਤਾਂ ਉਨ੍ਹਾਂ ਦਾ ਦਫ਼ਤਰ ਬੰਦ ਕਰ ਦਿੱਤਾ ਗਿਆ ਸੀ। ਕੇਜਰੀਵਾਲ ਸਰਕਾਰ ਨੇ ਇਸ ਅਹੁਦੇ ਉਤੇ ਰਾਜਿੰਦਰ ਕੁਮਾਰ ਨੂੰ ਲਾਇਆ ਸੀ ਪਰ ਉਪ ਰਾਜਪਾਲ ਨੇ ਇਸ ਨਿਯੁਕਤੀ ਨੂੰ ਰੱਦ ਕਰਦੇ ਹੋਏ ਸਪਸ਼ਟ ਕੀਤਾ ਸੀ ਅਜਿਹੇ ਅਹੁਦਿਆਂ ਉਤੇ ਉਨ੍ਹਾਂ (ਉਪ ਰਾਜਪਾਲ) ਨੂੰ ਨਿਯੁਕਤ ਕਰਨ ਤੇ ਹਟਾਉਣ ਦਾ ਅਧਿਕਾਰ ਹੈ। ਉਪ ਰਾਜਪਾਲ ਵੱਲੋਂ ਸ਼ਕੁੰਤਲਾ ਦੀ ਕੀਤੀ ਗਈ ਨਿਯੁਕਤੀ ਪਿੱਛੋਂ ਹੀ ਸਾਰਾ ਰੱਫੜ ਵਧਿਆ। ਇਸ ਅਧਿਕਾਰੀ ਵੱਲੋਂ ਮੁੱਖ ਮੰਤਰੀ ਦੇ ਇਹ ਅਹੁਦਾ ਨਾ ਲੈਣ ਦੇ ਆਖਣ ਦੇ ਬਾਵਜੂਦ ਉਸ ਨੇ ਆਪਣਾ ਕਾਰਜਕਾਰੀ ਪ੍ਰਿੰਸੀਪਲ ਸਕੱਤਰ ਦਾ ਅਹੁਦਾ ਸਾਂਭ ਲਿਆ ਸੀ।

ਉਧਰ ਕੇਜਰੀਵਾਲ ਸਰਕਾਰ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਟਵੀਟ ਕੀਤਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਇਕ ਸੰਵਿਧਾਨਕ ਅਥਾਰਟੀ ਚਿੱਠੀ ਪਹਿਲਾਂ ਲੀਕ ਕਰ ਦਿੰਦੀ ਹੈ ਜੋ ਅਜੇ ਉਪ ਮੁੱਖ ਮੰਤਰੀ ਨੇ ਸਵੀਕਾਰੀ ਨਹੀਂ। ਕੇਜਰੀਵਾਲ ਸਰਕਾਰ ਦੇ ਵਿਰੋਧ ਦੇ ਬਾਵਜੂਦ ਗੇਮਲਿਨ ਵੱਲੋਂ ਆਪਣਾ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ।

# ਬਾਦਲਾਂ ਨੇ ਫਿਰ ਪੰਥਕ ਏਜੰਡੇ ਦੀ ਓਟ ਲਈ

*(ਸਫਾ ਇਕ ਦੀ ਬਾਕੀ)*

ਬਾਦਲਾਂ ਦੀ ਮਾਲਕੀ ਵਾਲੀ ਔਰਬਿਟ ਬੱਸ ਵਿਚੋਂ ਥੱਲੇ ਸੁੱਟੇ ਕੇ ਮਾਰੀ ਗਈ 13 ਸਾਲਾ ਲੜਕੀ ਅਰਸ਼ਦੀਪ ਮਾਮਲੇ ਵਿਚ ਸੁਖਬੀਰ ਬਾਦਲ ਖਿਲਾਫ ਕਤਲ ਦਾ ਮਾਮਲਾ ਦਰਜ ਕਰਨ 'ਤੇ ਅੜੀਆਂ ਹੋਈਆਂ ਹਨ। ਅਕਾਲੀ ਦਲ ਨੂੰ ਪੰਜਾਬ ਵਿਚ ਲਾਕਾਨੂੰਨੀ ਬਾਰੇ ਜਵਾਬ ਦੇਣਾ ਔਖਾ ਹੋਇਆ ਪਿਆ ਹੈ ਤੇ ਮੁੱਖ ਮੰਤਰੀ ਬਾਦਲ ਕੈਨੇਡਾ ਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿਚ ਵੀ ਬੱਸਾਂ ਵਿਚ ਛੇੜਛਾੜ ਦੀਆਂ ਉਦਾਹਰਨਾਂ ਦੇ ਕੇ ਖਹਿੜਾ ਛੁਡਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਵਿਰੋਧੀ ਧਿਰ ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਸ. ਬਾਦਲ 'ਪੰਥਕ ਏਜੰਡੇ' ਦਾ ਪੱਤਾ ਵਰਤ ਕੇ ਆਪਣੀ ਕੁਰਸੀ ਬਚਾਉਣਾ ਚਾਹੁੰਦੇ ਹਨ। ਸ਼੍ਰੋਮਣੀ ਅਕਾਲੀ ਦਲ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਇਨ੍ਹਾਂ ਮੁੱਦਿਆਂ ਨੂੰ ਵਰਤਣ ਦੀ ਤਿਆਰੀ ਵਿਚ ਹੈ। ਅਸਲ ਵਿਚ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੇ ਵਿਕਾਸ ਦਾ ਨਾਅਰਾ ਮਾਰ ਕੇ ਮੈਦਾਨ ਜਿੱਤਿਆ ਸੀ, ਪਰ ਜਿੱਤ ਤੋਂ ਬਾਅਦ ਲੋਕ ਉਮੀਦਾਂ 'ਤੇ ਖਰਾ ਨਾ ਉਤਰਨ ਦਾ ਡਰ ਪਾਰਟੀ ਨੂੰ ਸਤਾ ਰਿਹਾ ਹੈ। ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਇਸ ਦੇ ਨਤੀਜੇ ਭੁਗਤ ਚੁੱਕਿਆ ਹੈ।

ਯਾਦ ਰਹੇ, ਸ. ਬਾਦਲ ਇਸ ਤੋਂ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਉਤੇ ਪੰਜਾਬ ਨਾਲ ਅਣਦੇਖੀ ਦਾ ਦੋਸ਼ ਲਾਉਂਦੇ ਰਹੇ ਹਨ ਪਰ ਹੁਣ ਕੇਂਦਰ ਵਿਚ ਉਸ ਦੀ ਭਾਈਵਾਲ ਭਾਜਪਾ ਸਰਕਾਰ ਦਾ ਇਕ ਸਾਲ ਪੂਰਾ ਹੋਣ ਪਿੱਛੋਂ ਵੀ ਇਨ੍ਹਾਂ ਮੁੱਦਿਆਂ ਨੂੰ ਦੱਬੀ ਰੱਖਿਆ ਹੈ। ਜੇਲ੍ਹਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ 84 ਸਾਲਾ ਬਜ਼ੁਰਗ ਬਾਪੂ ਸੂਰਤ ਸਿੰਘ ਖਾਲਸਾ ਪਿਛਲੇ ਸਵਾ ਚਾਰ ਮਹੀਨਿਆਂ ਤੋਂ ਅੰਨ ਛੱਡੀ ਬੈਠਾ ਹੈ ਪਰ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਦੀ ਥਾਂ ਰਿਹਾਈ ਵਿਚਲੇ ਕਾਨੂੰਨੀ ਅੜਿੱਕੇ ਗਿਣਾਉਂਦੀ ਰਹੀ ਹੈ।

ਫ਼ੌਜੀ ਹਮਲੇ ਸਮੇਂ ਸਿੱਖ ਰੈਫਰੈਂਸ ਲਾਇਬਰੇਰੀ ਵਿਚੋਂ 12613 ਪੁਸਤਕਾਂ, 512 ਹੱਥ ਲਿਖਤ ਬੀੜਾਂ ਤੇ ਹੋਰ ਅਹਿਮ ਦਸਤਾਵੇਜ਼ ਗਾਇਬ ਹੋ ਗਏ ਸਨ। ਪਹਿਲਾਂ ਇਸ ਬਾਰੇ ਦਾਅਵਾ ਕੀਤਾ ਜਾਂਦਾ ਸੀ ਕਿ ਫ਼ੌਜੀ ਹਮਲੇ ਸਮੇਂ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਲੱਗੀ ਅੱਗ ਵਿਚ ਇਹ ਸਮੱਗਰੀ ਸੜ ਗਈ ਸੀ ਪਰ ਮਗਰੋਂ ਉਸ ਵੇਲੇ ਦੇ ਇਕ ਇੰਸਪੈਕਟਰ ਨੇ ਦਾਅਵਾ ਕੀਤਾ ਸੀ ਕਿ ਉਸ ਦੀ ਹਾਜ਼ਰੀ ਵਿਚ ਭਾਰਤੀ ਫ਼ੌਜ ਇਹ ਸਾਰੀ ਸਮੱਗਰੀ ਬੋਰੀਆਂ ਵਿਚ ਭਰ ਕੇ ਲੈ ਗਈ ਸੀ ਤੇ ਲਾਇਬਰੇਰੀ ਨੂੰ ਬਾਅਦ ਵਿਚ ਅੱਗ ਲਾਈ ਗਈ ਸੀ।


ਇਸ ਖੁਲਾਸੇ ਤੋਂ ਬਾਅਦ ਆਈ.ਬੀ. ਵਲੋਂ ਸ਼੍ਰੋਮਣੀ ਕਮੇਟੀ ਨੂੰ ਸਿੱਖ ਰੈਫਰੈਂਸ ਲਾਇਬਰੇਰੀ ਦੀਆਂ 75 ਪੁਸਤਕਾਂ ਅਤੇ ਤਿੰਨ ਰਜਿਸਟਰ ਵਾਪਸ ਕੀਤੇ ਗਏ ਸਨ। ਇਨ੍ਹਾਂ ਵਿਚੋਂ ਇਕ ਰਜਿਸਟਰ ਉਤੇ ਸਮੂਹ ਪੁਸਤਕਾਂ ਤੇ ਦੂਜੇ ਰਜਿਸਟਰ ਵਿਚ ਹੱਥ ਲਿਖਤ ਬੀੜਾਂ ਦੇ ਵੇਰਵੇ ਦਰਜ ਹਨ। ਸ਼੍ਰੋਮਣੀ ਕਮੇਟੀ ਨੇ ਫ਼ੌਜੀ ਹਮਲੇ ਸਮੇਂ ਦਰਬਾਰ ਸਾਹਿਬ ਸਮੂਹ ਵਿਚ ਹੋਏ ਜਾਨੀ ਮਾਲੀ ਨੁਕਸਾਨ ਦੇ ਮੁਆਵਜ਼ੇ ਲਈ 100 ਕਰੋੜ ਰੁਪਏ ਦੇ ਮੁਆਵਜ਼ੇ ਦਾ ਕੇਸ ਵੀ ਦਿੱਲੀ ਹਾਈਕੋਰਟ ਵਿਚ ਦਾਇਰ ਕੀਤਾ ਹੋਇਆ ਹੈ, ਪਰ ਇਹ ਕਾਨੂੰਨੀ ਲੜਾਈ ਕਿਸੇ ਤਣ-ਪੱਤਣ ਲੱਗਦੀ ਨਜ਼ਰ ਨਹੀਂ ਆ ਰਹੀ।

### ਭਾਜਪਾ ਨੇ ਪੰਥਕ ਮਸਲਿਆਂ ਤੋਂ ਮੂੰਹ ਫੇਰਿਆ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਕੇਂਦਰ ਵਿਚ ਭਾਈਵਾਲ ਭਾਜਪਾ ਸਰਕਾਰ ਕੋਲੋਂ ਸਾਰੇ ਪੰਥਕ ਮਸਲਿਆਂ ਦੇ ਹੱਲ ਦਾ ਭਰੋਸਾ ਦੇ ਰਹੇ ਹਨ ਪਰ ਭਾਜਪਾ ਨੇ ਇਨ੍ਹਾਂ ਮਸਲਿਆਂ ਤੋਂ ਮੂੰਹ ਫੇਰਿਆ ਹੋਇਆ ਹੈ। ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਇਸ ਦਾ ਖੁਲਾਸਾ ਕਰਦਿਆਂ ਕਿਹਾ ਕਿ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਹੱਕ ਨਾ ਦੇਣ ਬਾਰੇ ਕਾਨੂੰਨ ਵਿਚ ਸੋਧ ਤੇ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਸਲੇ ਉਤੇ ਕੇਂਦਰ ਸਰਕਾਰ ਨੇ ਅਕਾਲੀ ਦਲ ਦੀ ਮੰਗ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ। ਤਖ਼ਤ ਹਜ਼ੂਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਦੀ ਨਿਯੁਕਤੀ ਬਾਰੇ ਅਕਾਲੀਆਂ ਦੇ ਇਤਰਾਜ਼ ਅਣਸੁਣੇ ਕਰ ਦਿੱਤੇ ਗਏ। ਸਹਿਜਧਾਰੀਆਂ ਨੂੰ ਵੋਟ ਦਾ ਹੱਕ ਰੱਦ ਕਰਨ ਬਾਰੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੱਕ ਕਈ ਵਾਰੀ ਪਹੁੰਚ ਕੀਤੀ ਗਈ ਪਰ ਕੇਂਦਰ ਨੇ ਇਨ੍ਹਾਂ ਮਸਲਿਆਂ ਨੂੰ ਅਣਸੁਣਿਆ ਕੀਤਾ ਹੋਇਆ ਹੈ।

# ਮਿਸਰ ਦੇ ਸਾਬਕਾ ਰਾਸ਼ਟਰਪਤੀ ਮੁਰਸੀ ਨੂੰ ਮੌਤ ਦੀ ਸਜ਼ਾ

**ਕਾਹਿਰਾ:** ਮਿਸਰ ਦੇ ਸਾਬਕਾ ਰਾਸ਼ਟਰਪਤੀ ਮੁਹੰਮਦ ਮੁਰਸੀ, ਮੁਸਲਿਮ ਬ੍ਰਦਰਹੁਡ ਮੁਖੀ ਮੁਹੰਮਦ ਬਾਦੀ ਤੇ ਤਕਰੀਬਨ 100 ਤੋਂ ਵੱਧ ਹੋਰ ਇਸਲਾਮੀਆਂ ਨੂੰ ਸਾਲ 2011 ਦੇ ਵਿਦਰੋਹ ਦੌਰਾਨ ਜੇਲ੍ਹ ਤੋੜਨ ਦੀਆਂ ਘਟਨਾਵਾਂ ਦੇ ਮਾਮਲੇ ਵਿਚ ਇਥੋਂ ਦੀ ਇਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ।



ਇਸ ਮਾਮਲੇ ਵਿਚ ਬ੍ਰਦਰਹੁਡ ਆਗੂਆਂ ਬਾਦੀ, ਮੁਹੰਮਦ ਸਾਦ ਅਲ-ਕਤਾਤਨੀ, ਏਸਾਮ ਅਲ-ਏਰਾਨ, ਮੁਹੰਮਦ ਅਲ-ਬਲਤਾਗੀ ਤੇ ਸਵਾਫਤ ਹੇਗਜ਼ੀ ਸਣੇ ਮੁਰਸੀ ਤੇ 130 ਸਹਿ ਪ੍ਰਤੀਵਾਦੀਆਂ 'ਤੇ ਦੋਸ਼ ਲੱਗੇ ਸਨ। ਮੁਰਸੀ (63) ਕਾਹਿਰਾ ਕ੍ਰਿਮਿਨਲ ਕੋਰਟ ਵਿਚ ਪੇਸ਼ ਹੋਏ ਤੇ ਅਦਾਲਤ ਨੇ ਉਨ੍ਹਾਂ ਤੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ।

# ਔਰਬਿਟ ਕੇਸ: ਸੁਖਬੀਰ ਤੇ ਹਰਸਿਮਰਤ ਨੂੰ ਨੋਟਿਸ

*(ਸਫਾ ਇਕ ਦੀ ਬਾਕੀ)*

ਕਰ ਲਿਆ ਹੈ। ਔਰਬਿਟ ਦੀ ਚੜ੍ਹਾਈ 2007 ਵਿਚ ਅਕਾਲੀ ਸਰਕਾਰ ਬਣਨ ਤੋਂ ਬਾਅਦ ਹੋਈ ਤੇ ਇਸ ਟਰਾਂਸਪੋਰਟ ਨੇ ਪੀ.ਆਰ.ਟੀ.ਸੀ. ਨੂੰ ਰੋਲ ਕੇ ਰੱਖ ਦਿੱਤਾ। ਬਾਦਲ ਪਰਿਵਾਰ ਦੀਆਂ 2007 ਵਿਚ 26 ਬੱਸਾਂ ਸਨ ਤੇ ਹੁਣ ਵੱਖ-ਵੱਖ ਨਾਂਵਾਂ ਤਹਿਤ ਤਕਰੀਬਨ 400 ਬੱਸਾਂ ਸੜਕਾਂ 'ਤੇ ਦੌੜ ਰਹੀਆਂ ਹਨ। ਅਦਾਲਤੀ ਸਵੈ-ਨੋਟਿਸ ਵਾਲੇ ਕੇਸ ਵਿਚ ਇਹ ਸੱਚਾਈ ਵੀ ਸਾਹਮਣੇ ਆਈ ਹੈ ਕਿ ਇਸ ਵੇਲੇ ਸੂਬੇ ਵਿਚ 2508 ਸਰਕਾਰੀ ਬੱਸਾਂ ਦੇ ਮੁਕਾਬਲੇ 3543 ਪ੍ਰਾਈਵੇਟ ਬੱਸਾਂ ਪੰਜਾਬ ਦੀਆਂ ਸੜਕਾਂ ਉਤੇ ਦੌੜ ਰਹੀਆਂ ਹਨ। ਇਨ੍ਹਾਂ ਵਿਚੋਂ ਇਕੱਲੀ ਔਰਬਿਟ ਐਵੀਏਸ਼ਨ ਦੀਆਂ 62, ਡੱਬਵਾਲੀ ਟਰਾਂਸਪੋਰਟ ਦੀਆਂ 64, ਨਿਊ ਦੀਪ ਬੱਸ ਸਰਵਿਸ ਦੀਆਂ 55, ਰੋਹਤਕ ਡਿਸਟ੍ਰਿਕ ਟਰਾਂਸਪੋਰਟ ਕੰਪਨੀ ਦੀਆਂ 42 ਬੱਸਾਂ ਪੰਜਾਬ ਦੀਆਂ ਸੜਕਾਂ ਉਤੇ ਗਤੀਸ਼ੀਲ ਹਨ।

# ਪੰਜਾਬ ਦੇ ਸਕੂਲ ਕੌਮੀ ਸਕੀਮ ਵਿਚ ਸ਼ਾਮਲ

**ਮੁਹਾਲੀ:** ਪੰਜਾਬ ਸਿੱਖਿਆ ਵਿਭਾਗ ਦੀ ਵੋਕੇਸ਼ਨਲ ਸਿੱਖਿਆ ਵਿਚ ਵਧੀਆ ਕਾਰਗੁਜ਼ਾਰੀ ਨੂੰ ਦੇਖਦਿਆਂ ਭਾਰਤ ਸਰਕਾਰ ਨੇ ਸੂਬੇ ਦੇ 300 ਸਕੂਲਾਂ ਨੂੰ ਕੌਮੀ ਹੁਨਰ ਵਿਕਾਸ ਕਾਰਪੋਰੇਸ਼ਨ ਦੀ ਸਕੀਮ ਵਿਚ ਸ਼ਾਮਲ ਕੀਤਾ ਹੈ। ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਮੁਤਾਬਕ ਨੌਜਵਾਨਾਂ ਨੂੰ ਹੁਨਰਮੰਦ ਸਿਖਲਾਈ ਦੀ ਅਹਿਮੀਅਤ ਨੂੰ ਸਮਝਦਿਆਂ ਪਿਛਲੇ ਸਾਲ ਕੌਮੀ ਹੁਨਰ ਵਿਕਾਸ ਕਾਰਪੋਰੇਸ਼ਨ ਨਾਲ ਸਮਝੌਤਾ 'ਤੇ ਦਸਤਖ਼ਤ ਕੀਤੇ ਸਨ। ਇਸ ਤਹਿਤ ਸੂਬੇ ਦੇ 100 ਸਕੂਲਾਂ ਵਿਚ ਨੌਵੀਂ ਜਮਾਤ ਤੋਂ ਛੇ ਕੋਰਸਾਂ ਦੀ ਵੋਕੇਸ਼ਨਲ ਸਿੱਖਿਆ ਸ਼ੁਰੂ ਕੀਤੀ ਗਈ। ਪੰਜਾਬ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਸਕੂਲਾਂ ਦੀ ਕਾਰਗੁਜ਼ਾਰੀ ਨੂੰ ਧਿਆਨ ਵਿਚ ਰੱਖਦਿਆਂ ਕੇਂਦਰੀ ਮਨੁੱਖੀ ਸਰੋਤ ਮੰਤਰਾਲੇ ਨੇ ਨਵੇਂ ਵਿਦਿਅਕ ਸੈਸ਼ਨ ਲਈ 300 ਹੋਰ ਸਕੂਲਾਂ ਵਿਚ ਵੋਕੇਸ਼ਨਲ ਸਿੱਖਿਆ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

**ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ**

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ
ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
ਪਤੀ-ਪਤਨੀ ਨੂੰ ਪਹਿਲ
ਮਿਸਟਰ ਸਿੰਘ, ਫੋਨ: 515-291-1961

*To Advertise with Punjab Times Call: 847-359-0746*

**Liquor Store Sale by Owner**

**Liquor store with Grocery, Beer, Wine and lottery in Kalamazoo, Michigan is on sale.**
**Very good location, 2 acres of land, Huge building for extra business or storage, huge parking lot and**
**Monthly Sale: $85,000+**
**For more info, Call (972) 838-8370**

ਕੈਲਮਜ਼ੂ, ਮਿਸ਼ੀਗਨ ਵਿਚ ਲਿੱਕਰ ਸਟੋਰ ਵਿਕਾਊ ਹੈ, ਜਿਸ ਵਿਚ ਗਰੌਸਰੀ, ਬੀਅਰ, ਵਾਈਨ ਅਤੇ ਲਾਟਰੀ-ਸਭ ਕੁਝ ਹੈ।
ਬਹੁਤ ਵਧੀਆ ਲੋਕੇਸ਼ਨ, ਦੋ ਏਕੜ ਦਾ ਪਲਾਟ, ਬਹੁਤ ਵੱਡੀ ਬਿਲਡਿੰਗ, ਜਿਸ ਵਿਚ ਹੋਰ ਬਿਜਨਸ ਖੋਲ੍ਹਿਆ ਜਾ ਸਕਦਾ ਹੈ।
ਬਹੁਤ ਖੁੱਲ੍ਹੀ ਪਾਰਕਿੰਗ
ਮਾਸਿਕ ਵਿਕਰੀ $85,000+
ਸੰਪਰਕ ਕਰੋ, ਫੋਨ (972) 838-8370
21-23

# ਚਰਨ ਸਿੰਘ ਜੱਜ ਨੂੰ ਸਦਮਾ ਪਤਨੀ ਦਾ ਦੇਹਾਂਤ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਦੀ ਯਾਦ ਵਿਚ ਬਣੀ ਸਥਾਨਕ ਸੰਸਥਾਵਾਂ ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਅਤੇ ਫਿਰ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਦੇ ਸਾਬਕਾ ਪ੍ਰਧਾਨ ਸ. ਚਰਨ ਸਿੰਘ ਜੱਜ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ ਜਦੋਂ ਉਨ੍ਹਾਂ ਦੀ ਧਰਮ ਪਤਨੀ ਬੀਬੀ ਭਜਨ ਕੌਰ 77 ਸਾਲ ਦੀ ਉਮਰ ਭੋਗ ਕੇ ਲੰਘੀ 16 ਮਈ ਨੂੰ ਨਕੋਦਰ, ਜਿਲਾ ਜਲੰਧਰ ਵਿਚ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਮਹੀਨਿਆਂ ਤੋਂ ਇੰਡੀਆ ਗਏ ਹੋਏ ਸਨ ਜਿਥੇ ਉਨ੍ਹਾਂ ਨੂੰ ਕੈਂਸਰ ਹੋਣ ਦਾ ਅਚਾਨਕ ਪਤਾ ਲੱਗਾ ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ। ਉਨ੍ਹਾਂ ਦਾ ਸਸਕਾਰ 17 ਮਈ ਨੂੰ ਕਰ ਦਿਤਾ ਗਿਆ ਅਤੇ ਅੰਤਿਮ ਅਰਦਾਸ ਆਉਂਦੀ 24 ਮਈ ਨੂੰ ਨਕੋਦਰ ਵਿਚ ਹੋਵੇਗੀ।

ਮਰਹੂਮ ਬੀਬੀ ਭਜਨ ਕੌਰ ਦਾ ਪੇਕਾ ਪਿੰਡ ਤੰਦਾਂ ਉਚਾ, ਤਹਿਸੀਲ ਫਿਲੌਰ, ਜਿਲਾ ਜਲੰਧਰ ਸੀ ਅਤੇ ਉਨ੍ਹਾਂ ਦਾ ਵਿਆਹ ਪਿੰਡ ਰੂਪੇਵਾਲੀ (ਜਿਲਾ ਜਲੰਧਰ) ਵਾਸੀ ਚਰਨ ਸਿੰਘ ਜੱਜ ਨਾਲ ਹੋਇਆ। ਉਹ ਆਪਣੇ ਪਿਛੇ ਪਤੀ ਤੋਂ ਇਲਾਵਾ ਇਕ ਬੇਟਾ ਹਰਜਿੰਦਰ ਸਿੰਘ, ਨੂੰਹ ਸਰਵਰਿੰਦਰ ਕੌਰ, ਦੋ ਧੀਆਂ-ਕੁਲਵੰਤ ਕੌਰ ਪਤਨੀ ਸਤਪਾਲ ਸਿੰਘ ਅਤੇ ਕੁਲਦੀਪ ਕੌਰ ਪਤਨੀ ਕੁਲਦੀਪ ਸਿੰਘ ਤੋਂ ਇਲਾਵਾ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛਡ ਗਏ ਹਨ।

ਬੀਬੀ ਭਜਨ ਕੌਰ 1994 ਵਿਚ ਪਹਿਲਾਂ ਕੈਨੇਡਾ ਅਤੇ ਫਿਰ ਅਮਰੀਕਾ ਆਪਣੇ ਪਰਿਵਾਰ ਸਮੇਤ ਆ ਵਸੇ ਜਿਥੇ ਉਨ੍ਹਾਂ ਸਮਾਜ ਸੇਵਾ ਵਾਲੀ ਜ਼ਿੰਦਗੀ ਗੁਜ਼ਾਰੀ। ਉਨ੍ਹਾਂ ਦਾ ਸਮਾਜਕ ਘੇਰਾ ਬੜਾ ਵਿਸ਼ਾਲ ਸੀ। ਉਨ੍ਹਾਂ ਦੇ ਪਤੀ ਚਰਨ ਸਿੰਘ ਜੱਜ ਦਾ ਆਪਣਾ ਜੀਵਨ ਕਿਸਾਨਾਂ/ਮਜਦੂਰਾਂ ਅਤੇ ਮੁਲਾਜ਼ਮਾਂ ਦੇ ਲੋਕ ਸੰਘਰਸ਼ਾਂ ਨਾਲ ਜੁੜਿਆ ਰਿਹਾ ਹੈ। ਬੀਬੀ ਭਜਨ ਕੌਰ ਨੇ ਹਮੇਸ਼ਾਂ ਆਪਣੇ ਪਤੀ ਦਾ ਡਟ ਕੇ ਸਾਥ ਦਿਤਾ ਅਤੇ ਚੰਗੇ-ਮਾੜੇ ਦਿਨਾਂ ਵਿਚ ਪਰਿਵਾਰ ਦੀਆਂ ਜਿੰਮੇਵਾਰੀਆਂ ਨਿਸ਼ਠਾ ਨਾਲ ਨਿਭਾਈਆਂ। ਅਮਰੀਕਾ ਆ ਕੇ ਵੀ ਉਨ੍ਹਾਂ ਲੋਕ ਸੇਵਾ ਦਾ ਝੰਡਾ ਬੁਲੰਦ ਰਖਿਆ।

ਲੋਕ ਸੇਵਾ ਨੂੰ ਸਮਰਪਿਤ, ਸਨੇਹ ਭਰੀ ਸ਼ਖਸੀਅਤ, ਸੇਵਾ ਦੀ ਮੂਰਤ ਅਤੇ ਸੰਜੀਦਾ ਜੀਵਨ ਜਿਊਣ ਵਾਲੀ ਬੀਬੀ ਭਜਨ ਕੌਰ ਨੂੰ ਸਮਾਜਕ ਜਥੇਬੰਦੀਆਂ ਹਮੇਸ਼ਾਂ ਯਾਦ ਕਰਦੀਆਂ ਰਹਿਣਗੀਆਂ। ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਅਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ, ਸੈਕਰਾਮੈਂਟੋ ਨੇ ਬੀਬੀ ਭਜਨ ਕੌਰ ਦੇ ਚਲਾਣੇ ਉਪਰ ਦੁਖ ਪ੍ਰਗਟਾਉਂਦਿਆਂ ਚਰਨ ਸਿੰਘ ਜੱਜ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਅਦਾਰਾ ਪੰਜਾਬ ਟਾਈਮਜ਼ ਵੀ ਉਨ੍ਹਾਂ ਦੇ ਇਸ ਦੁਖ ਵਿਚ ਸ਼ਰੀਕ ਹੈ।

## ਪਾਕਿਸਤਾਨ ਨੇ ਜਿੱਤ ਲਈ ਸੀ ਕਾਰਗਿਲ ਜੰਗ: ਮੁਸ਼ੱਰਫ

**ਕਰਾਚੀ:** ਪਾਕਿਸਤਾਨ ਦੇ ਸਾਬਕਾ ਫ਼ੌਜੀ ਸ਼ਾਸਕ ਜਨਰਲ ਪਰਵੇਜ਼ ਮੁਸ਼ੱਰਫ ਨੇ ਉਸ ਵਲੋਂ ਸ਼ੁਰੂ ਕੀਤੀ ਕਾਰਗਿਲ ਜੰਗ ਨੂੰ ਇਕ ਵਾਰ ਫਿਰ ਉਭਾਰਦੇ ਹੋਏ ਦਾਅਵਾ ਕੀਤਾ ਕਿ ਉਨ੍ਹਾਂ ਦੀਆਂ ਹਥਿਆਰਬੰਦ ਸੈਨਾਵਾਂ ਨੇ ਭਾਰਤ ਨੂੰ ਸੰਘੀ ਤੋਂ ਫੜ ਲਿਆ ਸੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਪਾਕਿਸਤਾਨੀ ਹਥਿਆਰਬੰਦ ਸੈਨਾਵਾਂ ਨੇ 1999 ਵਿਚ ਕਾਰਗਿਲ ਜੰਗ ਜਿੱਤ ਲਈ ਸੀ ਪਰ ਉਸ ਸਮੇਂ ਦੀ ਨਵਾਜ਼ ਸ਼ਰੀਫ ਦੀ ਅਗਵਾਈ ਵਾਲੀ ਸਰਕਾਰ ਨੇ ਸਫਲਤਾ ਨੂੰ ਰਾਜਸੀ ਹਾਰ ਵਿਚ ਬਦਲ ਦਿੱਤਾ ਸੀ।

ਆਪਣੀ ਪਾਰਟੀ ਆਲ ਪਾਕਿਸਤਾਨ ਮੁਸਲਿਮ ਲੀਗ ਦੀ ਨੌਜਵਾਨ ਇਕਾਈ ਦੀ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁਸ਼ੱਰਫ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਨਹੀਂ ਕਿ ਭਾਰਤ ਕਦੇ ਤਿੰਨ ਮਹੀਨੇ ਲੰਬੀ ਲੜਾਈ (ਕਾਰਗਿਲ ਜੰਗ) ਨੂੰ ਭੁੱਲ ਸਕੇਗਾ ਜਦੋਂ ਸਾਡੀਆਂ ਹਥਿਆਰਬੰਦ ਸੈਨਾਵਾਂ ਨੇ ਉਨ੍ਹਾਂ ਨੂੰ ਗਲੇ ਤੋਂ ਫੜ ਲਿਆ ਸੀ।

## Matrimonial

**ਵਰ ਦੀ ਲੋੜ ਹੈ**

Suitable match sought for Jatt Sikh U.S. Citizen girl, 27 yrs, 5’-6", Master’s in Science & employed. The boy should be Jatt Sikh, well-educated, professionally employed from a well-settled family in California, preferably from Bay Area. Contact 510-331-4868 or email: kaur125@yahoo.com
21-24

Jatt Sikh parents seek match for US Citizen daughter, 28, 5'10", bachelors in marketing & employed. Family well settled in Wisconsin, US since 25 years. Boy should Jatt Sikh atleast 6”, well-settled in career, preferably from the US or Canada. Contact: 1-414-982-5188 or wisconsinkaur@gmail. com.

## ਗਾਂਧੀ ਬਾਰੇ ਅਸ਼ਲੀਲ ਕਵਿਤਾ ਲਿਖਣ ਵਾਲੇ ਨੂੰ ਰਾਹਤ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮਹਾਤਮਾ ਗਾਂਧੀ ਬਾਰੇ ‘ਅਸ਼ਲੀਲ ਕਵਿਤਾ’ ਲਿਖਣ ਵਾਲੇ ਇਕ ਬੈਂਕ ਮੁਲਾਜ਼ਮ ਦੇਵੀਦਾਸ ਰਾਮਚੰਦਰ ਤੁਲਜਾਪੁਰਕਰ ਖ਼ਿਲਾਫ਼ ਫ਼ੌਜਦਾਰੀ ਕਾਰਵਾਈ ਰੱਦ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ ਇਹ ਕਵਿਤਾ 1994 ’ਚ ਆਲ ਇੰਡੀਆ ਬੈਂਕ ਐਸੋਸੀਏਸ਼ਨ ਯੂਨੀਅਨ ਦੇ ਰਸਾਲੇ ’ਚ ਛਪਵਾਈ ਸੀ। ਸੁਪਰੀਮ ਕੋਰਟ ਨੇ ਉਸ ਦੇ ਦਾਅਵੇ ਨੂੰ ਖ਼ਾਰਜ ਕਰ ਦਿੱਤਾ ਕਿ ਉਸ ਖ਼ਿਲਾਫ਼ ਇਹ ਮਰਾਠੀ ਕਵਿਤਾ ਲਿਖਣ ਬਦਲੇ ਲਾਏ ਦੋਸ਼, ਉਸ ਨੂੰ ਭਾਰਤੀ ਸੰਵਿਧਾਨ ਤਹਿਤ ਮਿਲੇ ਬੋਲਣ ਤੇ ਵਿਚਾਰਾਂ ਦੇ ਪ੍ਰਗਟਾਵੇ ਦੇ ਬੁਨਿਆਦੀ ਹੱਕ ਦੀ ਉਲੰਘਣਾ ਕਰਦੇ ਹਨ।

**Pinnacle Carriers, Inc**

**Now Hiring Drivers**

**ਡਰਾਈਵਰਾਂ ਦੀ ਲੋੜ ਹੈ**



***Team or Solo***
**$2000 starting to Midwest**
**$300 quarterly driver safety bonus**
**$50 dot inspection bonus**
**$1000 sign in bonus (1 year)**

***Requirements:***
***2 year old licensee *Reefer experience**
***Clean DMV printout**
**Year round dedicated 1 pick 1 drop**
**Make $6000 - $7000 per month**
**$70,000 to $80,000 per year**
**Brand new equipment**

**Please Contact**
**Ph: (916) 833-5022**
April

*“Ask us about the...*
**AARP® Auto Insurance Program from The Hartford.”**

***NOW AVAILABLE IN YOUR AREA!***

**Find out more about the Special Benefits of The Hartford’s Program for AARP members and our Competitive Rates!**



*Satwant Singh*

**You’ll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.**
***-Satwant Singh!***

**Call today for your FREE, no-obligation quote:**
**+1-408-771-2438**

**Satwant Singh: 2774 Aborn Rd,**
**San Jose, CA 95121**
**satwant@satwantins.com**
**www.satwantins.com**
**CA License# 0H11256**

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
*107792 2nd Rev*

# ਹੁਣ ਖਜ਼ਾਨੇ ਵਿਚ ਬਰਕਤਾਂ ਪਾਉਣ ਵਿਚ ਰੁੱਝੀ ਪੰਜਾਬ ਪੁਲਿਸ

**ਚੰਡੀਗੜ੍ਹ:** ਪੰਜਾਬ ਪੁਲਿਸ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਦੀ ਥਾਂ ਸਰਕਾਰੀ ਖਜ਼ਾਨਾ ਭਰਨ ਲਈ ਦਿਨ-ਰਾਤ ਇਕ ਕਰ ਰਹੀ ਹੈ। ਪਿਛਲੇ ਵਰ੍ਹੇ ਪੰਜਾਬ ਟਰੈਫਿਕ ਪੁਲਿਸ ਨੇ 11,08,025 ਚਲਾਨ ਕੱਟ ਕੇ 36,07,70,016 ਰੁਪਏ ਜੁਰਮਾਨਾ ਵਸੂਲਣ ਦਾ ਰਿਕਾਰਡ ਬਣਾਇਆ ਹੈ। ਪੰਜਾਬ ਦੀਆਂ ਸੜਕਾਂ 'ਤੇ ਹਰੇਕ ਤਿੰਨ ਘੰਟਿਆਂ ਬਾਅਦ ਦੋ ਸੜਕ ਹਾਦਸੇ ਵਾਪਰਦੇ ਹਨ ਤੇ ਪੁਲਿਸ ਹਰੇਕ ਘੰਟੇ ਵਿਚ 127 ਚਲਾਨ ਕੱਟਦੀ ਹੈ।

ਪੰਜਾਬ ਪੁਲਿਸ ਨੂੰ ਸੜਕ ਹਾਦਸੇ ਰੋਕਣ ਲਈ ਕੋਈ ਰਾਹ ਨਹੀਂ ਲੱਭ ਰਿਹਾ ਤੇ ਹਰ ਵਰ੍ਹੇ ਸੜਕ ਹਾਦਸਿਆਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਪੰਜਾਬ ਪੁਲਿਸ ਤੇਜ਼ ਰਫਤਾਰ, ਸ਼ਰਾਬ ਪੀ ਕੇ ਤੇ ਮੋਬਾਇਲ ਫੋਨ ਸੁਣਦਿਆਂ ਵਾਹਨ ਚਲਾਉਣ ਵਾਲਿਆਂ ਨੂੰ ਰੋਕਣ ਵਿਚ ਫੇਲ੍ਹ ਰਹੀ ਹੈ। ਪੁਲਿਸ ਵਲੋਂ ਰੋਜ਼ਾਨਾ ਔਸਤਨ 3036 ਵਾਹਨ ਚਾਲਕਾਂ ਦੇ ਚਲਾਨ ਕੱਟ ਕੇ 9,88,411 ਰੁਪਏ ਜੁਰਮਾਨਾ ਵਸੂਲਿਆ ਜਾ ਰਿਹਾ ਹੈ।

ਪੰਜਾਬ ਪੁਲਿਸ ਵਲੋਂ ਪਿਛਲੇ ਸਾਲ ਸ਼ਰਾਬ ਪੀ ਕੇ ਵਾਹਨ ਚਲਾਉਣ ਸਬੰਧੀ 2625 ਤੇ ਤੇਜ਼ ਰਫਤਾਰ ਵਾਹਨ ਚਲਾਉਣ ਵਾਲਿਆਂ ਦੇ 3066 ਚਲਾਨ ਕੱਟੇ ਗਏ। ਇਸੇ ਤਰ੍ਹਾਂ ਮੋਬਾਇਲ ਫੋਨ ਦੀ ਵਰਤੋਂ ਕਰਦਿਆਂ ਵਾਹਨ ਚਲਾਉਣ ਵਾਲੇ 11,914 ਵਿਅਕਤੀਆਂ ਦੇ ਚਲਾਨ ਕੱਟੇ ਗਏ। ਪੰਜਾਬ ਪੁਲਿਸ ਨੇ ਬਿਨਾਂ ਹੈਲਮਟ ਵਾਹਨ ਚਲਾਉਣ ਦੇ 1,82,381, ਬਿਨਾਂ ਸੀਟ ਬੈਲਟ ਵਾਹਨ ਚਲਾਉਣ ਦੇ 1,74,550, ਗਲਤ ਪਾਰਕਿੰਗ ਦੇ 85,235, ਸਿਗਰਟ ਪੀਂਦਿਆਂ ਵਾਹਨ ਚਲਾਉਣ ਦੇ 931 ਤੇ ਲਾਲ ਬੱਤੀ ਦੀ ਉਲੰਘਣਾ ਕਰਨ ਦੇ 2,40,404 ਚਲਾਨ ਕੱਟੇ ਹਨ। ਏ.ਡੀ.ਜੀ.ਪੀ./ਟਰੈਫਿਕ ਪੰਜਾਬ ਨੂੰ ਜ਼ੈਬਰਾ ਕਰਾਸਿੰਗ ਤੇ ਹਾਈ ਬੀਮ ਤਹਿਤ ਚਲਾਨ ਕੱਟਣ ਦੀ ਕੋਈ ਜਾਣਕਾਰੀ ਨਹੀਂ ਹੈ। ਏ.ਡੀ.ਜੀ.ਪੀ. ਅਨੁਸਾਰ ਪੁਲਿਸ ਦਾ ਟਰੈਫਿਕ ਵਿੰਗ ਸੜਕ ਹਾਦਸਿਆਂ ਦੀ ਰੋਕਥਾਮ ਤੇ ਹਾਦਸਿਆਂ ਦੇ ਕਾਰਨ ਜਾਨਣ ਲਈ ਆਪਣੇ ਪੱਧਰ 'ਤੇ ਕੋਈ ਸਟੱਡੀ, ਪੜਚੋਲ ਜਾਂ ਸਰਵੇ ਨਹੀਂ ਕਰਵਾਉਂਦਾ। ਟਰੈਫਿਕ ਵਿੰਗ ਪੂਰੀ ਤਰ੍ਹਾਂ ਰੋਡ ਬ੍ਰਿਜਜ਼ ਡਿਵੈਲਪਮੈਂਟ ਬੋਰਡ, ਸਿਹਤ ਵਿਭਾਗ, ਟਰਾਂਸਪੋਰਟ ਵਿਭਾਗ ਤੇ ਗਵਰਨੈਂਸ ਰਿਫੌਰਮਜ਼ ਕਮਿਸ਼ਨ ਦੀ ਸਟੱਡੀ 'ਤੇ ਹੀ ਨਿਰਭਰ ਕਰਦਾ ਹੈ।

ਬੇਸ਼ੱਕ ਚਲਾਨਾਂ ਦੀ ਗਿਣਤੀ ਵਧਣ ਨਾਲ ਸਰਕਾਰ ਨੂੰ ਵੀ ਕਰੋੜਾਂ ਰੁਪਏ ਦੀ ਆਮਦਨ ਹੋ ਰਹੀ ਹੈ ਪਰ ਇਸ ਦੌਰਾਨ ਵਾਪਰਨ ਵਾਲੇ ਸੜਕ ਹਾਦਸਿਆਂ ਵਿਚ ਕੋਈ ਕਮੀ ਨਹੀਂ ਆ ਰਹੀ।

ਸੂਬੇ ਵਿਚ 2013 ਵਿਚ ਕੁੱਲ 5426 ਸੜਕ ਹਾਦਸੇ ਹੋਏ ਹਨ, ਜਿਨ੍ਹਾਂ ਵਿਚ 3357 ਵਿਅਕਤੀ ਮਾਰੇ ਗਏ ਤੇ 4647 ਜ਼ਖ਼ਮੀ ਹੋਏ ਹਨ ਜਦਕਿ 2014 ਵਿਚ 30 ਸਤੰਬਰ ਤੱਕ 3908 ਸੜਕ ਹਾਦਸਿਆਂ ਵਿਚ 2380 ਵਿਅਕਤੀ ਮਾਰੇ ਗਏ ਹਨ ਤੇ 3144 ਵਿਅਕਤੀ ਜ਼ਖ਼ਮੀ ਹੋਏ ਹਨ। ਪੰਜਾਬ ਵਿਚ ਵਧ ਰਹੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵੇਖ ਕੇ ਜਾਪਦਾ ਹੈ ਕਿ ਲੋਕ ਟ੍ਰੈਫਿਕ ਨਿਯਮਾਂ ਤੋਂ ਜਾਣੂ ਹੋਣ ਦੀ ਬਜਾਏ ਅਣਜਾਣ ਹੋ ਰਹੇ ਹਨ ਤੇ ਸਰਕਾਰ ਦਾ ਟ੍ਰੈਫਿਕ ਨਿਯਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦਾ ਪ੍ਰੋਗਰਾਮ ਸਫਲ ਨਹੀਂ ਹੋ ਰਿਹਾ ਹੈ।

ਪੰਜਾਬ ਵਿਚ ਕੈਂਸਰ ਤੋਂ ਬਾਅਦ ਸਭ ਤੋਂ ਵੱਧ ਮੌਤਾਂ ਸੜਕ ਹਾਦਸਿਆਂ ਕਾਰਨ ਹੋਣ ਦੇ ਬਾਵਜੂਦ ਸੂਬੇ ਭਰ ਦੀਆਂ ਸੈਂਕੜੇ ਕਿਲੋਮੀਟਰ ਸੜਕਾਂ ਉਪਰ ਸਿਰਫ 1892 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਇਨ੍ਹਾਂ ਵਿਚ 34 ਇੰਸਪੈਕਟਰ, 41 ਸਬ ਇੰਸਪੈਕਟਰ, 200 ਸਹਾਇਕ ਸਬ ਇੰਸਪੈਕਟਰ, 939 ਮੁੱਖ ਸਿਪਾਹੀ, 479 ਸਿਪਾਹੀ ਤੇ 117 ਹੋਮਗਾਰਡ ਸ਼ਾਮਲ ਹਨ। ਮਹਿਲਾ ਮੁਲਾਜ਼ਮਾਂ ਵਿਚ ਸਿਰਫ 44 ਮੁੱਖ ਸਿਪਾਹੀ ਤੇ 38 ਸਿਪਾਹੀ ਹੀ ਸ਼ਾਮਲ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਭਾਵੇਂ ਟਰੈਫਿਕ ਪੁਲਿਸ ਦੇ ਮੁਲਾਜ਼ਮਾਂ ਦੀ ਗਿਣਤੀ ਵਧਾਉਣ ਦੀ ਤਜਵੀਜ਼ ਹੈ ਪਰ ਸੜਕ ਹਾਦਸਿਆਂ ਨੂੰ ਮੁਲਾਜ਼ਮ ਵਧਾਉਣ ਨਾਲ ਨਹੀਂ ਸਗੋਂ ਸੜਕਾਂ ਨੂੰ 4-6 ਮਾਰਗੀ ਬਣਾ ਕੇ ਹੀ ਠੱਲ੍ਹਿਆ ਜਾ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦੋ ਸਾਲਾਂ ਵਿਚ ਮੁੱਖ ਸ਼ਹਿਰਾਂ ਨੂੰ 4-6 ਮਾਰਗੀ ਸੜਕਾਂ ਨਾਲ ਜੋੜ ਕੇ ਸੜਕ ਹਾਦਸਿਆਂ ਨੂੰ ਹੱਲ ਕਰ ਲਿਆ ਜਾਵੇਗਾ। ਪੁਲਿਸ ਮੁਲਾਜ਼ਮਾਂ ਵਲੋਂ ਵਾਹਨ ਚਾਲਕਾਂ ਕੋਲੋਂ ਰਿਸ਼ਵਤ ਮੰਗਣ ਜਾਂ ਮਾੜਾ ਸਲੂਕ ਕਰਨ ਦੀਆਂ ਕਿੰਨੀਆਂ ਘਟਨਾਵਾਂ ਵਾਪਰੀਆਂ ਹਨ।

### ਜਾਨ-ਮਾਲ ਦੀ ਰਾਖੀ ਦੀ ਥਾਂ ਚਲਾਨ ਕੱਟਣ 'ਤੇ ਜ਼ੋਰ



### ਟਰੈਫਿਕ ਪ੍ਰਬੰਧ ਰੱਬ ਆਸਰੇ...

ਪੁਲਿਸ ਨੇ ਸੂਬੇ ਦੇ ਟਰੈਫਿਕ ਪ੍ਰਬੰਧ ਨੂੰ ਰੱਬ ਆਸਰੇ ਛੱਡਿਆ ਹੋਇਆ ਹੈ। ਵਧੀਕ ਡਾਇਰੈਕਟਰ ਜਨਰਲ (ਟਰੈਫਿਕ) ਪੰਜਾਬ ਅਨੁਸਾਰ ਰਾਜ ਦੇ ਟਰੈਫਿਕ ਵਿੰਗ ਵਲੋਂ ਸਿੱਧੇ ਤੌਰ ਉਤੇ ਸੜਕ ਹਾਦਸਿਆਂ ਦੀ ਰੋਕਥਾਮ ਤੇ ਹਾਦਸਿਆਂ ਦੇ ਕਾਰਨ ਪਤਾ ਕਰਨ ਲਈ ਕੋਈ ਸਟੱਡੀ, ਪੜਚੋਲ ਜਾਂ ਸਰਵੇ ਨਹੀਂ ਕਰਵਾਇਆ ਜਾਂਦਾ। ਟਰੈਫਿਕ ਪੁਲਿਸ ਨੇ ਇਸ ਕਾਰਜ ਲਈ ਪੰਜਾਬ ਰੋਡ ਬਰਿਜਜ਼ ਡਿਵੈਲਪਮੈਂਟ ਬੋਰਡ, ਸਥਾਨਕ ਸਰਕਾਰਾਂ, ਸਿਹਤ ਵਿਭਾਗ, ਟਰਾਂਸਪੋਰਟ ਵਿਭਾਗ ਤੇ ਪੰਜਾਬ ਗਵਰਨੈਂਸ ਰਿਫੌਰਮਜ਼ ਕਮਿਸ਼ਨ ਉਤੇ ਹੀ ਟੇਕ ਰੱਖੀ ਹੋਈ ਹੈ।

ਟਰੈਫਿਕ ਪੁਲਿਸ ਇਨ੍ਹਾਂ ਵਿਭਾਗਾਂ ਕੋਲੋਂ ਹੀ ਲੋੜ ਅਨੁਸਾਰ ਰਾਜ ਵਿਚ ਵਾਪਰਦੇ ਹਾਦਸਿਆਂ ਬਾਰੇ ਲੋੜੀਂਦੀ ਸੂਚਨਾ ਹਾਸਲ ਕਰ ਕੇ ਬੁੱਤਾ ਸਾਰਦੀ ਹੈ। ਭਾਵੇਂ ਪੰਜਾਬ ਟਰੈਫਿਕ ਪੁਲਿਸ ਹਾਦਸਿਆਂ ਦੀ ਸਟੱਡੀ ਕਰ ਕੇ ਭਵਿੱਖ ਵਿਚ ਅਜਿਹੇ ਹਾਦਸਿਆਂ ਦੀ ਰੋਕਥਾਮ ਬਾਰੇ ਖੁਦ ਕੋਈ ਸਰਵੇ ਕਰਨ ਦੀ ਲੋੜ ਮਹਿਸੂਸ ਨਹੀਂ ਕਰਦੀ ਪਰ ਚਲਾਨ ਕੱਟ ਕੇ ਜੁਰਮਾਨੇ ਵਸੂਲਣ ਵਿਚ ਇਹ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ।

## ਈ.ਡੀ. ਅਫਸਰ ਨਿਰੰਜਨ ਸਿੰਘ ਦੀ ਬਦਲੀ 'ਤੇ ਰੋਕ ਵਧਾਈ

**ਚੰਡੀਗੜ੍ਹ:** ਹਾਈਕੋਰਟ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸਹਾਇਕ ਡਾਇਰੈਕਟਰ (ਜਲੰਧਰ) ਨਿਰੰਜਨ ਸਿੰਘ ਦੇ ਤਬਾਦਲੇ ਉਤੇ 9 ਜੁਲਾਈ ਤੱਕ ਰੋਕ ਲਾ ਦਿੱਤੀ ਹੈ। ਜਸਟਿਸ ਐਸ.ਐਸ. ਸਾਰੋਂ ਤੇ ਜਸਟਿਸ ਰਮੇਂਦਰਾ ਜੈਨ ਵਾਲੇ ਡਵੀਜ਼ਨ ਬੈਂਚ ਵੱਲੋਂ ਨਸ਼ਾ ਤਸਕਰੀ ਨਾਲ ਸਬੰਧਤ ਤਕਰੀਬਨ ਅੱਧਾ ਦਰਜਨ ਅਰਜ਼ੀਆਂ 'ਤੇ ਸੁਣਵਾਈ ਮੌਕੇ ਨਿਰੰਜਨ ਸਿੰਘ ਦੀ ਬਦਲੀ 'ਤੇ ਲੱਗੀ ਅੰਤਰਿਮ ਰੋਕ ਹਾਲ ਦੀ ਘੜੀ ਬਰਕਰਾਰ ਰੱਖੀ।

ਹਾਲਾਂਕਿ ਇਸ ਕੇਸ 'ਤੇ ਬੀਤੇ ਅਪਰੈਲ ਮਹੀਨੇ ਹੀ ਜਸਟਿਸ ਏ.ਕੇ. ਮਿੱਤਲ ਤੇ ਜਸਟਿਸ ਰੇਖਾ ਮਿੱਤਲ 'ਤੇ ਅਧਾਰਿਤ ਡਵੀਜ਼ਨ ਬੈਂਚ ਵੱਲੋਂ ਉਪਰੋ-ਥਲੀ 5-6 ਸੁਣਵਾਈਆਂ ਕਰਦਿਆਂ ਪੰਜਾਬ ਪੁਲਿਸ ਤੇ ਈ.ਡੀ. ਕੋਲੋਂ ਨਵੀਆਂ ਸਟੇਟਸ ਰਿਪੋਰਟਾਂ ਰਿਕਾਰਡ 'ਤੇ ਮੰਗਾਈਆਂ ਜਾ ਚੁੱਕੀਆਂ ਹਨ। ਇਸ ਦੇ ਨਾਲ-ਨਾਲ ਏਜੰਸੀ ਵੱਲੋਂ ਕੀਤੀ ਜਾਂਚ ਦਾ ਸਮੁੱਚਾ ਰਿਕਾਰਡ (ਸਣੇ ਬਿਕਰਮ ਸਿੰਘ ਮਜੀਠੀਆ ਕੋਲੋਂ ਕੀਤੀ ਗਈ ਪੁੱਛਗਿੱਛ ਤੇ ਸੰਮਨ ਬਾਰੇ ਸਮਗਰੀ) ਵੀ ਅਦਾਲਤੀ ਰਿਕਾਰਡ 'ਚ ਲਿਆਂਦਾ ਗਿਆ ਹੈ।



## ਗੁਰਦੁਆਰਾ ਡੇਰਾ ਸਾਹਿਬ ਵਿਖੇ ਕਾਰ ਸੇਵਾ 16 ਜੂਨ ਤੋਂ

**ਅੰਮ੍ਰਿਤਸਰ:** ਲਾਹੌਰ ਸਥਿਤ ਗੁਰਦੁਆਰਾ ਡੇਰਾ ਸਾਹਿਬ ਦੀ ਨਵ ਉਸਾਰੀ ਦੀ ਕਾਰ ਸੇਵਾ 16 ਜੂਨ ਨੂੰ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਮੌਕੇ ਸ਼ੁਰੂ ਹੋਵੇਗੀ। ਪਾਕਿਸਤਾਨ ਤੋਂ ਪਰਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦੱਸਿਆ ਕਿ ਪੰਜਵੇਂ ਗੁਰੂ ਦਾ ਸ਼ਹੀਦੀ ਦਿਵਸ 16 ਜੂਨ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਇਆ ਜਾਵੇਗਾ ਤੇ ਇਸੇ ਦਿਨ ਹੀ ਮਹਾਂਪੁਰਸ਼ਾਂ ਵੱਲੋਂ ਟੱਕ ਲਾ ਕੇ ਕਾਰ ਸੇਵਾ ਸ਼ੁਰੂ ਕੀਤੀ ਜਾਵੇਗੀ।

ਇਸ ਕਾਰ ਸੇਵਾ ਦੌਰਾਨ ਗੁਰਦੁਆਰਾ ਡੇਰਾ ਸਾਹਿਬ ਦੀ ਮੌਜੂਦਾ ਇਮਾਰਤ ਦੇ ਵੱਡੇ ਹਿੱਸੇ ਦੀ ਨਵ ਉਸਾਰੀ ਹੋਵੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਸ਼ਹੀਦੀ ਅਸਥਾਨ ਤੇ ਬਾਉਲੀ ਵਾਲੀ ਥਾਂ ਨਾਲ ਛੇੜਛਾੜ ਨਹੀਂ ਕੀਤੀ ਜਾਵੇਗੀ ਤੇ ਇਸ ਨੂੰ ਪੁਰਾਤਨ ਸਰੂਪ ਵਿਚ ਹੀ ਰੱਖਿਆ ਜਾਵੇਗਾ ਜਦੋਂਕਿ ਇਸ ਦੇ ਆਲੇ ਦੁਆਲੇ ਦੇ ਖੇਤਰ ਵਿਚ ਵੱਡਾ ਹਾਲ ਸਥਾਪਤ ਹੋਵੇਗਾ।

## ਸਰਕਾਰ ਨੂੰ ਵਿਸਰੀ ਮੰਟੋ ਦੀ ਪਪੜੌਦੀ

**ਸਮਰਾਲਾ:** ਉਰਦੂ ਦੇ ਮਹਾਨ ਕਹਾਣੀਕਾਰ ਸਆਦਤ ਹਸਨ ਮੰਟੋ ਦੇ 103ਵੇਂ ਜਨਮ ਦਿਨ ਤੱਕ ਵੀ ਉਸ ਦੀ ਸਮਰਾਲਾ ਨੇੜਲੀ ਜਨਮ ਭੂਮੀ ਪਿੰਡ ਪਪੜੌਦੀ ਨੂੰ ਉਸ ਦੇ ਨਾਂ ਕਰਨ ਦੀ ਕਿਸੇ ਵੀ ਹਕੂਮਤ ਨੇ ਲੋੜ ਨਹੀਂ ਸਮਝੀ। ਹਾਲਾਂਕਿ ਤਿੰਨ ਸਾਲ ਪਹਿਲਾਂ ਅਵਾਮ ਦੀ ਹਾਜ਼ਰੀ ਵਿਚ ਮੰਟੋ ਦੀ ਜਨਮ ਸ਼ਤਾਬਦੀ ਮੌਕੇ ਦੋਵਾਂ ਮੁਲਕਾਂ (ਭਾਰਤ-ਪਾਕਿਸਤਾਨ) ਦੇ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਨੇ ਮੰਟੋ ਦੀ ਜਨਮ ਭੂਮੀ ਨੂੰ ਵਿਸ਼ਵ ਵਿਰਾਸਤ ਬਣਾਉਣ ਤੇ ਪਿੰਡ ਦਾ ਨਾਂ 'ਪਪੜੌਦੀ ਮੰਟੋ ਦੀ' ਕਰਨ ਦੀ ਮੰਗ ਕੀਤੀ ਸੀ।



ਸਆਦਤ ਹਸਨ ਮੰਟੋ ਦੀਆਂ ਧੀਆਂ ਨਿਗਾਹਤ, ਨੁਸਰਤ ਜ਼ਲਾਲ ਤੇ ਨੁਜ਼ਹਤ ਵੀ ਮੰਟੋ ਦੀ ਜਨਮ ਸ਼ਤਾਬਦੀ ਮੌਕੇ ਆਪਣੇ ਅੱਬਾ ਦੀ ਜਨਮ ਭੂਮੀ ਨੂੰ ਸਿਜਦਾ ਕਰਨ ਲਈ ਸਮਰਾਲਾ ਪੁੱਜੀਆਂ ਸਨ ਤੇ ਉਨ੍ਹਾਂ ਇਕ ਯਾਦਗਾਰੀ ਗੇਟ ਦਾ ਨੀਂਹ ਪੱਥਰ ਵੀ ਰੱਖਿਆ ਸੀ ਪਰ ਉਹ ਪੱਥਰ ਵੀ ਨਾ ਰਿਹਾ। ਮੰਟੋ ਦੀ ਜਨਮ ਭੂਮੀ 'ਤੇ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਸਥਾਪਤ ਕੀਤੀ ਲਾਇਬਰੇਰੀ ਵੀ ਸਾਂਭ-ਸੰਭਾਲ ਪੱਖੋਂ ਨਿਰਾਸ਼ਾ ਦੇ ਦੌਰ ਵਿਚ ਹੈ। ਸਆਦਤ ਹਸਨ ਮੰਟੋ ਦੇ ਅੱਜ 103ਵੇਂ ਜਨਮ ਦਿਨ ਮੌਕੇ ਸਰਕਾਰਾਂ ਵੱਲੋਂ ਅਣਗੌਲੇ ਜਾਣ ਦਾ ਗਿਲਾ ਸਭ ਦੇ ਚਿਹਰਿਆਂ 'ਤੇ ਪੀੜ੍ਹ ਬਣ ਕੇ ਝਲਕਦਾ ਨਜ਼ਰ ਆ ਰਿਹਾ ਹੈ। 11 ਮਈ 1912 ਨੂੰ ਸਮਰਾਲਾ ਨੇੜਲੇ ਨਿੱਕੇ ਜਿਹੇ ਪਿੰਡ ਪਪੜੌਦੀ ਵਿਖੇ ਜੰਮੇ ਸਆਦਤ ਹਸਨ ਮੰਟੋ ਦੇ ਅੱਬਾ ਗੁਲਾਮ ਹਸਨ ਸਮਰਾਲਾ ਦੀਆਂ ਕਚਹਿਰੀਆਂ ਵਿਚ ਸਬ-ਤਹਿਸੀਲਦਾਰ ਸਨ। ਵੰਡ ਵੇਲੇ ਮੰਟੋ ਦਾ ਪਰਿਵਾਰ ਪਾਕਿਸਤਾਨ ਚਲਾ ਗਿਆ ਸੀ ਤੇ ਉਹ ਹਿੰਦੁਸਤਾਨ ਵਿਚ ਰਹਿ ਗਏ ਸਨ, ਜਿਨ੍ਹਾਂ ਵੰਡ ਦੀ ਪੀੜਾ ਨੂੰ ਹੰਢਾਇਆ ਸੀ ਤੇ 'ਟੋਬਾ ਟੇਕ ਸਿੰਘ' ਵਰਗੀ ਮਹਾਨ ਰਚਨਾ ਦਿੱਤੀ ਸੀ।

# ਹਵਾਈ ਝੂਟਿਆਂ ਨੇ ਉੜਾਇਆ ਪੰਜਾਬ ਦਾ ਖਜ਼ਾਨਾ

**ਬਠਿੰਡਾ:** ਪੰਜਾਬ ਸਰਕਾਰ ਨੇ ਲੰਘੇ ਇਕ ਵਰ੍ਹੇ ਦੌਰਾਨ ਬਿਨਾਂ ਕਿਸੇ ਟੈਂਡਰ ਤੋਂ ਹੈਲੀਕਾਪਟਰ ਕਿਰਾਏ 'ਤੇ ਲਿਆ ਜਿਸ ਦਾ ਮੂੰਹੋਂ ਮੰਗਿਆ ਕਿਰਾਇਆ ਤਾਰਿਆ ਗਿਆ। ਹੈਲੀਕਾਪਟਰ ਕਿਰਾਏ ਉਤੇ ਦੇਣ ਵਾਲੀ ਕੰਪਨੀ ਪੰਜਾਬ ਸਰਕਾਰ ਦੇ ਪੈਨਲ ਉਤੇ ਵੀ ਨਹੀਂ ਹੈ। ਹੁਣ ਆਡਿਟ ਮਹਿਕਮੇ ਨੇ ਵੀ ਇਤਰਾਜ਼ ਲਗਾ ਦਿੱਤੇ ਹਨ। ਇਵੇਂ ਹੀ ਹੈਲੀਕਾਪਟਰ ਦੀ ਸੰਭਾਲ ਤੇ ਮੁਰੰਮਤ ਦਾ ਕੰਮ ਵੀ ਬਿਨਾਂ ਟੈਂਡਰਾਂ ਤੇ ਕੁਟੇਸ਼ਨਾਂ ਤੋਂ ਹੀ ਕਰਾ ਲਿਆ ਹੈ ਜਿਸ ਉਤੇ ਵੀ ਉਂਗਲ ਉਠਾਈ ਗਈ ਹੈ।

ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਰੋਜ਼ਾਨਾ ਦੀ ਲੋੜ ਦੇ ਹਿਸਾਬ ਨਾਲ ਨਵੰਬਰ 2013 ਤੋਂ ਸਤੰਬਰ 2014 ਤੱਕ ਪ੍ਰਾਈਵੇਟ ਹਵਾਈ ਕੰਪਨੀਆਂ ਤੋਂ ਭਾੜੇ ਉਤੇ ਹੈਲੀਕਾਪਟਰ ਲਿਆ ਸੀ ਜਿਸ ਦਾ ਤਕਰੀਬਨ ਇਕ ਵਰ੍ਹੇ ਦਾ ਕਿਰਾਇਆ ਖਜ਼ਾਨੇ ਵਿਚੋਂ 6.64 ਕਰੋੜ ਰੁਪਏ ਤਾਰਿਆ ਗਿਆ। ਪੰਜਾਬ ਸਰਕਾਰ ਨੇ ਇਨ੍ਹਾਂ ਹੈਲੀਕਾਪਟਰਾਂ ਦਾ ਪ੍ਰਤੀ ਘੰਟਾ ਦੇ ਹਿਸਾਬ ਨਾਲ ਉਹੀ ਕਿਰਾਇਆ ਤਾਰਿਆ ਜੋ ਇਨ੍ਹਾਂ ਕੰਪਨੀਆਂ ਨੇ ਮੰਗਿਆ। ਆਡਿਟ ਇਤਰਾਜ਼ ਵਿਚ ਇਸ ਨੂੰ ਪੰਜਾਬ ਵਿੱਤੀ ਰੂਲਜ਼ ਦੀ ਉਲੰਘਣਾ ਦੱਸਿਆ ਹੈ। ਸੂਤਰ ਆਖਦੇ ਹਨ ਕਿ ਟੈਂਡਰ ਆਦਿ ਉਤੇ ਭਾੜੇ ਵਿਚ ਕਾਫੀ ਕਟੌਤੀ ਹੋ ਜਾਣੀ ਸੀ।

ਪੰਜਾਬ ਸਰਕਾਰ ਨੇ ਹਾਲੇ ਥੋੜ੍ਹਾ ਸਮਾਂ ਪਹਿਲਾਂ ਹੀ ਆਪਣਾ ਸਰਕਾਰੀ ਹੈਲੀਕਾਪਟਰ ਖਰੀਦਿਆ ਹੈ ਪਰ ਇਕ ਹੈਲੀਕਾਪਟਰ ਨਾਲ ਵੀ ਹਾਲੇ ਸਰਕਾਰ ਦਾ ਸਰਦਾ ਨਹੀਂ ਹੈ। ਤਾਹੀਓਂ ਮੌਕੇ ਉਤੇ ਹੀ ਹੈਲੀਕਾਪਟਰ ਮੰਗਵਾਇਆ ਜਾਂਦਾ ਹੈ ਜਿਸ ਦਾ ਭਾੜਾ ਵੀ ਵੱਧ ਦੇਣਾ ਪੈਂਦਾ ਹੈ। ਪਤਾ ਲੱਗਾ ਹੈ ਕਿ ਜਦੋਂ ਇਕ ਦਿਨ ਵਿਚ ਦੋ-ਦੋ ਵੀ.ਆਈ.ਪੀਜ਼. ਨੇ ਵੱਖ-ਵੱਖ ਥਾਂਵਾਂ ਉਤੇ ਜਾਣਾ ਹੁੰਦਾ ਹੈ ਤਾਂ ਮੌਕੇ 'ਤੇ ਹੀ ਸਰਕਾਰ ਹੈਲੀਕਾਪਟਰ ਦਾ ਪ੍ਰਬੰਧ ਕਰਦੀ ਹੈ।

ਪੰਜਾਬ ਸਰਕਾਰ ਦਾ ਹੈਲੀਕਾਪਟਰ ਖਰਚ ਪਿਛਲੇ ਕਈ ਵਰ੍ਹਿਆਂ ਤੋਂ ਲਗਾਤਾਰ ਵਧ ਰਿਹਾ ਹੈ। ਪੰਜਾਬ ਸਰਕਾਰ ਨੇ ਇਸੇ ਤਰ੍ਹਾਂ ਸਰਕਾਰੀ ਹੈਲੀਕਾਪਟਰ ਦੀ ਸੰਭਾਲ ਤੇ ਮੁਰੰਮਤ 'ਤੇ ਵੀ ਇਕ ਵਰ੍ਹੇ ਵਿਚ 93.30 ਲੱਖ ਰੁਪਏ ਦਾ ਖਰਚਾ ਕੀਤਾ ਹੈ।

ਸਰਕਾਰੀ ਖਜ਼ਾਨੇ ਵਿਚੋਂ ਇਸ ਕੰਮ ਵਾਸਤੇ ਮੈਸਰਜ਼ ਏਅਰ ਵਰਕਸ ਇੰਡੀਆ (ਇੰਜ.) ਪ੍ਰਾਈਵੇਟ ਲਿਮਟਿਡ ਨੂੰ ਨਵੰਬਰ 2013 ਤੋਂ ਸਤੰਬਰ 2014 ਤੱਕ ਇਹ ਰਾਸ਼ੀ ਜਾਰੀ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਬਿਨਾਂ ਕਿਸੇ ਟੈਂਡਰ ਤੇ ਕੁਟੇਸ਼ਨ ਦੇ ਇਸ ਫਰਮ ਨੂੰ ਮੁਰੰਮਤ ਦਾ ਕੰਮ ਅਲਾਟ ਕਰ ਦਿੱਤਾ। ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਹਰਦੇਵ ਅਰਸ਼ੀ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਕੋਲ ਮੁਲਾਜ਼ਮਾਂ ਨੂੰ ਤਨਖਾਹਾਂ ਤੇ ਬਕਾਏ ਦੇਣ ਵਾਸਤੇ ਪੈਸਾ ਨਹੀਂ ਹੈ ਤੇ ਖੁਦਕੁਸ਼ੀ ਪੀੜਤ ਕਿਸਾਨਾਂ ਦੇ ਪਰਿਵਾਰ ਵਿੱਤੀ ਮਦਦ ਉਡੀਕ ਰਹੇ ਹਨ ਪਰ ਸਰਕਾਰ ਖਜ਼ਾਨੇ ਵਿਚੋਂ ਹਵਾਈ ਕੰਪਨੀਆਂ ਨੂੰ ਖੁੱਲ੍ਹੇ ਗੱਫੇ ਵਰਤਾ ਰਹੀ ਹੈ। ਉਨ੍ਹਾਂ ਆਖਿਆ ਕਿ ਸਰਕਾਰ ਸੰਜਮ ਵਰਤਣ ਦੀ ਥਾਂ ਹੁਣ ਖਜ਼ਾਨੇ ਨੂੰ ਆਪਣੀ ਸੁੱਖ ਸਹੂਲਤ ਵਾਸਤੇ ਵਰਤ ਰਹੀ ਹੈ।



### ਆਡਿਟ ਮਹਿਕਮੇ ਨੂੰ ਸਰਕਾਰ ਦੀ ਫਜ਼ੂਲਖਰਚੀ 'ਤੇ ਇਤਰਾਜ਼

ਆਡਿਟ ਮਹਿਕਮੇ ਨੇ ਸਰਕਾਰ ਦੀ ਇਸ ਫਜ਼ੂਲਖਰਚੀ 'ਤੇ ਉਂਗਲ ਉਠਾਈ ਹੈ। ਮਹਿਕਮੇ ਦਾ ਇਤਰਾਜ਼ ਹੈ ਕਿ ਮੁਕਾਬਲੇਬਾਜ਼ੀ ਵਿਚ ਇਹੋ ਕੰਮ ਸਸਤਾ ਹੋ ਸਕਦਾ ਸੀ। ਸੂਤਰ ਆਖਦੇ ਹਨ ਕਿ ਪੰਜਾਬ ਸਰਕਾਰ ਨੇ ਨਿਯਮਾਂ ਤੋਂ ਉਲਟ ਜਾ ਕੇ ਬਿਨਾਂ ਕਿਸੇ ਟੈਂਡਰ ਤੋਂ ਮਹਿੰਗੇ ਭਾਅ ਉਤੇ ਹੈਲੀਕਾਪਟਰ ਕਿਰਾਏ 'ਤੇ ਲਿਆ ਤੇ ਸਰਕਾਰੀ ਹੈਲੀਕਾਪਟਰ ਦੀ ਮੁਰੰਮਤ ਦਾ ਕੰਮ ਦਿੱਤਾ ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਕਰੋੜਾਂ ਰੁਪਏ ਦਾ ਝਟਕਾ ਲੱਗਾ ਹੈ।

ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਦੇ ਸਲਾਹਕਾਰ ਕੈਪਟਨ ਅਭੈ ਦਾ ਰਹਿਣਾ ਹੈ ਕਿ ਜਦੋਂ ਵੀ.ਆਈ.ਪੀਜ਼. ਦੇ ਇਕੋ ਦਿਨ ਵਿਚ ਕਈ-ਕਈ ਪ੍ਰੋਗਰਾਮ ਆ ਜਾਂਦੇ ਹਨ ਤਾਂ ਐਮਰਜੈਂਸੀ ਵਿਚ ਹੈਲੀਕਾਪਟਰ ਭਾੜੇ ਉਤੇ ਲਿਆ ਜਾਂਦਾ ਹੈ ਤੇ ਐਨ ਮੌਕੇ 'ਤੇ ਟੈਂਡਰ ਆਦਿ ਜਾਰੀ ਕਰਨੇ ਸੰਭਵ ਨਹੀਂ ਹੁੰਦੇ ਹਨ। ਉਨ੍ਹਾਂ ਆਖਿਆ ਕਿ ਇਸੇ ਤਰ੍ਹਾਂ ਦੇਸ਼ ਵਿਚ ਮੁਰੰਮਤ ਵਾਲੀਆਂ ਫਰਮਾਂ ਬੰਗਲੌਰ ਤੇ ਦਿੱਲੀ ਵਿਚ ਕੁੱਲ ਦੋ ਹਨ, ਜਿਸ ਕਰਕੇ ਸਰਕਾਰ ਕੋਲ ਦਿੱਲੀ ਤੋਂ ਹੈਲੀਕਾਪਟਰ ਦੀ ਮੁਰੰਮਤ ਕਰਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੁੰਦਾ।

# ਚਾਰ ਦਹਾਕਿਆਂ ਤੋਂ ਬੇਸੁਰਤ ਅਰੁਣਾ ਨੂੰ ਮਿਲੀ 'ਮੁਕਤੀ'



**ਮੁੰਬਈ:** ਭਰ ਜਵਾਨੀ ਵਿਚ ਬਲਾਤਕਾਰ ਦਾ ਸ਼ਿਕਾਰ ਬਣੀ ਨਰਸ ਅਰੁਣਾ ਸ਼ਾਨਬਾਗ (66) ਨੇ 42 ਸਾਲ ਬੇਸੁਰਤ ਰਹਿਣ ਤੋਂ ਬਾਅਦ ਦਮ ਤੋੜ ਦਿੱਤਾ। ਮੁੰਬਈ ਦੇ ਕਿੰਗ ਐਡਵਰਡ ਮੈਮੋਰੀਅਲ ਹਸਪਤਾਲ ਵਿਚ ਵਾਰਡ ਬੁਆਏ ਦੇ ਹਮਲੇ ਤੋਂ ਬਾਅਦ ਉਹ ਬੇਸੁਰਤ ਹੋ ਗਈ ਸੀ। ਉਹ ਭਾਰਤ ਵਿਚ ਇਛਾ ਮ੍ਰਿਤੂ ਬਾਰੇ ਬਹਿਸ ਦਾ ਚਿਹਰਾ ਬਣ ਗਈ ਸੀ।

ਸੁਪਰੀਮ ਕੋਰਟ ਵੱਲੋਂ ਤਰਸ ਦੇ ਆਧਾਰ 'ਤੇ ਮੌਤ ਦੀ ਅਪੀਲ ਨੂੰ ਤਾਂ ਖਾਰਜ ਕਰ ਦਿੱਤਾ ਗਿਆ ਸੀ ਪਰ ਉਸ ਨੂੰ ਜੀਵਨ ਰਖਿਅਕ ਪ੍ਰਣਾਲੀ ਤੋਂ ਹਟਾਉਣ ਦੀ ਪ੍ਰਵਾਨਗੀ ਦਿੱਤੀ ਗਈ ਸੀ।। ਇਸ ਦੇ ਬਾਵਜੂਦ ਉਸ ਦੀਆਂ ਸਾਥੀ ਨਰਸਾਂ ਨੇ ਅਰੁਣਾ ਦੇ ਮੁੜ ਸੁਰਤ ਵਿਚ ਆਉਣ ਦੀ ਉਮੀਦ ਨਹੀਂ ਛੱਡੀ ਸੀ। ਅਰੁਣਾ ਨੂੰ ਪਿਛਲੇ ਹਫ਼ਤੇ ਨਮੂਨੀਆ ਹੋਣ ਤੋਂ ਬਾਅਦ ਆਈ.ਸੀ.ਯੂ. ਵਿਚ ਵੈਂਟੀਲੇਟਰ ਉਤੇ ਰੱਖਿਆ ਗਿਆ ਸੀ ਜਿਥੇ ਉਸ ਨੇ ਆਖਰੀ ਸਾਹ ਲਏ। ਅਰੁਣਾ ਸ਼ਾਨਬਾਗ ਸ਼ਾਇਦ ਸਭ ਤੋਂ ਵੱਧ ਸਮੇਂ ਤੱਕ ਬੇਸੁਰਤ ਰਹਿ ਕੇ ਸਾਹ ਲੈਣ ਵਾਲੀ ਮਹਿਲਾ ਬਣ ਗਈ ਹੈ। ਬਿਮਾਰ ਲੋਕਾਂ ਨੂੰ ਸਿਹਤਯਾਬ ਕਰਨ ਲਈ ਨਰਸ ਵਜੋਂ ਸੇਵਾ ਕਰਨ ਦਾ ਅਰੁਣਾ ਦਾ ਸੁਫਨਾ 27 ਨਵੰਬਰ 1973 ਨੂੰ ਉਸ ਸਮੇਂ ਅਧੂਰਾ ਰਹਿ ਗਿਆ ਜਦੋਂ ਵਾਰਡ ਬੁਆਏ ਸੋਹਨ ਲਾਲ ਭਾਰਥਾ ਵਾਲਮੀਕੀ ਨੇ ਉਸ 'ਤੇ ਜਿਨਸੀ ਹਮਲਾ ਕਰਕੇ ਕੁੱਤੇ ਨੂੰ ਬੰਨ੍ਹਣ ਵਾਲੀ ਜ਼ੰਜੀਰ ਨਾਲ ਉਸ ਦਾ ਗਲ ਘੁਟ ਦਿੱਤਾ ਸੀ। ਅਰੁਣਾ ਦਾ ਸਾਹ ਰੁਕਣ ਕਰਕੇ ਉਸ ਦੇ ਦਿਮਾਗ ਵਿਚ ਆਕਸੀਜਨ ਜਾਣੀ ਰੁਕ ਗਈ ਤੇ ਰੀੜ੍ਹ ਦੀ ਹੱਡੀ ਉਤੇ ਵੀ ਸੱਟ ਲੱਗ ਗਈ ਸੀ ਜਿਸ ਤੋਂ ਬਾਅਦ ਉਹ ਕੋਮਾ ਵਿਚ ਚਲੀ ਗਈ।

# ਪੰਜਾਬ ਦੀਆਂ ਪੰਜ ਵਿਰਾਸਤੀ ਥਾਂਵਾਂ ਲਾਈਵ ਦਿਖਾਉਣ ਦਾ ਪ੍ਰਾਜੈਕਟ

**ਪਟਿਆਲਾ:** ਭਾਰਤ ਦੇ ਸੈਰ ਸਪਾਟਾ ਵਿਭਾਗ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਪੰਜਾਬ ਦੀਆਂ ਚਾਰ ਹੋਰ ਵਿਰਾਸਤੀ ਥਾਂਵਾਂ ਦੇ ਬਾਹਰ ਕੈਮਰੇ ਲਾ ਕੇ ਇਨ੍ਹਾਂ ਨੂੰ ਲਾਈਵ ਦਿਖਾਉਣ ਦਾ ਪ੍ਰੋਜੈਕਟ ਪਾਸ ਕੀਤਾ ਗਿਆ ਹੈ। ਇਸ ਪ੍ਰੋਜੈਕਟ ਦਾ ਸਾਰਾ ਖਰਚਾ ਭਾਰਤ ਸਰਕਾਰ ਵੱਲੋਂ ਕੀਤਾ ਜਾਵੇਗਾ। ਇਨ੍ਹਾਂ ਥਾਂਵਾਂ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ, ਪਟਿਆਲਾ ਦਾ ਕਾਲੀ ਮਾਤਾ ਮੰਦਰ, ਸ੍ਰੀ ਅਨੰਦਪੁਰ ਸਾਹਿਬ ਦਾ ਵਿਰਾਸਤ-ਏ-ਖ਼ਾਲਸਾ, ਜਲੰਧਰ ਦਾ ਦੇਵੀ ਤਾਲਾਬ ਤੇ ਅਟਾਰੀ ਬਾਰਡਰ ਸ਼ਾਮਲ ਹਨ।

ਮਿਲੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਨੇ ਹਰੇਕ ਸੂਬੇ ਨੂੰ ਆਪਣੀਆਂ ਪੰਜ ਵਿਰਾਸਤੀ ਵਾਂ ਉਤੇ ਕੈਮਰੇ ਲਾ ਕੇ ਲਾਈਵ ਦਿਖਾਉਣ ਬਾਰੇ ਪ੍ਰੋਜੈਕਟ ਤਿਆਰ ਕਰਨ ਲਈ ਕਿਹਾ ਸੀ। ਇਸ ਤਹਿਤ ਪੰਜਾਬ ਦੀਆਂ ਪੰਜ ਵਿਰਾਸਤੀ ਥਾਂਵਾਂ ਨੂੰ ਚੁਣਿਆ ਗਿਆ ਹੈ, ਜਿਥੇ ਲੋਕ ਵੱਡੀ ਗਿਣਤੀ ਵਿਚ ਆਉਂਦੇ ਹਨ। ਸੈਲਾਨੀਆਂ ਦੀ ਸੁਰੱਖਿਆ ਤੇ ਸੰਭਾਲ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਇਹ ਪ੍ਰੋਜੈਕਟ ਬਣਾਇਆ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ ਸਣੇ ਸਭ ਥਾਂਵਾਂ ਦੇ ਬਾਹਰ ਪੰਜ ਕੈਮਰੇ ਲਾਏ ਜਾਣਗੇ ਤੇ ਦੋ ਕੰਟਰੋਲ ਰੂਮ ਬਣਾਏ ਜਾਣਗੇ। ਦਰਬਾਰ ਸਾਹਿਬ ਵਿਚ ਪਹਿਲਾਂ ਹੀ 130 ਸੀ.ਸੀ.ਟੀ.ਵੀ. ਕੈਮਰੇ ਐਸ.ਜੀ.ਪੀ.ਸੀ. ਨੇ ਲਾਏ ਹੋਏ ਹਨ।

# ਉਤਰੀ ਕੋਰੀਆ ਨੇ ਆਪਣੇ ਰੱਖਿਆ ਮੰਤਰੀ ਨੂੰ ਗੋਲੇ ਨਾਲ ਉਡਾਇਆ

**ਸਿਓਲ:** ਦੱਖਣੀ ਕੋਰੀਆ ਦੀ ਖੁਫੀਆ ਏਜੰਸੀ ਅਨੁਸਾਰ ਉੱਤਰੀ ਕੋਰੀਆ ਦੇ ਰੱਖਿਆ ਮੰਤਰੀ ਹਗੌਨ ਯੌਗ-ਚੋਲ ਨੂੰ ਆਪਣੇ ਨੇਤਾ ਕਿਮ ਯੋਗ-ਉਨ ਦਾ ਨਿਰਾਦਰ ਕਰਨ ਤੇ ਉਸ ਪ੍ਰਤੀ ਵਫ਼ਾਦਾਰ ਨਾ ਹੋਣ ਕਰਕੇ ਮੌਤ ਦੀ ਸਜ਼ਾ ਦਿੱਤੀ ਗਈ ਹੈ। ਹਗੌਨ ਨੂੰ ਗੋਲੇ ਨਾਲ ਉਡਾ ਦਿੱਤਾ ਗਿਆ ਹੈ। ਇਕ ਸਾਲ ਪਹਿਲਾਂ ਹੀ ਪੀਪਲਜ਼ ਆਰਮਡ ਫੋਰਸਜ਼ ਦੇ ਮੰਤਰੀ ਬਣਾਏ ਗਏ ਹਗੌਨ ਨੂੰ ਕਈ ਵਾਰ ਕਿਮ ਨਾਲ ਬਹਿਸ ਕਰਦੇ ਵੇਖਿਆ ਗਿਆ ਸੀ।

ਦੱਖਣੀ ਕੋਰੀਆ ਦੀ ਰਾਸ਼ਟਰੀ ਖੁਫੀਆ ਏਜੰਸੀ ਦੇ ਉਪ ਨਿਰਦੇਸ਼ਕ ਹਾਨ ਕੀ-ਬਿਯੋਮ ਅਨੁਸਾਰ ਹਜ਼ਾਰਾਂ ਲੋਕਾਂ ਨੇ ਹਗੌਨ ਨੂੰ 30 ਅਪਰੈਲ ਨੂੰ ਦਿੱਤੀ ਸਜ਼ਾ ਨੂੰ ਅੱਖੀਂ ਵੇਖਿਆ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse
ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR

Gurbans Singh Gill
Realtor
DRE#01227109
17 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਪੰਜਾਬ ਵਿਚ ਹਾਲੇ ਵੀ ਰੇਤਾ ਵਿਕਦਾ ਹੈ ਸੋਨੇ ਦੇ ਭਾਅ



**ਮਾਛੀਵਾੜਾ:** ਅਕਾਲੀ-ਭਾਜਪਾ ਸਰਕਾਰ ਭਾਵੇਂ ਪੰਜਾਬ ਵਿਚ ਰੇਤੇ ਦੇ ਭਾਅ ਵਿਚ ਗਿਰਾਵਟ ਦੇ ਦਾਅਵੇ ਕਰ ਰਹੀ ਹੈ ਪਰ ਅਸਲ ਵਿਚ ਸੂਬੇ ਵਿਚ ਹਾਲੇ ਵੀ ਰੇਤਾ ਸੋਨੇ ਦੇ ਭਾਅ ਵਿਕ ਰਿਹਾ ਹੈ। ਪੰਜਾਬ ਵਿਚ ਜ਼ਿਆਦਾਤਰ ਥਾਂਵਾਂ ਉਤੇ ਰੇਤੇ ਦੇ ਭਾਅ 1800 ਤੋਂ 2300 ਰੁਪਏ ਪ੍ਰਤੀ ਕਿਊਬਿਕ ਫੁੱਟ ਹਨ। ਪੰਜਾਬ ਵਿਚ ਟੀਮ ਇਨਸਾਫ਼ ਦੇ ਆਗੂਆਂ ਤੇ ਲੁਧਿਆਣੇ ਤੋਂ ਵਿਧਾਇਕ ਸਿਮਰਜੀਤ ਸਿੰਘ ਤੇ ਬਲਵਿੰਦਰ ਸਿੰਘ ਬੈਂਸ ਵਲੋਂ ਰੇਤਾ-ਬਜਰੀ ਦੀ ਗ਼ੈਰਕਾਨੂੰਨੀ ਖੁਦਾਈ ਵਿਰੁਧ 17 ਅਪਰੈਲ ਤੋਂ ਸੱਤਿਆਗ੍ਰਹਿ ਸ਼ੁਰੂ ਕੀਤਾ ਹੋਇਆ ਹੈ। 2012 ਦੀਆਂ ਵਿਧਾਨ ਸਭਾ ਤੇ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਮੌਕੇ ਨਸ਼ਿਆਂ ਦੇ ਕਾਰੋਬਾਰ ਦੇ ਨਾਲ-ਨਾਲ ਰੇਤਾ-ਬਜਰੀ ਦੀਆਂ ਕੀਮਤਾਂ ਅਸਮਾਨੀ ਚੜ੍ਹਨ ਦਾ ਮੁੱਦਾ ਹਾਕਮ ਧਿਰ ਲਈ ਸਿਰਦਰਦੀ ਦਾ ਕਾਰਨ ਬਣਿਆ ਸੀ।

ਲੋਕ ਸਭਾ ਚੋਣਾਂ ਵਿਚ ਸੱਤਾਧਾਰੀ ਧਿਰ ਨੂੰ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਸੀ ਪਰ ਇਸ ਕਾਰੋਬਾਰ ਨੂੰ ਗ਼ੈਰਕਾਨੂੰਨੀ ਢੰਗ ਨਾਲ ਚਲਾਉਣ ਵਾਲੇ ਸਬੰਧਤ ਲੋਕਾਂ ਉਪਰ ਰਸੂਖ਼ਵਾਨਾਂ ਦੀ ਮਿਹਰ ਕਰਕੇ 'ਪਰਨਾਲਾ ਜਿਉਂ ਦੀ ਤਿਉਂ" ਹੈ। ਸਰਕਾਰ ਵਲੋਂ ਪਿਛਲੇ ਸਾਲ ਅਕਤੂਬਰ ਵਿਚ ਨਵੀਂ ਮਾਈਨਿੰਗ ਨੀਤੀ ਐਲਾਨਣ ਵੇਲੇ ਲੋਕਾਂ ਨੂੰ 800 ਰੁਪਏ ਪ੍ਰਤੀ ਕਿਊਬਿਕ ਫੁੱਟ ਰੇਤਾ ਦੇਣ ਦੇ ਦਾਅਵੇ ਹਵਾ ਹੋ ਚੁੱਕੇ ਹਨ ਤੇ ਸੂਬੇ ਵਿਚ ਹਾਲੇ ਵੀ ਰੇਤੇ ਦੇ ਭਾਅ 1800 ਤੋਂ 2300 ਰੁਪਏ ਪ੍ਰਤੀ ਕਿਊਬਿਕ ਫੁੱਟ ਹਨ। ਬਜਰੀ ਦੇ ਭਾਅ ਵਿਚ ਵੀ ਕੋਈ ਗਿਰਾਵਟ ਨਹੀਂ ਆਈ। ਰਸੂਖ਼ਵਾਨ ਕਾਰੋਬਾਰੀਆਂ ਨੇ ਸਰਕਾਰ ਵਲੋਂ ਪੰਜਾਬ ਸਟੇਟ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਤੇ ਪੰਜਾਬ ਮੰਡੀ ਬੋਰਡ ਰਾਹੀਂ ਲੋਕਾਂ ਨੂੰ ਸਸਤਾ ਰੇਤਾ-ਬਜਰੀ ਦੇਣ ਦੇ ਯਤਨ ਵੀ ਸਫ਼ਲ ਨਹੀਂ ਹੋਣ ਦਿੱਤੇ। ਰੇਤਾ-ਬਜਰੀ ਮਾਫ਼ੀਆ ਇਸ ਦੇ ਭਾਅ ਘਟਾਉਣ ਵਿਚ ਵੱਡੀ ਰੁਕਾਵਟ ਬਣਿਆ ਹੋਇਆ ਹੈ ਤੇ ਇਸ ਮਾਫ਼ੀਏ ਨੂੰ ਹਾਕਮ ਧਿਰ ਦੇ ਇਕ ਵਰਗ ਦੀ ਸਰਪ੍ਰਸਤੀ ਹਾਸਲ ਹੈ।

ਇਕ ਜਾਣਕਾਰੀ ਮੁਤਾਬਕ ਇਸ ਕਾਰੋਬਾਰ ਉਤੇ ਕਾਬਜ਼ ਮਾਫ਼ੀਆ, ਸਿਆਸੀ ਸਰਪ੍ਰਸਤੀ ਦੇ ਬਲਬੂਤੇ ਰੋਜ਼ਾਨਾ 90 ਤੋਂ 95 ਕਰੋੜ ਰੁਪਏ ਦਾ ਚੂਨਾ ਪੰਜਾਬ ਦੇ ਆਮ ਲੋਕਾਂ ਨੂੰ ਲਾ ਰਿਹਾ ਹੈ। ਇਨ੍ਹਾਂ ਕਾਰੋਬਾਰੀਆਂ ਦੇ ਰੋਪੜ, ਨਵਾਂ ਸ਼ਹਿਰ, ਅਨੰਦਪੁਰ ਸਾਹਿਬ ਤੇ ਹੁਸ਼ਿਆਰਪੁਰ ਵਿਚ 500 ਤੋਂ ਵੱਧ ਸਟੋਨ ਕਰੱਸ਼ਰ ਹਨ ਜਿਨ੍ਹਾਂ ਰਾਹੀਂ ਰੋਜ਼ਾਨਾ ਤਕਰੀਬਨ 50 ਕਰੋੜ ਰੁਪਏ ਖ਼ਪਤਕਾਰਾਂ ਦੀਆਂ ਜੇਬਾਂ ਵਿਚੋਂ ਨਾਜਾਇਜ਼ ਕੱਢੇ ਜਾਣ ਦਾ ਅੰਦਾਜ਼ਾ ਹੈ। ਰੇਤਾ-ਬਜਰੀ ਰਾਹੀਂ ਆਮ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਤੋਂ ਇਲਾਵਾ ਇਹ ਮਾਫ਼ੀਆ ਸਰਕਾਰੀ ਖ਼ਜ਼ਾਨੇ ਨੂੰ ਵੀ ਭਾਰੀ ਨੁਕਸਾਨ ਪਹੁੰਚਾ ਰਿਹਾ ਹੈ ਤੇ ਨਾਲ ਹੀ ਸੂਬੇ ਦੇ ਵਾਤਾਵਰਨ ਸੰਤੁਲਨ ਨੂੰ ਵਿਗਾੜਨ ਵਿਚ ਵੀ ਕਸਰ ਬਾਕੀ ਨਹੀਂ ਛੱਡ ਰਿਹਾ।

ਦਿਲਚਸਪ ਗੱਲ ਇਹ ਹੈ ਕਿ ਇਹ ਮਾਫ਼ੀਆ ਹੀ ਇਸ ਮੌਕੇ ਸੂਬੇ ਦੇ ਸਮੁੱਚੇ ਰੇਤਾ-ਬਜਰੀ ਕਾਰੋਬਾਰ ਉਤੇ ਕਾਬਜ਼ ਹੈ ਤੇ ਉਹ ਹੀ ਇਸ ਦੇ ਭਾਅ ਨਿਸ਼ਚਿਤ ਕਰ ਰਿਹਾ ਹੈ ਜਿਸ ਕਰਕੇ ਸੂਬੇ ਵਿਚ ਰੇਤਾ-ਬਜਰੀ ਦੇ ਭਾਅ ਘਟਣ ਦਾ ਨਾਂ ਨਹੀਂ ਲੈ ਰਹੇ। ਇਹ ਮਾਫ਼ੀਆ ਸਰਕਾਰ ਵਲੋਂ ਉਨ੍ਹਾਂ ਨੂੰ ਅਲਾਟ ਕੀਤੀਆਂ ਖੱਡਾਂ ਦੇ ਰਕਬੇ ਤੋਂ ਨਾ ਸਿਰਫ ਕਈ ਗੁਣਾਂ ਵੱਧ ਜ਼ਮੀਨ ਵਿਚੋਂ ਖੁਦਾਈ ਕਰ ਰਿਹਾ ਹੈ ਬਲਕਿ ਖੁਦਾਈ ਲਈ ਨਿਸ਼ਚਿਤ ਕੀਤੇ ਗਈ ਸਮਾਂ ਸੀਮਾ ਤੋਂ ਵੱਧ ਸਮੇਂ ਤੇ ਨਿਸ਼ਚਿਤ ਡੂੰਘਾਈ ਤੋਂ ਵੀ ਵੱਧ ਜ਼ਮੀਨ ਦੀ ਖੁਦਾਈ ਕਰ ਰਿਹਾ ਹੈ। ਉਨ੍ਹਾਂ ਵਲੋਂ ਇਸ ਕਾਰਜ ਲਈ ਵੱਡੀਆਂ ਮਸ਼ੀਨਾਂ ਵਰਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੇ ਇਸ ਕਾਰਜ ਲਈ ਵਰਤਣ ਦੀ ਸਰਕਾਰ ਵਲੋਂ ਮਨਾਹੀ ਕੀਤੀ ਹੋਈ ਹੈ।

## ਬੈਂਸ ਭਰਾ ਜੁਡੀਸ਼ੀਅਲ ਹਿਰਾਸਤ ਵਿਚ

**ਬਲਾਚੌਰ:** ਰੇਤ ਮਾਫੀਆ ਨਾਲ ਮੱਥਾ ਲਾਉਣ ਵਾਲੇ ਲੁਧਿਆਣਾ ਤੋਂ ਵਿਧਾਇਕ ਬੈਂਸ ਭਰਾਵਾਂ ਸਮੇਤ ਟੀਮ ਇਨਸਾਫ ਦੇ 31 ਮੈਂਬਰਾਂ ਨੂੰ ਅਦਾਲਤ ਨੇ 14 ਦਿਨ ਲਈ ਕੇਂਦਰੀ ਜੇਲ੍ਹ ਲੁਧਿਆਣਾ ਵਿਚ ਜੁਡੀਸ਼ੀਅਲ ਹਿਰਾਸਤ ਵਿਚ ਰੱਖਣ ਦੇ ਹੁਕਮ ਜਾਰੀ ਕਰ ਦਿੱਤੇ। ਅਦਾਲਤ ਤੋਂ ਬਾਹਰ ਆਉਂਦੇ ਸਮੇਂ ਬੈਂਸ ਭਰਾਵਾਂ ਨੇ 'ਰੇਤ ਮਾਫੀਆ ਮੁਰਦਾਬਾਦ, ਇਨਕਲਾਬ ਜ਼ਿੰਦਾਬਾਦ ਤੇ ਭਾਰਤ ਮਾਤਾ ਦੀ ਜੈ' ਦੇ ਨਾਅਰੇ ਲਗਾਏ। ਇਸ ਮੌਕੇ ਬੈਂਸ ਭਰਾਵਾਂ ਨੇ ਕਿਹਾ ਕਿ ਉਨ੍ਹਾਂ ਦੀ ਲੜਾਈ ਰੇਤ ਮਾਫੀਆ ਤੇ ਟਰਾਂਸਪੋਰਟਰ, ਡਰੱਗ ਮਾਫੀਆ ਵਿਰੁਧ ਹੈ। ਟੀਮ ਇਨਸਾਫ ਪੂਰੇ ਪੰਜਾਬ ਦੇ 14 ਜ਼ਿਲ੍ਹਿਆਂ ਵਿਚ ਰੇਤ ਮਾਫੀਆ ਵਿਰੁਧ ਜੰਗ ਸ਼ੁਰੂ ਕਰੇਗੀ ਤੇ ਅਜੇ ਸਿਰਫ ਦੋ ਜ਼ਿਲ੍ਹਿਆਂ ਲੁਧਿਆਣਾ ਤੇ ਰੂਪਨਗਰ ਵਿਚ ਹੀ ਇਸ ਦੀ ਸ਼ੁਰੂਆਤ ਹੋਈ ਹੈ।

## 'ਆਪ' ਦੀ ਸਰਕਾਰ ਬਣੀ ਤਾਂ ਰੇਤਾ ਮੁਫ਼ਤ ਦੇਵਾਂਗੇ: ਮਾਨ

**ਪਠਾਨਕੋਟ:** ਆਮ ਆਦਮੀ ਪਾਰਟੀ ਦੇ ਸੰਗਰੂਰ ਲੋਕ ਸਭਾ ਹਲਕੇ ਤੋਂ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਕੇਬਲ, ਟਰਾਂਸਪੋਰਟ ਤੇ ਰੇਤ ਮਾਫੀਆ ਦਾ ਰਾਜ ਹੈ। ਉਨ੍ਹਾਂ ਕਿਹਾ ਕਿ 2017 ਦੀ ਚੋਣਾਂ ਬਾਅਦ ਜਦ ਸਾਡੀ ਸਰਕਾਰ ਬਣੇਗੀ ਤਾਂ ਪੰਜਾਬ ਦੇ ਲੋਕਾਂ ਨੂੰ ਰੇਤ ਮੁਫ਼ਤ ਦਿੱਤੀ ਜਾਵੇਗੀ।



ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਕਿਹਾ ਕਿ ਦੇਸ਼ ਅੰਦਰ ਸਭ ਰਵਾਇਤੀ ਪਾਰਟੀਆਂ ਅੰਦਰ ਪਰਿਵਾਰਵਾਦ ਦਾ ਹੀ ਰਾਜ ਚੱਲਦਾ ਆ ਰਿਹਾ ਹੈ ਤੇ ਪੰਜਾਬ ਅੰਦਰ ਵੀ ਬਾਦਲ ਪਰਿਵਾਰ ਹੀ ਰਾਜ ਕਰ ਰਿਹਾ ਹੈ। ਆਮ ਆਦਮੀ ਪਾਰਟੀ ਇਕ ਐਸੀ ਪਾਰਟੀ ਹੈ ਜਿਸ ਵਿਚ ਹਰ ਕੋਈ ਵਿਧਾਇਕ ਬਣ ਸਕਦਾ ਹੈ।

## ਹਰਿਆਨਾ 'ਚ ਜ਼ਮੀਨੀ ਸੌਦਿਆਂ ਦੀ ਜਾਂਚ ਉਤੇ ਭਖੀ ਸਿਆਸਤ

**ਚੰਡੀਗੜ੍ਹ:** ਹਰਿਆਣਾ ਸਰਕਾਰ ਵੱਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਨਾਲ ਸਬੰਧਤ ਕੁਝ ਜ਼ਮੀਨੀ ਸੌਦਿਆਂ ਦੀ ਜਾਂਚ ਕਰਾਉਣ ਦੇ ਮੁੱਦੇ ਉਤੇ ਸੂਬੇ ਦੀ ਸਿਆਸਤ ਭਖਦੀ ਜਾ ਰਹੀ ਹੈ। ਇਸ ਮੁੱਦੇ ਉਤੇ ਕਾਂਗਰਸ ਤੇ ਭਾਜਪਾ ਇਕ-ਦੂਜੇ ਵਿਰੁੱਧ ਸ਼ਬਦੀ ਹਮਲੇ ਕਰ ਰਹੀਆਂ ਹਨ ਪਰ ਕਮਿਸ਼ਨ ਦਾ ਦਾਇਰਾ ਸੀਮਤ ਹੋਣ ਕਰਕੇ ਇਸ ਦੇ ਘੇਰੇ ਵਿਚੋਂ ਕਈ ਜ਼ਮੀਨੀ ਘੁਟਾਲੇ ਬਾਹਰ ਹੀ ਰਹਿ ਗਏ ਜਾਪਦੇ ਹਨ।

ਹਰਿਆਣਾ ਦੇ ਮੰਤਰੀ ਅਨਿਲ ਵਿਜ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ ਐਸ.ਐਨ. ਢੀਂਡਰਾ ਦੀ ਅਗਵਾਈ ਹੇਠ ਬਣਾਏ ਇਕ ਮੈਂਬਰੀ ਜਾਂਚ ਕਮਿਸ਼ਨ ਵੱਲੋਂ ਛੇ ਮਹੀਨਿਆਂ ਵਿਚ ਜਾਂਚ ਰਿਪੋਰਟ ਦਿੱਤੇ ਜਾਣ ਦੇ ਆਸਾਰ ਹਨ। ਉਂਜ ਸਾਢੇ ਤਿੰਨ ਏਕੜ ਜ਼ਮੀਨ 15 ਕਰੋੜ ਰੁਪਏ ਵਿਚ ਖ਼ਰੀਦ ਕੇ ਇਕ ਮਹੀਨੇ ਵਿਚ ਇਸ ਜ਼ਮੀਨ ਨੂੰ 58 ਕਰੋੜ ਰੁਪਏ ਵਿਚ ਵੇਚਣ ਤੋਂ ਸਪਸ਼ਟ ਹੈ ਕਿ ਇਹ ਸੀ.ਐਲ.ਯੂ. ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਖੁਸ਼ ਕਰਨ ਲਈ ਰਾਬਰਟ ਵਾਡਰਾ ਨੂੰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜਾਂਚ ਕਰਨ ਵਿਚ ਕੋਈ ਢਿੱਲ ਨਹੀਂ ਵਰਤੀ ਜਾਵੇਗੀ। ਜਾਂਚ ਦੌਰਾਨ ਸੀ.ਐਲ.ਯੂ. ਮਾਮਲਿਆਂ ਦੀ ਕਹਾਣੀ ਸਾਹਮਣੇ ਆ ਜਾਵੇਗੀ। ਇਸ ਦੇ ਨਾਲ ਹੀ ਇੰਡੀਅਨ ਨੈਸ਼ਨਲ ਲੋਕ ਦਲ ਨੇ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਿਛਲੇ ਸਾਲ 16 ਅਗਸਤ ਨੂੰ ਸੂਬੇ ਦੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੂੰ 290 ਸਫ਼ਿਆਂ ਦੀ ਚਾਰਜਸ਼ੀਟ ਸੌਂਪੀ ਸੀ। ਇਸ ਵਿਚ ਮੁੱਖ ਤੌਰ ਉਤੇ ਜ਼ਮੀਨੀ ਘੁਟਾਲਿਆਂ ਦਾ ਜ਼ਿਕਰ ਕੀਤਾ ਗਿਆ ਸੀ ਤੇ ਇਸ ਦੇ ਆਧਾਰ 'ਤੇ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ। ਇਸ ਵਿਚ 22,000 ਏਕੜ ਜ਼ਮੀਨ ਦੇ ਸੀ.ਐਲ.ਯੂ. ਹੋਣ ਦਾ ਮੁੱਦਾ ਉਠਾਇਆ ਗਿਆ ਸੀ। ਜਾਣਕਾਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਕਮਿਸ਼ਨ ਗਠਿਤ ਕਰ ਦਿੱਤਾ ਹੈ ਪਰ ਇਸ ਦਾ ਏਰੀਆ ਸੀਮਤ ਕਰ ਦਿੱਤਾ ਹੈ। ਇਸ ਨਾਲ ਗੁੜਗਾਉਂ ਜ਼ਿਲ੍ਹੇ ਤੋਂ ਬਾਹਰਲੇ ਜ਼ਮੀਨ ਘੁਟਾਲਿਆਂ ਦੀ ਜਾਂਚ ਨਹੀਂ ਹੋ ਸਕੇਗੀ। ਕਾਂਗਰਸ ਦੇ ਬੁਲਾਰੇ ਰਣ ਸਿੰਘ ਮਾਨ ਨੇ ਕਿਹਾ ਹੈ ਕਿ ਸਰਕਾਰ ਜਿੰਨੀ ਮਰਜ਼ੀ ਜਾਂਚ ਕਰਵਾ ਲਵੇ ਪਰ ਕਾਂਗਰਸ ਦੇ ਵਧਦੇ ਕਦਮ ਨਹੀਂ ਰੋਕ ਸਕਦੀ।

## ਗਿਆਨੀ ਜ਼ੈਲ ਸਿੰਘ ਦੀ ਧੀ ਨੂੰ ਰਾਹਤ

**ਚੰਡੀਗੜ੍ਹ:** ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਧੀ ਮਨਜੀਤ ਕੌਰ ਨੂੰ ਪੰਜਾਬ ਹਰਿਆਣਾ ਹਾਈਕੋਰਟ ਤੋਂ ਉਸ ਸਮੇਂ ਰਾਹਤ ਮਿਲੀ ਜਦੋਂ ਉਸ ਦੀ ਸੇਵਾਮੁਕਤੀ ਦੇ ਲਾਭ ਦੇਰੀ ਨਾਲ ਦਿੱਤੇ ਜਾਣ ਕਰਕੇ ਅਦਾਲਤ ਨੇ ਪੰਜਾਬ ਸਰਕਾਰ ਨੂੰ ਉਸ ਦਾ ਵਿਆਜ ਦੇਣ ਦੇ ਹੁਕਮ ਦਿੱਤੇ। ਜਸਟਿਸ ਜਤਿੰਦਰ ਚੌਹਾਨ ਨੇ ਡਾਕਟਰ ਮਨਜੀਤ ਕੌਰ ਦੇ ਪੱਖ ਵਿਚ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਸੇਵਾਮੁਕਤੀ ਤੋਂ ਲੈ ਕੇ ਪੈਸਿਆਂ ਦੀ ਅਦਾਇਗੀ ਤੱਕ ਅੱਠ ਫ਼ੀਸਦੀ ਸਾਲਾਨਾ ਵਿਆਜ ਦੀ ਹੱਕਦਾਰ ਹੈ।

ਜੱਜ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਹੁਕਮਾਂ ਦੀ ਕਾਪੀ ਮਿਲਣ ਦੇ ਚਾਰ ਮਹੀਨਿਆਂ ਦੇ ਅੰਦਰ-ਅੰਦਰ ਰਕਮ ਮੋੜੀ ਜਾਵੇ। ਡਾਕਟਰ ਮਨਜੀਤ ਕੌਰ ਲੁਧਿਆਣਾ ਦੇ ਸਿਵਲ ਹਸਪਤਾਲ ਵਿਚੋਂ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਸੇਵਾਮੁਕਤ ਹੋਏ ਹਨ। ਉਨ੍ਹਾਂ ਚੋਣ ਲੜਨ ਲਈ ਛੁੱਟੀ ਦੀ ਦਰਖਾਸਤ ਦਿੱਤੀ ਸੀ ਪਰ ਬਾਅਦ ਵਿਚ ਉਨ੍ਹਾਂ ਆਪਣਾ ਫ਼ੈਸਲਾ ਬਦਲ ਲਿਆ। ਛੁੱਟੀ ਦੀ ਅਰਜ਼ੀ 'ਤੇ ਕਟਿੰਗ ਹੋਣ ਕਰਕੇ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ।

## ਸਰਕਾਰੀ ਵਿਭਾਗ 300 ਕਰੋੜ ਦਾ ਬਿਜਲੀ ਬਿੱਲ ਭਰਨ ਤੋਂ ਇਨਕਾਰੀ

**ਅੰਮ੍ਰਿਤਸਰ:** ਆਮ ਆਦਮੀ ਲਈ ਹਰ ਦੋ ਮਹੀਨੇ ਬਾਅਦ ਆਉਣ ਵਾਲਾ ਬਿਜਲੀ ਦਾ ਬਿੱਲ ਕਈ ਪਰੇਸ਼ਾਨੀਆਂ ਲੈ ਕੇ ਆਉਂਦਾ ਹੈ। ਕਈ ਵਾਰ ਤਾਂ ਬਿਜਲੀ ਦਾ ਬਿੱਲ ਭਰਨ ਦੇ ਚੱਕਰ ਵਿਚ ਸਾਰੇ ਘਰ ਦਾ ਬਜਟ ਵੀ ਉਲਟ ਪੁਲਟ ਹੋ ਜਾਂਦਾ ਹੈ।

ਜੇਕਰ ਬਿੱਲ ਨਾ ਭਰੋ ਤਾਂ ਵਿਭਾਗ ਵੱਲੋਂ ਤੁਹਾਡੇ ਮੀਟਰ ਦੀਆਂ ਤਾਰਾਂ ਵੀ ਕੱਟ ਦਿੱਤੀਆਂ ਜਾਂਦੀਆਂ ਹਨ ਪਰ ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਅੰਮ੍ਰਿਤਸਰ ਦੇ ਕਈ ਸਰਕਾਰੀ ਵਿਭਾਗ ਅਜਿਹੇ ਹਨ ਜਿਨ੍ਹਾਂ ਵੱਲੋਂ ਬਿਜਲੀ ਦਾ ਬਿੱਲ ਹੀ ਨਹੀਂ ਭਰਿਆ ਗਿਆ। ਬਿਜਲੀ ਵਿਭਾਗ ਮੁਤਾਬਕ ਕਈ ਸਰਕਾਰੀ ਵਿਭਾਗਾਂ ਦਾ ਤਕਰੀਬਨ 300 ਕਰੋੜ ਰੁਪਏ ਦਾ ਬਿਜਲੀ ਬਿੱਲ ਬਕਾਇਆ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਦੇ ਕਈ ਸਰਕਾਰੀ ਅਦਾਰਿਆਂ ਦਾ ਬਿੱਲ ਬਕਾਇਆ ਹੈ ਤੇ ਉਨ੍ਹਾਂ ਵੱਲੋਂ ਵੱਖ-ਵੱਖ ਅਦਾਰਿਆਂ ਨੂੰ ਕਈ ਵਾਰ ਨੋਟਿਸ ਵੀ ਭੇਜੇ ਜਾ ਚੁੱਕੇ ਹਨ।

ਬਾਰਡਰ ਜ਼ੋਨ ਦੇ ਸਿਟੀ ਸਰਕਲ ਹੇਠ ਆਉਂਦੇ ਇਨ੍ਹਾਂ ਸਰਕਾਰੀ ਅਦਾਰਿਆਂ ਦਾ 300 ਕਰੋੜ ਦੇ ਕਰੀਬ ਬਿੱਲ ਬਕਾਇਆ ਹੈ। ਬਿੱਲ ਨਾ ਦੇਣ ਵਾਲੇ ਵਿਭਾਗਾਂ ਵਿਚ ਸਿੰਚਾਈ ਵਿਭਾਗ ਤੇ ਪੰਜਾਬ ਪੁਲਿਸ ਦਾ ਨਾਂ ਸਭ ਤੋਂ ਉਪਰ ਹੈ ਜਦਕਿ ਫਾਇਨਾਂਸ ਵਿਭਾਗ ਦਾ ਸਭ ਤੋਂ ਘੱਟ 42 ਹਜ਼ਾਰ ਰੁਪਏ ਹੈ। ਪਾਵਰਕਾਮ ਸਿਟੀ ਸਰਕਲ ਦੇ ਐਸ.ਈ. ਸਤੀਸ਼ ਕੁਮਾਰ ਨੇ ਕਿਹਾ ਕਿ ਹੁਣ ਵਿਭਾਗ ਵੱਲੋਂ ਇਨ੍ਹਾਂ ਸਾਰੇ ਅਦਾਰਿਆਂ ਖਿਲਾਫ਼ ਸਖਤੀ ਵਰਤੀ ਜਾਵੇਗੀ ਤੇ ਛੇਤੀ ਹੀ ਬਿੱਲ ਦਾ ਭੁਗਤਾਨ ਕਰਨ ਲਈ ਕਿਹਾ ਜਾਵੇਗਾ।

# 'ਬਿਜਲੀ ਸਰਪਲੱਸ ਪੰਜਾਬ' ਦਾ ਦਾਅਵਾ ਪਹਿਲੇ ਹੱਲੇ ਹੀ ਹਵਾ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਪੰਜਾਬ ਨੂੰ ਬਿਜਲੀ ਪੱਖੋਂ ਸਰਪਲੱਸ ਸੂਬਾ ਬਣਾਉਣ ਦਾ ਦਾਅਵਾ ਹੁਣ ਲੋਕਾਂ ਨੂੰ ਮਜ਼ਾਕ ਲੱਗਣ ਲੱਗਾ ਹੈ। ਪਿਛਲੇ ਕੁਝ ਦਿਨਾਂ ਤੋਂ ਗਰਮੀ ਵਧਣ ਨਾਲ ਸੂਬੇ ਵਿਚ ਬਿਜਲੀ ਦਾ ਸੰਕਟ ਵੀ ਵਧਣਾ ਸ਼ੁਰੂ ਹੋ ਗਿਆ ਹੈ। ਰੋਜ਼ਾਨਾ 10 ਤੋਂ 12 ਘੰਟੇ ਤੱਕ ਲੱਗ ਰਹੇ ਲੰਮੇ ਕੱਟਾਂ ਨੇ ਜਿਥੇ ਸਰਕਾਰ ਤੇ ਪਾਵਰਕੌਮ ਦੇ ਵਾਧੂ ਬਿਜਲੀ ਹੋਣ ਬਾਰੇ ਕੀਤੇ ਜਾ ਰਹੇ ਦਾਅਵਿਆਂ ਦਾ ਪਾਜ ਉਘਾੜ ਕੇ ਰੱਖ ਦਿੱਤਾ ਹੈ, ਉਥੇ ਲੋਕਾਂ ਦੀਆਂ ਸਮੱਸਿਆਵਾਂ ਵੀ ਵਧਾ ਦਿੱਤੀਆਂ ਹਨ।

ਪਾਵਰਕੌਮ ਦੇ ਅਧਿਕਾਰੀਆਂ ਅਨੁਸਾਰ ਇਸ ਵੇਲੇ ਸੂਬੇ ਵਿਚ ਬਿਜਲੀ ਦੀ ਰੋਜ਼ਾਨਾ ਮੰਗ 1450 ਲੱਖ ਯੂਨਿਟ ਤੱਕ ਚਲੀ ਗਈ ਹੈ ਪਰ ਪਾਵਰਕੌਮ ਕੋਲ ਸਿਰਫ ਪ੍ਰਤੀ ਦਿਨ 1325 ਲੱਖ ਯੂਨਿਟ ਬਿਜਲੀ ਹੀ ਉਪਲਬਧ ਹੈ ਜਿਸ ਕਰਕੇ ਬਿਜਲੀ ਕੱਟ ਲਗਾਉਣੇ ਪੈ ਰਹੇ ਹਨ। ਸਰਕਾਰੀ ਖੇਤਰ ਦੇ ਤਿੰਨ ਥਰਮਲ ਪਲਾਂਟ ਇਸ ਸਮੇਂ 1600 ਮੈਗਾਵਾਟ ਬਿਜਲੀ ਉਤਪਾਦਨ ਕਰ ਰਹੇ ਹਨ ਜਦਕਿ ਇਸ ਦੇ ਹਾਈਡਲ ਪ੍ਰਾਜੈਕਟਾਂ ਤੋਂ 500 ਮੈਗਾਵਾਟ ਬਿਜਲੀ ਪ੍ਰਾਪਤ ਹੋ ਰਹੀ ਹੈ। ਇਸ ਤੋਂ ਇਲਾਵਾ ਪਾਵਰਕੌਮ ਨੂੰ 4500 ਮੈਗਾਵਾਟ ਬਿਜਲੀ ਲੰਮੇ ਸਮੇਂ ਦੇ ਸਮਝੌਤਿਆਂ ਰਾਹੀਂ ਵੀ ਪ੍ਰਾਪਤ ਹੋ ਰਹੀ ਹੈ ਤੇ ਪ੍ਰਤੀ ਦਿਨ 215 ਲੱਖ ਯੂਨਿਟ ਬਿਜਲੀ ਆਦਾਨ-ਪ੍ਰਦਾਨ ਸਕੀਮ ਤਹਿਤ ਖ਼ਰੀਦੀ ਜਾ ਰਹੀ ਹੈ।

ਮੰਗ ਤੋਂ ਘੱਟ ਬਿਜਲੀ ਉਪਲਬਧ ਹੋਣ ਦਾ ਕਾਰਨ ਸਰਕਾਰੀ ਖੇਤਰ ਦੇ ਥਰਮਲ ਪਲਾਂਟਾਂ ਦੇ 14 ਵਿਚੋਂ ਛੇ ਯੂਨਿਟ ਤਕਨੀਕੀ ਕਾਰਨਾਂ ਕਰਕੇ ਬੰਦ ਹੋਣਾ ਤੇ ਚਾਰ ਨੂੰ ਬੰਦ ਰੱਖਿਆ ਜਾਣਾ ਹੈ। ਨਿੱਜੀ ਖੇਤਰ ਵਿਚ ਲੱਗੇ ਰਾਜਪੁਰਾ ਤੇ ਤਲਵੰਡੀ ਸਾਬੋ ਦੇ ਥਰਮਲ ਪਲਾਂਟ ਵੀ ਤਕਨੀਕੀ ਕਾਰਨਾਂ ਕਰਕੇ ਤੈਅ ਸਮਰੱਥਾ ਅਨੁਸਾਰ ਬਿਜਲੀ ਪੈਦਾ ਨਹੀਂ ਕਰ ਰਹੇ। ਗੋਇੰਦਵਾਲ ਸਾਹਿਬ ਥਰਮਲ ਪਲਾਂਟ ਲਈ ਕੋਲਾ ਸਪਲਾਈ ਲਾਈਨ ਨਾ ਹੋਣ ਕਰਕੇ ਇਸ ਦੇ ਚੱਲਣ ਉਤੇ ਹਾਲੇ ਤਕ ਪ੍ਰਸ਼ਨ ਚਿੰਨ੍ਹ ਲੱਗਿਆ ਹੋਇਆ ਹੈ।

ਪਾਵਰਕੌਮ ਕੋਲ ਬਿਜਲੀ ਦੀ ਉਪਲਬਧਤਾ ਤੇ ਮੰਗ ਵਿਚ ਭਾਰੀ ਫ਼ਰਕ ਹੋਣ ਦੇ ਮੱਦੇਨਜ਼ਰ ਭਵਿੱਖ ਵਿਚ ਸੂਬੇ ਦੇ ਲੋਕਾਂ ਨੂੰ ਹੋਰ ਵੀ ਵੱਡੇ ਤੇ ਅਣਐਲਾਨੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸ਼ਹਿਰਾਂ ਦੇ ਮੁਕਾਬਲੇ ਪੇਂਡੂ ਲੋਕ ਇਸ ਸਥਿਤੀ ਦਾ ਵੱਧ ਸ਼ਿਕਾਰ ਹੁੰਦੇ ਹਨ ਜਦਕਿ ਬਿਲ ਉਨ੍ਹਾਂ ਨੂੰ ਸ਼ਹਿਰੀ ਲੋਕਾਂ ਦੇ ਬਰਾਬਰ ਰੇਟ 'ਤੇ ਹੀ ਭਰਨੇ ਪੈਂਦੇ ਹਨ।

ਕੁਝ ਸਾਲ ਪਹਿਲਾਂ ਇਸ ਵਿਤਕਰੇ ਬਾਰੇ ਉਠਾਈ ਆਵਾਜ਼ ਤੋਂ ਬਾਅਦ ਤਤਕਾਲੀ ਰਾਸ਼ਟਰਪਤੀ ਅਬਦੁਲ ਕਲਾਮ ਦੇ ਦਖ਼ਲ ਨਾਲ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਪੇਂਡੂ ਖੇਤਰਾਂ ਦੀਆਂ ਬਿਜਲੀ ਦਰਾਂ ਵਿਚ 10 ਫੀਸਦੀ ਕਟੌਤੀ ਕੀਤੀ ਸੀ ਪਰ ਪਾਵਰਕੌਮ ਨੇ ਇਸ ਨੂੰ ਹਮੇਸ਼ਾ ਲਈ ਦਿਸ਼ਾ-ਨਿਰਦੇਸ਼ ਸਮਝਣ ਦੀ ਥਾਂ ਪੇਂਡੂ ਤੇ ਸ਼ਹਿਰੀ ਇਲਾਕਿਆਂ ਦੀਆਂ ਬਿਜਲੀ ਦਰਾਂ ਬਰਾਬਰ ਰੱਖੀਆਂ ਹੋਈਆਂ ਹਨ। ਇਸ ਤਰ੍ਹਾਂ ਪੇਂਡੂ ਲੋਕਾਂ ਨੂੰ ਪਾਵਰਕੌਮ ਹੱਥੋਂ ਤੀਹਰੀ ਮਾਰ ਪੈ ਰਹੀ ਹੈ। ਪੰਜਾਬ ਵਿਚ ਬਿਜਲੀ ਦੀ ਮੰਗ ਤੇ ਉਪਲਬਧਤਾ ਵਿਚ ਭਾਰੀ ਅੰਤਰ ਜੱਗ ਜ਼ਾਹਿਰ ਹੈ ਪਰ ਅਫ਼ਸੋਸ ਕਿ ਸਰਕਾਰ ਤੇ ਪਾਵਰਕੌਮ ਬਿਜਲੀ ਵਾਧੂ ਹੋਣ ਦੇ ਝੂਠੇ ਦਾਅਵੇ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ।

## ਸੁਖਬੀਰ ਬਾਦਲ ਬਿਜਲੀ ਵੇਚਣ ਦੀ ਤਿਆਰੀ ਵਿਚ!

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਲੰਘੇ ਵੀਰਵਾਰ ਫੈਡਰੇਸ਼ਨ ਆਫ਼ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਐਂਡ ਇੰਡਸਟਰੀਜ਼ (ਫਿੱਕੀ) ਦੀ ਚੰਡੀਗੜ੍ਹ ਹੋਈ ਮੀਟਿੰਗ ਦੌਰਾਨ ਪੰਜਾਬ ਵਿਚ ਵਾਧੂ ਬਿਜਲੀ ਹੋਣ ਦਾ ਰਾਗ ਅਲਾਪਣੋਂ ਨਹੀਂ ਖੁੰਝੇ। ਇੰਨਾ ਹੀ ਨਹੀਂ, ਉਨ੍ਹਾਂ ਇਹ ਵੀ ਖ਼ੁਲਾਸਾ ਕੀਤਾ ਕਿ ਸੂਬਾ ਸਰਕਾਰ ਨੇ ਵਾਧੂ ਬਿਜਲੀ ਵੇਚਣ ਲਈ ਇਕ ਕਮੇਟੀ ਵੀ ਬਣਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਉਪ ਮੁੱਖ ਮੰਤਰੀ ਦੇ ਇਸ ਬਿਆਨ ਤੋਂ ਇਕ ਦਿਨ ਪਹਿਲਾਂ ਹੀ ਪਾਵਰਕੌਮ ਨੇ ਬਿਜਲੀ ਖ਼ਰੀਦਣ ਲਈ ਟੈਂਡਰ ਜਾਰੀ ਕੀਤੇ ਸਨ। ਸਰਕਾਰ ਵਲੋਂ ਪੰਜਾਬ ਦੇ ਵਾਧੂ ਬਿਜਲੀ ਵਾਲਾ ਸੂਬਾ ਹੋਣ ਦੇ ਝੂਠ ਦਾ ਸੱਚ ਹਫ਼ਤਾ ਪਹਿਲਾਂ ਪਾਵਰਕੌਮ ਵਲੋਂ ਬਿਜਲੀ ਰੈਗੂਲੇਟਰੀ ਕਮਿਸ਼ਨ ਤੋਂ 35000 ਲੱਖ ਯੂਨਿਟ ਬਿਜਲੀ ਬਾਹਰੋਂ ਖ਼ਰੀਦਣ ਦੀ ਆਗਿਆ ਲੈਣ ਤੋਂ ਵੀ ਸਾਹਮਣੇ ਆ ਗਿਆ ਸੀ।

## ਕਤਲੇਆਮ 84: ਮੁਲਜ਼ਮ ਦੀ ਮੌਤ ਦੀ ਹੋਵੇਗੀ ਜਾਂਚ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤੇ ਹਨ ਕਿ 1984 ਦੇ ਸਿੱਖ ਕਤਲੇਆਮ ਵਿਚ ਇਕ ਮੁਲਜ਼ਮ ਜੋ ਕਾਂਗਰਸ ਆਗੂ ਸੱਜਣ ਕੁਮਾਰ ਦੇ ਨਾਲ ਸੀ, ਦੀ ਹੋਈ ਮੌਤ ਦੀ ਜਾਂਚ ਕੀਤੀ ਜਾਵੇ ਤੇ ਇਸ ਬਾਰੇ ਰਿਪੋਰਟ 17 ਜੁਲਾਈ ਤੱਕ ਅਦਾਲਤ ਵਿਚ ਪੇਸ਼ ਕੀਤੀ ਜਾਵੇ। ਜ਼ਿਲ੍ਹਾ ਜੱਜ ਰਾਕੇਸ਼ ਸਿਧਾਰਥ ਨੇ ਸੀ.ਬੀ.ਆਈ. ਦੇ ਵਕੀਲ ਡੀ.ਪੀ. ਸਿੰਘ ਨੂੰ ਕਿਹਾ ਕਿ ਮੁਲਜ਼ਮ ਪੀਰੀਆ ਦੀ ਬੀਤੇ ਦਿਨ ਮੌਤ ਹੋ ਗਈ ਸੀ, ਪਰ ਏਜੰਸੀ ਨੇ ਇਸ ਬਾਰੇ ਅਜੇ ਪੜਤਾਲ ਕਰਨੀ ਹੈ।

ਇਸੇ ਦੌਰਾਨ ਅਦਾਲਤ ਨੇ ਕਿਹਾ ਕਿ ਪੀਰੀਆ ਦੀ ਮੌਤ ਦੇ ਕਾਰਨ ਇਸਤਗਾਸਾ ਧਿਰ ਦੀ ਗਵਾਹ ਪ੍ਰੇਮ ਕੌਰ ਦੇ ਬਿਆਨ ਵੀ ਦਰਜ ਨਹੀਂ ਕੀਤੇ ਜਾ ਸਕਦੇ। ਇਸਤਗਾਸਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਵਕੀਲਾਂ ਦੀ ਹੜਤਾਲ ਕਾਰਨ ਗਵਾਹ ਦੇ ਬਿਆਨ ਦਰਜ ਨਹੀਂ ਸੀ ਕੀਤੇ ਜਾ ਸਕੇ। ਅਦਾਲਤ ਨੂੰ ਇਹ ਵੀ ਸੂਚਨਾ ਦਿੱਤੀ ਗਈ ਕਿ ਇਕ ਹੋਰ ਮੁਲਜ਼ਮ ਵੇਦ ਪ੍ਰਕਾਸ਼ ਹਸਪਤਾਲ ਦਾਖਲ ਹੈ। ਯਾਦ ਰਹੇ ਕਿ ਸੁਲਤਾਨਪੁਰੀ ਖੇਤਰ ਵਿਚ ਸੁਰਜੀਤ ਸਿੰਘ ਦੇ ਕਤਲ ਦੇ ਦੋਸ਼ ਹੇਠ ਸੱਜਣ ਕੁਮਾਰ, ਬ੍ਰਹਮਾਨੰਦ ਗੁਪਤਾ, ਪੀਰੀਆ ਅਤੇ ਵੇਦ ਪ੍ਰਕਾਸ਼ 'ਤੇ ਅਦਾਲਤ ਵਿਚ ਕੇਸ ਚੱਲ ਰਿਹਾ ਹੈ।

# ਸੁਖਬੀਰ ਬਾਦਲ ਨੇ ਹੁਣ ਅੰਮ੍ਰਿਤਸਰ ਨੂੰ ਨਿਊ ਯਾਰਕ ਬਣਾਉਣ ਦੇ ਸੁਪਨੇ ਦਿਖਾਏ

**ਅੰਮ੍ਰਿਤਸਰ:** ਅੰਮ੍ਰਿਤਸਰ ਸ਼ਹਿਰ 'ਚ ਕੌਮਾਂਤਰੀ ਪੱਧਰ ਦਾ ਵਿਕਾਸ ਕਰਵਾਉਣ ਦੀਆਂ ਸਰਕਾਰਾਂ ਵੱਲੋਂ ਦਿੱਤੀਆਂ ਜਾਂਦੀਆਂ ਮਿੱਠੀਆਂ ਗੋਲੀਆਂ ਦੌਰਾਨ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਥਾਨਕ ਅਧਿਕਾਰੀਆਂ ਨਾਲ ਬੈਠਕ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਜਲ੍ਹਿਆਂਵਾਲਾ ਬਾਗ ਦੇ ਨਾਲ ਲਗਦੇ ਖੇਤਰ ਨੂੰ ਆਧੁਨਿਕ ਢੰਗ ਨਾਲ ਵਿਕਸਤ ਕਰਦਿਆਂ ਸੰਸਾਰ 'ਚ ਸਰਬੋਤਮ ਬਣਾਉਣ ਦਾ ਸੁਪਨਾ ਇਕ ਵਾਰ ਫਿਰ ਵਿਖਾਇਆ।

ਇਸ ਦੌਰਾਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਬੱਚਿਆਂ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ, ਜਦਕਿ ਸਿਹਤ ਨਾਸਾਜ਼ ਹੋਣ ਕਾਰਨ ਉਪ ਮੁੱਖ ਮੰਤਰੀ ਮੱਥਾ ਨਾ ਟੇਕ ਸਕੇ। ਉਂਝ ਉਨ੍ਹਾਂ ਸਿਹਤ ਢਿਲੀ ਹੋਣ ਦੇ ਬਾਵਜੂਦ ਇਕ ਹੋਟਲ 'ਚ ਮੁੱਖ ਅਧਿਕਾਰੀਆਂ ਨਾਲ ਬੈਠਕ ਕੀਤੀ।

ਸ. ਬਾਦਲ ਨੇ ਇਸ ਮੀਟਿੰਗ ਦੌਰਾਨ ਵਿਕਾਸ ਕਾਰਜਾਂ ਦੀਆਂ ਤਜਵੀਜ਼ਾਂ ਘੋਖੀਆਂ। ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੀ ਸੜਕ ਨੂੰ ਅੱਧਾ ਕਿਲੋ ਮੀਟਰ ਤੱਕ ਚੌੜਾ ਕਰਦਿਆਂ ਇਸ ਨੂੰ ਵਿਸ਼ਵ ਦੀ ਬਿਹਤਰੀਨ ਸੜਕ ਬਣਾਇਆ ਜਾਵੇਗਾ। ਇਸ ਬਾਰੇ ਪ੍ਰੋਜੈਕਟ ਰਿਪੋਰਟ ਤਿਆਰ ਹੈ ਅਤੇ ਅਗਸਤ 'ਚ ਟੈਂਡਰ ਲਏ ਜਾਣਗੇ।

ਪ੍ਰੋਜੈਕਟ ਇਕ ਸਾਲ 'ਚ ਮੁਕੰਮਲ ਹੋਵੇਗਾ ਅਤੇ ਇਥੇ ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਬੁੱਤ ਨਾਲ ਵੱਡ ਅਕਾਰੀ ਫੁਆਰੇ ਲਗਾਏ ਜਾਣਗੇ। ਧਰਮ ਸਿੰਘ ਮਾਰਕਿਟ ਨੂੰ ਇਕ ਤਰਜ਼ੀ ਲੈਅ 'ਚ ਗੁੰਦਿਆ ਜਾਵੇਗਾ ਅਤੇ ਸਾਰੇ ਖੇਤਰ 'ਚ ਲਾਲ ਪੱਥਰ ਦੀ ਵਰਤੋਂ ਕੀਤੀ ਜਾਵੇਗੀ। ਸਾਰਾਗੜ੍ਹੀ ਪਾਰਕਿੰਗ ਖੇਤਰ ਨੂੰ ਨਿਊ ਯਾਰਕ ਦੇ ਟਾਈਮ ਸਕੁਏਅਰ ਵਾਂਗ ਸਜਾਇਆ ਜਾਵੇਗਾ। ਧਰਮ ਸਿੰਘ ਮਾਰਕਿਟ ਵਿਚ 'ਫੂਡ ਕੋਰਟ' ਬਣੇਗਾ ਅਤੇ ਟਾਊਨ ਹਾਲ ਦੀ ਵਿਰਾਸਤੀ ਇਮਾਰਤ ਨੂੰ ਸੂਬਾਈ ਅਜਾਇਬ ਘਰ 'ਚ ਤਬਦੀਲ ਕਰ ਦਿੱਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਨਾਲ ਪੇਡਾ ਦੇ ਚੇਅਰਮੈਨ ਉਪਕਾਰ ਸਿੰਘ ਸੰਧੂ, ਭਾਜਪਾ ਆਗੂ ਤਰੁਣ ਚੁੱਘ, ਮੇਅਰ ਬਖਸ਼ੀ ਰਾਮ ਅਰੋੜਾ, ਪ੍ਰਮੁੱਖ ਸਕੱਤਰ ਪੀ. ਐਸ. ਔਜਲਾ ਵੀ ਸਨ।

# ਦਹਾਕੇ ਵਿਚ ਵੀ ਪੂਰਾ ਨਾ ਹੋਇਆ ਪੰਜਾਬੀ ਕੋਸ਼ ਪ੍ਰਾਜੈਕਟ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਗਿਆਨ ਵਿਭਾਗ ਤੇ ਕੋਸ਼ਕਾਰੀ ਵਿਭਾਗ ਵੱਲੋਂ ਬਣਾਇਆ ਜਾਣ ਵਾਲਾ ਪੰਜਾਬੀ ਕੋਸ਼ ਤਿਆਰ ਕਰਨ ਦਾ ਪ੍ਰੋਜੈਕਟ ਵਿਚਾਲੇ ਹੀ ਖ਼ਤਮ ਹੋ ਗਿਆ। ਇਹ ਪ੍ਰੋਜੈਕਟ 2006 ਵਿਚ ਤਤਕਾਲੀ ਉਪ ਕੁਲਪਤੀ ਸਵਰਨ ਸਿੰਘ ਬੋਪਾਰਾਏ ਨੇ ਸ਼ੁਰੂ ਕਰਾਇਆ ਸੀ। ਪ੍ਰੋਜੈਕਟ ਪੂਰਾ ਨਾ ਹੋਣ ਦਾ ਕਾਰਨ ਸਟਾਫ਼ ਦੀ ਆਪਸੀ ਖਿੱਚੋਤਾਣ ਦੱਸਿਆ ਗਿਆ ਹੈ। ਵਿਭਾਗ ਦੇ ਸਾਬਕਾ ਮੁਖੀ 'ਤੇ ਦੋਸ਼ ਲੱਗੇ ਹਨ ਕਿ ਜੋ ਸਾਮਾਨ ਪ੍ਰੋਜੈਕਟ ਲਈ ਖ਼ਰੀਦਿਆ ਗਿਆ ਸੀ, ਉਹ ਸਾਮਾਨ ਪ੍ਰੋਜੈਕਟ ਬੰਦ ਹੋਣ ਤੋਂ ਬਾਅਦ ਵੀ ਯੂਨੀਵਰਸਿਟੀ ਕੋਲ੍ਹ ਜਮ੍ਹਾਂ ਨਹੀਂ ਕਰਵਾਇਆ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਪ੍ਰੋਜੈਕਟ ਹੁਣ ਇਸ ਵਿਭਾਗ ਕੋਲ ਨਹੀਂ ਰਿਹਾ ਪਰ ਯੂਨੀਵਰਸਿਟੀ ਦੇ ਬਣਦੇ ਅਨੁਮਾਨਤ ਬਜਟ ਵਿਚ ਇਸ ਵਾਰ ਵੀ ਇਸ ਦੇ ਖਰਚੇ ਦਿਖਾਏ ਗਏ ਹਨ। ਇਸ ਵਾਰ 'ਪੰਜਾਬੀ ਕੋਸ਼ ਦਾ ਪ੍ਰੋਜੈਕਟ' ਦੇ ਸਿਰਲੇਖ ਤਹਿਤ 2 ਕਰੋੜ 74 ਲੱਖ 81 ਹਜ਼ਾਰ 160 ਰੁਪਏ ਦਾ ਅਨੁਮਾਨਤ ਖਰਚਾ ਦਿਖਾਇਆ ਗਿਆ ਹੈ। ਇਸ ਵਿਚ ਸਟਾਫ਼ ਦੇ ਅੱਠ ਮੈਂਬਰ ਵੀ ਦਿਖਾਏ ਗਏ ਹਨ। ਵਿਭਾਗ ਮੁਖੀ ਨੇ ਦੱਸਿਆ ਕਿ ਇਹ ਪ੍ਰੋਜੈਕਟ ਸਾਬਕਾ ਮੁਖੀ ਡਾ. ਜੋਗਾ ਸਿੰਘ ਅਤੇ ਡਾ. ਹਰਜੀਤ ਸਿੰਘ ਗਿੱਲ ਦਾ ਸੀ ਤੇ ਇਸ ਪ੍ਰੋਜੈਕਟ ਲਈ ਜੋ ਕੰਪਿਊਟਰ, ਕਿਤਾਬਾਂ, ਮੇਜ਼, ਫ਼ੋਟੋ ਸਟੇਟ ਮਸ਼ੀਨ, ਪ੍ਰਿੰਟਰ ਆਦਿ ਖ਼ਰੀਦੇ ਗਏ ਸਨ, ਉਹ ਅਜੇ ਤੱਕ ਵਿਭਾਗ ਕੋਲ ਜਮ੍ਹਾਂ ਨਹੀਂ ਹੋਏ, ਨਾ ਹੀ ਉਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਹੈ।

ਪ੍ਰੋਜੈਕਟ ਦੇ ਮੁੱਖ ਸੰਪਾਦਕ ਡਾ. ਹਰਜੀਤ ਸਿੰਘ ਗਿੱਲ ਨੇ ਦੱਸਿਆ ਕਿ ਇਹ ਪ੍ਰੋਜੈਕਟ ਉਨ੍ਹਾਂ ਨੂੰ ਤਤਕਾਲੀ ਉਪ ਕੁਲਪਤੀ ਸਵਰਨ ਸਿੰਘ ਬੋਪਾਰਾਏ ਨੇ ਦਿੱਤਾ ਸੀ। ਇਸ ਸਬੰਧੀ ਸਾਮਾਨ ਖ਼ਰੀਦਣ ਦੀ ਜ਼ਿੰਮੇਵਾਰੀ ਪ੍ਰੋਜੈਕਟ ਕੁਆਰਡੀਨੇਟਰ ਤੇ ਵਿਭਾਗ ਮੁਖੀ ਜੋਗਾ ਸਿੰਘ ਤੇ ਮੁੱਖ ਸੰਪਾਦਕ ਦੀ ਸੀ। ਉਹ ਸਾਮਾਨ ਵਿਭਾਗ ਵਿਚ ਹੀ ਛੱਡ ਆਏ ਸਨ ਤੇ ਹੁਣ ਉਹ ਸਾਮਾਨ ਕਿੱਥੇ ਹੈ, ਇਸ ਬਾਰੇ ਉਹ ਨਹੀਂ ਜਾਣਦੇ। ਉਨ੍ਹਾਂ ਦੱਸਿਆ ਕਿ ਇਹ ਸਾਮਾਨ 50-60 ਲੱਖ ਰੁਪਏ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਡਾ. ਜੋਗਾ ਸਿੰਘ ਅਤੇ ਸਟਾਫ਼ ਨੇ ਸਹਿਯੋਗ ਨਹੀਂ ਦਿੱਤਾ ਅਤੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਇਹ ਪ੍ਰੋਜੈਕਟ 'ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਉਚਤਮ ਕੇਂਦਰ' ਹਵਾਲੇ ਕਰ ਦਿੱਤਾ ਸੀ। ਇਸ ਪ੍ਰੋਜੈਕਟ ਦਾ ਨਾਮ ਬਦਲ ਕੇ 'ਪੰਜਾਬੀ ਭਾਸ਼ਾ ਤੇ ਸਭਿਅਤਾ ਦਾ ਵਿਸ਼ਵ ਕੋਸ਼' ਰੱਖ ਦਿੱਤਾ ਗਿਆ ਹੈ। ਇਸ ਦੀਆਂ ਦੋ ਜਿਲਦਾਂ (1000-1000 ਸਫ਼ੇ) ਛਪਣ ਲਈ ਭੇਜੇ ਜਾ ਚੁੱਕੇ ਹਨ।

ਸਾਬਕਾ ਮੁਖੀ ਡਾ. ਜੋਗਾ ਸਿੰਘ ਨੇ ਕਿਹਾ ਕਿ ਡਾ. ਹਰਜੀਤ ਗਿੱਲ ਦੀਆਂ ਮਨਮਰਜ਼ੀਆਂ ਕਰ ਕੇ ਇਹ ਕੋਸ਼ ਸਿਰੇ ਨਹੀਂ ਲੱਗਿਆ ਜਿਸ ਕਰ ਕੇ ਉਨ੍ਹਾਂ ਨੇ ਇਹ ਪ੍ਰੋਜੈਕਟ ਬੰਦ ਕਰਨ ਲਈ ਲਿਖ ਕੇ ਦਿੱਤਾ ਸੀ। ਸਾਮਾਨ ਯੂਨੀਵਰਸਿਟੀ ਹਵਾਲੇ ਕਰ ਦਿੱਤਾ ਗਿਆ ਹੈ।

## ਜੱਸੀ ਖ਼ੁਦਕੁਸ਼ੀ ਕੇਸ ਵਿਚ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਅੰਮ੍ਰਿਤਸਰ ਦੇ ਕੇਬਲ ਅਪਰੇਟਰ ਜਸਵਿੰਦਰ ਸਿੰਘ ਜੱਸੀ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਦੇ ਦੋ ਮਹੀਨੇ ਬਾਅਦ ਇਸ ਕੇਸ ਦੇ ਗਵਾਹ ਗੁਰਦੇਵ ਸਿੰਘ ਭੁੱਲਰ ਦੀ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਪਟੀਸ਼ਨਰ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਉਸ ਨੂੰ ਇਸ ਕੇਸ ਦੇ ਮੁਲਜ਼ਮਾਂ ਅਤੇ ਸੂਬੇ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕਿਸੇ ਪ੍ਰਕਾਰ ਦੇ ਝੂਠੇ ਕੇਸ ਵਿਚ ਉਲਝਾਉਣ ਤੋਂ ਬਚਾਅ ਦੇ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ।

ਪਟੀਸ਼ਨਰ ਭੁੱਲਰ ਨੇ ਦੋਸ਼ ਲਾਇਆ ਹੈ ਕਿ ਅੰਮ੍ਰਿਤਸਰ ਦੇ ਐਡੀਸ਼ਨਲ ਪੁਲਿਸ ਕਮਿਸ਼ਨਰ ਹਰਜੀਤ ਸਿੰਘ ਬਰਾੜ ਨੇ ਉਸ ਨੂੰ ਇਹ ਮਾਮਲਾ ਉਠਾਉਣ ਬਦਲੇ ਖ਼ਤਮ ਕਰਨ ਦੀ ਚੇਤਾਵਨੀ ਦਿੱਤੀ ਹੈ। ਉਸ ਨੇ ਕਿਹਾ ਕਿ ਉਸ ਨੂੰ ਬਰਾੜ ਤੋਂ ਆਪਣੀ ਜਾਨ ਦਾ ਖਤਰਾ ਹੈ। ਕੇਬਲ ਅਪਰੇਟਰ ਮੁਲਜ਼ਮ ਸਰਬਜੀਤ ਸਿੰਘ ਰਾਜੂ ਕੇਬਲ ਕਾਰੋਬਾਰ ਵਿਚ ਸੁਖ਼ਬੀਰ ਸਿੰਘ ਬਾਦਲ ਦੇ ਹਿਤਾਂ ਦੀ ਪੂਰਤੀ ਕਰਦਾ ਹੈ। ਇਸ ਲਈ ਸੁਖਬੀਰ ਬਾਦਲ ਸਿੱਧੇ ਤੌਰ 'ਤੇ ਉਸ ਦੀ ਹਮਾਇਤ ਕਰਦਾ ਹੈ। ਯਾਦ ਰਹੇ ਕਿ ਪਟੀਸ਼ਨਰ ਭੁੱਲਰ ਦਾ ਦਾਅਵਾ ਹੈ ਕਿ ਜਦੋਂ ਕੇਬਲ ਅਪਰੇਟਰ ਜੱਸੀ ਨੇ ਜ਼ਹਿਰ ਖਾਧਾ, ਤਾਂ ਉਹ ਉਥੇ ਹਾਜ਼ਰ ਸੀ।

## ਭਾਰਤੀ-ਅਮਰੀਕੀਆਂ ਨੂੰ ਮਿਲਿਆ ਐਵਾਰਡ

**ਹਿਊਸਟਨ:** ਛੇ ਭਾਰਤੀ-ਅਮਰੀਕੀਆਂ ਅਤੇ ਇਕ ਬਰਤਾਨਵੀ-ਭਾਰਤੀ ਨੂੰ ਅਰਮੀਕਾ ਵਿਚ ਦਿੱਤੀ ਸੇਵਾਵਾਂ ਬਦਲੇ 2015 ਦੇ ਐਲੀਸ ਆਈਲੈਂਡ ਦੇ ਵੱਕਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਭਾਰਤੀ-ਅਮਰੀਕੀ ਗਿਵਿੰਗ ਬੈਕ ਫਾਊਂਡੇਸ਼ਨ ਦੇ ਬਾਨੀ ਮੀਰਾ ਗਾਂਧੀ, ਰਾਜਦੀਪ ਕੇ. ਧਾਮੀ, ਚਾਪ ਪੀ. ਗਿਹਾਨੀ, ਰਾਹੁਲ ਐਮ. ਜਿੰਦਲ, ਏਸ਼ੀਅਨ ਵਿਮੈੱਨਸ ਲੀਡਰਸ਼ਿਪ ਯੂਨੀਵਰਸਿਟੀ ਦੀ ਚੇਅਰਪਰਸਨ ਐਸ. ਮੋਨਾ ਸਿਨਹਾ ਤੇ ਕੇ.ਪੀ. ਕੁਮਾਰ ਸਣੇ ਬਰਤਾਨੀਆ ਦੇ ਹਾਊਸ ਆਫ ਲੌਰਡਸ ਦੇ ਸੰਦੀਪ ਵਰਮਾ ਨੂੰ ਇਹ ਐਵਾਰਡ ਦਿੱਤਾ ਗਿਆ ਹੈ।


**Philips-66 Truck Stop Convenience Store**

*For Sale or Lease*

11 Pumps, 30 Trucks Parking
Diesel & Gas With Restaurant, Liquor, Lottery
*Good Profit Margin*
Prime Location (4 States Traffic Area on State Hwy I-44/I-49 in Missouri)

Also available commercial bulding (SCF), partially rented in Mohali, India. Commercial plot in business growing area (in Walmart, Home Office area)

Serious Parties Only, Please.
**Contact: 417-825-7602**
Email: shaanmann5@gmail.com



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*



**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)




ਪੰਜਾਬ ਟਾਈਮਜ਼

*ਸਨਿਚਰਵਾਰ, 23 ਮਈ 2015*

## ਮੋਦੀ ਦਾ ਮੰਤਰ, ਬਾਦਲ ਦੇ ਬੋਲ

ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਿਚ ਬਣੀ ਕੇਂਦਰ ਸਰਕਾਰ ਨੂੰ ਪੂਰਾ ਇਕ ਸਾਲ ਹੋ ਗਿਆ ਹੈ ਅਤੇ ਇਸ ਇਕ ਸਾਲ ਦੌਰਾਨ ਹਰ ਪਾਸੇ, ਖਾਸ ਕਰ ਕੇ ਮੀਡੀਆ ਤੇ ਸੋਸ਼ਲ ਮੀਡੀਆਂ ਵਿਚ ਮੋਦੀ-ਮੋਦੀ ਹੋਈ ਪਈ ਹੈ। ਮੋਦੀ ਦੇ ਹੁਣੇ ਹੁਣੇ ਖਤਮ ਹੋਏ ਤਿੰਨ ਦੇਸ਼ਾਂ ਦੇ ਦੌਰੇ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਗਿਆ ਹੈ ਕਿ ਉਸ ਨੇ ਆਪਣੇ ਪ੍ਰਚਾਰ ਲਈ ਸੋਸ਼ਲ ਮੀਡੀਆ ਦੀ ਵਰਤੋਂ, ਖੂਬ ਜਚਾ ਕੇ ਅਤੇ ਬੜੀ ਸਫਲਤਾ ਨਾਲ ਕੀਤੀ ਹੈ। ਇਹੀ ਅਸਲ ਵਿਚ ਵਿਚਾਰਨ ਵਾਲਾ ਨੁਕਤਾ ਹੈ। ਸਾਲ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਵਿਚ ਵੀ ਮੋਦੀ ਤੇ ਭਾਰਤੀ ਜਨਤਾ ਪਾਰਟੀ ਨੇ ਆਪਣੀ ਗੱਲ ਜਚਾਉਣ ਲਈ ਪੂਰਾ ਟਿੱਲ ਲਾ ਦਿੱਤਾ ਸੀ ਅਤੇ ਇਸ ਮੁਹਿੰਮ ਵਿਚ ਉਹ ਪੂਰੇ ਕਾਮਯਾਬ ਰਹੇ ਸਨ। ਇਹ ਸਿਲਸਿਲਾ ਅੱਜ ਵੀ ਚੱਲ ਰਿਹਾ ਹੈ। ਜਿਵੇਂ ਜਰਮਨ ਤਾਨਾਸ਼ਾਹ ਹਿਟਲਰ ਦਾ ਸਾਥੀ ਗੋਇਬਲਜ਼ ਕਹਿੰਦਾ ਹੁੰਦਾ ਸੀ ਕਿ ਸੌ ਵਾਰ ਬੋਲਿਆ ਝੂਠ ਆਖਰਕਾਰ ਸੱਚ ਲੱਗਣ ਲੱਗ ਪੈਂਦਾ ਹੈ, ਇਸੇ ਤਰ੍ਹਾਂ ਮੋਦੀ ਅਤੇ ਉਸ ਦੇ ਸਾਥੀਆਂ ਨੇ ਆਪਣੇ ਬਾਰੇ ਪ੍ਰਚਾਰ-ਪ੍ਰਸਾਰ ਇੰਨਾ ਜ਼ਿਆਦਾ ਅਤੇ ਜ਼ੋਰਦਾਰ ਢੰਗ ਨਾਲ ਕੀਤਾ ਹੈ ਕਿ ਇਨ੍ਹਾਂ ਵਲੋਂ ਵਾਰ ਵਾਰ ਬੋਲਿਆ ਝੂਠ ਹੁਣ ਸੱਚ ਲੱਗਣ ਲੱਗ ਪਿਆ ਹੈ।

ਮੋਦੀ ਦੇ ਸ਼ਾਸਨ ਵਾਲੇ ਇਕ ਸਾਲ ਉਤੇ ਜੇ ਤਰਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਸਰਕਾਰ ਅਤੇ ਇਸ ਦੇ ਮੰਤਰੀਆਂ-ਸੰਤਰੀਆਂ ਨੇ ਭਾਸ਼ਣਾਂ ਤੋਂ ਸਿਵਾ ਲੋਕਾਂ ਦੇ ਪੱਲੇ ਕੁਝ ਵੀ ਨਹੀਂ ਪਾਇਆ ਹੈ। ਹਾਂ, ਇਸ ਨੇ ਧਨਾਢਾਂ ਨੂੰ ਖੁਸ਼ ਜ਼ਰੂਰ ਕਰ ਦਿੱਤਾ ਹੈ, ਇਸ ਦੀਆਂ ਤਕਰੀਬਨ ਸਾਰੀਆਂ ਹੀ ਨੀਤੀਆਂ ਅਤੇ ਰਣਨੀਤੀਆਂ ਉਨ੍ਹਾਂ ਦੇ ਕਾਰੋਬਾਰ ਦੇ ਹਿਸਾਬ ਨਾਲ ਹੀ ਢਾਲੀਆਂ ਗਈਆਂ ਹਨ। ਕਾਰੋਬਾਰੀਆਂ ਦੇ ਹਿਸਾਬ ਨੂੰ ਧਿਆਨ ਵਿਚ ਰੱਖ ਕੇ ਹੀ 'ਮੇਕ ਇੰਨ ਇੰਡੀਆ' ਦਾ ਨਾਅਰਾ ਸੰਸਾਰ ਭਰ ਵਿਚ ਲਾਇਆ ਗਿਆ, ਪਰ 'ਮੇਕ ਇੰਨ ਇੰਡੀਆ' ਦੀਆਂ ਨੀਂਹਾਂ ਭਰਨ ਵਾਲੇ ਕਿਸਾਨ ਦਾ ਹਾਲ ਵੀ ਪੁੱਛਿਆ ਨਹੀਂ ਗਿਆ; ਸਗੋਂ ਸਖਤ ਭੂਮੀ ਗ੍ਰਹਿਣ ਬਿੱਲ ਲਿਆ ਕੇ ਕਿਸਾਨ ਦੇ ਹੱਥ ਵੱਢੇ ਜਾ ਰਹੇ ਹਨ। ਹੁਣ ਸਵਾਲ ਹੈ ਕਿ ਲੋਕਾਂ ਨੂੰ ਸਭ ਕੁਝ ਪਤਾ ਹੋਣ ਦੇ ਬਾਵਜੂਦ ਉਹ ਸਫਲਤਾ ਦੇ ਪੌਡੇ ਚੜ੍ਹਦਾ ਕਿਉਂ ਨਜ਼ਰ ਆ ਰਿਹਾ ਹੈ? ਅਸਲ ਵਿਚ ਵਿਰੋਧੀ ਧਿਰ ਇੰਨੀ ਜ਼ਿਆਦਾ ਨਿਸੱਤੀ ਹੋਈ ਪਈ ਹੈ ਕਿ ਸਰਕਾਰ ਨੂੰ ਘੇਰਨ ਵਾਲਾ ਵੀ ਕੋਈ ਨਹੀਂ ਹੈ। ਸਾਲ ਪਹਿਲਾਂ ਚੋਣ ਵਿਸ਼ਲੇਸ਼ਕਾਂ ਨੇ ਵੀ ਇਹੀ ਸਿੱਟਾ ਕੱਢਿਆ ਸੀ ਕਿ ਮੋਦੀ ਦੀ ਜਿੱਤ ਲਈ ਰਾਹ ਕਾਂਗਰਸ ਦੀ ਕਮਜ਼ੋਰੀ ਨੇ ਹੀ ਮੋਕਲਾ ਕੀਤਾ। ਚੋਣਾਂ ਵੇਲੇ ਤਾਂ ਕਾਂਗਰਸ ਕੋਲ ਕਹਿਣ ਲਈ ਕੁਝ ਹੈ ਹੀ ਨਹੀਂ ਸੀ ਅਤੇ ਇਸ ਨੇ ਮੋਦੀ ਨੂੰ ਘੇਰਨ ਦਾ ਯਤਨ ਕਰਦਿਆਂ ਕਰਦਿਆਂ ਉਦੋਂ ਇਸ ਨੂੰ ਹੀਰੋ ਬਣਾ ਧਰਿਆ ਅਤੇ ਲੋਕ ਸਭਾ ਦੇ ਜੋ ਨਤੀਜੇ ਸਾਹਮਣੇ ਆਏ ਸਨ, ਉਸ ਨੇ ਸਾਰਿਆਂ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਸੀ।

ਇਸ ਨੁਕਤਾ-ਨਿਗ੍ਹਾ ਤੋਂ ਪੰਜਾਬ ਦੀ ਹਾਲਤ ਵੀ ਕੋਈ ਵੱਖਰੀ ਨਹੀਂ ਹੈ। ਪਿਛਲੇ ਅੱਠ ਸਾਲ ਤੋਂ ਸੂਬੇ ਵਿਚ ਬਾਦਲਾਂ ਦਾ ਰਾਜ ਹੈ। ਪੰਜਾਬ ਦੀ ਲੋਕਾਈ ਬਾਦਲਾਂ ਦੀਆਂ ਜ਼ਿਆਦਤੀਆਂ ਤੋਂ ਅੱਕੀ ਪਈ ਹੈ ਅਤੇ ਇਸ ਦਾ ਪਤਾ ਵੱਖ ਵੱਖ ਮੌਕਿਆਂ 'ਤੇ ਲੋਕਾਂ ਵਲੋਂ ਪ੍ਰਗਟ ਕੀਤੀਆਂ ਭਾਵਨਾਵਾਂ ਤੋਂ ਭਲੀ-ਭਾਂਤ ਲੱਗ ਜਾਂਦਾ ਹੈ। ਹੁਣ ਵੀ ਬਾਦਲ ਅਤੇ ਇਨ੍ਹਾਂ ਦੀ ਸਰਕਾਰ ਕਈ ਮੁੱਦਿਆਂ 'ਤੇ ਬੁਰੀ ਤਰ੍ਹਾਂ ਫਸੇ ਹੋਏ ਹਨ। ਔਰਬਿਟ ਬੱਸ ਕੇਸ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹ ਕਹਿਣ ਤੋਂ ਹਟ ਹੀ ਨਹੀਂ ਰਹੇ ਕਿ ਅਜਿਹਾ ਕਾਂਡ ਤਾਂ ਕਿਸੇ ਵੀ ਬੱਸ ਵਿਚ ਹੋ ਸਕਦਾ ਹੈ ਅਤੇ ਹੋਰ ਸੂਬਿਆਂ ਵਿਚ ਅਕਸਰ ਅਜਿਹੇ ਕਾਂਡ ਵਾਪਰ ਰਹੇ ਹਨ। ਉਹ ਇਸ ਗੱਲ ਦਾ ਜਵਾਬ ਹੀ ਨਹੀਂ ਰਹੇ ਕਿ ਇਹ ਸਾਰਾ ਕੁਝ ਉਨ੍ਹਾਂ ਦੀ ਪਾਰਟੀ ਅਤੇ ਆਗੂਆਂ ਵਲੋਂ ਸੂਬੇ ਭਰ ਵਿਚ ਬਣਾਏ ਸਰਕਾਰੀ ਦਾਬੇ ਕਾਰਨ ਹੀ ਹੋ ਰਿਹਾ ਹੈ। ਬਾਦਲਾਂ ਦੀਆਂ ਬੱਸਾਂ ਦੇ ਕਾਰਿੰਦੇ ਖੁਦ ਛੋਟੇ-ਛੋਟੇ ਬਾਦਲਾਂ ਦੇ ਰੂਪ ਵਿਚ ਲੋਕਾਂ ਉਤੇ ਵਧੀਕੀਆਂ ਬਣ ਕੇ ਵਰ੍ਹ ਰਹੇ ਹਨ। ਇਸ ਕੇਸ ਵਿਚ ਅਕਾਲੀ ਵਜ਼ੀਰ ਸੁਰਜੀਤ ਸਿੰਘ ਰੱਖੜਾ ਅਤੇ ਜਲੰਧਰ ਵਿਚ ਇਕ ਗਰੀਬ ਦੀ ਖੁਦਕੁਸ਼ੀ ਉਤੇ ਜੋ ਬਿਆਨ ਅਕਾਲੀ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਦਿੱਤਾ ਹੈ, ਉਸ ਤੋਂ ਇਨ੍ਹਾਂ ਆਗੂਆਂ ਦੀ ਗੈਰ-ਸੰਵੇਦਨਸ਼ੀਲਤਾ ਹੀ ਉਜਾਗਰ ਹੁੰਦੀ ਹੈ। ਅਜਿਹੇ ਹਾਲਾਤ ਵਿਚ ਜੇ ਕਿਤੇ ਇਹ 'ਅਕਾਲੀ' ਆਗੂ ਵਿਰੋਧੀ ਧਿਰ ਵਿਚ ਹੁੰਦੇ ਤਾਂ ਇਨ੍ਹਾਂ ਹੇਠਲੀ ਉਤੇ ਲਿਆ ਦੇਣੀ ਸੀ।

ਇਸ ਦੇ ਉਲਟ ਪੰਜਾਬ ਵਿਚ ਵਿਰੋਧੀ ਧਿਰ ਕਾਂਗਰਸ ਆਪਸੀ ਕਲੇਸ਼ ਵਿਚ ਬੁਰੀ ਤਰ੍ਹਾਂ ਉਲਝੀ ਹੋਈ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਸੂਬੇ ਵਿਚ ਵਿਰੋਧ ਦਾ ਕੋਈ ਮੂੰਹ-ਮੱਥਾ ਬਣ ਹੀ ਨਹੀਂ ਰਿਹਾ ਹੈ। ਹੇਠਲੇ ਪੱਧਰ ਉਤੇ ਜੂਝ ਰਹੇ ਲੋਕਾਂ ਅਤੇ ਜਥੇਬੰਦੀਆਂ ਨੂੰ ਸਰਕਾਰ ਡੰਡੇ ਦੇ ਜ਼ੋਰ ਨਾਲ ਕੁਸਕਣ ਨਹੀਂ ਦੇ ਰਹੀ। ਲੈ-ਦੇ ਕੇ ਲੋਕਾਂ ਦੀਆਂ ਆਸਾਂ ਨਵੀਂ ਉਠੀ ਆਮ ਆਦਮੀ ਪਾਰਟੀ (ਆਪ) 'ਤੇ ਲੱਗੀਆਂ ਸਨ, ਪਰ ਲੀਡਰਸ਼ਿਪ ਦੇ ਮਾਮਲੇ 'ਤੇ ਇਸ ਪਾਰਟੀ ਵਿਚ ਜੋ ਘਮਾਸਾਨ ਦਿੱਲੀ ਅਤੇ ਹੁਣ ਪੰਜਾਬ ਵਿਚ ਚੱਲ ਰਿਹਾ ਹੈ, ਉਸ ਤੋਂ ਆਮ ਆਦਮੀ ਨੂੰ ਨਿਰਾਸ਼ਾ ਹੀ ਮਿਲੀ ਹੈ। ਅਜਿਹੇ ਹਾਲਾਤ ਮੌਕੇ ਪੰਜਾਬ ਦਾ ਹਰ ਸੰਜੀਦਾ ਸ਼ਖਸ ਹੁਣ ਇਹੀ ਆਖ ਰਿਹਾ ਹੈ ਕਿ ਹਾਕਮਾਂ ਵਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਪੀੜਾਂ ਹੁਣ ਪਹਾੜ ਬਣ ਗਈਆਂ ਹਨ ਅਤੇ ਹੁਣ ਲੋਕਾਂ ਦੇ ਉਠਣ ਦਾ ਵੇਲਾ ਹੈ। ਉਂਜ ਇਕ ਗੱਲ ਸਾਫ ਅਤੇ ਸਪਸ਼ਟ ਹੈ ਕਿ ਲੋਕਾਂ ਨੂੰ ਸਭ ਤੋਂ ਪਹਿਲਾਂ ਮੋਦੀ ਦੇ ਮੰਤਰ ਅਤੇ ਬਾਦਲ ਦੇ ਬੋਲਾਂ ਦੀ ਥਾਹ ਪਾਉਣੀ ਪਵੇਗੀ। ਇਨ੍ਹਾਂ ਮੰਤਰਾਂ ਅਤੇ ਬੋਲਾਂ ਪਿਛੇ ਕੰਮ ਕਰਦੀਆਂ ਤਾਕਤਾਂ ਨੂੰ ਸਮਝੇ ਬਗੈਰ ਜ਼ਾਲਮ ਅਤੇ ਜ਼ਿਆਦਤੀਆਂ ਦੇ ਭਰੇ ਘੜੇ ਨੂੰ ਠੋਰਿਆ ਨਹੀਂ ਜਾ ਸਕੇਗਾ। ਹੁਣ ਤਾਂ ਇਹ ਦੇਖਣਾ ਬਾਕੀ ਹੈ ਕਿ ਇਸ ਘੜੇ ਨੂੰ ਕੌਣ ਤੇ ਕਿੰਨੀ ਜ਼ੋਰ ਨਾਲ ਠੋਰਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅੱਤ-ਖੁਦਾ ਦੀ ਦੋਸਤੀ?*

ਹਾਕਮ ਦੇਣ ਆਊ ਘਰੇ ਬੈਠਿਆਂ ਨੂੰ, ਬਣੋ ਨੌਕਰੀ ਲੈਣ ਦੇ 'ਯੋਗ' ਪਹਿਲਾਂ।
ਹੱਥ ਜੋੜ ਪ੍ਰਸਾਸ਼ਨ ਵੀ ਆਣ ਪਹੁੰਚੂ, ਪਾਓ ਟੱਬਰ ਦੇ ਜੀਅ ਦਾ 'ਭੋਗ' ਪਹਿਲਾਂ।
ਜ਼ਾਲਮ ਜੱਫੀਆਂ 'ਪਿਆਰ' ਦੇ ਨਾਲ ਪਾਵੇ, ਢਾਅ ਕੇ ਸਿਤਮ ਵਰਤਾਉਂਦਾ ਏ ਸੋਗ ਪਹਿਲਾਂ।
ਚੰਗਾ ਲੱਗਦਾ ਜਾਲ ਸ਼ਿਕਾਰੀਆਂ ਦਾ, ਆਉਣੀ ਚੁਗਣੀ ਚਾਹੀਦੀ ਚੋਗ ਪਹਿਲਾਂ।
ਗੱਪਾਂ ਸੁਣਨ ਦੇ ਆਦੀ ਹੋ ਲੋਕ ਜਾਂਦੇ, 'ਰਾਜਾ' ਜਿੱਥੇ 'ਅਫੀਮੀ' ਜਾਂ ਪੋਸਤੀ ਐ।
ਹੁੰਦਾ ਅੱਤ ਤੇ ਖੁਦਾ ਦਾ ਵੈਰ ਕਹਿੰਦੇ, ਸਾਡੇ ਦੇਸ਼ ਵਿਚ ਦੋਹਾਂ ਦੀ ਦੋਸਤੀ ਐ।

# ਸਕੂਲੀ ਸਿੱਖਿਆ ਤੇ ਪੰਜਾਬ

***ਸਿੱਖਿਆ ਦੀ ਦਸ਼ਾ ਬਾਬਤ ਰਾਸ਼ਟਰੀ ਪੱਧਰ ਦੇ 2014 ਦੇ ਸਰਵੇਖਣ ਦੀ ਸਾਲਾਨਾ ਰਿਪੋਰਟ ਅਨੁਸਾਰ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਵਿਚ ਪ੍ਰਾਈਵੇਟ ਸਕੂਲਾਂ ਵਿਚ ਦਾਖ਼ਲੇ ਦਾ ਰੁਝਾਨ ਜ਼ਿਆਦਾ ਵਧਿਆ ਹੈ। ਉਂਜ, ਸੱਚ ਇਹੀ ਹੈ ਕਿ ਸਰਕਾਰੀ ਸਕੂਲਾਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ ਦਾ ਪ੍ਰਦਰਸ਼ਨ ਵੀ ਕੋਈ ਬਹੁਤਾ ਬਿਹਤਰ ਨਹੀਂ। ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਦਲਿਤਾਂ, ਖੇਤ ਮਜ਼ਦੂਰਾਂ, ਗ਼ਰੀਬ ਕਿਸਾਨਾਂ ਅਤੇ ਹੋਰ ਗ਼ਰੀਬ ਵਰਗਾਂ ਵਿਚੋਂ ਹੀ ਆਉਂਦੇ ਹਨ। ਇਨ੍ਹਾਂ ਬੱਚਿਆਂ ਜਾਂ ਮਾਪਿਆਂ ਦੀ ਕੋਈ ਬਹੁਤੀ ਨਹੀਂ ਸੁਣਦਾ ਅਤੇ ਉਹ ਵੀ ਕਈ ਵਾਰ ਆਪਣਾ ਪੱਖ ਰੱਖਣ ਤੋਂ ਅਸਮਰੱਥ ਰਹਿ ਜਾਂਦੇ ਹਨ ਜਿਸ ਕਰ ਕੇ ਇਨ੍ਹਾਂ ਦਾ ਭਵਿੱਖ ਰੁਲ ਜਾਂਦਾ ਹੈ। ਉਂਜ, ਇਹ ਨਹੀਂ ਮੰਨਿਆ ਜਾ ਸਕਦਾ ਕਿ ਸਰਕਾਰੀ ਸਕੂਲਾਂ ਵਿਚ ਕੇਵਲ ਕਮਜ਼ੋਰ ਬੱਚੇ ਆਉਂਦੇ ਹਨ। ਕੀ ਸਾਰੇ ਗ਼ਰੀਬ ਬੱਚੇ ਪੜ੍ਹਨ ਵਿਚ ਕਮਜ਼ੋਰ ਅਤੇ ਸਾਰੇ ਅਮੀਰ ਹੁਸ਼ਿਆਰ ਹੁੰਦੇ ਹਨ? ਇਸ ਬਾਰੇ ਸੋਚਣ ਦੀ ਲੋੜ ਹੈ।***

ਅਸੀਂ ਇਸ ਤੱਥ ਤੋਂ ਜਾਣੂ ਵੀ ਹਾਂ ਤੇ ਚਿੰਤਤ ਵੀ ਕਿ ਨਿਆਂਸੰਗਤ ਸਮਾਜ ਦੀ ਨੀਂਹ ਮੰਨੀ ਜਾਂਦੀ ਸਿੱਖਿਆ ਖੁਦ ਹੀ ਲੀਹੋਂ ਲਹਿ ਚੁੱਕੀ ਹੈ। ਛੇ ਤੋਂ ਚੌਦਾਂ ਸਾਲ ਦੇ ਬੱਚਿਆਂ ਦੀ ਸਿੱਖਿਆ ਦੀ ਦਸ਼ਾ ਤਾਂ ਗਿਣਾਤਮਕ ਤੇ ਗੁਣਾਤਮਕ ਪੱਖੋਂ ਬਹੁਤ ਬਦਤਰ ਹੈ। ਵਿਦਿਆਰਥੀਆਂ ਦੀ ਪ੍ਰਸ਼ਨ ਕਰਨ ਦੀ ਚਾਹਤ ਵੀ ਖਤਮ ਕੀਤੀ ਜਾ ਰਹੀ ਹੈ। ਅਸਹਿਜ ਪ੍ਰਸ਼ਨ ਕਰਨ 'ਤੇ ਸਜ਼ਾ ਆਮ ਵਰਤਾਰਾ ਹੈ। ਸਰਕਾਰੀ ਸਕੂਲਾਂ ਵਿਚ ਬੱਚਿਆਂ ਦੇ ਸ਼ਖਸੀ ਵਿਕਾਸ ਦੇ ਲੋੜੀਂਦੇ ਯਤਨ ਨਹੀਂ ਹੋ ਰਹੇ ਤੇ ਪ੍ਰਾਈਵੇਟ ਸਕੂਲ ਅਨੁਸ਼ਾਸਨ ਦੇ ਨਾਮ 'ਤੇ ਵਗਾਰ ਕਰਵਾਉਂਦੇ ਹਨ। ਸਿੱਖਿਆ ਖੇਤਰ ਨਾਲ ਸਬੰਧਤ ਧਿਰਾਂ ਬੱਚੇ, ਮਾਪੇ, ਅਧਿਆਪਕ ਤੇ ਸਰਕਾਰ, ਮੌਜੂਦਾ ਸਥਿਤੀ ਤੋਂ ਸੰਤੁਸ਼ਟ ਨਹੀਂ ਪਰ ਇਨ੍ਹਾਂ ਵਲੋਂ ਮਿਲ ਕੇ ਮਰਜ਼ ਦੀ ਨਿਸ਼ਾਨਦੇਹੀ ਕਰਨ ਤੇ ਹੱਲ ਵੱਲ ਵਧਣ ਦਾ

**ਡਾ. ਪਿਆਰਾ ਲਾਲ ਗਰਗ**
**ਫੋਨ: +91-99145-05009**

ਰੁਝਾਨ ਨਹੀਂ ਰਿਹਾ। ਹਰ ਧਿਰ ਆਪਣੇ ਆਪ ਨੂੰ ਦੋਸ਼ਹੀਣ ਮੰਨ ਕੇ ਦੂਜੀਆਂ ਧਿਰਾਂ ਦੇ ਨੁਕਸ ਲੱਭਦੀ ਹੈ। ਮੁੱਢਲੀ ਸਿੱਖਿਆ ਦੇ ਅਸਲ ਮੰਤਵ ਨੂੰ ਵਿਸਾਰਿਆ ਜਾ ਰਿਹਾ ਹੈ।

ਯੂਨੈਸਕੋ ਦੇ ਸਿੱਖਿਆ ਬਾਬਤ ਕਮਿਸ਼ਨ ਨੇ ਸਿੱਖਿਆ ਦੇ ਚਾਰ ਉਦੇਸ਼ ਮਿੱਥੇ ਹਨ- ਜਾਣਨਾ, ਕਰਨਾ, ਸਹਿਹੋਂਦ, ਸਵੈ-ਪ੍ਰਗਟਾਵਾ। ਇਨ੍ਹਾਂ ਦੀ ਪ੍ਰਾਪਤੀ ਦੇ ਚਾਰ ਪੜਾਅ ਹਨ। ਪਹਿਲਾ, ਜਾਣਨ ਦਾ ਪੜਾਅ, ਜਿਸ ਦਾ ਨਿਸ਼ਾਨਾ ਹੈ ਅੱਖਰ ਗਿਆਨ, ਅੰਕ ਗਿਆਨ ਤੇ ਕਿੱਤਾ ਸਿਖਲਾਈ। ਦੂਜਾ, ਤੁਲਨਾਤਮਕ ਅਧਿਐਨ, ਜਿਸ ਦਾ ਮੰਤਵ ਵੱਖ ਵੱਖ ਵਿਸ਼ਿਆਂ ਸਬੰਧੀ ਤੁਲਨਾਤਮਕ ਜਾਣਕਾਰੀ ਹਰ ਸਮੱਸਿਆ ਦੇ ਵੱਖ-ਵੱਖ ਪਹਿਲੂਆਂ ਪ੍ਰਤੀ ਵੱਖ ਵੱਖ ਲੋਕਾਂ ਦੇ ਨਜ਼ਰੀਏ ਤੋਂ ਵਾਕਫੀ ਪ੍ਰਾਪਤ ਕਰਨਾ ਹੈ। ਆਪਣੇ ਨਜ਼ਰੀਏ ਦੇ ਨਾਲ-ਨਾਲ ਦੂਜੇ ਦੇ ਨਜ਼ਰੀਏ ਨੂੰ ਤੇ ਵਿਰੋਧੀ ਵਿਚਾਰ ਨੂੰ ਸੁਣਨ ਤੇ ਸਮਝਣ ਦੀ ਮੁਹਾਰਤ ਪ੍ਰਾਪਤ ਕਰਨਾ ਉਪਜੀਵਕਾ ਕਮਾਉਣ ਤੇ ਵੰਡ ਕੇ ਛਕਣ ਦੀ ਪ੍ਰਕਿਰਿਆ ਵਿਚ ਪ੍ਰਵੇਸ਼ ਵਾਂਗ ਹੈ। ਤੀਜਾ ਪੜਾਅ ਹੈ, ਵਿਸ਼ਲੇਸ਼ਣਾਤਮਕ ਅਧਿਐਨ ਵਿਚ ਮੁਹਾਰਤ, ਜਾਣਕਾਰੀ ਤੇ ਕਿਰਤ ਵਿੱਦਿਆ ਨੂੰ ਵਿਸ਼ਲੇਸ਼ਣਾਤਮਕ ਬਿਰਤੀ ਰਾਹੀਂ ਗ੍ਰਹਿਣ ਕਰ ਕੇ ਸਮੂਹਿਕ ਜੀਵਨ ਲਈ ਵਰਤੋਂ ਵਿਚ ਲਿਆਉਣਾ।

ਇਸ ਦੌਰਾਨ ਸਵੈ-ਅਧਿਐਨ ਤੇ ਅਲੋਚਨਾਤਮਿਕ ਗਿਆਨ ਵੱਲ ਵਧਦੇ ਹੋਏ, ਠੀਕ ਗਲਤ ਦੀ ਪਛਾਣ ਕਰਨ ਅਤੇ ਸਹੀ ਸਿੱਟੇ ਕੱਢਣ ਦੀ ਮੁਹਾਰਤ ਪੈਦਾ ਹੁੰਦੀ ਹੈ। ਸਿੱਖਿਆ ਦਾ ਚੌਥਾ ਪੜਾਅ ਹੈ, ਸਿਰਜਣਾ। ਇਸ ਦੌਰਾਨ ਸਿਰਜਣਾ ਦੇ ਉਚ ਪੜਾਅ ਨੂੰ ਪ੍ਰਾਪਤ ਕਰ ਕੇ ਸਿਧਾਂਤ ਘੜਨ ਦੇ ਰਾਹੀਂ ਕੁਦਰਤੀ ਸ਼ਕਤੀਆਂ ਨਾਲ ਇਕਸੁਰਤਾ ਤੇ ਸਹਿ-ਹੋਂਦ ਵਾਲਾ ਸਮੂਹਿਕ ਜੀਵਨ ਜਿਉਣ ਦਾ ਗਿਆਨ ਹਾਸਲ ਕਰਨਾ ਹੈ। ਸਿੱਟਾ ਹੈ, ਸਮੂਹਿਕ ਜੀਵਨ, ਕੁਦਰਤ ਨਾਲ ਇਕਸੁਰਤਾ, ਟਿਕਾਊ ਵਿਕਾਸ, ਸਮਾਜ ਵਿਚ ਥੁੜ੍ਹਾਂ ਦਾ ਖਾਤਮਾ, ਸਾਰਿਆਂ ਨੂੰ ਇੱਕੋ ਜਿਹਾ ਸਮਝਣਾ, ਸ਼ਾਂਤਮਈ ਸਹਿਹੋਂਦ, ਧਨ ਦੌਲਤ ਨੂੰ ਇਕ ਸਾਧਨ ਮੰਨਣਾ, ਨਾ ਕਿ ਅੰਤਿਮ ਨਿਸ਼ਾਨਾ, ਸਮੂਹਿਕ ਪ੍ਰਗਤੀ ਰਾਹੀਂ ਵਿਅਕਤੀਗਤ ਪ੍ਰਗਤੀ, ਸਮੂਹਿਕ ਵਿਕਾਸ ਵਿਚ ਵਿਅਕਤੀਗਤ ਵਿਕਾਸ, ਸਮੂਹਿਕ ਖੁਸ਼ਹਾਲੀ ਵਿਚ ਵਿਅਕਤੀਗਤ ਖੁਸ਼ਹਾਲੀ, ਸਮੂਹਿਕ ਸ਼ਾਂਤੀ ਵਿਚ ਵਿਅਕਤੀਗਤ ਸ਼ਾਂਤੀ, ਸਮੂਹਿਕ ਭਲਾਈ ਵਿਚ ਵਿਅਕਤੀਗਤ ਭਲਾਈ, ਸਮੂਹਿਕ ਇਨਸਾਫ ਵਿਚ ਵਿਅਕਤੀਗਤ ਇਨਸਾਫ ਵੇਖਣਾ।

ਅੱਖਰ ਗਿਆਨ, ਹੁਨਰ ਸਿਖਲਾਈ, ਤੁਲਨਾਤਮਕ ਅਧਿਐਨ, ਵਿਸ਼ਲੇਸ਼ਣਾਤਮਕ ਵਿਧੀਆਂ ਤੇ ਗਿਆਨ ਦੀ ਸਿਰਜਣਾ, ਸਰੀਰਕ ਸ਼ਕਤੀਆਂ ਨੂੰ ਮਾਨਸਿਕ ਸ਼ਕਤੀਆਂ ਵਿਚ ਬਦਲ ਕੇ, ਮਾਨਸਿਕ ਪੱਧਰ ਨੂੰ ਇੰਨਾ ਉਚਾ ਕਰ ਦਿੰਦੀ ਹੈ ਕਿ ਕੋਈ ਵੀ ਦੁਸ਼ਵਾਰੀ ਜਾਂ ਕਸ਼ਟ ਇਰਾਦੇ ਤੋਂ ਨਹੀਂ ਡੇਗ ਸਕਦਾ, ਪਰ ਪੰਜਾਬ/ਭਾਰਤ ਦੀ ਸਿੱਖਿਆ ਤਾਂ ਅੱਖਰ ਗਿਆਨ ਤੇ ਕਿੱਤਾ ਸਿਖਲਾਈ ਤਕ ਹੀ ਸੀਮਤ ਕਰ ਦਿੱਤੀ ਗਈ ਹੈ। ਸਕੂਲ ਪੱਧਰ 'ਤੇ ਤਾਂ ਅੱਖਰ ਗਿਆਨ ਵੀ ਘੱਟੋ-ਘੱਟ ਪੱਧਰਾਂ ਤਕ ਹੀ ਸਮੇਟ ਦਿੱਤਾ ਗਿਆ ਹੈ। ਬਾਕੀ ਤਿੰਨ ਪੜਾਅ ਤਾਂ ਉਚ ਅਦਾਰਿਆਂ ਵਿਚ ਵੀ ਤਕਰੀਬਨ ਲੋਪ ਹੋ ਗਏ ਹਨ।

ਵੱਡੀ ਚਿੰਤਾ ਹੈ ਕਿ ਪਹਿਲੇ ਪੜਾਅ ਵਿਚ ਵੀ ਗੰਭੀਰ ਤਰੁਟੀਆਂ ਹਨ। ਇਸ ਦਾ ਨਤੀਜਾ ਵਿਅਕਤੀਗਤ ਰੁਝਾਨ, ਆਪਾ-ਧਾਪੀ, ਅਰਾਜਕਤਾ, ਲਾਈਲੱਗਪੁਣਾ, ਭ੍ਰਿਸ਼ਟਾਚਾਰ, ਹਿੰਸਾਤਮਕ ਵਰਤਾਰਾ, ਪਸ਼ੂ ਬਿਰਤੀਆਂ ਦਾ ਵਾਧਾ (ਖਾਣਾ-ਪੀਣਾ, ਪਹਿਨਣਾ, ਬੱਚੇ ਪੈਦਾ ਕਰਨਾ, ਜੰਮਣਾ ਤੇ ਮਰ ਜਾਣਾ), ਕੁਦਰਤ ਦਾ ਦੋਹਨ, ਟਿਕਾਊ ਵਿਕਾਸ ਨੂੰ ਢਾਅ, ਸਮਾਜਕ ਪ੍ਰਗਤੀ ਦੀ ਥਾਂ ਵਿਅਕਤੀਗਤ ਪ੍ਰਗਤੀ ਵੱਲ ਰੁਝਾਨ ਹੈ। ਸਮਾਜ ਟੁੱਟ ਰਿਹਾ ਹੈ ਤੇ ਰਿਸ਼ਤੇ ਤਿੜਕ ਰਹੇ ਹਨ। ਉਦਰੇਵਾਂ ਵਧ ਰਿਹਾ ਹੈ, ਨਸ਼ੇ ਤੇ ਖੁਦਕੁਸ਼ੀਆਂ ਵਧ ਰਹੀਆਂ ਹਨ, ਸਹਿਨਸ਼ੀਲਤਾ ਤੇ ਠਰੰਮਾ ਘਟ ਰਹੇ ਹਨ। ਪੰਜਾਬ ਦੇ 15486 ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ 13,185 ਪ੍ਰਾਇਮਰੀ, 2889 ਮਿਡਲ, 1825 ਹਾਈ ਤੇ 1579 ਸੀਨੀਅਰ ਸੈਕੰਡਰੀ ਸਰਕਾਰੀ ਸਕੂਲ ਹਨ। ਮਿਡਲ ਕਲਾਸਾਂ 6263 ਸਰਕਾਰੀ ਸਕੂਲਾਂ ਵਿਚ ਹਨ, 65 ਆਬਾਦੀਆਂ ਵਿਚ ਕੋਈ ਸਰਕਾਰੀ ਪ੍ਰਾਇਮਰੀ ਸਕੂਲ ਹੀ ਨਹੀਂ। 5869 ਪ੍ਰਾਇਮਰੀ ਤੇ 3962 ਮਿਡਲ ਸਕੂਲ ਮਾਨਤਾ ਪ੍ਰਾਪਤ ਨਹੀਂ ਜਦਕਿ ਜ਼ਿਆਦਾ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਹਨ।

2011 ਦੀ ਮਰਦਮ-ਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਮੁਫ਼ਤ ਲਾਜ਼ਮੀ ਸਿੱਖਿਆ ਅਧਿਕਾਰ ਕਾਨੂੰਨ ਲਾਗੂ ਹੋਣ ਦੇ ਚਾਰ ਸਾਲ ਬਾਅਦ ਵੀ 4,83,690 ਬੱਚੇ ਸਕੂਲਾਂ ਤੋਂ ਦੂਰ ਹਨ। ਕੁੱਲੀਆਂ ਵਾਲੇ, ਢਹੇ, ਸਿਕਲੀਗਿਰ, ਗੱਡੀਆਂ ਵਾਲੇ, ਧਾਨਕੇ, ਸਿਰਕੀਬੰਦ, ਜੋਗੀ, ਸਾਂਸੀ, ਸੜਕਾਂ 'ਤੇ ਲੁਕ ਪਾਉਣ ਵਾਲੇ, ਭੱਠੇ 'ਤੇ ਕੰਮ ਕਰਨ ਵਾਲੇ, ਕੋਲੇ ਚੁਗਣ ਵਾਲੇ, ਕਾਗਜ਼ ਤੇ ਪਲਾਸਟਿਕ ਚੁਗਣ ਵਾਲੇ, ਭੇਡਾਂ-ਬੱਕਰੀਆਂ ਚਾਰਨ ਵਾਲੇ, ਘਰੇਲੂ ਨੌਕਰ ਅਤੇ ਢਾਬਿਆਂ 'ਤੇ ਕੰਮ ਕਰਨ ਵਾਲਿਆਂ ਸਮੇਤ ਕਈ ਗ਼ਰੀਬ ਵਰਗਾਂ ਦੇ ਬੱਚਿਆਂ ਨੂੰ ਹਾਲੇ ਵੀ ਸਕੂਲ ਨਸੀਬ ਨਹੀਂ ਹਨ। ਅਧਿਆਪਕਾਂ ਦਾ ਕਹਿਣਾ ਹੈ ਕਿ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਕਾਰਨ ਸਿੱਖਿਆ ਦੀ ਨੀਂਹ ਕਮਜ਼ੋਰ ਹੈ ਪਰ ਤੱਥ ਇਸ ਦੀ ਪੁਸ਼ਟੀ ਨਹੀਂ ਕਰਦੇ।

ਸਿੱਖਿਆ ਦੀ ਦਸ਼ਾ ਬਾਬਤ ਰਾਸ਼ਟਰੀ ਪੱਧਰ ਦੇ 2014 ਦੇ ਸਰਵੇਖਣ ਦੀ ਸਾਲਾਨਾ ਰਿਪੋਰਟ ਅਨੁਸਾਰ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਵਿਚ ਪ੍ਰਾਈਵੇਟ ਸਕੂਲਾਂ ਵਿਚ ਦਾਖਲੇ ਦਾ ਰੁਝਾਨ ਜ਼ਿਆਦਾ ਵਧਿਆ ਹੈ। 2014 ਦੌਰਾਨ ਸਰਕਾਰੀ ਸਕੂਲਾਂ ਵਿਚ, 6-14 ਸਾਲ ਦੇ ਕੇਵਲ 48.8 ਫੀਸਦੀ ਬੱਚੇ ਹੀ ਦਾਖਲ ਹੋਏ। ਦੂਜੀ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ 16.0 ਫੀਸਦੀ ਅਤੇ 11.1 ਫੀਸਦੀ ਬੱਚਿਆਂ ਨੂੰ ਤਾਂ ਕ੍ਰਮਵਾਰ ਅੱਖਰਾਂ ਦੀ ਵੀ ਪਛਾਣ ਨਹੀਂ ਅਤੇ ਤੀਜੀ ਦੇ ਸਰਕਾਰੀ ਸਕੂਲਾਂ ਦੇ 32.3 ਫੀਸਦੀ ਤੇ ਪ੍ਰਾਈਵੇਟ ਦੇ 18.6 ਫੀਸਦੀ ਬੱਚੇ ਕੋਈ ਸ਼ਬਦ ਨਹੀਂ ਪੜ੍ਹ ਸਕੇ। ਸਰਕਾਰੀ ਸਕੂਲਾਂ ਦੇ 39.1 ਫੀਸਦੀ ਅਤੇ ਪ੍ਰਾਈਵੇਟ ਦੇ 26.2 ਫੀਸਦੀ ਪੰਜਵੀਂ ਦੇ ਬੱਚੇ ਦੂਜੀ ਦੀ ਕਿਤਾਬ ਵੀ ਨਹੀਂ ਪੜ੍ਹ ਸਕਦੇ। ਗਣਿਤ ਵਿਚ ਦੂਜੀ ਜਮਾਤ ਦੇ ਸਰਕਾਰੀ ਸਕੂਲਾਂ ਦੇ 10.4 ਫੀਸਦੀ ਅਤੇ ਪ੍ਰਾਈਵੇਟ ਦੇ 3.3 ਫੀਸਦੀ ਬੱਚੇ ਤਾਂ ਇਕ ਤੋਂ 9 ਤਕ ਅੰਕ ਵੀ ਪਛਾਣ ਨਹੀਂ ਸਕੇ। ਤੀਜੀ ਦੇ 42.4 ਫੀਸਦੀ ਨੂੰ 99 ਤਕ ਦੇ ਹਿੰਦਸਿਆਂ ਦੀ ਪਛਾਣ ਨਹੀਂ। ਸਰਕਾਰੀ ਤੇ ਪ੍ਰਾਈਵੇਟ ਵਿਚ ਪੰਜਵੀਂ ਜਮਾਤ ਦੇ ਕ੍ਰਮਵਾਰ 62.9 ਫੀਸਦੀ ਅਤੇ 46.1 ਫੀਸਦੀ ਬੱਚੇ ਭਾਗ ਨਹੀਂ ਕਰ ਸਕਦੇ।

ਅੱਠਵੀਂ ਜਮਾਤ ਦੇ ਵੀ 0.8 ਫੀਸਦੀ ਬੱਚੇ ਅੱਖਰ ਨਹੀਂ ਪਛਾਣ ਸਕਦੇ ਤੇ 13.8 ਫੀਸਦੀ ਦੂਜੀ ਦੀ ਕਿਤਾਬ ਵੀ ਪੜ੍ਹਨ ਤੋਂ ਅਸਮਰੱਥ ਹਨ; 5 ਫੀਸਦੀ ਤਾਂ ਪਹਿਲੀ ਦੀ ਕਿਤਾਬ ਵੀ ਨਹੀਂ ਪੜ੍ਹ ਸਕਦੇ। ਅੱਠਵੀਂ ਦੇ 0.6 ਫੀਸਦੀ ਬੱਚੇ ਇਕ ਤੋਂ 9 ਤਕ ਹਿੰਦਸੇ ਵੀ ਨਹੀਂ ਪਛਾਣ ਸਕਦੇ ਜਦਕਿ 38.2 ਫੀਸਦੀ ਨੂੰ ਇੱਕ ਅੰਕ ਨਾਲ ਵੀ ਭਾਗ ਕਰਨੀ ਨਹੀਂ ਆਉਂਦੀ। ਸਪਸ਼ਟ ਹੈ ਕਿ ਮੁਫ਼ਤ ਤੇ ਲਾਜ਼ਮੀ ਸਿੱਖਿਆ ਵਿਚ ਅਗਲੀ ਕਲਾਸ ਵਿਚ ਚੜ੍ਹਾਉਣ ਦੇ ਦੌਰ ਤੋਂ ਪਹਿਲੇ ਬੱਚਿਆਂ ਦਾ ਵੀ ਹਾਲ ਕੋਈ ਬਹੁਤ ਬਿਹਤਰ ਨਹੀਂ ਹੈ ਅਤੇ ਅਧਿਆਪਕਾਂ ਵਲੋਂ ਫੇਲ੍ਹ ਨਾ ਕਰਨ ਕਰ ਕੇ ਮਿਆਰ ਖਤਮ ਹੋਣ ਦੀ ਗੱਲ ਵਿਚ ਵੀ ਬਹੁਤਾ ਵਜ਼ਨ ਨਹੀਂ।

2010 ਦੌਰਾਨ ਕਿਸਾਨ ਕਮਿਸ਼ਨ ਪੰਜਾਬ ਵਲੋਂ ਪੇਂਡੂ ਸਕੂਲਾਂ ਸਬੰਧੀ ਖੇਤੀਬਾੜੀ ਯੂਨੀਵਰਸਿਟੀ ਕੋਲੋਂ ਕਰਵਾਏ ਸਰਵੇਖਣ ਅਨੁਸਾਰ ਵੀ ਪੰਜਵੀਂ ਜਮਾਤ ਦੇ 30 ਫੀਸਦੀ ਬੱਚੇ ਅਤੇ ਅੱਠਵੀਂ ਦੇ 12 ਫੀਸਦੀ ਬੱਚੇ ਪਹਿਲੀ ਦੀ ਕਿਤਾਬ ਤੋਂ ਅੱਗੇ ਨਹੀਂ ਟੱਪੇ। ਗਣਿਤ ਵਿਚ ਪੰਜਵੀਂ ਦੇ 3.6 ਫੀਸਦੀ ਅਤੇ ਅੱਠਵੀਂ ਦੇ 2.1 ਫੀਸਦੀ ਬੱਚਿਆਂ ਨੂੰ ਜਾਂ ਤਾਂ ਹਿੰਦਸਿਆਂ ਦੀ ਪਛਾਣ ਹੀ ਨਹੀਂ ਜਾਂ ਕੇਵਲ ਇਕ ਤੋਂ 9 ਤਕ ਦੇ ਹਿੰਦਸੇ ਹੀ ਪਛਾਣ ਸਕੇ। ਪੰਜਵੀਂ ਦੇ 31.2 ਫੀਸਦੀ ਅਤੇ ਅੱਠਵੀਂ ਦੇ 17.9 ਫੀਸਦੀ ਨੂੰ ਸਾਧਾਰਨ ਗੁਣਾ ਵੀ ਨਹੀਂ ਆਉਂਦੀ। ਸਰਕਾਰੀ ਸਕੂਲਾਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ ਦਾ ਪ੍ਰਦਰਸ਼ਨ ਵੀ ਕੋਈ ਬਹੁਤਾ ਬਿਹਤਰ ਨਹੀਂ। ਇਹ ਉਨ੍ਹਾਂ ਮਾਪਿਆਂ ਦੀਆਂ ਅੱਖਾਂ ਖੋਲ੍ਹਣ ਲਈ ਚੰਗਾ ਸਰੋਤ ਹੈ ਜਿਹੜੇ ਸਮਝਦੇ ਹਨ ਕਿ ਪ੍ਰਾਈਵੇਟ ਸਕੂਲਾਂ ਵਿਚ ਉਨ੍ਹਾਂ ਦੇ ਬੱਚੇ ਮੱਲਾਂ ਮਾਰ ਲੈਣਗੇ। ਪੇਂਡੂ ਇਲਾਕਿਆਂ ਵਿਚ ਵੀ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਦੀ ਵਧ ਰਹੀ ਗਿਣਤੀ ਦਾ ਤੇ ਲੋਕਾਂ ਦਾ ਸਰਕਾਰੀ ਸਕੂਲਾਂ ਵਲੋਂ ਮੂੰਹ ਮੋੜਨ ਦਾ ਕਾਰਨ ਜਾਣਨ ਦੀ ਲੋੜ ਹੈ।

ਸੰਸਾਰ ਪੱਧਰ ਉਪਰ ਸਾਬਤ ਹੋ ਚੁੱਕਾ ਹੈ ਕਿ ਵਿਸ਼ੇਸ਼ ਕਰ ਕੇ ਘੱਟੋ-ਘੱਟ ਪਹਿਲੇ ਪੰਜ ਸਾਲ ਅਤੇ ਆਮ ਤੌਰ 'ਤੇ ਪਹਿਲੇ ਅੱਠ ਸਾਲ ਤਕ, ਬੱਚੇ ਨੂੰ ਜੇ ਭਾਸ਼ਾ ਅਤੇ ਗਣਿਤ ਵਿਚ ਨਿਪੁੰਨ ਕਰ ਦਿੱਤਾ ਜਾਵੇ ਤਾਂ ਉਹ ਆਪਣੇ ਜੀਵਨ ਵਿਚ ਕਿਸੇ ਵੀ ਵਿਸ਼ੇ ਨੂੰ ਸਮਝਣ ਤੇ ਪੜ੍ਹਨ ਵਿਚ ਸਮਰੱਥ ਰਹੇਗਾ ਪਰ ਜੇ ਭਾਸ਼ਾ ਤੇ ਗਣਿਤ ਵਿਚ ਕਮਜ਼ੋਰੀ ਰਹਿ ਜਾਵੇ ਤਾਂ ਉਹ ਗੁਣਵਤਾ ਵਾਲੀ ਸਿੱਖਿਆ ਤੋਂ ਵਾਂਝਾ ਰਹਿ ਜਾਵੇਗਾ।

ਅਕਾਦਮਿਕ ਕਦਰਾਂ ਕੀਮਤਾਂ ਵੱਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪਾਠ ਪੁਸਤਕਾਂ ਬਣਾਉਣ ਵਿਚ ਸਿੱਖਣ ਪ੍ਰਕਿਰਿਆ ਦੇ ਮੂਲ ਸੂਤਰ 'ਜਾਣੇ ਤੋਂ ਅਣਜਾਣੇ', 'ਸੌਖੇ ਤੋਂ ਔਖੇ' ਤੇ 'ਸਥੂਲ ਤੋਂ ਸੂਖਮ' ਦੇ ਸਿਧਾਂਤ ਨੂੰ ਲਾਗੂ ਕਰਨ ਦੀ ਥਾਂ ਬਸਤੇ ਦਾ ਬੋਝ ਹੀ ਵਧਾਇਆ ਹੈ। ਬੋਰਡ ਦੀ 100 ਪੰਨਿਆਂ ਤੋਂ ਵੱਧ ਪਹਿਲੀ ਦੀ ਗਣਿਤ ਦੀ ਕਿਤਾਬ ਦਾ ਪਹਿਲਾ ਪੰਨਾ ਪੈਂਗੁਇਨ ਦੇ ਚਿੱਤਰ ਨਾਲ ਸ਼ੁਰੂ ਹੁੰਦਾ ਹੈ। ਸਿੱਖਿਆ ਦਾ ਬਜਟ 1967-68 ਵਿਚ ਕੁੱਲ ਬਜਟ ਦਾ 36.62 ਫੀਸਦੀ ਸੀ ਜੋ ਘਟ ਕੇ 2014-15 ਵਿਚ 12.40 ਫੀਸਦੀ ਰਹਿ ਗਿਆ ਹੈ। ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਦਲਿਤਾਂ, ਖੇਤ ਮਜ਼ਦੂਰਾਂ, ਗ਼ਰੀਬ ਕਿਸਾਨਾਂ ਅਤੇ ਹੋਰ ਗ਼ਰੀਬ ਵਰਗਾਂ ਵਿਚੋਂ ਹੀ ਆਉਂਦੇ ਹਨ। ਇਨ੍ਹਾਂ ਬੱਚਿਆਂ ਜਾਂ ਮਾਪਿਆਂ ਦੀ ਕੋਈ ਬਹੁਤੀ ਨਹੀਂ ਸੁਣਦਾ ਅਤੇ ਉਹ ਵੀ ਕਈ ਵਾਰ ਆਪਣਾ ਪੱਖ ਰੱਖਣ ਤੋਂ ਅਸਮਰੱਥ ਰਹਿ ਜਾਂਦੇ ਹਨ ਜਿਸ ਕਰ ਕੇ ਇਨ੍ਹਾਂ ਦਾ ਭਵਿੱਖ ਰੁਲ ਜਾਂਦਾ ਹੈ। ਇਹ ਨਹੀਂ ਮੰਨਿਆ ਜਾ ਸਕਦਾ ਕਿ ਸਰਕਾਰੀ ਸਕੂਲਾਂ ਵਿਚ ਕੇਵਲ ਕਮਜ਼ੋਰ ਬੱਚੇ ਆਉਂਦੇ ਹਨ। ਕੀ ਸਾਰੇ ਗ਼ਰੀਬ ਬੱਚੇ ਪੜ੍ਹਨ ਵਿਚ ਕਮਜ਼ੋਰ ਤੇ ਸਾਰੇ ਅਮੀਰ ਹੁਸ਼ਿਆਰ ਹੁੰਦੇ ਹਨ? ਸੋਚਣ ਦੀ ਲੋੜ ਹੈ।

ਆਪਣਾ ਪੰਜਾਬ ਇਸ ਵੇਲੇ ਬੜੇ ਔਖੇ ਦੌਰ ਵਿਚੋਂ ਲੰਘ ਰਿਹਾ ਹੈ। ਸਿਆਸਤ ਵਿਚ ਅੰਤਾਂ ਦੇ ਆਏ ਨਿਘਾਰ ਨੇ ਸੂਬੇ ਨੂੰ ਗੋਡਿਆਂ ਪਰਨੇ ਕੀਤਾ ਹੋਇਆ ਹੈ। ਇਸ ਔਖੇ ਹਾਲਾਤ ਵਿਚ ਵੀ ਬਹੁਤ ਸਾਰੀਆਂ ਥਾਂਵਾਂ ਉਤੇ ਜੁਝਾਰੂ ਲੋਕ ਅਤੇ ਜਥੇਬੰਦੀਆਂ ਆਪੋ-ਆਪਣੀ ਸਮਰੱਥਾ ਮੁਤਾਬਕ, ਮੂੰਹਜ਼ੋਰ ਹੋਈ ਸੱਤਾ-ਧਿਰ ਨਾਲ ਡਟ ਕੇ ਲੋਹਾ ਲੈ ਰਹੀਆਂ ਹਨ। ਉਂਜ ਇਸ ਲੜਾਈ ਦੀਆਂ ਖ਼ਬਰਾਂ, ਮੁੱਖ ਧਾਰਾ ਮੀਡੀਆ ਦਾ ਸਰੋਕਾਰ ਘੱਟ ਹੀ ਬਣਦੀਆਂ ਹਨ, ਸਿੱਟੇ ਵਜੋਂ ਅਜਿਹੇ ਸੰਘਰਸ਼ਾਂ ਬਾਰੇ ਛੇਤੀ ਕੀਤੇ ਪਤਾ ਹੀ ਨਹੀਂ ਲੱਗਦਾ, ਜਾਂ ਮਾੜੀ-ਮੋਟੀ ਟੁੱਟਵੀਂ ਜਾਣਕਾਰੀ ਹੀ ਮਿਲਦੀ ਹੈ। ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਐਤਕੀਂ ਇਨ੍ਹਾਂ ਹਾਲਾਤ ਬਾਰੇ ਬੜੀ ਤਿੱਖੀ ਅਤੇ ਭਾਵੁਕ ਟਿੱਪਣੀ ਕੀਤੀ ਹੈ ਅਤੇ ਨਾਲ ਦੀ ਨਾਲ ਆਮ ਲੋਕਾਂ ਤੇ ਸੱਤਾਧਾਰੀਆਂ ਨੂੰ ਝੰਜੋੜਦਿਆਂ ਅਹਿਮ ਸਵਾਲ ਸਭ ਦੇ ਸਾਹਮਣੇ ਰੱਖੇ ਹਨ। -ਸੰਪਾਦਕ

# ਬੁਰਾ ਹਾਲ ਹੋਇਆ ਪੰਜਾਬ ਦਾ...

ਇਰਾਕ ਵਿਚ ਬੰਦੀ ਬਣਾਏ 39 ਮੁੰਡਿਆਂ ਦੀ ਹੋਣੀ ਬਾਰੇ ਧੁੰਦਲਕਾ ਕਾਇਮ ਹੈ, ਪਰ ਜਾਨ ਨੂੰ ਖਦਸ਼ੇ ਕਾਰਨ ਸਰਕਾਰੀ ਪਹਿਲਕਦਮੀਆਂ ਨਾਲ ਵਾਪਸ ਪੁੱਜੇ ਮੁੰਡੇ ਮੁੜ ਪਿਛੇ ਪਰਤਣੇ ਸ਼ੁਰੂ ਹੋ ਗਏ ਹਨ। ਇਰਾਕ 'ਚ ਕੱਟੜਪੰਥੀ ਤਾਕਤਾਂ ਦੇ ਮੂੰਹਜ਼ੋਰ ਹਮਲੇ ਕਾਰਨ ਬਹੁਤ ਸਾਰੇ ਭਾਰਤੀਆਂ ਨੂੰ ਜਹਾਜ਼ਾਂ ਰਾਹੀਂ ਵਾਪਸ ਲਿਆਂਦਾ ਗਿਆ ਸੀ। ਵਿਦੇਸ਼ ਮੰਤਰਾਲੇ ਦੀਆਂ ਪਹਿਲਕਦਮੀਆਂ ਤੇ ਖੁਫ਼ੀਆ ਏਜੰਸੀਆਂ ਦੀ ਮੁਸ਼ੱਕਤ ਨਾਲ ਇਹ ਰਾਹਤ ਸੰਭਵ ਹੋਈ ਸੀ। ਹੁਣ ਪੰਜਾਬ ਦੇ ਤਕਰੀਬਨ ਵੀਹ ਮੁੰਡੇ ਇਰਾਕ ਪਰਤ ਜਾਣ ਦੀਆਂ ਖ਼ਬਰਾਂ ਆ ਚੁੱਕੀਆਂ ਹਨ; ਕਈ ਵਾਪਸ ਜਾਣ ਦੀ ਤਿਆਰੀ ਵਿਚ ਹਨ। ਅਸਲ ਗਿਣਤੀ ਜ਼ਿਆਦਾ ਵੀ ਹੋ ਸਕਦੀ ਹੈ। ਜਦੋਂ ਉਥੇ ਬੰਦੀ ਬਣੇ ਮੁੰਡਿਆਂ ਦੀ ਹੋਣੀ ਬਾਰੇ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀਆਂ ਹਨ ਤਾਂ ਇਹ ਮੁੰਡੇ ਇਰਾਕ ਕਿਉਂ ਜਾ ਰਹੇ ਹਨ? ਜਦੋਂ ਬੰਦੀ ਮੁੰਡਿਆਂ ਦੇ ਵਾਰਸ



**ਦਲਜੀਤ ਅਮੀ**
ਫੋਨ: +91-97811-21873

ਉਨ੍ਹਾਂ ਦੀ ਹੋਣੀ ਦੀ ਥਾਹ ਪਾਉਣ ਲਈ ਦਰ-ਬ-ਦਰ ਭਟਕ ਰਹੇ ਹਨ ਤਾਂ ਵਾਪਸ ਪਰਤਣ ਵਾਲਿਆਂ ਦੇ ਘਰਾਂ ਵਿਚ ਕੀ ਸੋਚ ਚੱਲ ਰਹੀ ਹੈ? ਕਿਸੇ ਵੀ ਅੰਦਾਜ਼ੇ ਨਾਲ ਇਹ ਮੁੰਡੇ ਆਪਣੀ ਜਾਨ ਖਤਰੇ ਵਿਚ ਪਾ ਰਹੇ ਹਨ। ਉਂਜ ਇਹ ਪਹਿਲੀ ਵਾਰ ਨਹੀਂ ਹੋਇਆ। ਮਾਲਟਾ ਕਾਂਡ ਵਿਚੋਂ ਜਾਨ ਬਚਾ ਕੇ ਆਏ ਕਈ ਮੁੰਡੇ ਜਲਦੀ ਨਾਲ ਉਨ੍ਹਾਂ ਹੀ ਰਾਹਾਂ ਉਤੇ ਵਿਦੇਸ਼ਾਂ ਨੂੰ ਤੁਰ ਗਏ ਸਨ।

ਇਨ੍ਹਾਂ ਮੁੰਡਿਆਂ ਬਾਰੇ ਇਹ ਸੁਆਲ ਪੁੱਛਣਾ ਬਣਦਾ ਹੈ ਕਿ ਉਹ ਜ਼ਿੰਦਗੀ ਨੂੰ ਦਾਅ 'ਤੇ ਕਿਉਂ ਲਗਾ ਰਹੇ ਹਨ? ਬੰਦੀਆਂ ਦੀ ਚਿੰਤਾ ਕਰਨ ਵਾਲਾ ਪੰਜਾਬ ਇਨ੍ਹਾਂ ਨੂੰ ਜਾਣ ਤੋਂ ਕਿਉਂ ਨਹੀਂ ਰੋਕਦਾ? ਬੰਦੀਆਂ ਨਾਲੋਂ ਬਚ ਕੇ ਬੰਗਲਾਦੇਸ਼ ਅਤੇ ਭਾਰਤ ਆਏ ਸਾਥੀਆਂ ਦੇ ਦਾਅਵੇ ਹਨ ਕਿ ਉਨ੍ਹਾਂ ਨੂੰ ਮਾਰ ਦਿੱਤਾ ਹੈ, ਪਰ ਵਿਦੇਸ਼ ਮੰਤਰਾਲਾ ਉਨ੍ਹਾਂ ਦੇ ਸਲਾਮਤ ਹੋਣ ਦਾ ਵਾਅਦਾ ਕਰ ਰਿਹਾ ਹੈ। ਬੰਦੀਆਂ ਦੇ ਜਿਉਂਦੇ ਪਰਤੇ ਸਾਥੀਆਂ ਦੀਆਂ ਚਸ਼ਮਦੀਦ ਗਵਾਹੀਆਂ ਜਾਂ ਵਿਦੇਸ਼ ਮੰਤਰਾਲੇ ਦੇ ਭਰੋਸੇਯੋਗ ਸੂਤਰਾਂ ਵਿਚੋਂ ਸੱਚ ਭਾਵੇਂ ਕੁਝ ਵੀ ਨਿਕਲੇ ਪਰ ਦੋਵਾਂ ਹਾਲਾਤ ਵਿਚ ਇਰਾਕ ਵਿਚ ਪਰਵਾਸੀਆਂ ਦੀ ਜਾਨ ਨਾਲ ਜੁੜੇ ਖਦਸ਼ੇ ਘੱਟ ਨਹੀਂ ਹੋ ਜਾਂਦੇ। ਪੰਜਾਬ ਦੇ ਮੁੰਡਿਆਂ ਨੂੰ ਕੋਈ ਕਿਉਂ ਨਹੀਂ ਕਹਿੰਦਾ ਕਿ ਉਥੇ ਜਾਨ ਖਤਰੇ ਵਿਚ ਹੈ; ਮੌਤ ਸਹੇੜਨ ਦੀ ਥਾਂ ਇੱਥੇ ਦੋ ਬੁਰਕੀਆਂ ਘੱਟ ਨਾਲ ਗੁਜ਼ਾਰਾ ਕਿਉਂ ਨਹੀਂ ਕੀਤਾ ਜਾ ਸਕਦਾ? ਇਹ ਤਵੱਕੋ ਤਾਂ ਸਿਆਸੀ ਅਤੇ ਸਮਾਜਕ ਨਿਜ਼ਾਮ ਦੇ ਹਰ ਅਦਾਰੇ ਤੋਂ ਕੀਤੀ ਜਾ ਸਕਦੀ ਹੈ ਕਿ ਇਨ੍ਹਾਂ ਨੂੰ ਰੋਕਣ ਦਾ ਤਰੱਦਦ ਕਰੇ। ਜੇ ਸਰਕਾਰ ਬੰਦੀਆਂ ਨੂੰ ਵਾਪਸ ਲਿਆਉਣ ਦਾ ਵਾਅਦਾ ਕਰਦੀ ਹੈ ਤਾਂ ਉਸੇ ਪਾਸੇ ਨੂੰ ਤੁਰੇ ਮੁੰਡਿਆਂ ਨੂੰ ਰੋਕਣ ਦਾ ਉਪਰਾਲਾ ਕਿਉਂ ਨਹੀਂ ਕਰਦੀ? ਸਭ ਤੋਂ ਅਹਿਮ ਸੁਆਲ ਤਾਂ ਇਹੋ ਹੈ ਕਿ ਪੰਜਾਬੀ ਬੰਦੇ ਨੂੰ ਖ਼ਾਨਾਜੰਗੀ ਦਾ ਸ਼ਿਕਾਰ ਮੁਲਕ ਆਪਣੀ ਮੰਜ਼ਿਲ ਕਿਉਂ ਲਗਦਾ ਹੈ?

ਕੀ ਇਰਾਕ ਦੇ ਖਦਸ਼ੇ ਸਹੇੜਨਾ ਪੰਜਾਬ ਵਿਚ ਜਿਉਣ ਨਾਲੋਂ ਬਿਹਤਰ ਹੈ? ਇਸ ਸੁਆਲ ਨੂੰ ਟਾਲਿਆ ਜਾ ਸਕਦਾ ਹੈ ਕਿ ਪੂਰੇ ਦੱਖਣੀ ਏਸ਼ੀਆਈ ਮੁਲਕਾਂ ਦੇ ਮੁੰਡੇ-ਕੁੜੀਆਂ ਇਸ ਰੁਝਾਨ ਦਾ ਹਿੱਸਾ ਹਨ। ਰੁਝਾਨ ਦੇ ਮਾਮਲੇ ਵਿਚ ਤਾਂ ਰੂਮ ਸਾਗਰ ਪਾਰ ਕਰਨ ਲੱਗਿਆ ਅਫਰੀਕਾ, ਪੱਛਮੀ ਯੂਰਪ ਵਿਚ ਰਿਆਇਤਾਂ ਭਾਲਦਾ ਪੂਰਬੀ ਯੂਰਪ ਅਤੇ ਲਾਤੀਨੀ ਅਮਰੀਕਾ ਤੋਂ ਉਤਰੀ ਅਮਰੀਕਾ ਜਾਣ ਦਾ ਤਰੱਦਦ ਕਰਦਾ ਮੁਲਕ ਪੰਜਾਬੀਆਂ ਦੀ ਹੋਣੀ ਦਾ ਸਾਂਝੀਵਾਲ ਹੈ। ਰੁਝਾਨ ਦੇ ਵਡੇਰਾ ਹੋ ਜਾਣ ਨਾਲ ਤਾਂ ਸੁਆਲ ਦੀ ਅਹਿਮੀਅਤ ਖਤਮ ਨਹੀਂ ਹੋ ਜਾਂਦੀ। ਪੰਜਾਬ ਦੇ ਸੁਆਲ ਦਾ ਆਲਮੀ ਹਾਲਾਤ ਨਾਲ ਰਿਸ਼ਤਾ ਬਣਦਾ ਹੈ ਪਰ ਇਨ੍ਹਾਂ ਦੀਆਂ ਮੁਕਾਮੀ ਤੰਦਾਂ ਦੀ ਅਹਿਮੀਅਤ ਹੈ। ਜੇ ਕਿਸੇ ਮਾਮਲੇ ਵਿਚ ਬੰਗਲਾਦੇਸ਼, ਪਾਕਿਸਤਾਨ ਜਾਂ ਸ੍ਰੀਲੰਕਾ ਨਾਕਾਮਯਾਬ ਰਹੇ ਹਨ ਤਾਂ ਇਸ ਨਾਲ ਭਾਰਤ ਦੀ ਨਾਕਾਮਯਾਬੀ ਢਕੀ ਨਹੀਂ ਜਾਂਦੀ। ਜੇ ਕੇਰਲਾ ਦੀਆਂ ਬੀਬੀਆਂ ਹਰ ਹਾਲਤ ਵਿਚ ਅਰਬੀ ਮੁਲਕਾਂ ਦੇ ਹਸਪਤਾਲਾਂ ਵਿਚ ਨੌਕਰੀ ਕਰਨ ਜਾ ਰਹੀਆਂ ਹਨ ਤਾਂ ਇਸ ਨਾਲ ਇਰਾਕ ਵਿਚ ਮਜ਼ਦੂਰੀ ਕਰਨ ਜਾਂਦੇ ਮੁੰਡਿਆਂ ਦਾ ਸੁਆਲ ਛੋਟਾ ਨਹੀਂ ਹੋ ਜਾਂਦਾ। ਪੰਜਾਬੀ ਬੰਦੇ ਦਾ ਸੁਆਲ ਤਾਂ ਪੰਜਾਬ ਵਿਚ ਪੁੱਛਿਆ ਜਾਣਾ ਹੀ ਚਾਹੀਦਾ ਹੈ। ਦਰਦਮੰਦ ਆਲਮੀ ਸ਼ਹਿਰੀ ਵਜੋਂ ਤਾਂ ਦੂਜੇ ਮੁਲਕਾਂ ਦੇ ਸ਼ਹਿਰੀਆਂ ਨਾਲ ਵੀ ਰਿਸ਼ਤੇਦਾਰੀ ਪੁਗਾਉਣ ਦੀ ਤਵੱਕੋ ਕੀਤੀ ਜਾਂਦੀ ਹੈ ਪਰ ਮੁਕਾਮੀ ਮਸਲਿਆਂ ਨੂੰ ਸਰਕਾਰਾਂ ਦੀ ਕਾਰਗੁਜ਼ਾਰੀ ਅਤੇ ਸਮਾਜਕ ਹਾਲਾਤ ਨਾਲ ਜੋੜ ਕੇ ਸਮਝਣਾ ਜ਼ਰੂਰੀ ਹੈ।

ਦਰਅਸਲ ਇਹ ਮਸਲੇ ਦਾ ਇੱਕ ਪਾਸਾ ਹੈ ਕਿ ਕੋਈ ਇਨ੍ਹਾਂ ਮੁੰਡਿਆਂ ਉਤੇ ਹੱਕ-ਪਿਆਰ ਜਤਾਵੇ ਤੇ ਜ਼ਿੰਦਗੀ ਵਰਗਾ ਵਾਅਦਾ ਕਰੇ ਤਾਂ ਇਹ ਰੁਕ ਸਕਦੇ ਹਨ। ਦੂਜਾ ਪਾਸਾ ਇਹ ਹੈ ਕਿ ਮੁੰਡਿਆਂ ਅੰਦਰ ਉਹ ਜ਼ਮੀਨ ਕਿੱਥੇ ਹੈ ਜਿਸ ਉਤੇ ਹੱਕ-ਪਿਆਰ ਅਤੇ ਜ਼ਿੰਦਗੀ ਵਰਗੀਆਂ ਸ਼ੈਆਂ ਜੜ੍ਹ ਫੜਦੀਆਂ ਹਨ? ਇਸ ਸੁਆਲ ਦਾ ਜੁਆਬ ਪੰਜਾਬ ਦੇ ਹਾਲਾਤ ਵਿਚ ਭਾਲਿਆ ਜਾ ਸਕਦਾ ਹੈ। ਰੁਜ਼ਗਾਰ-ਕਾਰੋਬਾਰ-ਵਪਾਰ ਦੇ ਘੇਰੇ ਵਿਚੋਂ ਵੱਡਾ ਤਬਕਾ ਬਾਹਰ ਹੋ ਗਿਆ ਹੈ। ਰਵਾਇਤੀ ਸਨਅਤ ਅਤੇ ਧੰਦੇ ਮੌਜੂਦਾ ਦੌਰ ਦੀ ਰਕਮ ਮੁਖੀ ਜੀਵਨ ਸ਼ੈਲੀ ਦਾ ਭਾਰ ਚੁੱਕਣ ਤੋਂ ਮੁਨਕਰ ਹਨ। ਇਸੇ ਦੌਰ ਵਿਚ ਇਹ ਦਲੀਲ ਭਾਰੂ ਹੈ ਕਿ ਨੌਜਵਾਨ ਵਿਹਲੇ ਫਿਰਨਾ ਗਿੱਝੇ ਹੋਏ ਹਨ ਅਤੇ ਨਸ਼ਿਆਂ ਦੇ ਆਦੀ ਹਨ। ਹਰ ਨੌਜਵਾਨ ਨਸ਼ਿਆਂ ਦੇ ਮਾਮਲੇ ਵਿਚ ਸ਼ੱਕ ਦੇ ਘੇਰੇ ਵਿਚ ਹੈ। ਫਿਲਮ ਅਤੇ ਸੰਗੀਤ ਸਨਅਤ ਇਸੇ ਅਕਸ ਨੂੰ ਉਘਾੜ ਕੇ ਪੇਸ਼ ਕਰਦੀ ਹੈ। ਸ਼ੱਕ ਦੇ ਘੇਰੇ ਵਿਚ ਆਇਆ ਨੌਜਵਾਨ ਸਮਾਜਕ-ਸਿਆਸੀ ਜ਼ਲਾਲਤ ਤੋਂ ਕਿਵੇਂ ਬਚੇ? ਨਸ਼ਿਆਂ ਦੇ ਸਹਾਰੇ ਤੋਂ ਕਿਵੇਂ ਬਚੇ? ਜੇ ਉਹ ਸਿਦਕਦਿਲੀ ਨਾਲ ਇਨ੍ਹਾਂ ਤੋਂ ਬਚ ਜਾਵੇ ਤਾਂ ਜਿਉਣ ਦਾ ਖੇੜਾ ਕਿੱਥੋਂ ਲਿਆਵੇ? ਉਨ੍ਹਾਂ ਦੇ ਅੰਦਰ ਜਿਉਣ ਦਾ ਚਾਅ ਕੋਈ ਕਿਵੇਂ ਜਗਾਵੇ?

ਜਿਨ੍ਹਾਂ ਨੂੰ 'ਸੱਪਾਂ ਦੀਆਂ ਸਿਰੀਆਂ ਮਿੱਧ ਕੇ' ਮਾਣ-ਇੱਜ਼ਤ ਵਾਲੀ ਜ਼ਿੰਦਗੀ ਨਸੀਬ ਨਹੀਂ ਹੋਈ, ਉਹ ਅੰਨ੍ਹੇਵਾਹ ਵਰ੍ਹਦੀਆਂ ਗੋਲੀਆਂ ਵਿਚੋਂ 'ਤੀਹ ਅਮਰੀਕੀ ਡਾਲਰ' ਦੀ ਦਿਹਾੜੀ ਕਰਨ ਕਿਉਂ ਨਾ ਜਾਣ? ਜੇ ਸਰਕਾਰਾਂ ਘੱਟੋ-ਘੱਟ ਮਜ਼ਦੂਰੀ ਯਕੀਨੀ ਬਣਾਉਣ ਅਤੇ ਸੰਵਿਧਾਨਕ ਵਾਅਦੇ (ਚੋਣ ਵਾਅਦਿਆਂ ਦੀ ਜੇ ਗੱਲ ਛੱਡ ਵੀ ਦਿੱਤੀ ਜਾਵੇ) ਪੂਰਾ ਕਰਨ ਵਿਚ ਨਾਕਾਮਯਾਬ ਰਹੀਆਂ ਹੋਣ ਤਾਂ ਕੋਈ ਅੰਨ੍ਹੇਵਾਹ ਚਲਦੀ ਬੰਦੂਕ ਤੋਂ ਕਿਉਂ ਡਰੇ? ਜਦੋਂ ਫੈਸਲਾ ਜ਼ਲਾਲਤ ਅਤੇ ਥੁੜ੍ਹ ਨਾਲ ਸੁੱਕ ਜਾਣ ਜਾਂ ਗੋਲੀ ਨਾਲ ਮਰ ਜਾਣ ਵਿਚ ਕਰਨਾ ਹੈ ਤਾਂ ਇਕ ਝਟਕੇ ਨਾਲ ਮਰ ਜਾਣ ਦਾ ਫੈਸਲਾ ਬਿਹਤਰ ਜਾਪਦਾ ਹੈ? ਉਂਜ ਇਸ ਫੈਸਲੇ ਉਤੇ ਸੁਆਲ ਕਰਨ ਦਾ ਹੱਕ ਕਿਸ ਨੂੰ ਹੈ? ਹੁਸ਼ਿਆਰਪੁਰ ਦਾ ਨਛੱਤਰ ਸਿੰਘ ਜੁਲਾਈ 2014 ਵਿਚ ਇਰਾਕ ਤੋਂ ਆਇਆ ਸੀ ਅਤੇ ਹੁਣ ਵਾਪਸ ਚਲਿਆ ਗਿਆ ਹੈ। ਨਛੱਤਰ ਨੇ ਇਰਾਕ ਤੋਂ 'ਇੰਡੀਅਨ ਐਕਸਪ੍ਰੈਸ' ਦੀ ਪੱਤਰਕਾਰ ਅੰਜੂ ਅਗਨੀਹੋਤਰੀ ਚਾਬਾ ਨੂੰ ਦੱਸਿਆ ਹੈ, "ਕੁਝ ਮਹੀਨੇ ਮਜ਼ਦੂਰੀ ਕੀਤੀ ਪਰ ਦੋ ਡੰਗ ਦੀ ਰੋਟੀ ਤੱਕ ਨਹੀਂ ਜੁੜੀ।" ਜਲੰਧਰ ਦਾ ਗੌਰਵ, ਪਟਿਆਲੇ ਦਾ ਗੁਰਜੀਤ ਅਤੇ ਹੁਸ਼ਿਆਰਪੁਰ ਦਾ ਪ੍ਰਿੰਸ ਨਾ ਸਿਰਫ਼ ਨਛੱਤਰ ਦੇ ਸਫ਼ਰ ਦੇ ਸਾਥੀ ਹਨ ਸਗੋਂ ਹੋਣੀ ਦੇ ਸਾਂਝੀਵਾਲ ਵੀ ਹਨ।

ਇਹ ਮੁੰਡੇ 'ਇਸਲਾਮਿਕ ਸਟੇਟ' ਦੀਆਂ ਬੰਦੂਕਾਂ ਅੱਗੇ ਰੁਜ਼ਗਾਰ ਲਈ ਗਏ ਹਨ। ਜੇ ਉਨ੍ਹਾਂ ਦੇ ਘਰ ਦੇ ਕੁਝ ਸਰਦੇ-ਪੁੱਜਦੇ ਹੁੰਦੇ ਤਾਂ ਸ਼ਾਇਦ ਉਹ ਉਤਰੀ ਅਮਰੀਕਾ, ਯੂਰਪ ਜਾਂ ਆਸਟਰੇਲੀਆ ਜਾਣ ਦਾ ਜੁਗਾੜ ਕਰਦੇ। ਉਹ ਸ਼ਾਇਦ ਜਾਨ ਦਾ ਜੋਖਮ ਲੈਣ ਦੀ ਥਾਂ ਸਮਾਜਕ ਕਦਰਾਂ-ਕੀਮਤਾਂ ਦੀ ਕੁਰਬਾਨੀ ਦੇ ਕੇ ਸੱਤ ਸਮੁੰਦਰ ਪਾਰ ਕਰ ਜਾਂਦੇ। ਉਨ੍ਹਾਂ ਵਰਗੇ ਹਾਲਾਤ ਵਿਚੋਂ ਹੀ ਕੁਝ ਲੋਕ ਪੰਜਾਬ ਵਿਚ ਆਪਣੀ ਹੋਣੀ ਬਦਲਣ ਦਾ ਤਰੱਦਦ ਕਰਦੇ ਹਨ। ਬਠਿੰਡਾ ਜ਼ਿਲ੍ਹੇ ਦੇ ਹਮੀਰਗੜ੍ਹ ਪਿੰਡ ਵਿਚ ਦਲਿਤ ਤਬਕੇ ਦੀ ਰੂੜੀਆਂ ਲਗਾਉਣ ਲਈ ਥਾਂ ਦੀ ਮੰਗ ਦੇ ਜੁਆਬ ਵਿਚ ਹੁਕਮਰਾਨ ਸਿਆਸੀ ਧਿਰ ਦੇ ਕਾਰਕੁਨਾਂ ਨੇ ਪਿੰਡ ਦੇ ਜੱਟਾਂ ਨਾਲ ਮਿਲ ਕੇ ਪੁਲਿਸ ਦੀ ਅਗਵਾਈ ਵਿਚ ਹਮਲਾ ਕੀਤਾ। ਹਮਲੇ ਵਿਚ ਜ਼ਖਮੀ ਹੋਈਆਂ ਬੀਬੀਆਂ ਦੀਆਂ ਤਸਵੀਰਾਂ ਨੂੰ ਇਰਾਕ ਦੀਆਂ ਦੱਸ ਦਿੱਤਾ ਜਾਵੇ ਤਾਂ ਦੇਖਣ ਵਾਲਾ ਯਕੀਨ ਕਰ ਲਵੇਗਾ ਅਤੇ ਉਸ ਮੁਲਕ ਦੇ ਆਵਾਮ ਦੀ ਖ਼ਸਤਾ ਹਾਲਤ ਬਾਬਤ ਭਾਵੇਂ ਰਸਮੀ ਹੀ ਸਹੀ ਪਰ ਅਫਸੋਸ ਜ਼ਰੂਰ ਕਰੇਗਾ। ਪੰਜਾਬ ਅੰਦਰਲੇ ਇਸ ਇਰਾਕ ਨੂੰ ਅਖ਼ਬਾਰਾਂ ਨੇ ਨਜ਼ਰਅੰਦਾਜ਼ ਕੀਤਾ ਹੈ ਅਤੇ ਇਸ ਵੇਲੇ ਇਰਾਦਾ ਕਤਲ ਦੇ ਇਲਜ਼ਾਮ ਵਿਚ ਬਾਰਾਂ ਮਰਦ ਅਤੇ ਚਾਰ ਬੀਬੀਆਂ ਜੇਲ੍ਹ ਵਿਚ ਬੰਦ ਹਨ। ਹਸਪਤਾਲਾਂ ਵਿਚ ਪਈਆਂ ਬੀਬੀਆਂ ਨੂੰ ਲੱਗੇ ਸਟੈਨ ਗਰਨੇਡਾਂ ਦੀ ਤਸਦੀਕ ਪੁਲਿਸ ਦੀਆਂ ਮਿਸਲਾਂ ਵਿਚੋਂ ਹੁੰਦੀ ਹੈ।



ਵਿਦਿਆਰਥੀ ਆਗੂ ਹਰਦੀਪ ਕੌਰ ਜਿਸ ਨੂੰ ਜੇਲ੍ਹ ਅੰਦਰ ਸੁੱਟਿਆ ਗਿਆ ਹੈ।

ਹਮੀਰਗੜ੍ਹ ਨੂੰ ਵਿੱਕੋਲਿਤਰੀ ਘਟਨਾ ਕਰਾਰ ਦਿੱਤਾ ਜਾ ਸਕਦਾ ਹੈ ਪਰ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਵਲੋਂ ਨਜ਼ਰਅੰਦਾਜ਼ ਕੀਤੀਆਂ ਘਟਨਾਵਾਂ ਕੁਝ ਹੋਰ ਬਿਆਨ ਕਰਦੀਆਂ ਹਨ। ਲੰਬੀ ਹਲਕੇ ਦਾ ਪਿੰਡ ਸਿੰਘੇਵਾਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੇ ਪਿੰਡ ਬਾਦਲ ਤੋਂ ਤਕਰੀਬਨ ਅੱਠ ਕਿਲੋਮੀਟਰ ਦੂਰ ਹੈ। ਇਸ ਪਿੰਡ ਦੇ ਲੋਕਾਂ ਨੇ ਕਈ ਵਾਰ ਆਪਣੇ ਵਿਧਾਇਕ ਦੀ ਜੁਆਬਤਲਬੀ ਕੀਤੀ ਹੈ। ਚੋਣਾਂ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਪਿੰਡ ਵੜਨ ਨਹੀਂ ਦਿੱਤਾ ਗਿਆ ਸੀ। ਇਸ ਪਿੰਡ ਦੇ ਦਲਿਤ ਪਰਿਵਾਰਾਂ ਦੀ ਮੰਗ ਸੀ ਕਿ ਕਾਨੂੰਨ ਮੁਤਾਬਕ ਘਰਾਂ ਤੋਂ ਬਾਹਰ ਬਿਜਲੀ ਦੇ ਮੀਟਰ ਲਗਾਉਣ ਵੇਲੇ ਘਰ ਦੇ ਅੰਦਰ ਡਿਸਪਲੇ ਲਗਾਏ ਜਾਣ। ਇਸ ਪਿੰਡ ਦੀ ਮਜ਼ਦੂਰ ਆਗੂ ਗੁਰਮੇਲ ਕੌਰ ਦੇ ਪਰਿਵਾਰ ਦੀਆਂ ਤਿੰਨ



ਪਿੰਡ ਹਮੀਰਗੜ੍ਹ ਵਿਚ ਪੁਲਿਸ ਜਬਰ ਦਾ ਸ਼ਿਕਾਰ ਬਣੀਆਂ ਦੋ ਔਰਤਾਂ।

ਪੀੜ੍ਹੀਆਂ ਦੇ ਸੱਤ ਜੀਆਂ ਉਤੇ ਪੁਲਿਸ ਨੇ ਪਰਚਾ ਦਰਜ ਕੀਤਾ ਹੋਇਆ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਮਰਹੂਮ ਆਗੂ ਨਾਨਕ ਸਿੰਘ ਦੇ ਬਜ਼ੁਰਗ ਮਾਪਿਆਂ ਅਤੇ ਬੱਚਿਆਂ ਉਤੇ ਪਰਚਾ ਦਰਜ ਕੀਤਾ ਗਿਆ ਹੈ। ਸਿੱਧਵਾਂ ਬੇਟ ਇਲਾਕੇ ਦੇ ਪਿੰਡ ਕੰਨੀਆਂ ਹੁਸੈਨੀ ਦੀਆਂ ਚਾਰ ਬੀਬੀਆਂ ਅਤੇ ਤਕਰੀਬਨ ਦਰਜਨ ਮਰਦ ਇਰਾਦਾ ਕਤਲ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਹਨ।

ਜੇ ਪਿਛਲੇ ਇੱਕ ਸਾਲ ਦਾ ਰੁਝਾਨ ਵੇਖਿਆ ਜਾਵੇ ਤਾਂ ਹੁਕਮਰਾਨ ਧਿਰਾਂ ਦੀ ਕਾਰਗੁਜ਼ਾਰੀ ਅਤੇ ਆਵਾਮ ਦੀਆਂ ਮੁਸ਼ਕਿਲਾਂ ਦਾ ਪਾੜਾ ਉਘਾੜਨ ਵਾਲੀਆਂ ਜਥੇਬੰਦੀਆਂ ਦੇ ਆਗੂਆਂ ਦੀਆਂ ਜੇਲ੍ਹ-ਯਾਤਰਾਵਾਂ ਦੀ ਲੰਬੀ ਫ਼ਹਿਰਿਸਤ ਹੈ। ਪੰਚਾਇਤੀ ਜ਼ਮੀਨ ਵਿਚ ਦਲਿਤਾਂ ਦੀ ਹਿੱਸੇਦਾਰੀ ਉਤੇ ਹੱਕ ਜਤਾਉਣ ਲਈ ਬਾਊਪੁਰ ਤੋਂ ਬਾਲਦ ਕਲਾਂ ਅਤੇ ਮਤੋਈ ਤੱਕ ਦੀਆਂ ਮਿਸਾਲਾਂ ਹਨ। ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੂੰ ਕਈ ਤਰ੍ਹਾਂ ਦੇ ਮਾਮਲਿਆਂ ਵਿਚ ਜੇਲ੍ਹੀਂ ਡੱਕਣ ਦੀਆਂ ਮਿਸਾਲਾਂ ਹਨ। ਜੇ ਬਠਿੰਡੇ ਵਾਲੇ ਸਿੰਗਾਰਾ ਸਿੰਘ ਨੂੰ ਇੱਕ ਤੋਂ ਬਾਅਦ ਦੂਜਾ ਮਾਮਲਾ ਖੋਲ੍ਹ ਕੇ ਕਈ ਮਹੀਨੇ ਜੇਲ੍ਹ ਵਿਚ ਰੱਖਿਆ ਗਿਆ ਤਾਂ ਤਰਨ ਤਾਰਨ ਤੋਂ ਕਿਸਾਨ ਆਗੂ ਕੰਵਲਜੀਤ ਪੰਨੂ ਨਾਲ ਵੀ ਇਹੋ ਕੀਤਾ ਗਿਆ। ਜ਼ਮੀਨ ਪ੍ਰਾਪਤੀ ਦੇ ਸੰਘਰਸ਼ਾਂ ਵਿਚ ਵੱਡੀ ਗਿਣਤੀ ਵਿਚ ਕਾਰਕੁਨਾਂ ਨੇ ਜੇਲ੍ਹਾਂ ਕੱਟੀਆਂ।

ਪਿਛਲੇ ਸਾਲ ਜੁਲਾਈ ਵਿਚ ਰਾਜਵੰਤ ਕੌਰ ਪੰਨੂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਮ ਖੁੱਲ੍ਹੇ ਖ਼ਤ ਵਿਚ ਐਲਾਨ ਕੀਤਾ ਸੀ, "ਤੇਰੇ ਜਬਰ ਤੋਂ ਸਾਡਾ ਸਬਰ ਵੱਡਾ, ਇਹ ਅਸੀਂ ਸਾਬਤ ਕਰਾਂਗੇ। ਤੇਰੇ ਭਰਾ ਅਮਰਿੰਦਰ ਸਿੰਘ ਨੇ ਹਕੂਮਤੀ ਸਮੇਂ 'ਚ ਸਾਡੇ 'ਤੇ ਬਥੇਰਾ ਜਬਰ ਕੀਤਾ। ਤੇਰੇ ਪੁਲਸੀਏ ਸਾਡੇ ਘਰ-ਘਰ ਹਰਲ-ਹਰਲ ਕਰਦੇ ਫਿਰਦੇ, ਉਸ ਹਾਕਮ ਨੇ ਵੀ ਸਾਡੇ 'ਤੇ ਬੜੇ ਪਰਚੇ ਦਰਜ ਕੀਤੇ। ਇੱਥੋਂ ਤੱਕ ਕਿ ਮੇਰੇ 'ਤੇ ਵੀ 307 ਦਾ ਪਰਚਾ ਦਰਜ ਕੀਤਾ। ਬਥੇਰਾ ਚਿਰ ਸਾਨੂੰ ਘਰੋਂ ਬੇਘਰ ਰੱਖਿਆ ਪਰ ਉਹ ਹਾਕਮ ਹਾਰਿਆ ਸੀ। ਸਾਥੀ ਪੰਨੂ 'ਤੇ 14 ਪਰਚੇ ਪਹਿਲਾਂ ਦਰਜ ਹਨ। 15ਵੇਂ ਲਈ ਤੇਰਾ ਬੜਾ ਧੰਨਵਾਦ। ਪੰਨੂ ਬਾਰੇ ਲਿਖਦਿਆਂ, ਪਰਚਿਆਂ ਬਾਰੇ ਕਿਤਾਬ ਅਲੱਗ ਲਿਖਣੀ ਪਊਗੀ। ਤੇਰਾ ਤੇ ਤੇਰੀ ਭੈਣ ਕਾਂਗਰਸ ਦਾ ਉਚੇਚਾ ਜ਼ਿਕਰ ਹੋਊ, ਤੁਸੀਂ ਔਰੰਗਜ਼ੇਬ ਦੇ ਪੈਰੋਕਾਰ। ਮੈਨੂੰ, ਮੇਰੇ ਸਾਥੀ ਪੰਨੂ ਤੇ ਸਾਡੀ 14 ਵਰ੍ਹਿਆਂ ਦੀ ਭਰ ਜਵਾਨ ਹੋਈ ਜਥੇਬੰਦੀ ਕਿਸਾਨ ਸੰਘਰਸ਼ ਕਮੇਟੀ ਅਤੇ ਉਸ ਦੇ ਸੰਘਰਸ਼ੀ ਯੋਧਿਆਂ ਨੂੰ ਕੀ ਹਰਾ ਲਓਗੇ?"


ਪਿਛਲੇ ਦਿਨੀਂ ਵਿਚ ਢਾਈ ਸੌ ਰੁਪਏ ਮਹੀਨਾ ਪੈਨਸ਼ਨ ਨਾ ਮਿਲਣ ਕਾਰਨ ਅਵਾਜ਼ਾਰ ਬਜ਼ੁਰਗ ਨੇ ਕਪੂਰਥਲਾ ਜ਼ਿਲ੍ਹੇ ਦੇ ਢਿੱਲਵਾਂ ਕਸਬੇ ਵਿਚ ਆਤਮਦਾਹ ਕਰ ਲਿਆ। ਇਸ ਮਾਮਲੇ ਵਿਚ ਅਕਾਲੀ ਆਗੂ ਜਗੀਰ ਕੌਰ ਨੇ ਕਿਹਾ ਕਿ ਸੋਮਨਾਥ ਦਾ ਪਰਿਵਾਰ ਤਾਂ ਖ਼ੁਸ਼ ਹੀ ਹੋਵੇਗਾ, ਉਨ੍ਹਾਂ ਨੂੰ ਢਾਈ ਸੌ ਰੁਪਏ ਮਹੀਨੇ ਦੀ ਥਾਂ ਡਿਪਟੀ ਕਮਿਸ਼ਨਰ ਨੇ ਇੱਕ ਲੱਖ ਰੁਪਏ ਮੁਆਵਜ਼ਾ ਦਿੱਤਾ ਹੈ। ਅਖ਼ਬਾਰਾਂ ਵਾਲਿਆਂ ਕੋਲ ਤਾਂ ਡਿਪਟੀ ਕਮਿਸ਼ਨਰ ਨੇ ਅਜਿਹਾ ਕੋਈ ਮੁਆਵਜ਼ਾ ਦੇਣ ਤੋਂ ਇਨਕਾਰ ਕੀਤਾ ਹੈ ਪਰ ਜਗੀਰ ਕੌਰ ਦਾ ਬਿਆਨ ਹੁਕਮਰਾਨ ਸਿਆਸੀ ਧਿਰ ਦੀ ਸੋਚ ਦਾ ਅੰਦਾਜ਼ਾ ਲਗਾਉਣ ਲਈ ਅਹਿਮ ਹੈ। ਇਨ੍ਹਾਂ ਹਾਲਾਤ ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਲਾਹ ਹੈ ਕਿ ਸਿੱਖਾਂ ਨੂੰ ਆਪਣਾ ਵਜੂਦ ਕਾਇਮ ਰੱਖਣ ਲਈ ਚਾਰ-ਚਾਰ ਬੱਚੇ ਪੈਦਾ ਕਰਨੇ ਚਾਹੀਦੇ ਹਨ।

ਮੌਜੂਦਾ ਹਾਲਾਤ ਵਿਚ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਦਾਅਵਿਆਂ ਵਾਲੀ ਸਰਕਾਰ, ਅਕਾਲ ਤਖ਼ਤ ਤੋਂ ਚਾਰ ਬੱਚੇ ਪੈਦਾ ਕਰਨ ਦੀ ਸਲਾਹ ਦੇਣ ਵਾਲੇ ਜਥੇਦਾਰ, ਪੁਲਿਸ ਵਲੋਂ ਨਾ ਦਰਜ ਕੀਤੇ ਗਏ ਹਮੀਰਗੜ੍ਹ ਵਾਲੀਆਂ ਜਸਵਿੰਦਰ ਕੌਰ ਤੇ ਅੰਗਰੇਜ਼ ਕੌਰ ਦੇ ਬਿਆਨਾਂ ਅਤੇ ਮੁੜ ਕੇ ਇਰਾਕ ਤੁਰ ਗਏ ਨਛੱਤਰ ਹੋਰਾਂ ਦਾ ਆਪਸ ਵਿਚ ਕੀ ਰਿਸ਼ਤਾ ਬਣਦਾ ਹੈ? ਇਨ੍ਹਾਂ ਦੇ ਜਮ੍ਹਾਂਜੋੜ ਵਿਚੋਂ ਪੰਜਾਬ ਦਾ ਕੀ ਨਕਸ਼ਾ ਉਘੜਦਾ ਹੈ? ਇਸੇ ਪੰਜਾਬ ਵਿਚ ਵਿਦੇਸ਼ੀਂ ਗਏ ਪੰਜਾਬੀਆਂ ਨੇ ਬਹੁਤ ਸਾਰੇ ਪਿੰਡਾਂ ਦੀਆਂ ਮੜ੍ਹੀਆਂ ਦੀ ਨੁਹਾਰ ਬਦਲ ਦਿੱਤੀ ਹੈ। ਕਈ ਪਿੰਡਾਂ ਵਿਚ ਸਭ ਤੋਂ ਖ਼ੂਬਸੂਰਤ ਥਾਂ ਮੜ੍ਹੀਆਂ ਹਨ। ਜੇ ਕੋਈ ਇਰਾਕ ਨੂੰ ਤੁਰ ਗਿਆ ਹੈ ਤਾਂ ਉਸ ਨੂੰ ਪੰਜਾਬ ਦੀਆਂ ਸਭ ਤੋਂ ਖ਼ੂਬਸੂਰਤ ਥਾਂਵਾਂ ਉਡੀਕਦੀਆਂ ਹਨ। ਇਨ੍ਹਾਂ ਮੜ੍ਹੀਆਂ ਦੇ ਨਾਲ ਕਈ ਥਾਂਵਾਂ ਉਤੇ ਮਹੀਨਿਆਂ ਬੱਧੀ ਲਾਸ਼ਾਂ ਰੱਖਣ ਦਾ ਬੰਦੋਬਸਤ ਕੀਤਾ ਗਿਆ ਹੈ, ਜਦੋਂ ਵਿਦੇਸ਼ਾਂ ਤੋਂ ਵਿਹਲ ਮਿਲੀ ਤਾਂ ਰਿਸ਼ਤੇਦਾਰ ਲਾਸ਼ਾਂ ਕਿਓਟਨ ਆ ਜਾਣਗੇ। ਉਨ੍ਹਾਂ ਦੇ ਦਸਵੰਧ ਵਿਚੋਂ ਸਾਂਝੀਆਂ ਥਾਂਵਾਂ ਨੂੰ ਪੱਖਿਆਂ ਤੋਂ ਏਅਰ-ਕੰਡੀਸ਼ਨਰ ਤੱਕ ਜੁੜ ਸਕਦੇ ਹਨ। ਸਰਕਾਰ ਇਨ੍ਹਾਂ ਥਾਂਵਾਂ ਨੂੰ ਮੈਚਿੰਗ ਗਰਾਂਟਾਂ ਦੇ ਸਕਦੀ ਹੈ।

ਜੇ ਕਿਸੇ ਦਾ ਨਛੱਤਰ ਦੇ ਨਾਮ ਉਤੇ ਬੋਲੀ ਪਾਉਣ ਨੂੰ ਚਿੱਤ ਕਰੇ ਤਾਂ ਉਹ ਕੀ ਕਰੇ? ਜੇ ਕਿਸੇ ਅੰਗਰੇਜ਼ ਕੌਰ ਜਾਂ ਜਸਵਿੰਦਰ ਕੌਰ ਜਾਂ ਇਨਕਲਾਬ ਕੌਰ (ਹਰਦੀਪ ਕੌਰ) ਦੀਆਂ ਸੱਟਾਂ ਦਾ ਧਿਆਨ ਧਰਨ ਵੇਲੇ ਕਿਸੇ ਨੂੰ ਗੁਰਦੁਆਰਿਆਂ ਵਿਚੋਂ ਹੁੰਦੀ ਅਰਦਾਸ ਸੁਣ ਜਾਵੇ ਤਾਂ ਉਹ 'ਚਰਖੜੀਆਂ 'ਤੇ ਚੜ੍ਹਨ...' ਵਾਲਿਆਂ/ਵਾਲੀਆਂ ਦੀ ਰੀਤ ਨੂੰ ਕਿਵੇਂ ਸਮਝੇ? ਸਿੱਖਾਂ ਦੀ ਗਿਣਤੀ ਦੀ ਚਿੰਤਾ ਕਰਨ ਵਾਲੇ ਜਥੇਦਾਰ ਨੂੰ ਜੇ ਇਹ ਸੁਆਲ ਪੁੱਛਣ ਨੂੰ ਜੀਅ ਕਰੇ ਕਿ ਉਨ੍ਹਾਂ ਦੇ ਸਮੇਂ ਵਿਚ ਚਰਖੜੀਆਂ ਕੌਣ ਚਲਾ ਰਿਹਾ ਹੈ? ਤਵੀਆਂ ਥੱਲੇ ਝੋਕਾ ਕੌਣ ਲਗਾ ਰਿਹਾ ਹੈ? ਸਿਰ ਵਿਚ ਤੱਤਾ ਰੇਤਾ ਕੌਣ ਕੇਰ ਰਿਹਾ ਹੈ? ਜੇ ਇਹ ਸੁਆਲ ਪੁੱਛਣ ਦਾ ਹੀਆ ਨਾ ਪਵੇ ਤਾਂ ਬੁੱਲ੍ਹੇ ਸ਼ਾਹ ਦੇ ਕਸੂਰ ਵਿਚੋਂ ਆਪਣੇ ਬੇਕਸੂਰ ਹੋਣ ਦੇ ਬੋਲ ਲੱਭੇ ਜਾ ਸਕਦੇ ਹਨ, "ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ, ਬੁਰਾ ਹਾਲ ਹੋਇਆ ਪੰਜਾਬ ਦਾ; ਵਿਚ ਹਾਵਿਆਂ ਦੋਜ਼ਖਾਂ ਮਾਰਿਆ, ਸਾਨੂੰ ਆ ਮਿਲ ਯਾਰ ਪਿਆਰਿਆ।" ਨਛੱਤਰ ਦੇ ਨਾਮ ਪੈਂਦੀ ਲੋਕ ਬੋਲੀ ਅਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀ ਜੋਟੀ ਵਿਚੋਂ ਪੰਜਾਬ, ਗਾਜ਼ੀਆਂ ਦੀ ਉਡੀਕ ਕਰਦਾ ਹੈ।

# ਮੋਗਾ...ਹੁਣ ਨਿਆਂ ਹੋਗਾ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸਾਡੇ ਇਕ ਜਾਣੂ ਸੱਜਣ ਘੁੰਮਣ-ਫਿਰਨ ਦੇ ਬੜੇ ਸ਼ੌਕੀਨ ਸਨ। ਮੇਰੇ ਪਿਤਾ ਦੇ ਹਾਣੀ ਇਹ ਬਜ਼ੁਰਗ ਸਾਈਕਲ 'ਤੇ ਮੇਲੇ-ਮਸਾਵੇਂ ਦੇਖਣ ਤੁਰੇ ਰਹਿੰਦੇ। ਵਿਦੇਸ਼ ਗਏ ਇਨ੍ਹਾਂ ਦੇ ਬੇਟੇ ਨੇ ਚਾਅ ਨਾਲ ਉਨ੍ਹਾਂ ਨੂੰ ਮੋਪਡ ਲੈ ਦਿੱਤੀ। ਦੂਜੇ-ਤੀਜੇ ਦਿਨ ਹੀ ਇਹ ਮੋਪਡ 'ਤੇ ਸਵਾਰ ਹੋ ਕੇ ਇਕ ਲਿੰਕ ਰੋਡ ਤੋਂ ਨਵਾਂ ਸ਼ਹਿਰ-ਚੰਡੀਗੜ੍ਹ ਰੋਡ 'ਤੇ ਚੜ੍ਹਨ ਲੱਗੇ ਜ਼ਬਰਦਸਤ ਹਾਦਸੇ ਦਾ ਸ਼ਿਕਾਰ ਹੋ ਗਏ। ਸਾਹਮਣਿਓਂ ਆਉਂਦੀ ਬੱਸ ਥੱਲੇ ਇਨ੍ਹਾਂ ਦੀ ਮੋਪਡ ਆ ਗਈ। ਫਿਸੀ ਪਈ ਮੋਪਡ ਦੇਖ ਕੇ ਸਾਨੂੰ ਲੱਗਿਆ ਕਿ ਭਾਣਾ ਵਰਤ ਗਿਆ, ਪਰ ਪਤਾ ਲੱਗਣ 'ਤੇ ਜਦ ਮੈਂ ਨਵਾਂ ਸ਼ਹਿਰ ਹਸਪਤਾਲ ਉਨ੍ਹਾਂ ਦੀ ਖਬਰਸਾਰ ਲੈਣ ਗਿਆ, ਤਾਂ ਉਨ੍ਹਾਂ ਨੂੰ ਆਪਣੇ ਪਰਿਵਾਰ ਜਨਾਂ ਨਾਲ ਗੱਲਾਂ ਕਰਦਿਆਂ ਦੇਖ ਕੇ ਦੰਗ ਰਹਿ ਗਿਆ। ਉਨ੍ਹਾਂ ਦੇ ਗੋਡਿਆਂ, ਗਿੱਟਿਆਂ ਤੇ ਕੂਹਣੀਆਂ ਉਤੇ ਬੇਸ਼ੱਕ ਪੱਟੀਆਂ ਕੀਤੀਆਂ ਹੋਈਆਂ ਸਨ, ਪਰ ਉਹ ਇਕ ਹੱਥ ਖੜ੍ਹਾ ਕਰ ਕੇ ਧੀਰੇ ਧੀਰੇ ਕੁਝ ਦੱਸ ਰਹੇ ਸਨ।

ਜਾਂਦਿਆਂ ਸਾਰ ਮੈਂ ਹੈਰਾਨੀ ਤੇ ਸ਼ੁਕਰਾਨੇ ਦੇ ਰਲੇ-ਮਿਲੇ ਹਾਵ-ਭਾਵ ਪ੍ਰਗਟਾਉਂਦਿਆਂ ਪੁੱਛ ਬੈਠਾ ਕਿ ਚਾਚਾ ਜੀ ਐਕਸੀਡੈਂਟ ਹੋਇਆ ਕਿੰਦਾਂ? ਮੇਰਾ ਸਵਾਲ ਸੁਣਦਿਆਂ ਹੀ ਉਹ ਇਉਂ ਕੰਬਣ ਲੱਗ ਪਿਆ ਜਿਵੇਂ ਪੋਹ ਮਹੀਨੇ ਮੀਂਹ ਵਿਚ ਭਿੱਜੇ ਬੰਦੇ ਨੂੰ ਕੰਬਣੀ ਛਿੜੀ ਹੁੰਦੀ ਹੈ। ਬੈਡ ਤੇ ਆਲੇ-ਦੁਆਲੇ ਜੁੜੇ ਬੈਠੇ ਉਹਦੇ ਪਰਿਵਾਰ ਦੇ ਜੀਆਂ ਨੇ ਇਕ ਦਮ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਉਧਰ ਉਹ ਅੱਖਾਂ ਵਿਚੋਂ ਪਰਲ ਪਰਲ ਹੰਝੂ ਕੇਰਦਾ ਬੁੜ-ਬੁੜਾਉਂਦਿਆਂ ਕੁਝ ਬੋਲਣ ਹੀ ਲੱਗਾ ਸੀ ਕਿ ਉਸ ਦੀ ਪਤਨੀ ਨੇ ਉਸ ਦੇ ਹਿਲਦੇ ਬੁੱਲ੍ਹਾਂ 'ਤੇ ਹੱਥ ਰੱਖ ਕੇ ਉਸ ਦੀ ਛਾਤੀ ਪਲੋਸਣੀ ਸ਼ੁਰੂ ਕਰ ਦਿੱਤੀ। ਫੁਰਤੀ ਨਾਲ ਇਕ ਮੁੰਡਾ ਉਠਿਆ ਤੇ ਮੈਨੂੰ ਬਾਹੋਂ ਫੜ ਕੇ ਪਾਸੇ ਲੈ ਗਿਆ, "ਭਾਅ ਜੀ, ਐਕਸੀਡੈਂਟ ਹੋਇਆ ਹੀ ਐਨਾ ਭਿਆਨਕ ਹੈ ਕਿ ਭਾਪਾ ਜੀ ਚੇਤੇ ਕਰ ਕੇ ਡੁੱਬੀਂ ਰੋਣ ਲੱਗ ਪੈਂਦੇ ਆ, ਨਾਲੇ ਜ਼ੋਰ ਜ਼ੋਰ ਦੀ ਕੰਬਣ ਲੱਗ ਪੈਂਦੇ ਆ। ਡਾਕਟਰ ਨੇ ਦੱਸਿਆ ਹੈ ਕਿ ਇਹ ਬੇਸ਼ੱਕ ਬੋਲਦੇ-ਚਾਲਦੇ ਨੇ, ਪਰ ਹੈਗੇ ਸਦਮੇ ਵਿਚ। ਇਨ੍ਹਾਂ ਨਾਲ ਹਾਲੇ ਐਕਸੀਡੈਂਟ ਦੀ ਕੋਈ ਗੱਲ ਨਾ ਛੇੜਿਓ।"

ਮੌਤ ਦੇ ਮੂੰਹੋਂ ਬਚ ਕੇ ਆਏ ਤੇ ਭਿਆਨਕ ਸਦਮੇ ਨਾਲ ਝੰਬੇ ਇਸ ਬਜ਼ੁਰਗ ਵਾਂਗ, ਮੈਂ ਵੀ ਜਿਸ ਦਿਨ ਮੋਗੇ ਵਿਚ ਔਰਬਿਟ ਬੱਸ ਵਾਲਿਆਂ ਦੀ ਦਰਿੰਦਗੀ ਦੀਆਂ ਖਬਰਾਂ ਸੁਣੀਆਂ ਤੇ ਦੇਖੀਆਂ, ਦਰਦਨਾਕ ਖਾਮੋਸ਼ੀ ਵਿਚ ਗ੍ਰਸਿਆ ਗਿਆ। ਆਪਣੀ ਮਾਂ ਨਾਲ ਚਾਈਂ ਚਾਈਂ ਨਾਨਕੇ ਘਰ ਚੱਲੀ 13 ਸਾਲਾਂ ਦੀ ਬਾਲੜੀ, ਬੇ-ਹਯਾ ਕਾਮੁਕ ਹਰਕਤਾਂ ਦਾ ਵਿਰੋਧ ਕਰਦੀ, ਚੱਲਦੀ ਬੱਸ ਵਿਚੋਂ ਧੱਕੇ ਮਾਰ ਕੇ ਬਾਹਰ ਸੁੱਟੀ ਗਈ। ਸੜਕ ਦੇ ਵਿਚਕਾਰ ਅਰਧ-ਨਗਨ ਲਾਸ਼ ਬਣੀ ਪਈ ਅਰਦਸ਼ਦੀਪ ਕੌਰ ਵੱਲ ਦੇਖ ਕੇ, ਕਿਹੜਾ ਪੱਥਰ ਦਿਲ ਇਨਸਾਨ ਹੋਵੇਗਾ ਜਿਸ ਦੀ ਰੂਹ ਨਾ ਕੰਬੀ ਹੋਵੇ?...ਕਿਹੜੀ ਕੋਈ ਐਸੀ ਬੇ-ਤਰਸ ਜ਼ੁਬਾਨ ਹੋਵੇਗੀ ਜਿਸ ਨੇ ਅਰਸ਼ਦੀਪ ਨਾਲ ਅਤਿ ਦੀ ਬੇ-ਹਯਾਈ ਕਰਨ ਵਾਲਿਆਂ ਨੂੰ ਬਦ-ਅਸੀਸਾਂ ਨਾ ਦਿੱਤੀਆਂ ਹੋਣਗੀਆਂ?

'ਅੰਦਰੇ ਹੀ ਅੱਗ ਤੇ ਅੰਦਰੇ ਪਾਣੀ' ਵਾਲੀ ਮਾਯੂਸੀ ਵਿਚ ਮੈਂ ਕਈ ਦਿਨ ਮੋਗਾ ਕਾਂਡ ਦੀਆਂ ਪਰਤਾਂ ਦੀ ਉਧੇੜ-ਬੁਣ ਕਰੀ ਗਿਆ। ਨਾਨਕਿਆਂ ਨੂੰ ਤੁਰਨ ਵੇਲੇ ਅਰਸ਼ਦੀਪ ਨੇ ਚਾਅ ਨਾਲ ਨਵੇਂ ਕੱਪੜੇ ਪਾਏ ਹੋਣਗੇ...ਕਿਹੜੀਆਂ ਕਿਹੜੀਆਂ ਸੋਚਾਂ ਲੈ ਕੇ ਬੱਸੇ ਚੜ੍ਹੀ ਬਾਲੜੀ ਨੂੰ ਕੀ ਪਤਾ ਸੀ ਕਿ ਇਨ੍ਹਾਂ ਕੱਪੜਿਆਂ ਨੂੰ ਡਾਕਟਰ ਦੀ ਕੈਂਚੀ ਨੇ ਕੱਟ ਕੱਟ, ਉਸ ਦੇ ਸਰੀਰ ਦਾ ਪੋਸਟ-ਮਾਰਟਮ ਕਰਨਾ ਹੈ। ਬੇ-ਦਰਦਾਂ ਵੱਲੋਂ ਮਾਰੇ ਧੱਕੇ ਨਾਲ ਸੜਕ 'ਤੇ ਡਿਗਦਿਆਂ ਸਾਰ ਸ਼ਾਇਦ ਉਸ ਨੇ 'ਬਚ ਜਾਣ' ਦੀ ਆਸ ਰੱਖੀ ਹੋਵੇ...। ਗਲੇ ਵਿਚੋਂ ਆਖਰੀ ਸਾਹ ਨਿਕਲਣ ਵੇਲੇ, ਉਹਦੇ ਦਿਲ ਵਿਚ ਕੀ ਕੁਝ ਚੱਲ ਰਿਹਾ ਹੋਵੇਗਾ? ਕੀ ਪਤਾ, ਉਸ ਨੇ ਸੜਕ 'ਤੇ ਵਹਿੰਦੇ ਸਾਰ 'ਹਾਏ ਮਾਂ' ਕਿਹਾ ਹੋਵੇ...ਬੁੱਚੜ ਡਰਾਈਵਰ ਵੱਲੋਂ ਹਾਈਡ੍ਰੋਲਿਕ ਦਰਵਾਜ਼ਾ ਖੋਲ੍ਹਣ ਵੇਲੇ ਉਹਨੇ ਬੱਸ ਵਿਚ ਬੈਠੀਆਂ ਹੋਰ ਸਵਾਰੀਆਂ ਵੱਲ ਮਦਦ ਦੀ ਆਸ ਨਾਲ ਤਰਸ ਭਰੀਆਂ ਅੱਖਾਂ ਨਾਲ ਦੇਖਿਆ ਹੀ ਹੋਵੇਗਾ।

ਇਨ੍ਹਾਂ ਭਿਆਨਕ ਪਲਾਂ ਦੀ ਦਰਦਨਾਕ ਦਾਸਤਾਨ ਵਿਚ ਖੁੱਭਿਆ, ਮੈਂ ਜ਼ਰਾ ਹੋਰ ਅੱਗੇ ਵਧ ਕੇ ਅਰਸ਼ਦੀਪ ਦੀ ਜਗ੍ਹਾ ਆਪਣੀ ਧੀ ਬਾਰੇ ਚਿਤਵਿਆ ਤਾਂ ਮੇਰੀ ਹਾਲਤ ਵੀ ਉਸ ਬਜ਼ੁਰਗ ਵਰਗੀ ਹੋ ਗਈ ਜਿਸ ਦਾ ਜ਼ਿਕਰ ਉਪਰ ਕੀਤਾ ਹੈ। ਔਰਬਿਟ ਬੱਸਾਂ ਦੇ ਮਾਲਕਾਂ ਦੀ ਬਿਆਨਬਾਜ਼ੀ ਮਾਨੋ ਜ਼ਖਮਾਂ 'ਤੇ ਲੂਣ ਭੁੱਕ ਗਈ:

ਇਕ ਦਿਲ ਹੀ ਨਹੀਂ
ਸਾਰਾ ਹੀ ਬਦਨ ਛਲਨੀ ਹੈ,
ਅਬ ਤੋਂ ਦਰਦ ਭੀ ਪਰੇਸ਼ਾਂ ਹੈ
ਕਿ ਕਹਾਂ ਉਠੂੰ।

ਸਿਆਸੀ ਹੈਂਕੜ ਅਧੀਨ ਬਦ-ਇੰਤਜ਼ਾਮੀ ਦੀ ਮਾਰ ਸਹਿੰਦਾ ਹੋਇਆ, ਮੱਧ ਯੁੱਗ ਦੀ ਖਾਨਦਾਨੀ ਰਿਆਸਤ ਬਣਨ ਵੱਲ ਵਧ ਰਿਹਾ ਜਾਪਦਾ ਪੰਜਾਬ ਅਤੇ ਇਕ ਟੱਬਰ ਦੀ ਜਗੀਰ ਬਣ ਉਸ ਖਿੱਤੇ ਵਿਚ ਵਾਪਰੇ ਇਸ ਘੋਰ ਪਾਪ ਬਾਰੇ ਕੀ ਲਿਖਾਂ? ਲਿਖਾਂ ਜਾਂ ਨਾ ਲਿਖਾਂ? ਇਨ੍ਹਾਂ ਸਵਾਲਾਂ ਦੀ ਚੀਸ ਵਿਚ ਕਰਾਹੁੰਦੇ ਨੂੰ ਮੈਨੂੰ ਫੇਸਬੁੱਕ ਰਾਹੀਂ ਸੁਨੇਹਾ ਮਿਲਿਆ ਜੋ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਰਗਰਮ ਆਰ.ਟੀ.ਆਈ ਕਾਰਕੁਨ ਨੇ ਭੇਜਿਆ ਸੀ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਆਪਣੇ ਤੌਰ 'ਤੇ ਮੋਗਾ ਔਰਬਿਟ ਬੱਸ ਕਾਂਡ ਦੀ ਤਹਿਕੀਕਾਤ ਕਰਵਾਉਣੀ ਹੈ ਅਤੇ ਆਪਣੀ ਮਦਦ ਲਈ ਦੋ 'ਮਿੱਤਰ ਵਕੀਲ' ਨਿਯੁਕਤ ਕੀਤੇ ਹਨ।

ਮਾਨਵੀ ਹੱਕ-ਹਕੂਕਾਂ ਅਤੇ ਜਨ ਹਿੱਤ ਪਟੀਸ਼ਨਾਂ ਲਈ ਲੰਮੇ ਸਮੇਂ ਤੋਂ ਕੰਮ ਕਰਦੇ ਐਡਵੋਕੇਟ ਐਚ.ਸੀ. ਅਰੋੜਾ ਅਤੇ ਐਡਵੋਕੇਟ ਸ. ਰਾਜਵਿੰਦਰ ਸਿੰਘ ਬੈਂਸ ਦੇ 'ਈ-ਮੇਲ' ਐਡਰੈਸ ਦੇ ਕੇ, ਆਮ ਪਬਲਿਕ ਤੋਂ ਇਹ ਮੰਗ ਕੀਤੀ ਸੀ ਕਿ ਮੋਗਾ ਕਾਂਡ ਦੇ ਨਾਲ ਨਾਲ ਪੰਜਾਬ ਵਿਚ ਟਰਾਂਸਪੋਰਟ ਸਬੰਧੀ ਪਹਿਲੂਆਂ (ਸਮੱਸਿਆਵਾਂ, ਕਾਰਨ ਤੇ ਇਨ੍ਹਾਂ ਦੇ ਹੱਲ) ਬਾਰੇ ਸੁਝਾਅ ਭੇਜੇ ਜਾਣ। ਸ਼ੋਸ਼ਲ ਮੀਡੀਆ ਤੋਂ ਇਹ ਸੰਦੇਸ਼ ਪੜ੍ਹਨ ਉਪਰੰਤ ਮੈਨੂੰ ਕੁਝ ਲਿਖਣ ਲਈ ਤਿੰਨ ਮੁੱਖ ਕਾਰਨ ਹੁੱਝਾਂ ਮਾਰਨ ਲੱਗ ਪਏ। ਪਹਿਲਾ, ਧਨਾਢਾਂ ਦੇ ਵਿਗੜੈਲ ਕਰਿੰਦਿਆਂ ਹੱਥੋਂ ਬੇਗੁਨਾਹ ਬਾਲੜੀ ਦੀ ਮੌਤ ਦਾ ਦਰਦ। ਦੂਜਾ, ਅੱਠ ਕੁ ਸਾਲ ਅਕਾਲੀ ਸਿਆਸਤ ਵਿਚ ਵਿਚਰਦਿਆਂ ਬੰਦੇ 'ਖਰੀਦਣ' ਲਈ 'ਬੱਸਾਂ ਦੀਆਂ ਪੇਸ਼ਕਸ਼ਾਂ' ਦੇ ਚਰਚੇ। ਤੀਜਾ, ਉਮਰ ਦੇ ਪੰਜਾਹ ਸਾਲ ਪੰਜਾਬ ਵਿਚ ਕੀਤੇ ਬੱਸਾਂ ਦੇ ਸਫਰ ਅਤੇ ਹੁਣ ਵੀ ਅਮਰੀਕਾ ਤੋਂ ਹਰ ਸਾਲ ਪੰਜਾਬ ਜਾ ਕੇ ਬੱਸਾਂ ਵਿਚ ਹੀ ਦੂਰ-ਨੇੜੇ ਜਾਣ ਦਾ ਅਨੁਭਵ। ਸੋ, ਇਨ੍ਹਾਂ ਕਾਰਨਾਂ ਸਦਕਾ ਜਿਹੜੀਆਂ ਅਪੀਲਾਂ ਤੇ ਦਲੀਲਾਂ ਮੈਂ ਵਕੀਲਾਂ ਨੂੰ ਲਿਖ ਭੇਜੀਆਂ, ਉਨ੍ਹਾਂ ਦਾ ਸਾਰ-ਅੰਸ਼ ਇਉਂ ਹੈ:

...ਤਕਰੀਬਨ ਸਾਰੀ ਪ੍ਰਾਈਵੇਟ ਟਰਾਂਸਪੋਰਟ (ਖਾਸ ਕਰ ਕੇ ਬੱਸਾਂ) ਦੇ ਮਾਲਕ ਸਿਆਸਤਦਾਨ ਹਨ। ਦਲਾਂ ਦੇ ਨਾਂਵਾਂ ਦਾ ਹੀ ਵਖਰੇਵਾਂ ਹੈ। ਸਾਰੇ ਟਰਾਂਸਪੋਰਟਰ, ਪੰਜਾਬ ਰੋਡਵੇਜ਼ ਨੂੰ ਰਗੜੇ ਲਾ ਕੇ ਖੁਦ ਦੇ ਖਜ਼ਾਨੇ ਭਰਦੇ ਹਨ। ਇਸ ਮਾਲਕ ਲੜੀ ਵਿਚ 'ਸਿਰਮੌਰ ਨਾਮ' ਪੰਜਾਬ ਦੇ ਮੌਜੂਦਾ ਹਾਕਮ ਟੱਬਰ ਦਾ ਹੈ। ਇਸ ਹਾਕਮ ਪਰਿਵਾਰ ਦੀਆਂ ਬੱਸਾਂ ਨਾਜਾਇਜ਼ ਤੌਰ 'ਤੇ ਮੁਹਾਲੀ ਵਿਚ ਵੜਨ ਦਾ ਵਿਰੋਧ ਕਰਦਾ ਆਈ.ਏ.ਐਸ. ਅਧਿਕਾਰੀ ਸਰਵਣ ਸਿੰਘ ਬੀਰ ਸਮੇਂ ਤੋਂ ਪਹਿਲਾਂ ਹੀ ਰਿਟਾਇਰਮੈਂਟ ਲੈ ਕੇ ਦੋ ਕੁ ਸਾਲ ਹੋਏ ਘਰੇ ਬਹਿ ਗਿਆ। ਉਸ ਅਫਸਰ ਨੂੰ ਕੋਰਟ ਵਿਚ ਸੱਦ ਕੇ ਪੁੱਛਿਆ ਜਾਵੇ ਕਿ ਉਸ ਨੇ ਕਿਸ ਕਾਰਨ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਲੈਣੀ ਗਨੀਮਤ ਸਮਝੀ?

...ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਸਾਰੀਆਂ ਸਰਕਾਰੀ ਬੱਸਾਂ ਵਿਚ ਕੇਵਲ ਦੋ-ਦੋ ਮੁਲਾਜ਼ਮ ਹੀ ਹੁੰਦੇ ਨੇ, ਇਕ ਡਰਾਇਵਰ ਤੇ ਦੂਜਾ ਕੰਡਕਟਰ; ਪਰ ਪ੍ਰਾਈਵੇਟ ਬੱਸਾਂ ਵਿਚ ਡਰਾਇਵਰ-ਕੰਡਕਟਰ ਤੋਂ ਇਲਾਵਾ ਦੋ ਮੁਲਾਜ਼ਮ ਹੋਰ ਹੁੰਦੇ ਨੇ। ਇਕ ਮੋਹਰਲੀ ਤਾਕੀ ਕੋਲ ਖੜ੍ਹਦਾ ਹੈ ਤੇ ਦੂਜਾ ਪਿਛਲੀ ਤਾਕੀ ਕੋਲ। ਬੱਸ ਅੱਡੇ 'ਤੇ ਰੁਕਦਿਆਂ ਸਾਰ ਸਮੇਤ ਕੰਡਕਟਰ, ਇਹ ਦੋਵੇਂ ਜਣੇ ਭੁੱਖੇ ਬਘਿਆੜਾਂ ਵਾਂਗ ਬੱਸ ਤੋਂ ਉਤਰ ਕੇ ਸਵਾਰੀਆਂ ਨੂੰ ਬਦੋ-ਬਦੀ ਬੱਸਾਂ ਵਿਚ ਚੜ੍ਹਾਉਣ ਲਈ ਪੱਬਾਂ ਭਾਰ ਹੋ ਜਾਂਦੇ ਨੇ। ਅਜਿਹੇ ਮੌਕੇ ਜੇ ਅੱਡੇ ਵਿਚ ਪਹਿਲਾਂ ਹੀ ਕੋਈ ਬੱਸ ਖੜ੍ਹੀ ਹੋਵੇ ਤਾਂ ਇਹ ਇਹ ਦੋਵੇਂ, ਬਾਹੂਬਲੀਏ ਬਣ ਕੇ ਉਸ ਬੱਸ ਦੇ ਮੁਲਾਜ਼ਮਾਂ ਨਾਲ ਬਦ-ਸਲੂਕੀ ਕਰਦੇ ਹਨ। ਮੇਰਾ ਤਜਰਬਾ ਹੈ ਕਿ ਬਹੁਤੀਆਂ ਪ੍ਰਾਈਵੇਟ ਬੱਸਾਂ ਦੀਆਂ ਤਾਕੀਆਂ ਵਿਚ ਖੜ੍ਹਨ ਵਾਲੇ ਇਹ ਮੁਲਾਜ਼ਮ, ਪਹਿਰਾਵੇ ਅਤੇ ਬੋਲ-ਬਾਣੀ ਪੱਖੋਂ 'ਮੁਲਜ਼ਮ' ਹੀ ਦਿਖਾਈ ਦਿੰਦੇ ਨੇ। ਪਾਟੇ ਹੋਏ ਬਾਂਸ ਵਰਗੀ ਭਰੜਾਈ ਆਵਾਜ਼ ਕੱਢ ਕੇ ਜਦ ਇਹ ਸਵਾਰੀਆਂ ਨੂੰ ਟੁੱਟ ਟੁੱਟ ਪੈਂਦੇ ਹਨ ਤਾਂ ਬੀਬੀਆਂ ਤੇ ਹਲਕੀ ਉਮਰ ਦੇ ਬੱਚੇ ਡਰਦੇ ਮਾਰੇ ਸਹਿਮ ਜਾਂਦੇ ਹਨ।

...ਇਸ ਨੁਕਤੇ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਜਾਵੇ ਕਿ ਚਾਰ ਚਾਰ ਮੁਲਾਜ਼ਮ ਰੱਖ ਕੇ ਵੀ ਪ੍ਰਾਈਵੇਟ ਟਰਾਂਸਪੋਰਟਰ ਕਿਉਂ ਮਾਲਾ-ਮਾਲ ਹੋ ਰਹੇ ਹਨ ਅਤੇ ਦੋ-ਦੋ ਮੁਲਾਜ਼ਮਾਂ ਨਾਲ ਬੱਸ ਸਰਵਿਸ ਚਲਾ ਰਹੀਆਂ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਲਗਾਤਾਰ ਘਾਟੇ ਵਿਚ ਹੀ ਕਿਉਂ ਜਾ ਰਹੀਆਂ ਹਨ? ਸਮਾਜ ਸੇਵਾ ਦੀ ਚੇਟਕ ਰੱਖਣ ਵਾਲੇ ਬੁੱਧੀਜੀਵੀ ਤੇ ਲਿਖਾਰੀ, ਕਵੀ ਹਜ਼ਾਰਾਂ ਵਾਰ ਲੇਖ, ਕਵਿਤਾਵਾਂ ਲਿਖ ਚੁੱਕੇ ਹਨ ਕਿ ਬੱਸਾਂ ਵਿਚ ਅਸ਼ਲੀਲ ਗੀਤ ਵਜਾਉਣ 'ਤੇ ਪਾਬੰਦੀ ਲਾਈ ਜਾਵੇ। ਸੈਂਕੜੇ ਵਾਰ ਅਜਿਹੀ ਮੰਗ ਕਰਦੇ ਮੰਗ ਪੱਤਰ, ਕਈ ਸਮਾਜ ਸੇਵੀ ਸੰਸਥਾਵਾਂ ਵਲੋਂ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਦਿੱਤੇ ਜਾਂਦੇ ਹਨ, ਪਰ ਕਿਸੇ ਦੇ ਵੀ ਕੰਨਾਂ 'ਤੇ ਜੂੰ ਨਹੀਂ ਸਰਕੀ। ਪ੍ਰਾਈਵੇਟ ਬੱਸਾਂ ਵਿਚ ਤਾਂ ਟੀ.ਵੀ. ਫਿੱਟ ਕੀਤੇ ਹੁੰਦੇ ਹਨ ਜਿਨ੍ਹਾਂ 'ਤੇ ਫੂਹੜ ਕਿਸਮ ਦੀਆਂ ਫਿਲਮਾਂ ਨਿਸ਼ੰਗ ਚੱਲਦੀਆਂ ਹਨ। ਸਕੂਲਾਂ-ਕਾਲਜਾਂ ਨੂੰ ਜਾ ਰਹੀਆਂ ਕੁੜੀਆਂ (ਖਾਸ ਕਰ ਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਚਲਦੀਆਂ ਮਿੰਨੀ ਬੱਸਾਂ ਵਿਚ) ਅਜਿਹੇ ਮੌਕਿਆਂ 'ਤੇ ਸ਼ਰਮਸਾਰੀ ਵਜੋਂ ਨੀਵੀਆਂ ਪਾਉਂਦੀਆਂ ਮੈਂ ਖੁਦ ਦੇਖਦਾ ਰਿਹਾ ਹਾਂ।

...ਮੋਗਾ ਕਾਂਡ ਵਿਚ ਭਾਗੀਦਾਰ ਔਰਬਿਟ ਬੱਸ ਦੇ ਮਾਲਕਾਂ ਦੀ ਜ਼ਿੰਮੇਵਾਰੀ ਤੈਅ ਕਰਦਿਆਂ, ਸਤੰਬਰ 1956 ਵਿਚ ਤਾਮਿਲਨਾਡੂ ਵਿਖੇ ਹੋਏ ਰੇਲ ਹਾਦਸੇ ਦਾ ਵਾਕਿਆ ਵੀ ਵਿਚਾਰ ਲੈਣਾ ਚਾਹੀਦਾ ਹੈ ਜਿਸ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਤਤਕਾਲੀ ਕੇਂਦਰੀ ਰੇਲ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਅਸਤੀਫਾ ਦੇ ਦਿੱਤਾ ਸੀ; ਹਾਲਾਂਕਿ ਹਾਦਸਾਗ੍ਰਸਤ ਰੇਲ ਗੱਡੀਆਂ, ਸ੍ਰੀ ਸ਼ਾਸਤਰੀ ਦੀ 'ਨਿੱਜੀ ਜਾਇਦਾਦ' ਨਹੀਂ ਸਨ। ਮੋਗਾ ਕਾਂਡ ਦੀ 'ਨੈਤਿਕ ਜ਼ਿੰਮੇਵਾਰੀ' ਵਾਲੀ ਤਖਤੀ ਹੁਣ ਕਿਹਦੇ ਗਲ ਵਿਚ ਪੈਣੀ ਚਾਹੀਦੀ ਹੈ? ਇਹ ਸਵਾਲ ਵੀ ਜਵਾਬ ਮੰਗਦਾ ਹੈ।

...ਅਣਿਆਈ ਮੌਤੇ ਮਾਰੀ ਗਈ ਲੜਕੀ ਦੇ ਗਰੀਬ ਪਿਤਾ ਨੂੰ ਤੁਰਤ-ਫੁਰਤ ਲੱਭ ਕੇ ਉਸ ਨੂੰ ਲੱਖਾਂ ਰੁਪਏ ਦੇਣ ਦੇ ਐਲਾਨ ਕੀਤੇ ਗਏ। ਇਸ ਕਾਰਵਾਈ ਨਾਲ ਅਰਬ ਮੁਲਕ ਚੇਤੇ ਆ ਗਏ ਜਿਥੇ ਕੋਈ ਕਾਤਲ, ਮਕਤੂਲ ਦੇ ਪਰਿਵਾਰ ਨੂੰ 'ਬਲੱਡ ਮਨੀ' ਦੇ ਰੂਪ ਵਿਚ ਮੂੰਹ ਮੰਗੇ ਪੈਸੇ ਦੇ ਕੇ ਕਤਲ ਮੁਆਫ ਕਰਾ ਲੈਂਦਾ ਹੈ। ਇਸੇ ਤਰ੍ਹਾਂ ਬਾਲੜੀ ਅਰਸ਼ਦੀਪ ਦਾ ਅੰਤਿਮ ਸੰਸਕਾਰ ਵੀ, ਪੰਜਾਬੀ ਸਮਾਜ ਦੀਆਂ ਪ੍ਰਚਲਿਤ ਪ੍ਰੰਪਰਾਵਾਂ ਦੇ ਉਲਟ ਸੂਰਜ ਅਸਤ ਹੋਣ ਤੋਂ ਬਾਅਦ ਪੁਲਿਸ ਦੇ ਸਖਤ ਪਹਿਰੇ ਹੇਠ ਕਰਾ ਦਿੱਤਾ ਗਿਆ। ਸ਼ਾਇਦ ਇਸੇ ਕਾਰਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਵੇਂ ਸ਼ਹੀਦ ਭਗਤ ਸਿੰਘ ਦਾ ਅੰਤਿਮ ਸੰਸਕਾਰ ਚੋਰੀ ਛਿਪੇ ਦਿਨ ਡੁੱਬੇ ਕਰ ਦਿੱਤਾ ਗਿਆ ਸੀ, ਉਵੇਂ ਹੀ ਹੁਣ ਦੀ ਪੰਜਾਬ ਸਰਕਾਰ ਨੇ ਕੀਤਾ ਹੈ।

...ਵਕੀਲ ਸਾਹਿਬਾਨ ਨੂੰ ਇਹ ਵੀ ਯਾਦ ਕਰਾਇਆ ਕਿ ਪੰਜਾਬ ਦੇ ਸਿਆਸਤਦਾਨ, ਹਰਿਆਣੇ ਦੇ ਓਮ ਪ੍ਰਕਾਸ਼ ਚੌਟਾਲੇ ਜਿਹੇ ਭੋਲੇ ਨਹੀਂ ਜੋ ਕਾਨੂੰਨ ਦੇ ਅੜਿੱਕੇ ਆ ਕੇ ਜੇਲ੍ਹ ਜਾ ਬਹਿਣਗੇ। ਇਹ ਤਾਂ ਕੇਸ ਦੇ ਅਰੰਭ ਵਿਚ ਹੀ 'ਕੱਲੇ 'ਕੱਲੇ ਗਵਾਹ ਨੂੰ ਮੁਕਰਾਉਣ ਦੀ ਕਲਾ ਵਰਤਾਉਣ ਵਿਚ ਪ੍ਰਬੀਨ ਹਨ। ਇਸ ਪੱਖੋਂ ਵੀ ਚੌਕਸ ਰਿਹਾ ਜਾਵੇ। 'ਈ-ਮੇਲ' ਰਾਹੀਂ ਮੇਰੇ ਵੱਲੋਂ ਭੇਜਿਆ ਪੁਲੰਦਾ ਮਿਲ ਜਾਣ ਤੋਂ ਕੁਝ ਘੰਟਿਆਂ ਬਾਅਦ ਹੀ ਵਕੀਲ ਨੇ ਆਪਣੀ 'ਵਾਲ' ਉਤੇ ਮੇਰਾ ਧੰਨਵਾਦ ਕੀਤਾ ਅਤੇ ਔਰਬਿਟ ਬੱਸਾਂ ਬਾਰੇ ਮੇਰੀ ਲਿਖੀ ਇਕ ਬੈਂਤ ਵੀ ਪਾ ਦਿੱਤੀ।

ਮੋਗਾ ਇਲਾਕੇ ਦੇ ਦੋਸਤ ਦੱਸਦੇ ਨੇ ਕਿ ਸਾਡੇ ਉਥੇ 'ਮੋਗਾ ਚਾਹ ਜੋਗਾ' ਮੁਹਾਵਰੇ ਵਜੋਂ ਹੀ ਕਿਹਾ-ਸੁਣਿਆ ਜਾਂਦਾ ਹੈ। ਮੋਗਾ ਕਾਂਡ ਬਾਰੇ ਲਿਖਦਿਆਂ ਮਨ ਵਿਚ ਸਵਾਲ ਉਠਦਾ ਹੈ ਕਿ ਮੋਗਾ, ਹੁਣ ਨਿਆਂ ਹੋਗਾ?...ਜਾਂ ਬੀਬੀ ਜੈ ਲਲਿਤਾ ਦੇ ਕੇਸ ਵਾਂਗ ਕਈ ਵਰ੍ਹੇ ਪਾਣੀ ਵਿਚ ਮਧਾਣੀ ਹੀ ਫਿਰੀ ਜਾਵੇਗੀ?

# ਕਾਫੀ ਹੋਮ ਬਣਦੇ ਜਾ ਰਹੇ ਨੇ ਪੱਬ

ਸ਼ਵੇਤਾ ਮਿਸ਼ਰ

ਭਾਰਤ ਵਿਚ ਕਾਫ਼ੀ ਕਲਚਰ ਫਿਰ ਤੋਂ ਆਪਣੇ ਪੈਰ ਪਸਾਰ ਰਿਹਾ ਹੈ, ਪਰ ਇਸ ਵਾਰੀ ਦੂਜੇ ਰੂਪ 'ਚ। ਕਦੀ ਕਾਫ਼ੀ ਹਾਊਸ ਸਾਹਿਤਕਾਰਾਂ, ਸਿਆਸੀ ਕਾਰਕੁਨਾਂ ਅਤੇ ਬੁੱਧੀਜੀਵੀਆਂ ਦਾ ਅੱਡਾ ਹੁੰਦੇ ਸਨ। ਇਨ੍ਹਾਂ ਕਾਫ਼ੀ ਹਾਉਸ 'ਚ ਬੈਠ ਕੇ ਕਈ ਕਿਤਾਬਾਂ ਦੀ ਪਿਠਭੂਮੀ ਤਿਆਰ ਹੋਈ ਅਤੇ ਦੇਸ਼ ਦੀਆਂ ਯੋਜਨਾਵਾਂ 'ਤੇ ਬਹਿਸ ਹੋਈ। ਉਨ੍ਹਾਂ ਦਿਨਾਂ 'ਚ ਕਾਫ਼ੀ ਹੋਮ 'ਚ ਝੋਲਾ ਲਟਕਾਈ, ਦਾੜ੍ਹੀ ਵਧਾਈ, ਬੁੱਧੀਜੀਵੀ ਜਿਹੇ ਲੱਗਣ ਵਾਲੇ ਲੋਕ ਜ਼ਿਆਦਾ ਨਜ਼ਰ ਆਉਂਦੇ ਸਨ ਪਰ ਅੱਜ ਕਾਫ਼ੀ ਹੋਮ ਦਾ ਮੁਹਾਂਦਰਾ ਬਦਲ ਚੁੱਕਾ ਹੈ। ਹੁਣ ਇਨ੍ਹਾਂ ਨੂੰ ਕਾਫ਼ੀ ਬਾਰ ਜਾਂ ਪੱਬ ਕਿਹਾ ਜਾਣ ਲੱਗਾ ਹੈ ਜਿਥੇ ਸ਼ਰਾਬ ਦੀ ਥਾਂ ਕਾਫ਼ੀ ਪੇਸ਼ ਕੀਤੀ ਜਾਂਦੀ ਹੈ। ਇਹੀ ਨਹੀਂ ਇਨ੍ਹਾਂ ਪੱਬਾਂ 'ਚ ਰਵਾਇਤੀ ਕਾਫ਼ੀ ਹਾਉਸ ਦੀ ਦੋ ਕਿਸਮ ਦੀ ਕਾਫ਼ੀ ਦੀ ਥਾਂ 101 ਤੋਂ ਵੀ ਜ਼ਿਆਦਾ ਕਿਸਮ ਦੀ ਕਾਫ਼ੀ ਮਿਲਦੀ ਹੈ।

ਬਰਿਸਤਾ, ਕੁਈਕਿਜ ਵਰਗੇ ਬਾਰ, ਚਾਹ ਦੇ ਸ਼ੌਕੀਨ ਭਾਰਤੀਆਂ ਵਿਚਕਾਰ ਕਾਫ਼ੀ ਕਲਚਰ ਦਾ ਪ੍ਰਚਾਰ ਕਰਨ 'ਚ ਜੁਟੇ ਹੋਏ ਹਨ। ਉਂਜ ਕਾਫ਼ੀ ਦੀ ਸ਼ੁਰੂਆਤ ਬਾਰੇ ਕੋਈ ਠੋਸ ਜਾਣਕਾਰੀ ਤਾਂ ਨਹੀਂ ਹੈ ਪਰ ਜਾਣਕਾਰਾਂ ਦਾ ਕਹਿਣਾ ਹੈ ਕਿ 850 ਈ. ਵਿਚ ਈਥੋਪੀਆ 'ਚ ਆਜੜੀਆਂ ਦੇ ਮੁਖੀ ਕਲਦੀ ਨੇ ਇਕ ਦਿਨ ਦੇਖਿਆ ਕਿ ਉਸ ਦੀਆਂ ਬੱਕਰੀਆਂ ਛੋਟੇ-ਛੋਟੇ ਬੂਟਿਆਂ 'ਚ ਲੱਗੇ ਲਾਲ ਰੰਗ ਦੇ ਛੋਟੇ ਬੇਰ ਖਾਣ ਤੋਂ ਪਿਛੋਂ ਉਛਲਣ-ਕੁਦਣ ਲੱਗ ਪਈਆਂ। ਉਸ ਨੇ ਉਨ੍ਹਾਂ ਬੇਰਾਂ ਦਾ ਸੁਆਦ ਚੱਖਿਆ। ਉਸ ਨੂੰ ਵੀ ਇਸ ਦਾ ਸੁਆਦ ਬਹੁਤ ਚੰਗਾ ਲੱਗਾ।

ਅਰਬ ਮੁਲਕਾਂ 'ਚ 1100 ਈ. ਵਿਚ ਪਹਿਲੀ ਵਾਰੀ ਕਾਫ਼ੀ ਦੇ ਬੂਟੇ ਲਾਏ ਗਏ। ਕਾਫ਼ੀ ਦੇ ਬੀਜਾਂ ਨੂੰ ਭੁੰਨ ਕੇ ਉਬਾਲਿਆ ਗਿਆ ਅਤੇ ਇਸ ਨਾਲ ਬਣੇ ਪਦਾਰਥ ਨੂੰ ਅਰਬ ਨੇ ਕਾਹਵਾ ਨਾਂ ਦਿੱਤਾ। 1475 'ਚ ਕੁਸਤੁੰਨਤੁਨੀਆ ਵਿਚ ਦੁਨੀਆਂ ਦੀ ਪਹਿਲੀ ਕਾਫ਼ੀ ਸ਼ਾਪ ਖੁੱਲ੍ਹੀ। ਇਸ ਦੇ ਬਾਅਦ 1554 ਈ. 'ਚ ਦੋ ਹੋਰ ਕਾਫ਼ੀ ਹਾਊਸ ਖੁੱਲ੍ਹ ਗਏ। ਸਤਾਰਵੀਂ ਸਦੀ 'ਚ ਵੀਨਸ ਦੇ ਰਸਤੇ ਕਾਫ਼ੀ ਯੂਰਪ ਤਕ ਪਹੁੰਚੀ। ਇੰਗਲੈਂਡ 'ਚ ਪਹਿਲਾ ਕਾਫ਼ੀ ਹਾਊਸ 1652 ਈ. ਵਿਚ ਅਤੇ ਇਟਲੀ ਵਿਚ 1654 ਈ. ਦੌਰਾਨ ਖੁੱਲ੍ਹਿਆ। ਇੰਗਲੈਂਡ ਦਾ ਮਸ਼ਹੂਰ ਐਡਵਰਡ ਲਾਇਨਜ਼ ਕਾਫ਼ੀ ਹਾਉਸ 1688 ਈ. ਵਿਚ ਖੁੱਲ੍ਹਿਆ। ਇਸੇ ਕਾਫ਼ੀ ਹਾਊਸ 'ਚ ਟਿਪਸ ਸ਼ਬਦ ਦੀ ਉਤਪਤੀ ਹੋਈ। ਇਕ ਕੱਪ 'ਚ ਟੂ ਇਨਸ਼ਉਰ ਪਰਾਂਪਟ ਸਰਵਿਸ (ਟਿਪਸ) ਲਿਖ ਕੇ ਰੱਖਿਆ ਜਾਂਦਾ ਸੀ। ਕਾਫ਼ੀ ਹਾਊਸ 'ਚ ਜੋ ਲੋਕ ਸਰਵਿਸ ਬਹੁਤ ਜਲਦੀ ਚਾਹੁੰਦੇ ਸਨ, ਉਹ ਕੱਪ 'ਚ ਇਕ ਸਿੱਕਾ ਰੱਖ ਦਿੰਦੇ ਸਨ। ਇਸ ਤਰ੍ਹਾਂ ਬਹਿਰਿਆਂ ਨੂੰ ਟਿਪਸ ਦੇਣ ਦੀ ਸ਼ੁਰੂਆਤ ਹੋਈ।

ਸੰਨ 1672 ਈ. ਵਿਚ ਫਰਾਂਸ ਦਾ ਪਹਿਲਾ ਕੈਫੇ ਖੁੱਲ੍ਹਿਆ ਅਤੇ 1713 ਈ. 'ਚ ਰਾਜਾ ਲੁਈ ਚੌਦਵੇਂ ਨੂੰ ਕਾਫ਼ੀ ਦਾ ਇਕ ਬੂਟਾ ਤੋਹਫੇ 'ਚ ਦਿੱਤਾ ਗਿਆ। ਇਹ ਮੰਨਿਆ ਜਾਂਦਾ ਹੈ ਕਿ ਲੂਈ ਦੇ ਦਰਬਾਰ 'ਚ ਪਹਿਲੀ ਵਾਰੀ ਕਾਫ਼ੀ 'ਚ ਚੀਨੀ ਮਿਲਾਈ ਗਈ, ਅਠਾਰਵੀਂ ਸਦੀ 'ਚ ਅਮਰੀਕਾ 'ਚ ਕਾਫ਼ੀ ਦੀ ਖੇਤੀ ਸ਼ੁਰੂ ਹੋਈ। 1822 ਈ. ਵਿਚ ਫਰਾਂਸ ਨੇ ਐਸਪਰੈਸੋ ਮਸ਼ੀਨ ਦਾ ਪਹਿਲਾ ਨਮੂਨਾ ਬਣਾਇਆ ਅਤੇ 1905 ਈ. ਵਿਚ ਇਟਲੀ 'ਚ ਪਹਿਲੀ ਵਪਾਰਕ ਐਸਪਰੈਸੋ ਕਾਫ਼ੀ ਮਸ਼ੀਨ ਬਣੀ। ਇਨ੍ਹਾਂ ਮਸ਼ੀਨਾਂ ਨੇ ਕਾਫ਼ੀ ਹਾਊਸ ਦਾ ਕੰਮ ਬਹੁਤ ਆਸਾਨ ਕਰ ਦਿੱਤਾ। ਹੌਲੀ-ਹੌਲੀ ਐਸਪਰੈਸੋ ਮਸ਼ੀਨ 'ਚ ਸੁਧਾਰ ਕੀਤੇ ਗਏ।

1933 ਈ. ਵਿਚ ਡਾ. ਅਰਨੈਸਟ ਈਲੀ ਨੇ ਆਟੋਮੈਟਿਕ ਐਸਪਰੈਸੋ ਮਸ਼ੀਨ ਤਿਆਰ ਕੀਤੀ, ਬਰਾਜ਼ੀਲ 'ਚ ਵਾਧੂ ਮਾਤਰਾ 'ਚ ਕਾਫ਼ੀ ਦੀ ਪੈਦਾਵਾਰ ਦੀ ਸਮੱਸਿਆ ਦੇ ਹੱਲ ਲਈ ਨੈਸਲੇ ਕੰਪਨੀ ਨੇ ਨੈਸਕੈਫੇ ਇੰਸਟੈਂਟ ਕਾਫ਼ੀ ਦੀ ਖੋਜ ਕਰ ਲਈ। 1945 ਵਿਚ ਐਚਲਿਸ ਗੈਗੀਆ ਨੇ ਐਸਪਰੈਸੋ ਮਸ਼ੀਨ 'ਚ ਉਚਾ ਦਬਾਅ ਬਣਾਉਣ ਵਾਲਾ ਇਕ ਪਿਸਟਨ ਜੋੜਿਆ, ਜਿਸ ਨਾਲ ਕਰੀਮ ਦੀ ਇਕ ਮੋਟੀ ਪਰਤ ਨਿਕਲਦੀ ਸੀ। ਇਸ ਤਰ੍ਹਾਂ ਕਰੀਮੀ ਐਸਪਰੈਸੋ ਕਾਫ਼ੀ ਦੀ ਸ਼ੁਰੂਆਤ ਹੋਈ।



ਭਾਰਤ ਵਿਚ ਕਾਫ਼ੀ ਦੀ ਪਰੰਪਰਾ ਪੁਰਾਣੀ ਹੈ, ਪਰ ਹੁਣ ਇਸ ਦਾ ਚਰਿੱਤਰ ਬਦਲ ਗਿਆ ਹੈ, ਕਦੀ ਇਸ ਪਿਆਲੇ ਦੇ ਨਾਲ ਇਨਕਲਾਬ ਦੀਆਂ ਗੱਲਾਂ ਹੁੰਦੀਆਂ ਸਨ, ਅੱਜ ਦੇ ਕਾਫ਼ੀ ਪੱਬ ਅਮੀਰਜ਼ਾਦਿਆਂ ਦੀ ਮੌਜ-ਮਸਤੀ ਦਾ ਹਿੱਸਾ ਬਣੇ ਹੋਏ ਹਨ।

ਕਾਫ਼ੀ ਅੱਜ ਦੁਨੀਆਂ ਦਾ ਸਭ ਤੋਂ ਮਨਪਸੰਦ ਪਦਾਰਥ ਬਣ ਚੁੱਕੀ ਹੈ। ਹਰ ਸਾਲ ਲਗਪਗ 400 ਅਰਬ ਕੱਪ ਕਾਫ਼ੀ ਦੀ ਖਪਤ ਹੁੰਦੀ ਹੈ। ਤੇਲ ਤੋਂ ਬਾਅਦ ਦੁਨੀਆਂ 'ਚ ਇਸ ਦੀ ਖਪਤ ਹੀ ਸਭ ਤੋਂ ਵੱਧ ਹੈ।

ਅਮਰੀਕਾ ਦੇ ਸ਼ਹਿਰ ਸਿਆਟਲ ਦੇ ਕਾਫ਼ੀ ਸ਼ਾਪ ਸਟਾਰਬਕਸ ਤੋਂ ਪ੍ਰੇਰਿਤ ਹੋ ਕੇ ਚੇਨਈ ਸ਼ੁਰੂ ਹੋਏ ਕੁਇਕਿਜ ਕਾਫ਼ੀ ਪੱਬ ਨੇ ਉਸ ਸ਼ਹਿਰ ਦਾ ਕਲਚਰ ਹੀ ਬਦਲ ਦਿੱਤਾ ਹੈ। ਹੁਣ ਇਕ ਮਹਿੰਗੇ ਅਤੇ ਅਕਰਸ਼ਕ ਬਾਰ ਜਾਂ ਪੱਬ 'ਚ ਕਾਫ਼ੀ ਪੀਣਾ ਇਕ ਫੈਸ਼ਨ ਬਣ ਗਿਆ ਹੈ। ਇਨ੍ਹਾਂ ਪੱਬ 'ਚ ਤੁਸੀਂ ਕਾਫ਼ੀ ਦੇ ਨਾਲ-ਨਾਲ ਕਈ ਤਰ੍ਹਾਂ ਦੀ ਖੇਡ ਖੇਡ ਸਕਦੇ ਹੋ, ਕਿਤਾਬਾਂ, ਕਾਰਡ, ਖਿਡੌਣੇ ਆਦਿ ਖਰੀਦ ਸਕਦੇ ਹੋ। ਕਾਫ਼ੀ ਹਾਊਸ ਦੀ ਸਫਲਤਾ ਨੇ ਕਈ ਕੰਪਨੀਆਂ ਨੂੰ ਆਪਣੇ ਵੱਲ ਖਿੱਚਿਆ ਹੈ।

ਮਹਾਂਨਗਰਾਂ ਦੇ ਇਨ੍ਹਾਂ ਕਾਫ਼ੀ ਪੱਬ ਨੇ ਰਵਾਇਤੀ ਕਾਫ਼ੀ ਹਾਊਸ ਦਾ ਰੂਪ ਹੀ ਬਦਲ ਦਿੱਤਾ ਹੈ। ਬੁੱਧੀਜੀਵੀ ਜਮਾਤ ਦਾ ਅੱਡਾ ਮੰਨੇ ਜਾਣ ਵਾਲੇ ਕਾਫ਼ੀ ਹਾਊਸਾਂ 'ਤੇ ਹੁਣ ਅਮੀਰ ਜਮਾਤ ਦਾ ਕਬਜ਼ਾ ਹੋ ਗਿਆ ਹੈ ਜਿਹੜੀ ਕਾਫ਼ੀ ਇਕ ਜ਼ਮਾਨੇ 'ਚ 2 ਤੋਂ 3 ਰੁਪਏ 'ਚ ਮਿਲਦੀ ਸੀ, ਅੱਜ ਦੇ ਆਧੁਨਿਕ ਪੱਬ 'ਚ 30 ਤੋਂ 100 ਰੁਪਏ ਦੇ ਦਰਮਿਆਨ ਮਿਲਦੀ ਹੈ। ਇਹ ਕਾਫ਼ੀ ਪੱਬ ਅਮੀਰ ਘਰਾਣਿਆਂ ਦੇ ਨੌਜਵਾਨਾਂ ਦਾ ਅੱਡਾ ਬਣ ਗਏ ਹਨ।

ਭਾਰਤ 'ਚ ਕਾਫ਼ੀ ਹਾਊਸ ਦੀ ਕਲਚਰ ਨਵੀਂ ਨਹੀਂ ਹੈ। ਪਰ ਖਰਾਬ ਸਾਂਭ-ਸੰਭਾਲ ਅਤੇ ਬਦਤਰ ਹਾਲਤ ਕਾਰਨ ਪੁਰਾਣੇ ਕਾਫ਼ੀ ਹੋਮ ਆਪਣੀ ਪਛਾਣ ਗੁਆਂਦੇ ਜਾ ਰਹੇ ਹਨ। ਉਨ੍ਹਾਂ ਦੀ ਥਾਂ ਇਨ੍ਹਾਂ ਨਵੇਂ ਅਤੇ ਅਕਰਸ਼ਕ ਕਾਫ਼ੀ ਪੱਬਾਂ ਨੇ ਲੈ ਲਈ ਹੈ।

# ਹਰ ਸ਼ਾਖ ਪੇ ਉਲੂ ਬੈਠਾ ਹੈ...!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਹੁਤ ਸਾਲ ਪਹਿਲਾਂ ਜਦੋਂ ਇਹ ਮੰਗ ਉਠੀ ਸੀ ਕਿ ਪਾਕਿਸਤਾਨ ਨੂੰ 'ਫੇਲ੍ਹਡ ਸਟੇਟ' ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ, ਉਦੋਂ ਇਹ ਚਰਚਾ ਕੁਝ ਦਿਨਾਂ ਪਿੱਛੋਂ ਮੱਠੀ ਪੈ ਗਈ ਸੀ ਕਿ 'ਫੇਲ੍ਹਡ ਸਟੇਟ' ਦਾ ਮਤਲਬ ਕੀ ਹੁੰਦਾ ਹੈ? ਏਦਾਂ ਦਾ ਦਰਜਾ ਦੇਣ ਲਈ ਯੂ ਐਨ ਓ ਦਾ ਇੱਕ ਥਿੰਕ ਟੈਂਕ, ਫੰਡ ਫਾਰ ਪੀਸ, ਆਪਣੇ ਮੈਂਬਰ ਦੇਸ਼ਾਂ ਦੇ ਹਾਲਾਤ ਨੂੰ ਬਾਰਾਂ ਨੁਕਤਿਆਂ ਤੋਂ ਪਰਖਦਾ ਹੈ। ਇਨ੍ਹਾਂ ਵਿਚੋਂ ਪਹਿਲੇ ਚਾਰ ਨੁਕਤੇ ਉਥੋਂ ਦੇ ਸਮਾਜੀ ਹਾਲਾਤ ਨਾਲ ਜੁੜੇ ਹੁੰਦੇ ਹਨ, ਅਗਲੇ ਦੋ ਨੁਕਤੇ ਆਰਥਿਕਤਾ ਨਾਲ ਤੇ ਬਾਕੀ ਦੇ ਛੇ ਉਸ ਦੇਸ਼ ਦੇ ਰਾਜਸੀ ਹਾਲਾਤ ਦੀ ਪੁਣ-ਛਾਣ ਬਾਰੇ ਹੁੰਦੇ ਹਨ। ਪਾਕਿਸਤਾਨ ਨੂੰ ਇਹ ਦਰਜਾ ਦੇਣਾ ਹੈ ਜਾਂ ਨਹੀਂ, ਯੂ ਐਨ ਓ ਇਸ ਬਾਰੇ ਫੈਸਲਾ ਕਰੇਗੀ ਜਾਂ ਨਹੀਂ, ਇਸ ਨਾਲ ਸਾਨੂੰ ਕੋਈ ਮਤਲਬ ਨਹੀਂ, ਪਰ ਇੱਕ ਗੱਲ ਹੋਰ ਸੋਚਣੀ ਚਾਹੀਦੀ ਹੈ ਕਿ ਸ਼ਹੀਦ ਭਗਤ ਸਿੰਘ ਨੂੰ ਕਿਸੇ ਸਰਕਾਰ ਤੋਂ ਬਾਕਾਇਦਾ ਕੋਈ ਦਰਜਾ ਦਿੱਤੇ ਜਾਣ ਤੋਂ ਬਿਨਾਂ ਹੀ ਲੋਕਾਂ ਨੇ 'ਸ਼ਹੀਦੇ-ਆਜ਼ਮ' ਦਾ ਦਰਜਾ ਦੇ ਦਿੱਤਾ ਸੀ। ਕੁਝ ਗੱਲਾਂ ਦਾ ਸਬੰਧ ਲੋਕਾਂ ਦੀ ਮਾਨਸਿਕਤਾ ਨਾਲ ਹੁੰਦਾ ਹੈ। ਜਿਵੇਂ ਉਹ ਭਗਤ ਸਿੰਘ ਨੂੰ ਆਪਣਾ ਹੀਰੋ ਮੰਨ ਸਕਦੇ ਹਨ, ਇਵੇਂ ਹੀ ਆਪਣੇ ਦੇਸ਼ ਦੀ ਹਾਲਤ ਬਾਰੇ ਕੋਈ ਧਾਰਨਾ ਬਣਾਉਣ ਵੇਲੇ ਵੀ ਉਨ੍ਹਾਂ ਨੂੰ ਯੂ ਐਨ ਓ ਦਾ ਫਤਵਾ ਨਹੀਂ ਚਾਹੀਦਾ। ਕਈ ਸਾਲਾਂ ਤੋਂ ਯੂ ਐਨ ਓ ਦੇ ਨਕਸ਼ੇ ਵਿਚ ਚੌਕਸੀ ਰੱਖਣ ਦੇ ਰੰਗਾਂ ਨਾਲ ਦਿਖਾਇਆ ਜਾ ਰਿਹਾ ਭਾਰਤ ਹੁਣ ਜਿਸ ਪਾਸੇ ਵਲ ਜਾ ਰਿਹਾ ਹੈ, ਕਿਸੇ ਦਿਨ ਲੋਕ ਇਸ ਤੋਂ ਆਸ ਹੀ ਲਾਹ ਦੇਣਗੇ। ਇਸ ਨੂੰ ਬਾਕਾਇਦਾ ਕੋਈ ਦਰਜਾ ਨਾ ਵੀ ਦਿੱਤਾ ਜਾਵੇ, ਰਾਜਨੀਤੀ ਨੇ ਇਸ ਨੂੰ ਜਿਹੜੇ ਰਾਹ ਪਾ ਲਿਆ ਹੈ, ਉਸ ਰਾਹ ਉਤੇ ਇਹ ਕਦੇ ਵੀ ਲੋਕਾਂ ਦੀ ਮਾਨਸਿਕਤਾ ਵਿਚ 'ਫੇਲ੍ਹਡ ਸਟੇਟ' ਦਾ ਰੁਤਬਾ ਹਾਸਲ ਕਰ ਸਕਦਾ ਹੈ।

'ਫੇਲ੍ਹਡ ਸਟੇਟ' ਦੇ ਦਰਜੇ ਲਈ ਬਾਰਾਂ ਵਿਚੋਂ ਪਹਿਲੇ ਚਾਰ ਨੁਕਤੇ ਉਸ ਦੇਸ਼ ਦੇ ਸਮਾਜਕ ਹਾਲਾਤ ਬਾਰੇ ਹਨ। ਉਨ੍ਹਾਂ ਵਿਚਲਾ ਚੌਥਾ ਨੁਕਤਾ ਇਹ ਹੈ ਕਿ ਉਸ ਦੇਸ਼ ਦੇ ਬੁੱਧੀਜੀਵੀਆਂ, ਪੇਸ਼ੇਵਾਰਾਨਾ ਮਾਹਰਾਂ ਤੇ ਮੱਧ ਵਰਗ ਦੇ ਲੋਕਾਂ ਦਾ ਦੂਸਰੇ ਦੇਸ਼ਾਂ ਨੂੰ ਆਪਣੇ-ਆਪ ਪਰਵਾਸ ਕਿੰਨਾ ਹੋ ਰਿਹਾ ਹੈ? ਇਹ ਨੁਕਤਾ ਭਾਰਤ ਦੇ ਹਾਲਾਤ ਉਤੇ ਫਿੱਟ ਬੈਠਦਾ ਹੈ। ਡਾਕਟਰ ਅਤੇ ਇੰਜੀਨੀਅਰ ਅਸੀਂ ਪੈਦਾ ਕਰਦੇ ਹਾਂ, ਪਰ ਉਹ ਇਥੇ ਨਹੀਂ ਰਹਿਣਾ ਚਾਹੁੰਦੇ, ਵਿਦੇਸ਼ ਉਡਾਰੀ ਲਾ ਜਾਂਦੇ ਹਨ, ਕਿਉਂਕਿ ਭਾਰਤ 'ਚ ਕੋਈ ਭਵਿੱਖ ਨਹੀਂ ਦਿੱਸਦਾ। ਮੱਧ ਵਰਗ ਦੇ ਲੋਕ ਇਸ ਦੇਸ਼ ਵਿਚੋਂ ਬਾਹਰ ਭੱਜਣ ਲਈ ਜਾਇਜ਼-ਨਾਜਾਇਜ਼ ਸਭ ਤਰੀਕੇ ਵਰਤਣ ਲੱਗੇ ਹਨ। 'ਬਰੇਨ ਡਰੇਨ' ਦੇ ਨਾਂ ਨਾਲ ਜਾਣੇ ਜਾਂਦੇ ਇਸ ਪਰਵਾਸ ਨੂੰ ਭਾਰਤ ਨਾ ਰੋਕ ਸਕਦਾ ਹੈ, ਨਾ ਰੋਕਣ ਦੀ ਇਸ ਦੀ ਇੱਛਾ ਹੀ ਹੈ। ਭਾਰਤ ਸਰਕਾਰ ਤਾਂ ਸਗੋਂ ਆਪਣੇ ਲੋਕਾਂ ਦੇ ਵਿਦੇਸ਼ ਵਿਚ ਵਸੇਬਾ ਕਰਨ ਲਈ ਨਿਯਮ-ਕਾਨੂੰਨ ਸੌਖੇ ਪੇਸ਼ ਕੀਤੇ ਜਾਣ ਦੀ ਮੰਗ ਕਰਦੀ ਹੈ।

ਆਰਥਿਕ ਪੱਖ ਦੇ ਦੋ ਨੁਕਤਿਆਂ ਵਿਚੋਂ ਇੱਕ ਨੁਕਤਾ ਸਮਾਜ ਦੇ ਅਣਸਾਵੇਂ ਵਿਕਾਸ ਤੇ ਦੂਸਰਾ ਸਰਕਾਰ ਅਤੇ ਸਮਾਜ ਦੀ ਆਰਥਿਕਤਾ ਦੇ ਲਗਾਤਾਰ ਨਿੱਘਰਦੇ ਜਾਣ ਬਾਰੇ ਹੈ। ਭਾਰਤ ਦਾ ਹਾਲ ਇਹ ਹੈ ਕਿ ਰਾਜਾਂ ਦੀਆਂ ਸਰਕਾਰਾਂ ਆਪਣੇ ਖਰਚੇ ਚਲਾਉਣ ਤੋਂ ਅਸਮਰਥ ਹਨ। ਸਮਾਜੀ ਸੇਵਾਵਾਂ ਠੱਪ ਹੁੰਦੀਆਂ ਜਾਂਦੀਆਂ ਹਨ। ਜਿਹੜੇ ਸਕੂਲ ਅੰਗਰੇਜ਼ਾਂ ਵੇਲੇ ਸ਼ੁਰੂ ਹੋਏ ਅਤੇ ਫਿਰ ਲਗਾਤਾਰ ਵਧਦੇ ਗਏ ਸਨ, ਉਹ ਬੰਦ ਕੀਤੇ ਜਾਣ ਲੱਗੇ ਹਨ। ਉਨ੍ਹਾਂ ਦੀ ਥਾਂ ਲੋਕਾਂ ਦੀ ਜੇਬ ਕੱਟਣ ਵਾਲੀਆਂ ਵਿਦਿਅਕ ਦੁਕਾਨਾਂ ਖੁੱਲ੍ਹ ਰਹੀਆਂ ਹਨ। ਕੇਂਦਰ ਦਾ ਹਾਲ ਇਹ ਹੈ ਕਿ ਆਪਣੀ ਫੌਜ ਕੋਲ ਤਿੰਨ ਦਿਨਾਂ ਦੀ ਜੰਗ ਜੋਗਾ ਸਾਮਾਨ ਹੈ ਤੇ ਇਸ ਭੇਦ ਨੂੰ ਗੁਪਤ ਰੱਖਣ ਦੀ ਲੋੜ ਵੀ ਨਹੀਂ ਸਮਝੀ ਜਾਂਦੀ। ਹੋਰ ਸਮਾਨ ਇਸ ਲਈ ਖਰੀਦਿਆ ਨਹੀਂ ਜਾਂਦਾ ਕਿ ਫੌਜ ਦੀ ਮਜ਼ਬੂਤੀ ਦੇ ਨਾਅਰੇ ਲਾਉਣ ਪਿੱਛੋਂ ਸਰਕਾਰਾਂ ਇਸ ਕੰਮ ਵਾਸਤੇ ਲੋੜੀਂਦਾ ਬੱਜਟ ਰੱਖਣ ਤੋਂ ਪਾਸਾ ਵੱਟ ਜਾਂਦੀਆਂ ਹਨ। ਕਿਸਾਨ ਗਰੀਬੀ ਦੁੱਖੋਂ ਖੁਦਕੁਸ਼ੀਆਂ ਕਰੀ ਜਾਣ ਤਾਂ ਉਨ੍ਹਾਂ ਲਈ ਕੋਈ ਫੰਡ ਨਹੀਂ ਕੱਢਿਆ ਜਾਂਦਾ, ਪਰ ਅਵਾਰਾ ਫਿਰਦੀਆਂ ਗਾਂਵਾਂ ਵਾਸਤੇ ਉਚੇਚਾ ਫੰਡ ਕਾਇਮ ਕਰਨ ਲਈ ਲੋਕਾਂ 'ਤੇ ਨਵਾਂ ਟੈਕਸ ਇਸ ਕਰ ਕੇ ਲਾ ਦਿੱਤਾ ਜਾਂਦਾ ਹੈ ਕਿ ਕੁਝ ਲੀਡਰਾਂ ਲਈ ਅਹੁਦੇ ਦੇਣ ਲਈ ਇੰਜ ਕਰਨਾ ਜ਼ਰੂਰੀ ਹੈ। ਸਰਕਾਰ ਨੇ ਕਦੇ ਇਹ ਗੱਲ ਨਹੀਂ ਸੋਚੀ ਕਿ ਮੱਝ ਕਦੇ ਆਵਾਰਾ ਫਿਰਦੀ ਨਹੀਂ ਵੇਖੀ ਅਤੇ ਗਊ ਨੂੰ ਲੋਕ ਚਾਰ ਦਿਨ ਦੁੱਧ ਲੈ ਕੇ ਇਸ ਲਈ ਖੁੱਲ੍ਹੀ ਛੱਡ ਦੇਂਦੇ ਹਨ ਕਿ ਆਪੇ ਕੋਈ ਗਊ-ਸ਼ਾਲਾ ਸਾਂਭਦੀ ਫਿਰੇਗੀ।

> *ਕਿਸਾਨ ਗਰੀਬੀ ਦੁੱਖੋਂ ਖੁਦਕੁਸ਼ੀਆਂ ਕਰੀ ਜਾਣ ਤਾਂ ਉਨ੍ਹਾਂ ਲਈ ਕੋਈ ਫੰਡ ਨਹੀਂ ਕੱਢਿਆ ਜਾਂਦਾ, ਪਰ ਅਵਾਰਾ ਫਿਰਦੀਆਂ ਗਾਂਵਾਂ ਵਾਸਤੇ ਉਚੇਚਾ ਫੰਡ ਕਾਇਮ ਕਰਨ ਲਈ ਲੋਕਾਂ ਉਤੇ ਨਵਾਂ ਟੈਕਸ ਇਸ ਕਰ ਕੇ ਲਾ ਦਿੱਤਾ ਜਾਂਦਾ ਹੈ ਕਿ ਕੁਝ ਲੀਡਰਾਂ ਨੂੰ ਅਹੁਦੇ ਦੇਣ ਲਈ ਇਸ ਤਰ੍ਹਾਂ ਕਰਨਾ ਜ਼ਰੂਰੀ ਹੈ।*

ਖੇਤੀ ਖੇਤਰ ਨਿਘਾਰ ਵੱਲ ਜਾ ਰਿਹਾ ਹੈ ਤੇ ਹੁਕਮਰਾਨਾਂ ਨੂੰ ਮਜ਼ਾਕ ਦੇ ਨੁਸਖੇ ਸੁੱਝਦੇ ਹਨ। ਕੇਂਦਰ ਦਾ ਇੱਕ ਮੰਤਰੀ ਇਹ ਕਹਿੰਦਾ ਹੈ ਕਿ ਉਸ ਨੇ ਆਪਣੇ ਬਗੀਚੇ ਨੂੰ ਪਾਣੀ ਦੀ ਥਾਂ ਪੇਸ਼ਾਬ ਨਾਲ ਸਿੰਜਣਾ ਸ਼ੁਰੂ ਕੀਤਾ ਤਾਂ ਖਿੜ ਪਿਆ ਹੈ। ਲੰਮੀ-ਚੌੜੀ ਕੋਠੀ ਵਿਚ ਬਗੀਚਾ ਵੀ ਲੰਮਾ-ਚੌੜਾ ਹੈ। ਮੰਤਰੀ ਆਪਣਾ ਮਹਿਕਮਾ ਵੇਖਣ ਦੀ ਥਾਂ ਸਾਰਾ ਦਿਨ ਏਹੋ ਕੰਮ ਕਰਦਾ ਹੋਵੇਗਾ!

ਜਿਹੜੇ ਛੇ ਨੁਕਤੇ ਇਸ ਤੋਂ ਬਾਅਦ ਰਾਜਸੀ ਪੱਖੋਂ ਵਿਚਾਰਨ ਵਾਲੇ ਹਨ, ਉਨ੍ਹਾਂ ਵਿਚ ਇੱਕ ਇਹ ਹੈ ਕਿ ਉਸ ਦੇਸ਼ ਵਿਚ ਰਾਜ ਕਰਦੀ ਜਮਾਤ ਪਾਰਦਰਸ਼ਤਾ ਤੇ ਜਵਾਬਦੇਹੀ ਤੋਂ ਭੱਜਦੀ ਹੋਵੇ ਅਤੇ ਰਾਜਸੀ ਵਿਰੋਧੀਆਂ ਉਤੇ ਜ਼ੁਲਮ ਕਰਨ ਦਾ ਰਾਹ ਫੜ ਚੁੱਕੀ ਹੋਵੇ। ਭਾਰਤ ਦਾ ਇੱਕ ਵੀ ਰਾਜ ਏਦਾਂ ਦਾ ਨਹੀਂ, ਜਿੱਥੇ ਅੱਜ ਇਹ ਕੰਮ ਨਾ ਹੁੰਦਾ ਹੋਵੇ। ਇੱਕ ਨੁਕਤਾ ਇਹ ਹੈ ਕਿ ਸਿਹਤ, ਸਫਾਈ ਤੇ ਵਿਦਿਆ ਦਾ ਨਿਘਾਰ ਹੋ ਜਾਵੇ ਤੇ ਟਰਾਂਸਪੋਰਟ ਸਿਸਟਮ ਗਰਕ ਜਾਵੇ। ਸਿਸਟਮ ਗਰਕ ਜਾਣ ਨੂੰ ਉਡੀਕਣ ਦੀ ਥਾਂ ਇਥੇ ਗਰਕ ਕੀਤਾ ਜਾਂਦਾ ਹੈ। ਕੁਝ ਸਾਲ ਪਹਿਲਾਂ ਪਾਕਿਸਤਾਨ ਤੋਂ ਖਬਰ ਆਈ ਸੀ ਕਿ ਰੇਲ ਮੰਤਰੀ ਨੇ ਸਾਰੇ ਵੱਡੇ ਸ਼ਹਿਰਾਂ ਨੂੰ ਆਪਣੀਆਂ ਬੱਸਾਂ ਦੀ ਲਾਈਨ ਚੱਲਦੀ ਰੱਖਣ ਵਾਸਤੇ ਰੇਲਵੇ ਦਾ ਏਨਾ ਭੱਠਾ ਬਿਠਾ ਦਿੱਤਾ ਕਿ ਸਰਕਾਰ ਕੁਝ ਰੇਲਵੇ ਇੰਜਣ ਤੇ ਡੱਬੇ ਭਾਰਤ ਤੋਂ ਕਿਰਾਏ ਉਤੇ ਲੈਣ ਦੀ ਤਜਵੀਜ਼ ਉਤੇ ਵਿਚਾਰ ਕਰਨ ਲੱਗ ਪਈ ਸੀ। ਇਹ ਕੰਮ ਭਾਰਤ ਵਿਚ ਵੀ, ਅਤੇ ਖਾਸ ਤੌਰ ਉਤੇ ਸਾਡੇ ਪੰਜਾਬ ਵਿਚ ਵੀ ਹੁੰਦਾ ਵੇਖਿਆ ਜਾ ਸਕਦਾ ਹੈ।

ਮਨੁੱਖੀ ਅਧਿਕਾਰਾਂ ਦੇ ਘਾਣ ਵਾਲਾ ਨੁਕਤਾ ਵੀ ਇਸ ਵਿਚ ਦਰਜ ਹੈ, ਜਿਸ ਬਾਰੇ ਸਾਨੂੰ ਕੁਝ ਕਹਿਣ ਦੀ ਲੋੜ ਨਹੀਂ ਜਾਪਦੀ। ਇੱਕ ਨੁਕਤਾ ਇਹ ਹੈ ਕਿ ਆਮ ਲੋਕਾਂ ਦੀ ਸੁਰੱਖਿਆ ਬਾਰੇ ਕੁਝ ਸੋਚਿਆ ਨਾ ਜਾਵੇ ਅਤੇ 'ਸਟੇਟ ਵਿਦ ਇਨ ਸਟੇਟ', ਰਾਜ ਦੇ ਅੰਦਰ ਰਾਜ, ਦੀ ਸਥਿਤੀ ਬਣਾ ਕੇ ਆਪਣੀ ਸੁਰੱਖਿਆ ਲਈ ਵੱਖਰੀ ਫੋਰਸ ਖੜੀ ਕਰ ਲਈ ਜਾਵੇ। ਪੰਜਾਬ ਦੀਆਂ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਵਿਚ ਡਰਾਈਵਰ ਅਤੇ ਕੰਡਕਟਰ ਦੇ ਨਾਲ ਪੰਜ-ਸੱਤ ਲੱਠ-ਮਾਰ ਹਰ ਬੱਸ ਵਿਚ ਚੜ੍ਹੇ ਫਿਰਨ ਦਾ ਇਹੋ ਅਰਥ ਨਿਕਲਦਾ ਹੈ। ਉਹ ਮਾਲਕਾਂ ਦਾ ਹੁਕਮ ਵੀ ਨਹੀਂ ਉਡੀਕਦੇ, ਆਪਣੇ ਆਪ ਕਾਰਵਾਈ ਕਰਨ ਪਿੱਛੋਂ ਮਾਲਕਾਂ ਤੋਂ ਸ਼ਾਬਾਸ਼ ਲੈਣ ਜਾ ਸਕਦੇ ਹਨ।

ਸਭ ਤੋਂ ਖਾਸ ਨੁਕਤਾ ਇਹ ਕਿ ਉਸ ਦੇਸ਼ ਦੀ ਸਰਕਾਰੀ ਮਸ਼ੀਨਰੀ ਰਾਜਸੀ ਦਖਲ ਤੋਂ ਹੱਦੋਂ ਬਾਹਰੀ ਪ੍ਰਭਾਵਤ ਹੋ ਜਾਵੇ। ਜਿਵੇਂ ਘਰ ਦਾ ਬਜ਼ੁਰਗ ਆਪਣੇ ਬੱਚਿਆਂ ਨੂੰ ਵੰਡਣ ਲਈ ਟਾਫੀਆਂ ਅਤੇ ਚਾਕਲੇਟ ਜੇਬ ਵਿਚ ਰੱਖਦਾ ਹੈ, ਪੰਜਾਬ ਦੇ ਕੁਝ ਪੁਲਿਸ ਅਫਸਰਾਂ ਨੇ 'ਇਰਾਦਾ ਕਤਲ' ਦੀ ਧਾਰਾ ਤਿੰਨ ਸੌ ਸੱਤ ਜੇਬ ਵਿਚ ਰੱਖੀ ਹੁੰਦੀ ਹੈ। ਉਨ੍ਹਾਂ ਦੇ ਰਾਜਸੀ ਪ੍ਰਿਤਪਾਲਕਾਂ ਦੇ ਖਿਲਾਫ ਜਦੋਂ ਕੋਈ ਜ਼ਰਾ ਜਿੰਨੀ ਵੀ ਗੱਲ ਕਰੇ ਤਾਂ ਉਸ ਦੇ ਖਿਲਾਫ ਇਹ ਧਾਰਾ ਜੜ ਦਿੱਤੀ ਜਾਂਦੀ ਹੈ। ਫਿਰ ਛੇਤੀ ਜ਼ਮਾਨਤ ਨਹੀਂ ਹੁੰਦੀ। ਪਿਛਲੇ ਅੱਠ ਸਾਲਾਂ ਵਿਚ ਬਣੇ ਉਹ ਕੇਸ ਗਿਣੇ ਜਾਣ, ਜਿੱਥੇ ਇਸ ਧਾਰਾ ਹੇਠ ਬੰਦਾ ਜੇਲ੍ਹ ਭੇਜਿਆ ਗਿਆ ਅਤੇ ਸਮਝੌਤਾ ਹੋਣ ਮਗਰੋਂ ਇਹ ਧਾਰਾ ਵਾਪਸ ਲਈ ਗਈ ਸੀ ਤਾਂ ਸਾਰੀ ਸਥਿਤੀ ਦਾ ਪਤਾ ਲੱਗ ਸਕਦਾ ਹੈ। ਇਹ ਕੰਮ ਸਿਰਫ ਪੰਜਾਬ ਵਿਚ ਹੀ ਨਹੀਂ, ਭਾਰਤ ਦੇ ਹਰ ਰਾਜ ਵਿਚ ਹੁੰਦਾ ਹੈ ਅਤੇ ਹਰ ਥਾਂ ਰਾਜ ਕਰਨ ਵਾਲੇ ਇਸ ਲੋਕਤੰਤਰ ਨੂੰ ਆਪਣੀ 'ਚਾਰੇ ਚੱਕ ਜਾਗੀਰ' ਮੰਨ ਕੇ ਰਾਜ ਕਰਦੇ ਹਨ।

ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਇੱਕ ਬਹੁਤ ਸੀਨੀਅਰ ਵਕੀਲ ਨੇ ਇਹ ਦੋਸ਼ ਲਾ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ ਕਿ ਆਜ਼ਾਦੀ ਤੋਂ ਬਾਅਦ ਦੇ ਹੁਣ ਤੱਕ ਦੇ ਭਾਰਤ ਦੀ ਸੁਪਰੀਮ ਕੋਰਟ ਦੇ ਅੱਧੇ ਮੁੱਖ ਜੱਜ ਖੁਦ ਭ੍ਰਿਸ਼ਟਾਚਾਰ ਕਰਦੇ ਰਹੇ ਸਨ। ਉਨ੍ਹਾਂ ਵਿਚੋਂ ਕੁਝ ਜੱਜਾਂ ਦੇ ਨਾਂਵਾਂ ਦੀ ਪਹਿਲਾਂ ਵੀ ਚਰਚਾ ਹੁੰਦੀ ਰਹੀ ਸੀ। ਏਡੀ ਵੱਡੀ ਊਜ ਸੁਣ ਕੇ ਨਿਆਂਪਾਲਿਕਾ ਦਾ ਰੋਹ 'ਚ ਆਉਣਾ ਵਾਜਬ ਸੀ, ਤੇ ਕਿਹਾ ਗਿਆ ਸੀ ਕਿ ਇਹ ਦੋਸ਼ ਸਾਬਤ ਕਰਨਾ ਜਾਂ ਅਦਾਲਤ ਦੀ ਮਾਣ-ਹਾਨੀ ਦਾ ਕੇਸ ਭੁਗਤਣਾ ਪਵੇਗਾ। ਫਿਰ ਇਹ ਊਜ ਰੌਲੇ ਵਿਚ ਹੀ ਰੁਲ ਗਈ। ਨਤੀਜਾ ਇਹ ਕਿ ਲੋਕਾਂ ਵਿਚ ਉਮੀਦ ਦੀ ਆਖਰੀ ਕਿਰਨ ਵਾਲੇ ਦਰਵਾਜ਼ੇ ਬਾਰੇ ਵੀ ਨਾਉਮੀਦੀ ਪੈਦਾ ਹੋਣੀ ਸ਼ੁਰੂ ਹੋ ਗਈ।

ਸਵਾਲ ਇਹ ਹੈ ਕਿ ਜੇ ਹਰ ਪਾਸੇ ਇਹੋ ਜਿਹੀ ਸਥਿਤੀ ਹੈ ਤਾਂ ਦੇਸ਼ ਵਿਚ ਰਾਜ-ਕਾਜ਼ ਕਿਹੜੇ ਨੇਮ-ਕਾਨੂੰਨ ਨਾਲ ਚੱਲਦਾ ਹੈ ਤੇ ਜਿਹੜੇ ਅਫਸਰ ਕੰਮ ਕਰਦੇ ਹਨ, ਉਹ ਕਿਸ ਗਜ਼ ਨਾਲ ਜਾਇਜ਼-ਨਾਜਾਇਜ਼ ਮਿਣਦੇ ਹਨ।

ਇਸ ਦਾ ਤਜਰਬਾ ਪਿਛਲੇ ਦਿਨੀਂ ਸਾਨੂੰ ਇੱਕ ਗਲੀ ਦੇ ਗੇਟ ਦੇ ਸਬੰਧ ਵਿਚ ਹੋਇਆ। ਗੱਲ ਬਿਲਕੁਲ ਛੋਟੀ ਸੀ, ਪਰ ਜਿਹੜਾ ਤਜਰਬਾ ਹਾਸਲ ਹੋਇਆ, ਉਹ ਸਾਰੇ ਦੇਸ਼ ਬਾਰੇ ਸਾਡੀ ਸਮਝ ਨੂੰ ਰਾਹ ਵਿਖਾਉਣ ਵਾਲਾ ਹੋ ਗਿਆ। ਅਸੀਂ ਇੱਕ ਜ਼ਿੰਮੇਵਾਰ ਅਧਿਕਾਰੀ ਨੂੰ ਇਹ ਸਵਾਲ ਪੁੱਛ ਲਿਆ ਕਿ ਗਲੀਆਂ ਅੱਗੇ ਗੇਟ ਕਿਤੇ ਲੱਗੇ ਹੋਏ ਹਨ, ਕਿਤੇ ਲੱਗਣ ਨਹੀਂ ਦਿੱਤੇ ਜਾ ਰਹੇ, ਇਸ ਬਾਰੇ ਕਾਨੂੰਨੀ ਸਥਿਤੀ ਕੀ ਹੈ? ਉਸ ਨੇ ਹੱਸ ਕੇ ਕਿਹਾ ਕਿ ਕਾਨੂੰਨੀ ਸਥਿਤੀ ਕੋਈ ਹੈ ਹੀ ਨਹੀਂ। ਸਾਡਾ ਦੂਸਰਾ ਸਵਾਲ ਸੀ ਕਿ ਫਿਰ ਤੁਸੀਂ ਕੰਮ ਕਿਵੇਂ ਕਰਦੇ ਹੋ? ਉਸ ਦਾ ਜਵਾਬ ਹੋਰ ਵੀ ਹੈਰਾਨ ਕਰਨ ਵਾਲਾ ਸੀ। ਜ਼ਿੰਮੇਵਾਰ ਅਧਿਕਾਰੀ ਕਹਿਣ ਲੱਗਾ ਕਿ ਕਿਉਂਕਿ ਇਸ ਬਾਰੇ ਕਾਨੂੰਨੀ ਪੱਖ ਤੋਂ ਸਥਿਤੀ ਸਪੱਸ਼ਟ ਹੀ ਨਹੀਂ, ਇਸ ਲਈ ਅਸੀਂ ਹਰ ਵਾਰੀ ਲੋੜ ਦਾ ਕਾਨੂੰਨ ਵਰਤਦੇ ਹਾਂ। ਜਦੋਂ ਕਿਸੇ ਦਾ ਗੇਟ ਲੱਗਦਾ ਰੋਕਣਾ ਹੋਵੇ ਤਾਂ ਜਾ ਕੇ ਇਹ ਸਵਾਲ ਕਰੀਦਾ ਹੈ ਕਿ ਤੁਸੀਂ ਇਹ ਗੇਟ ਕਿਸ ਕਾਨੂੰਨ ਮੁਤਾਬਕ ਲਾਉਣ ਲੱਗੇ ਹੋ? ਜਦੋਂ ਉਪਰੋਂ ਹਦਾਇਤ ਇਹ ਹੋਵੇ ਕਿ ਗੇਟ ਲਗਵਾ ਦੇਣਾ ਹੈ ਤਾਂ ਅਸੀਂ ਰੋਕਣ ਵਾਲੇ ਨੂੰ ਜਾ ਕੇ ਘੇਰਾ ਪਾ ਲੈਂਦੇ ਹਾਂ ਕਿ ਤੂੰ ਇਹ ਗੇਟ ਲੱਗਣ ਤੋਂ ਰੋਕਣ ਦੀ ਹਿੰਮਤ ਕਿਸ ਕਾਨੂੰਨ ਨੂੰ ਪੜ੍ਹ ਕੇ ਕਰਨ ਲੱਗਾ ਹੈਂ?

ਪੰਜਾਬੀ ਵਿਚ ਅਸੀਂ ਇਹ ਗੱਲ ਕਈ ਵਾਰੀ ਸੁਣੀ ਸੀ ਕਿ ਹੈਸੀਅਤ ਵਾਲੇ ਲੋਕਾਂ ਲਈ ਕਾਨੂੰਨ ਵੀ ਮੋਮ ਦਾ ਨੱਕ ਹੁੰਦਾ ਹੈ। ਉਸ ਅਧਿਕਾਰੀ ਦੀ ਗੱਲ ਸੁਣ ਕੇ ਸਾਨੂੰ ਇਸ ਦਾ ਯਕੀਨ ਹੋ ਗਿਆ। ਗੱਲ ਸਿਰਫ ਪੰਜਾਬ ਦੀ ਨਹੀਂ, ਸਮੁੱਚੇ ਭਾਰਤ ਦੀ ਹੈ। ਹਰ ਪਾਸੇ ਇਹੋ ਹਾਲ ਬਣਿਆ ਪਿਆ ਹੈ। ਕਾਨੂੰਨ ਮੋਮ ਦਾ ਨੱਕ ਹੈ, ਜਿਸ ਕੋਲ ਰਾਜਸੀ ਤਾਕਤ ਹੈ, ਉਹ ਕਾਨੂੰਨ ਨੂੰ ਮੋਮ ਦੇ ਨੱਕ ਵਾਂਗ ਮਰੋੜ ਕੇ ਆਪਣੀ ਲੋੜ ਮੁਤਾਬਕ ਬਣਾ ਸਕਦਾ ਹੈ ਤੇ ਬਾਕੀਆਂ ਨੂੰ ਭੁਗਤਣਾ ਪੈਂਦਾ ਹੈ। ਇਹੋ ਜਿਹੇ ਹਾਲਾਤ ਵਿਚ ਭਾਰਤ ਨੂੰ ਕੋਈ ਸੰਸਾਰ ਪੱਧਰ ਦੀ ਏਜੰਸੀ ਕਿਸੇ ਤਰ੍ਹਾਂ ਦਾ ਰੁਤਬਾ ਦੇਵੇ ਜਾਂ ਨਾ ਦੇਵੇ, ਲੋਕਾਂ ਨੂੰ ਇਸ ਦਾ ਰੁਤਬਾ ਪਤਾ ਹੀ ਹੈ। ਇਸ ਦੇਸ਼ ਦੀ ਹਾਲਤ ਉਰਦੂ ਦੇ ਇਸ ਸ਼ੇਅਰ ਵਰਗੀ ਹੈ:

ਵੀਰਾਨ ਗੁਲਿਸਤਾਂ ਕਰਨੇ ਕੋ,
ਬਸ ਏਕ ਹੀ ਉਲੂ ਕਾਫੀ ਹੈ।
ਹਰ ਸ਼ਾਖ ਪੇ ਉਲੂ ਬੈਠਾ ਹੈ,
ਅੰਜਾਮ-ਇ-ਗੁਲਿਸਤਾਂ ਕਿਆ ਹੋਗਾ!

**ਤੰਦੂਰੀਏ ਅਤੇ ਹੋਰ ਸਟਾਫ ਦੀ ਲੋੜ ਹੈ**

ਇੰਡੀਅਨਐਪੋਲਿਸ, ਇੰਡੀਆਨਾ ਵਿਚ ਸਥਿਤ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਫੌਰੀ ਲੋੜ ਹੈ।

*ਰਿਹਾਇਸ਼ ਫਰੀ, ਚੰਗੀ ਤਨਖਾਹ*

ਸੰਪਰਕ ਕਰੋ: 317-313-9651

20-21

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ



ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਪੰਜਾਬੀ ਸਾਹਿਤ ਸਭਾ ਨੇ ਲਾਇਆ ਕਹਾਣੀ ਤੇ ਕਵੀ ਦਰਬਾਰ

**ਸੈਕਰਾਮੈਂਟੋ:** ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੀ 17ਵੀਂ ਸਾਲਾਨਾ ਕਾਨਫਰੰਸ ਸੈਕਰਾਮੈਂਟੋ ਵਿਚ ਲੰਘੇ ਦਿਨੀਂ ਕਰਵਾਈ ਗਈ। ਇਸ ਮੌਕੇ ਜਿਥੇ ਬੁਲਾਰਿਆਂ ਨੇ ਪੰਜਾਬੀ ਬੋਲੀ ਬਾਰੇ ਆਪਣੇ ਵਿਚਾਰ ਰੱਖੇ ਉਥੇ ਕਹਾਣੀ ਤੇ ਕਵੀ ਦਰਬਾਰ ਵੀ ਸਜਾਇਆ ਗਿਆ। ਜਯੋਤੀ ਸਿੰਘ ਕੀਤੀ। ਸਿਆਟਲ ਸਾਹਿਤ ਸਭਾ ਦੇ ਪ੍ਰਧਾਨ ਵਾਸਦੇਵ ਸਿੰਘ ਪਰਹਾਰ ਅਤੇ ਵਿਸ਼ਵ ਪੰਜਾਬੀ ਸਾਹਿਤ ਸਭਾ ਬੇਅ ਏਰੀਆ ਤੋਂ ਸੁਖਵਿੰਦਰ ਕੰਬੋਜ ਨੇ ਆਪੋ-ਆਪਣੇ ਪੇਪਰ ਪੜ੍ਹੇ। ਨਾਵਲਕਾਰ ਇੰਦਰ ਸਿੰਘ ਖਾਮੋਸ਼ ਨੇ ਆਪਣੇ ਸਾਹਿਤਕ ਸਫ਼ਰ ਅਤੇ ਪੱਤਰਕਾਰ ਨੀਟਾ ਮਾਛੀਕੇ ਤੇ ਗੁਰਜਤਿੰਦਰ ਨਿਭਾਉਂਦਿਆਂ ਜਸਵੰਤ ਸ਼ੀਮਾਰ ਨੇ ਵਾਰੀ ਵਾਰੀ ਕਵੀਆਂ ਨੂੰ ਸਟੇਜ 'ਤੇ ਬੁਲਾਇਆ ਜਿਨ੍ਹਾਂ ਨੇ ਆਪਣੀਆਂ ਰਚਨਾਵਾ ਪੇਸ਼ ਕੀਤੀਆਂ। ਇਨ੍ਹਾਂ ਵਿਚ ਕਮਲ ਬੰਗਾ, ਮਲਿਕ ਇਮਤਿਆਜ਼, ਸੁਖਵਿੰਦਰ ਕੰਬੋਜ, ਮਨਜੀਤ ਸੇਖੋਂ, ਈਸ਼ਰ ਸਿੰਘ ਮੋਮਨ, ਗੁਰਮੀਤ ਸਿੰਘ ਬਰਸਾਲ, ਕੁਲਵਿੰਦਰ, ਰਾਠੇਸ਼ਵਰ ਪ੍ਰਧਾਨ ਦਿਲਵੀਰ ਨਿੱਜਰ ਅਤੇ ਕਾਰਜਕਾਰੀ ਮੈਂਬਰਾਂ ਨੇ ਸਭਾ ਡਾਇਰੈਕਟਰਜ਼ ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਤਾਰਾ ਸਾਗਰ, ਜਸ ਫਿਜ਼ਾ ਅਤੇ ਰਾਠੇਸ਼ਵਰ ਸੂਰਾਪੁਰੀ ਨੂੰ ਸਭਾ ਵਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਆਏ ਹੋਏ ਮਹਿਮਾਨਾਂ ਅਤੇ ਸਭਾ ਦੇ ਸਹਿਯੋਗ ਲਈ ਰੌਇਲ ਪੰਜਾਬੀ ਕਲੱਬ, ਗੀਤਕਾਰੀ ਮੰਚ, ਗਦਰ ਮੈਮੋਰੀਅਲ ਕਲੱਬ, ਯਮਲਾ ਜੱਟ ਮੈਮੋਰੀਅਲ ਸੰਸਥਾ ਦੇ ਨੁਮਾਇੰਦਿਆਂ ਦਾ ਸਨਮਾਨ ਕੀਤਾ ਗਿਆ। ਸਮਾਗਮ ਮੌਕੇ ਕਹਾਣੀਕਾਰਾਂ ਨੂੰ ਵੀ ਸਨਮਾਨਤ ਕੀਤਾ ਗਿਆ।



ਅਤੇ ਸਭਾ ਦੇ ਕਾਰਜਕਾਰੀ ਮੈਂਬਰਾਂ ਨੇ ਸਮਾਗਮ ਦਾ ਆਗਾਜ਼ ਕਰਦਿਆਂ 'ਅਵਲ ਅਲਹਿ ਨੂਰ ਉਪਾਇਆ, ਕੁਦਰਤਿ ਕੇ ਸਭ ਬੰਦੇ' ਦੇ ਸ਼ਬਦ ਗਾਇਨ ਕੀਤਾ। ਕਹਾਣੀ ਦਰਬਾਰ ਦੇ ਪ੍ਰਧਾਨਗੀ ਮੰਡਲ ਲਈ ਵਾਸਦੇਵ ਸਿੰਘ ਪਰਹਾਰ, ਡਾ. ਉਂਕਾਰ ਸਿੰਘ ਬਿੰਦਰਾ, ਪ੍ਰਧਾਨ ਦਿਲਵੀਰ ਨਿੱਜਰ, ਜਯੋਤੀ ਸਿੰਘ, ਨਾਵਲਿਸਟ ਇੰਦਰ ਸਿੰਘ ਖਾਮੋਸ਼ ਨੂੰ ਸੁਸ਼ੋਭਿਤ ਹੋਣ ਲਈ ਬੁਲਾਇਆ।

ਕਹਾਣੀ ਦਰਬਾਰ ਦੀ ਸ਼ੁਰੂਆਤ ਕਹਾਣੀਕਾਰ ਰਤਿੰਦਰ ਕੌਰ ਦੀ ਕਹਾਣੀ 'ਪੱਪੀ ਲਵ' ਤੋਂ ਹੋਈ। ਸਟਾਕਟਨ ਯੂਨਿਟ ਤੋਂ ਕਹਾਣੀਕਾਰ ਹਰਨੇਕ ਸਿੰਘ ਨੇ ਆਪਣੀ ਕਹਾਣੀ 'ਡਾਕਟਰ ਦੀ ਫੀਸ', ਸਾਬਕਾ ਪ੍ਰਧਾਨ ਮਨਜੀਤ ਕੌਰ ਸੇਖੋਂ ਨੇ 'ਇਕ ਨੂਰਪੁਰੀ ਹੋਰ' ਅਤੇ ਸਭਾ ਦੇ ਡਾਇਰੈਕਟਰ ਮਹਿੰਦਰ ਸਿੰਘ ਘੱਗ ਨੇ ਕਹਾਣੀ 'ਦੋ-ਚਿੱਤੀ' ਪੜ੍ਹੀ। ਕਹਾਣੀ ਦਰਬਾਰ ਤੋਂ ਬਾਅਦ ਨੀਲਮ ਸੈਣੀ ਨੇ ਪੰਜਾਬੀ ਬੋਲੀ ਬਾਰੇ ਪਰਚਾ ਪੜ੍ਹਨ ਲਈ ਉਂਕਾਰ ਸਿੰਘ ਬਿੰਦਰਾ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ ਕਾਲਜਾਂ, ਸਕੂਲਾਂ ਵਿਚ ਮਾਂ ਬੋਲੀ ਪੰਜਾਬੀ ਲਈ ਪਾਏ ਆਪਣੇ ਯੋਗਦਾਨ ਦੀ ਜਾਣਕਾਰੀ ਸਾਂਝੀ ਰੰਧਾਵਾ ਨੇ ਪੰਜਾਬੀ ਬੋਲੀ ਦੇ ਨਿਘਾਰ ਤੇ ਉਸਾਰ ਬਾਰੇ ਗੱਲਾਂ ਕੀਤੀਆਂ। ਹਰਬੰਸ ਸਿੰਘ ਢਿੱਲੋਂ ਜਗਿਆਸੂ ਨੇ ਸਭਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਦਿਲਵੀਰ ਨਿੱਜਰ ਨੇ ਮਾਂ ਬੋਲੀ ਪੰਜਾਬੀ ਦੇ ਭਲੇ ਲਈ ਉਦਮਾਂ, ਉਪਰਾਲਿਆਂ ਤੇ ਸੂਚਾਰੂ ਹੀਲੇ-ਵਸੀਲਿਆਂ ਰਾਹੀਂ ਕੰਮ ਕਰਨ 'ਤੇ ਜ਼ੋਰ ਦੇਣ ਲਈ ਰਲ-ਮਿਲ ਕੇ ਚੱਲਣ ਲਈ ਕਿਹਾ।

ਜਨਰਲ ਸਕੱਤਰ ਜਸਵੰਤ ਸ਼ੀਮਾਰ ਨੇ ਸਭਾ ਦੀਆਂ ਸਰਗਰਮੀਆਂ ਅਤੇ ਕੰਮਾਂ ਬਾਰੇ ਰਿਪੋਰਟ ਪੜ੍ਹੀ। ਲੰਚ ਬਰੇਕ ਉਪਰੰਤ ਕਵੀ ਦਰਬਾਰ ਲਾਇਆ ਗਿਆ ਜਿਸ ਦੀ ਸ਼ੁਰੂਆਤ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਉਸਤਾਦ ਗਜ਼ਲਗੋ ਹਰਭਜਨ ਸਿੰਘ ਬੈਂਸ, ਈਸ਼ਰ ਸਿੰਘ ਮੋਮਨ, ਹਰਜਿੰਦਰ ਸਿੰਘ ਪੰਧੇਰ, ਕੁਲਵਿੰਦਰ ਨੇ ਸ਼ਮ੍ਹਾਂ ਰੋਸ਼ਨ ਕਰ ਕੇ ਕੀਤੀ। ਜਯੋਤੀ ਸਿੰਘ ਅਤੇ ਮਨਜੀਤ ਸੇਖੋਂ ਨੇ ਵੀ ਸ਼ਮ੍ਹਾਂ ਰੋਸ਼ਨ ਕਰਨ ਵਾਲੀ ਰਸਮ ਵਿਚ ਸ਼ਮੂਲੀਅਤ ਕੀਤੀ। ਕਵੀ ਦਰਬਾਰ ਦੀ ਸ਼ੁਰੂਆਤ ਸੁਰਾਂ ਦੇ ਸੂਝਵਾਨ ਗਾਇਕ ਗੋਗੀ ਸੰਧੂ ਅਤੇ ਮਿੱਠੀ ਅਵਾਜ਼ ਨਾਲ ਜੀਵਨ ਰੱਤੂ ਨੇ ਆਪਣੇ ਗੀਤ ਗਾ ਕੇ ਕੀਤੀ। ਸਟੇਜ ਦੀ ਸੇਵਾ ਸੂਰਾਪੁਰੀ, ਨੀਲਮ ਸੈਣੀ, ਦਿਲਵੀਰ ਨਿੱਜਰ, ਹਰਭਜਨ ਬੈਂਸ, ਕਮਲ ਦੇਵ ਪਾਲ, ਮਹਿੰਦਰ ਸਿੰਘ ਘੱਗ, ਜੀਵਨ ਰੱਤੂ, ਹਰਪ੍ਰੀਤ ਕੌਰ, ਇੰਦਰਜੀਤ ਗਰੇਵਾਲ ਥਰੀਕੇ, ਪ੍ਰਗਟ ਸਿੰਘ ਹੁੰਦਲ, ਹਰਭਜਨ ਸਿੰਘ, ਜਾਵੇਦ ਅਖਤਰ, ਰਾਮੇਸ਼ ਬੰਗੜ, ਅਜੀਤ ਰਾਮ ਬੰਗੜ, ਗੁਰਿੰਦਰ ਸੂਰਾਪੁਰੀ, ਮੱਖਣ ਲੁਹਾਰ, ਨੰਨੂ ਸਹੋਤਾ, ਚਰਨਜੀਤ ਪੰਨੂੰ, ਗੁਰਦਿਆਲ ਨੂਰਪੁਰੀ, ਜਸ ਫਿਜ਼ਾ, ਜਯੋਤੀ ਸਿੰਘ, ਅਜੈਬ ਚੀਮਾ, ਪ੍ਰਮਿੰਦਰ ਰਾਏ, ਹਰਬੰਸ ਸਿੰਘ ਜਗਿਆਸੂ, ਪ੍ਰੇਮ ਕੁਮਾਰ ਚੁੰਬਰ, ਜਸਵੰਤ ਸ਼ੀਮਾਰ, ਮਨਜੀਤ ਰੱਲ੍ਹ, ਸੁਖਦੇਵ ਸਿੰਘ ਢਿੱਲੋਂ, ਭਾਰਾ ਸਾਗਰ ਸ਼ਾਮਲ ਸਨ। ਚਰਨ ਸਿੰਘ ਜੱਜ ਵੀ ਆਪਣੀ ਟੀਮ ਨਾਲ ਪਹੁੰਚੇ ਹੋਏ ਸਨ ਅਤੇ ਉਨ੍ਹਾਂ ਵੀ ਆਪਣੇ ਵਿਚਾਰ ਰੱਖੇ।

ਕਾਨਫਰੰਸ ਦੇ ਮੁੱਖ ਮਹਿਮਾਨ ਆਜ਼ਾਦ ਜਲੰਧਰੀ ਅਤੇ ਰਵਿੰਦਰ ਸਿੰਘ ਅਟਵਾਲ ਸਿਹਤ ਠੀਕ ਨਾ ਹੋਣ ਕਾਰਨ ਪਹੁੰਚ ਨਹੀਂ ਸਕੇ। ਸਹਿਤ ਸਭ ਵਲੋਂ ਰਵਿੰਦਰ ਸਿੰਘ ਅਟਵਾਲ ਨੂੰ ਸਭਾ ਪ੍ਰਤੀ ਨਿਭਾਈਆਂ ਸੇਵਾਵਾਂ ਲਈ ਲਾਈਫ਼ ਟਾਈਮ ਅਚੀਵਮੈਂਟ ਸਨਮਾਨ ਦਿੱਤਾ ਗਿਆ। ਸਭਾ ਦੇ






*ਪੇਸ਼ੇ ਵਜੋਂ ਇੰਜੀਨੀਅਰ ਪਰ ਸੁਰੀਲੇ ਗਾਇਕ ਸਿੰਘ ਕੁਲਵਿੰਦਰ ਦਾ ਗੀਤ 'ਰੱਬ ਵਰਗੀ ਮੇਰੀ ਮਾਂ ਨਹੀਂ ਹੋਣੀ, ਮਾਂ ਵਰਗਾ ਰੱਬ ਹੋਵੇਗਾ' ਸਮੁੱਚੇ ਪੰਜਾਬੀਆਂ ਵਿਚ ਬਹੁਤ ਹੀ ਮਕਬੂਲ ਹੋ ਰਿਹਾ ਹੈ। ਬਾਲੀ ਕਰਿਆਮ ਦੇ ਲਿਖੇ ਹੋਏ ਗੀਤ ਨੂੰ ਸੰਗੀਤਕਾਰ ਗੋਪੀ ਬਣਵੈਤ ਨੇ ਮਧੁਰ ਧੁਨ ਵਿਚ ਬਹੁਤ ਹੀ ਪ੍ਰੀਤ ਨਾਲ ਪਰੋਇਆ ਹੈ। ਇਸ ਗੀਤ ਨੂੰ ਰਿਲੀਜ਼ ਕਰਨ ਦੀ ਰਸਮ ਬੀਤੇ ਦਿਨੀਂ ਇੰਡੀਅਨ ਪੈਵੇਲੀਅਨ ਰੈਸਟੋਰੈਂਟ ਸਟੇਟ ਕਾਲੇਜ (ਪੈਨਸਿਲਵੇਨੀਆ) ਵਿਖੇ ਕੀਤੀ ਗਈ। ਇਸ ਮੌਕੇ ਗਾਇਕ ਸਿੰਘ ਕੁਲਵਿੰਦਰ ਦੇ ਨਾਲ ਸੋਹਣ ਲਾਲ, ਪਰਮਿੰਦਰ ਸਿੰਘ, ਚਰਨਜੀਤ ਸਿੰਘ ਅਤੇ ਸੁਖਵਿੰਦਰ ਸਿੰਘ ਬਾਲੀ ਵੀ ਹਾਜ਼ਰ ਸਨ।*

*(ਫੋਟੋ ਤੇ ਵੇਰਵਾ: ਐਸ. ਅਸ਼ੋਕ ਭੌਰਾ)*

## ਬਿਹਾਰ ਵਿਧਾਨ ਸਭਾ ਚੋਣਾਂ ਸਤੰਬਰ ਵਿਚ

**ਨਵੀਂ ਦਿੱਲੀ:** ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਨੇ ਕਿਹਾ ਕਿ ਬਿਹਾਰ ਵਿਚ ਸਤੰਬਰ ਅਕਤੂਬਰ ਵਿਚ ਕਦੇ ਵੀ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਚੋਣਾਂ ਲਈ ਸਮਾਂ ਤੈਅ ਕਰਨ ਤੋਂ ਪਹਿਲਾਂ ਮੌਨਸੂਨ, ਪ੍ਰੀਖਿਆਵਾਂ, ਤਿਉਹਾਰਾਂ, ਹੜ੍ਹਾਂ ਆਦਿ ਨੂੰ ਮੱਦੇਨਜ਼ਰ ਰੱਖਿਆ ਜਾ ਰਿਹਾ ਹੈ।

ਸ੍ਰੀ ਜ਼ੈਦੀ ਨੇ ਕਿਹਾ ਚੋਣਾਂ ਵਿਚ ਪੈਸੇ ਦੀ ਦੁਰਵਰਤੋਂ ਸਭ ਤੋਂ ਵੱਡੀ ਸਮੱਸਿਆ ਹੈ। ਇਸ ਬੁਰਾਈ ਨੂੰ ਰੋਕਣ ਲਈ ਹੋਰ ਸਿਲਸਿਲੇਵਾਰ ਕੋਸ਼ਿਸ਼ਾਂ ਕਰ ਰਹੇ ਹਾਂ।ਤੇ ਕਾਨੂੰਨ ਮੰਤਰਾਲਾ ਕੁਝ ਕਾਨੂੰਨੀ ਸੋਧਾਂ ਕਰਨ ਲਈ ਯਤਨਸ਼ੀਲ ਹੈ।

## ਸਿੱਖ ਮਹਿਲਾ ਜਥੇਬੰਦੀ ਵਲੋਂ ਤਰਨਪ੍ਰੀਤ ਨੂੰ 5 ਹਜ਼ਾਰ ਡਾਲਰ ਦਾ ਸਕਾਲਰਸ਼ਿਪ

**ਬੇਕਰਜ਼ਫੀਲਡ (ਬਿਊਰੋ):** ਬੇਕਰਜ਼ਫੀਲਡ ਸਿੱਖ ਵਿਮੈਨ'ਜ਼ ਐਸੋਸੀਏਸ਼ਨ ਵਲੋਂ ਸਥਾਨਕ ਰਿਜ਼ ਵਿਊ ਹਾਈ ਸਕੂਲ ਦੀ ਵਿਦਿਆਰਥਣ ਤਰਨਪ੍ਰੀਤ ਕੌਰ ਦੀਆਂ ਵਿਦਿਅਕ ਅਤੇ ਸਮਾਜਕ ਪ੍ਰਾਪਤੀਆਂ ਦਾ ਮਾਣ ਕਰਦਿਆਂ ਉਸ ਨੂੰ 5000 ਡਾਲਰ ਦਾ ਸਕਾਲਰਸ਼ਿਪ ਦਿਤਾ ਗਿਆ ਹੈ। ਤਰਨਪ੍ਰੀਤ ਨੇ 4.5 ਗਰੇਡ ਹਾਸਲ ਵਿਮੈਨ'ਜ਼ ਐਸੋਸੀਏਸ਼ਨ ਇਕ ਨਾਨ ਪਰਾਫਿਟ ਸੰਸਥਾ ਹੈ ਜਿਸ ਦਾ ਗਠਨ ਹਾਲ ਹੀ ਵਿਚ ਪੰਜਾਬੀ ਮੂਲ ਦੀਆਂ ਕੁਝ ਉਤਸ਼ਾਹੀ ਔਰਤਾਂ ਵਲੋਂ ਕੀਤਾ ਗਿਆ ਸੀ। ਇਸ ਦੇ ਮੈਂਬਰਾਂ ਵਿਚ ਅਧਿਆਪਕ, ਵਕੀਲ, ਡਾਕਟਰ, ਨਰਸਾਂ ਅਤੇ ਬਿਜਨਸ ਕਰਦੀਆਂ ਔਰਤਾਂ ਸ਼ਾਮਲ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਪਹਿਲੀ ਪੀੜ੍ਹੀ ਦੀਆਂ ਅਮਰੀਕਨਾਂ ਹਨ



*ਸਿੱਖ ਵਿਮੈਨ'ਜ਼ ਐਸੋਸੀਏਸ਼ਨ ਦੀਆਂ ਮੈਂਬਰ ਬੀਬੀਆਂ ਤਰਨਪ੍ਰੀਤ ਨਾਲ*

ਕੀਤੇ ਹਨ, ਪਾਰਟ ਟਾਈਮ ਕੰਮ ਕਰਦੀ ਹੈ ਅਤੇ ਸਕੂਲ ਦੇ ਵਖ ਵਖ ਕਲੱਬਾਂ (ਮੈਥ ਕਲੱਬ, ਲਿੰਕ ਕ੍ਰਿਊ, ਸੀ ਐਸ ਐਫ, ਮੈਸਾ) ਦੀ ਮੈਂਬਰ ਹੈ। ਇਸ ਤੋਂ ਇਲਾਵਾ ਉਹ ਟੈਨਿਸ ਖੇਡਦੀ ਹੈ ਅਤੇ ਸਥਾਨਕ ਸੈਨ ਜੌਕੁਇਨ ਹਸਪਤਾਲ ਵਿਚ ਵਾਲੰਟੀਅਰ ਵਜੋਂ ਵੀ ਕੰਮ ਕਰਦੀ ਹੈ। ਉਹ ਸਥਾਨਕ ਐਲੀਮੈਂਟਰੀ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਂਦੀ ਵੀ ਹੈ।

ਬੇਕਰਜ਼ਫੀਲਡ ਸਿੱਖ ਵਿਮੈਨ'ਜ਼ ਐਸੋਸੀਏਸ਼ਨ ਦੀ ਇਕ ਬੁਲਾਰੀ ਰਾਜੀ ਬਰਾੜ ਨੇ ਇਕ ਬਿਆਨ ਵਿਚ ਦਸਿਆ ਕਿ ਤਰਨਪ੍ਰੀਤ ਪੰਜਵੀਂ ਜਮਾਤ ਵਿਚ ਸੀ, ਜਦੋਂ ਅਮਰੀਕਾ ਆਈ। ਸ਼ੁਰੂ ਵਿਚ ਉਸ ਨੂੰ ਅੰਗ੍ਰੇਜ਼ੀ ਬੋਲਣ ਤੇ ਸਮਝਣ ਵਿਚ ਕਾਫੀ ਦਿਕਤ ਆਈ ਪਰ ਛੇਤੀ ਹੀ ਉਹ ਇਸ ਮੁਸ਼ਕਿਲ ਨੂੰ ਸਰ ਕਰ ਗਈ। ਉਸ ਦਾ ਇਰਾਦਾ ਹੁਣ ਯੂਨੀਵਰਸਿਟੀ ਆਫ ਕੈਲੀਫੋਰਨੀਆ, ਇਰਵਿਨ ਵਿਚ ਦਾਖਲ ਹੋ ਕੇ ਬਾਇਲੌਜੀਕਲ ਸਾਇੰਸ ਵਿਚ ਪੜ੍ਹਾਈ ਕਰਨ ਦਾ ਹੈ।

ਜ਼ਿਕਰਯੋਗ ਹੈ ਕਿ ਬੇਕਰਜ਼ਫੀਲਡ ਸਿੱਖ ਅਤੇ ਉਮਰ ਦੇ ਚੌਥੇ ਤੇ ਪੰਜਵੇਂ ਦਹਾਕੇ ਵਿਚ ਹਨ। ਉਹ ਹਾਈ ਸਕੂਲ ਵਿਚ ਦਾਖਲ ਹੋਣ ਵਾਲੇ ਬੱਚਿਆਂ ਨੂੰ ਮਾਰਗ ਦਰਸ਼ਨ ਵੀ ਦਿੰਦੀਆਂ ਹਨ। ਇਸ ਤੋਂ ਇਲਾਵਾ ਇੰਡੀਆ ਤੋਂ ਅਮਰੀਕਾ ਵਿਚ ਨਵੇਂ ਆਏ ਲੋਕਾਂ ਨੂੰ ਸਥਾਨਕ ਸਿਸਟਮ ਬਾਰੇ ਜਾਣਕਾਰੀ ਦਿੰਦੀਆਂ ਹਨ।

ਸ੍ਰੀਮਤੀ ਬਰਾੜ ਨੇ ਕਿਹਾ ਕਿ ਜਲਦੀ ਹੀ ਉਨ੍ਹਾਂ ਦੀ ਸੰਸਥਾ ਵਲੋਂ ਹਾਈ ਸਕੂਲਾਂ ਵਿਚ ਮਾਰਗ ਦਰਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਸਾਡੇ ਬੱਚੇ ਖਾਸਕਰ ਲੜਕੀਆਂ ਨੂੰ ਆਪਣੀ ਜ਼ਿੰਦਗੀ ਵਿਚ ਸਫਲ ਹੋਣ ਲਈ ਰੋਲ ਮਾਡਲ ਮਿਲ ਸਕਣ।

ਜ਼ਿਕਰਯੋਗ ਹੈ ਕਿ ਰਾਜੀ ਬਰਾੜ ਖੁਦ 2006 ਵਿਚ ਸਿਟੀ ਕੌਂਸਲ ਮੈਂਬਰ ਰਹੀ ਹੈ ਅਤੇ ਉਹ ਕੈਲੀਫੋਰਨੀਆ ਦੀ ਪਹਿਲੀ ਸਿੱਖ ਔਰਤ ਸੀ ਜਿਸ ਨੂੰ ਇਹ ਮਾਣ ਹਾਸਲ ਹੋਇਆ। ਹਾਲ ਹੀ ਵਿਚ ਗਵਰਨਰ ਜੈਰੀ ਬਰਾਊਨ ਨੇ ਉਸ ਨੂੰ ਕਰਨ ਕਾਊਂਟੀ ਫੇਅਰ ਬੋਰਡ ਦੀ ਮੈਂਬਰ ਨਿਯੁਕਤ ਕੀਤਾ ਹੈ।

# ਰੌਣਕਾਂ ਭਰੀ ਰਹੀ ਫਰਿਜ਼ਨੋ ਵਿਚ ਵਿਸਾਖੀ ਨਾਈਟ

**ਫਰਿਜ਼ਨੋ (ਬਿਊਰੋ):** ਹਿੱਟ ਟਰੈਕ ਐਂਟਰਟੇਨਮੈਂਟ ਨਾਂ ਦੀ ਸੰਸਥਾ ਵਲੋਂ ਵਿਸਾਖੀ ਨੂੰ











ਸਮਰਪਿਤ ਵਿਸਾਖੀ ਨਾਈਟ-2015 ਲੰਘੇ ਸਨਿਚਰਵਾਰ ਇਥੇ ਟਾਵਰ ਥੀਏਟਰ ਵਿਚ ਮਨਾਈ ਗਈ। ਉਘੀ ਮੰਚ ਸੰਚਾਲਕਾ ਆਸ਼ਾ ਸ਼ਰਮਾ ਨੇ ਸ਼ੇਅਰੋ ਸ਼ਾਇਰੀ ਕਰਦਿਆਂ ਸਰੋਤਿਆਂ ਨੂੰ ਜੀ ਆਇਆਂ ਆਖੀ ਅਤੇ ਗਾਇਕਾ ਕਿਰਨਦੀਪ ਭੁੱਲਰ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ।

ਕਿਰਨਦੀਪ ਤੋਂ ਬਾਅਦ ਲੋਕ ਗਾਇਕ ਕਲੇਰ ਕੰਠ, ਲਖਵਿੰਦਰ ਵਡਾਲੀ, ਅਤੇ ਰਣਜੀਤ ਬਾਵਾ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਖਚਾਖਚ ਭਰਿਆ ਹਾਲ ਤਾੜੀਆਂ ਦੀ ਆਵਾਜ਼ ਨਾਲ ਗੂੰਜ ਉਠਿਆ। ਇਸ ਸ਼ੋਅ ਦੌਰਾਨ ਪੰਜਾਬੀ ਲੋਕ ਗਾਇਕੀ ਦੇ ਨਾਲ ਨਾਲ ਸੂਫੀ ਗਾਇਕੀ ਦਾ ਰੰਗ ਵੀ ਖਿੜਿਆ।

ਗਾਇਕ ਰਣਜੀਤ ਬਾਵਾ ਨੇ ਦਿਲ ਨੂੰ ਧੂਹ ਪਾਉਣ ਵਾਲੇ ਕੁਝ ਗੀਤ ਗਾ ਕੇ ਪੰਜਾਬੀਆਂ ਦੀ ਅਣਖ ਨੂੰ ਝੰਜੋੜਿਆ। ਇਸ ਮੌਕੇ ਸ਼ੋਅ ਦੇ ਸਪਾਂਸਰ ਸੱਜਣਾਂ ਦਾ ਮਾਣ-ਸਨਮਾਨ ਵੀ ਪ੍ਰਬੰਧਕਾਂ ਵਲੋਂ ਕੀਤਾ ਗਿਆ ਅਤੇ ਕੁਝ ਰੈਫਲ ਵੀ ਕੱਢੇ ਗਏ। ਸ਼ੋਅ ਨੂੰ ਕਾਮਯਾਬ ਕਰਨ ਲਈ ਮਿੱਕੀ ਸਰਾਂ, ਜਗਰੂਪ ਭੰਡਾਲ, ਸੁਖਬੀਰ ਭੰਡਾਲ ਅਤੇ ਸੰਨੀ ਭੁੱਲਰ ਨੇ ਉਘੀ ਭੂਮਿਕਾ ਨਿਭਾਈ।




*ਗਾਇਕ ਰਣਜੀਤ ਬਾਵਾ ਦਾ ਸਨਮਾਨ ਕਰਦੇ ਹੋਏ ਸ਼ੋਅ ਦੇ ਪ੍ਰਬੰਧਕ*

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ



# ਮਹਾਨ ਨਗਰ ਕੀਰਤਨ




## 7 ਜੂਨ 2015, ਐਤਵਾਰ

ਸਵੇਰੇ 11 ਤੋਂ ਸ਼ਾਮ 4 ਵਜੇ ਤੱਕ

## ਸਥਾਨ: ਸੈਨ ਫਰਾਂਸਿਸਕੋ ਡਾਊਨ ਟਾਊਨ

*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ ਦੇ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।


*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ। *ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। *ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਨਾਲ ਭਰਪੂਰ ਹੋਵੇਗਾ। *ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ। *ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮਿੰਟਗੁਮਰੀ ਸਟੇਸ਼ਨ 'ਤੇ ਉਤਰਨਾ ਹੈ ਤੇ ਵਾਪਸੀ ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜਿਸ ਲਈ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



### ਬੁਲਾਰੇ


ਪ੍ਰੋ. ਇੰਦਰਾ ਪ੍ਰਸਤ


ਜਗਮੀਤ ਸਿੰਘ ਵਿਧਾਨ ਸਭਾ ਮੈਂਬਰ ਕੈਨੇਡਾ


ਬੀਬੀ ਨਵਕਿਰਨ ਕੌਰ ਖਾਲੜਾ


ਡਾ. ਸੇਵਕ ਸਿੰਘ


ਡਾ. ਕਰਾਮਾਤ ਚੀਮਾ


ਮਨਿੰਦਰ ਸਿੰਘ

**ਬੇਨਤੀ ਕਰਤਾ:** ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿਕਾ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਡੈਲਹਾਈ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਸੈਨ ਮਟੀਓ, ਗੁਰਦੁਆਰਾ ਦਸ਼ਮੇਸ਼ ਦਰਬਾਰ ਟਰੇਸੀ, ਗੁਰਦੁਆਰਾ ਸਾਹਿਬ ਪਿਟਸਬਰਗ, ਗੁਰਦੁਆਰਾ ਸਾਹਿਬ ਮਾਡੈਸਟੋ, ਗੁਰਦੁਆਰਾ ਸਾਹਿਬ ਫੇਅਰਫੀਲਡ, ਗੁਰਦੁਆਰਾ ਸਾਹਿਬ ਰਿਵਰਸਾਈਡ।

## ਹੋਰ ਜਾਣਕਾਰੀ ਲਈ ਸੰਪਰਕ ਕਰੋ: 1-844-REM-1984

www.remember84.com Facebook Page: June 84 Movement

# ਮਾਸਟਰ ਤਾਰਾ ਸਿੰਘ ਨੇ ਕੌਮ ਦੀ ਸਲਾਮਤੀ ਨੂੰ ਨਿੱਜੀ ਮੁਫਾਦਾਂ ਤੋਂ ਉਪਰ ਰੱਖਿਆ

## ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੀ ਕਿਤਾਬ 'ਮਾਸਟਰ ਤਾਰਾ ਸਿੰਘ ਤੇ ਉਨ੍ਹਾਂ ਦੀਆਂ ਯਾਦਾਂ' ਰਿਲੀਜ਼




**ਚੰਡੀਗੜ੍ਹ:** ਇਤਿਹਾਸਕਾਰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੀ ਨਵੀਂ ਕਿਤਾਬ 'ਮਾਸਟਰ ਤਾਰਾ ਸਿੰਘ ਤੇ ਉਨ੍ਹਾਂ ਦੀਆਂ ਯਾਦਾਂ' ਨੂੰ ਰਿਲੀਜ਼ ਕਰਨ ਲਈ ਸਿੱਖ ਐਜੂਕੇਸ਼ਨਲ ਸੁਸਾਇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਕਰਵਾਏ ਸਮਾਗਮ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਕਿ ਜੇਕਰ ਮਾਸਟਰ ਤਾਰਾ ਸਿੰਘ ਨੇ ਆਪਣਾ ਅਹਿਮ ਰੋਲ ਨਾ ਨਿਭਾਇਆ ਹੁੰਦਾ ਤਾਂ ਅੱਜ ਦੇਸ਼ ਦੀਆਂ ਹੱਦਾਂ ਹੋਰ ਹੋਣੀਆਂ ਸਨ। ਡਾ. ਜਸਪਾਲ ਸਿੰਘ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਵੱਲੋਂ ਆਪਣੇ ਨਿੱਜੀ ਮੁਫਾਦਾਂ ਤੋਂ ਉਪਰ ਉਠ ਕੇ ਕੀਤੀ ਸਿਆਸਤ ਦਾ ਕੇਂਦਰੀ ਨੁਕਤਾ ਘੱਟ ਗਿਣਤੀ ਸਿੱਖ ਕੌਮ ਦੀ ਸਲਾਮਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਸਿੱਖਾਂ ਦੀ ਘੱਟ ਗਿਣਤੀ ਹੋਣ ਦੇ ਬਾਵਜੂਦ ਮਾਸਟਰ ਤਾਰਾ ਸਿੰਘ ਕਾਂਗਰਸੀ ਲੀਡਰਸ਼ਿਪ ਤੋਂ ਆਜ਼ਾਦ ਹਿੰਦੋਸਤਾਨ ਵਿਚ ਸਿੱਖ ਘੱਟ ਗਿਣਤੀ ਦੇ ਵਿਸ਼ੇਸ਼ ਹੱਕਾਂ ਦੀ ਰਾਖੀ ਲਈ ਸੰਵਿਧਾਨਕ ਗਰੰਟੀਆਂ ਦਾ ਵਾਅਦਾ ਲੈਣ ਵਿਚ ਸਫ਼ਲ ਹੋਏ ਸਨ।

ਸਮਾਗਮ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਨੇ ਰਾਜਨੀਤੀ ਵਿਚ ਹਮੇਸ਼ਾਂ ਕੌਮ ਦੀ ਸਲਾਮਤੀ ਤੇ ਹੱਕਾਂ ਨੂੰ ਆਪਣੇ ਨਿੱਜੀ ਮੁਫਾਦਾਂ ਤੋਂ ਉਪਰ ਰੱਖਿਆ। ਉਨ੍ਹਾਂ ਕਿਹਾ ਕਿ ਇਸ ਸਿੱਖ ਆਗੂ ਨੇ ਸਿਆਣਪ ਨਾਲ ਸਿੱਖਾਂ ਦੀਆਂ ਉਮੰਗਾਂ ਨੂੰ ਮੁਲਕ ਦੀ ਆਜ਼ਾਦੀ ਨਾਲ ਜੋੜ ਕੇ ਘੱਟ ਗਿਣਤੀ ਕੌਮ ਲਈ ਆਜ਼ਾਦ ਭਾਰਤ ਵਿਚ ਵਿਸ਼ੇਸ਼ ਥਾਂ ਬਣਾਈ। ਉਪ ਕੁਲਪਤੀ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਵੱਲੋਂ ਆਜ਼ਾਦੀ ਤੋਂ ਪਹਿਲਾਂ ਹੁੰਦੀ ਰਹੀ ਗੱਲਬਾਤ ਵਿਚ ਨਿਧੜਕ ਹੋ ਕੇ ਨਿਭਾਏ ਰੋਲ ਨੇ ਹੀ ਮੁਲਕ ਦੀ ਵੰਡ ਲਈ ਖਿੱਚੀ ਲਕੀਰ ਦੀ ਥਾਂ ਤੈਅ ਕੀਤੀ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਗਤਾਰ ਸਿੰਘ ਗਰੇਵਾਲ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਆਪਣੇ ਸਮੇਂ ਦੇ ਸਭ ਤੋਂ ਪ੍ਰਭਾਵਸ਼ਾਲੀ ਤੇ ਅਹਿਮ ਆਗੂ ਸਨ। ਮਾਸਟਰ ਤਾਰਾ ਸਿੰਘ ਨੇ ਪੰਜਾਬ ਤੇ ਪੰਥ ਦੀ ਸੇਵਾ ਆਪਣੇ ਆਪ ਤੋਂ ਉਪਰ ਉੱਠ ਕੇ ਕੀਤੀ। ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਮਾਡਰਨ ਹਿਸਟਰੀ ਪੜ੍ਹਾ ਰਹੇ ਡਾ. ਰਘੂਵੇਂਦਰ ਤਨਵਰ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਨੇ ਇਸ ਸਿੱਖ ਆਗੂ ਨੇ ਕਦੇ ਵੀ ਅੰਗਰੇਜ਼ਾਂ ਦੀ ਅਧੀਨਗੀ ਨਹੀਂ ਸੀ ਮੰਨੀ। ਲੇਖਕ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਮਾਸਟਰ ਤਾਰਾ ਸਿੰਘ ਨਾਲ ਆਪਣੀਆਂ ਯਾਦਾਂ ਤੇ ਉਨ੍ਹਾਂ ਦੇ ਸਿੱਖ ਰਾਜਨੀਤੀ ਵਿਚ ਨਿਭਾਏ ਰੋਲ ਬਾਰੇ ਗੱਲ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਹਮੇਸ਼ਾ ਹੀ ਇਕ ਅਜਿਹੀ ਰਾਜਨੀਤਕ ਪਾਰਟੀ ਦੀ ਲੋੜ ਹੈ, ਜਿਸ ਦੀਆਂ ਨੀਤੀਆਂ ਤੇ ਪ੍ਰੋਗਰਾਮ ਸਿੱਖ ਜਗਤ ਦੀਆਂ ਉਮੰਗਾਂ ਦੀ ਪੂਰਤੀ ਕਰਦੇ ਹੋਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਤੇ ਮਾਸਟਰ ਤਾਰਾ ਸਿੰਘ ਦੀ ਦੋਹਤੀ ਕਿਰਨਜੋਤ ਕੌਰ ਨੇ ਸਿੱਖਾਂ ਦੀ ਮੌਜੂਦਾ ਲੀਡਰਸ਼ਿਪ ਵੱਲੋਂ ਇਸ ਮਹਾਨ ਆਗੂ ਪ੍ਰਤੀ ਧਾਰੇ ਉਦਾਸੀਨ ਰਵੱਈਏ 'ਤੇ ਗਿਲਾ ਪ੍ਰਗਟਾਇਆ। ਸਿੱਖ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਬਰਾੜ ਨੇ ਕਿਹਾ ਕਿ ਆਜ਼ਾਦ ਭਾਰਤ ਵਿਚ ਪੰਜਾਬੀ ਸੂਬੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਸਿੱਖ ਭਾਈਚਾਰੇ ਲਈ ਕੀਤੀ ਗਈ ਕੋਈ ਵੀ ਅਹਿਮ ਪ੍ਰਾਪਤੀ ਨਜ਼ਰ ਨਹੀਂ ਆਉਂਦੀ। ਸਮਾਰੋਹ ਦੀ ਸ਼ੁਰੂਆਤ ਵਿਚ ਸੁਸਾਇਟੀ ਦੇ ਸਕੱਤਰ ਕਰਨਲ ਜਸਮੇਰ ਸਿੰਘ ਬਾਲਾ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਦੀ ਰਾਜਨੀਤੀ ਦੇ ਨਾਲ-ਨਾਲ ਧਰਮ ਤੇ ਸਿੱਖਿਆ ਦੇ ਖੇਤਰ ਵਿਚ ਵੀ ਅਹਿਮ ਯੋਗਦਾਨ ਹੈ। ਉਨ੍ਹਾਂ ਨੇ ਅੱਧੀ ਦਰਜਨ ਵਿਦਿਅਕ ਸੰਸਥਾਵਾਂ ਚਲਾਉਣ ਦੇ ਨਾਲ-ਨਾਲ ਸਿੱਖ ਐਜੂਕੇਸ਼ਨਲ ਸੁਸਾਇਟੀ ਦੀਆਂ ਸਭਿਆਚਾਰਕ, ਸਾਹਿਤਕ ਤੇ ਧਾਰਮਿਕ ਸਰਗਰਮੀਆਂ ਬਾਰੇ ਵੀ ਚਾਨਣਾ ਪਾਇਆ।

# ਹਿੰਦੂ ਆਗੂਆਂ ਦੀ ਅੜੀ ਕਾਰਨ ਟੁੱਟਿਆ ਸੀ ਵੰਡ ਵਾਲਾ ਫਾਰਮੂਲਾ

**ਚੰਡੀਗੜ੍ਹ:** ਜੇਕਰ ਪੰਜਾਬ ਦੇ ਦੋ ਆਗੂਆਂ ਨੇ ਮੁਲਕ ਦੀ ਵੰਡ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਮੁਹੰਮਦ ਅਲੀ ਜਿਨਾਹ ਵਿਚਕਾਰ ਬਣ ਰਹੀ ਸਹਿਮਤੀ ਨੂੰ ਸਾਬੋਤਾਜ ਨਾ ਕੀਤਾ ਹੁੰਦਾ ਤਾਂ ਨਾ ਸਿਰਫ ਵੰਡ ਸਮੇਂ ਖਿੱਚੀ ਗਈ ਲਕੀਰ ਦੇ ਦੋਵੇਂ ਪਾਸੇ ਲੱਖਾਂ ਵਿਅਕਤੀਆਂ ਦੇ ਕਤਲੇਆਮ ਨੂੰ ਰੋਕਿਆ ਜਾ ਸਕਦਾ ਸੀ, ਬਲਕਿ ਵੱਡੀ ਪੱਧਰ ਉਤੇ ਹੋਈ ਮਨੁੱਖੀ ਹਿਜਰਤ ਦੇ ਦੁਖਾਂਤ ਤੋਂ ਵੀ ਬਚਿਆ ਜਾ ਸਕਦਾ ਸੀ। ਇਸ ਸਮਝੌਤੇ ਦੇ ਸਿਰ ਚੜ੍ਹ ਜਾਣ ਦੀ ਸੂਰਤ ਵਿਚ ਦੱਖਣ ਪੱਛਮੀ ਏਸ਼ੀਆ ਦੇ ਸਿਆਸੀ ਹਾਲਾਤ ਅੱਜ ਬਿਲਕੁਲ ਹੀ ਵੱਖਰੇ ਹੋਣੇ ਸਨ। ਇਹ ਅਹਿਮ ਇੰਕਸ਼ਾਫ ਪ੍ਰਸਿੱਧ ਇਤਿਹਾਸਕਾਰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਆਪਣੀ ਨਵੀਂ ਛਪੀ ਕਿਤਾਬ 'ਮਾਸਟਰ ਤਾਰਾ ਸਿੰਘ ਤੇ ਉਨ੍ਹਾਂ ਦੀਆਂ ਯਾਦਾਂ' ਵਿਚ ਕੀਤਾ ਹੈ।

ਦੇਸ਼ ਦੀ ਵੰਡ ਤੋਂ ਪਹਿਲਾਂ ਤਿੰਨਾਂ ਧਿਰਾਂ ਵਿਚ ਹੋ ਰਹੇ ਸਮਝੌਤੇ ਦੀ ਤਫ਼ਸੀਲ ਬਿਆਨਦਿਆਂ ਪ੍ਰੋ. ਕਪੂਰ ਲਿਖਦੇ ਹਨ ਕਿ ਇਸ ਬਾਰੇ ਗੱਲਬਾਤ ਦੀ ਸ਼ੁਰੂਆਤ ਸੀ. ਰਾਜਾਗੋਪਾਲਾਚਾਰੀ ਨੇ ਭਾਰਤ ਛੱਡੋ ਅੰਦੋਲਨ ਤਹਿਤ ਜੇਲ੍ਹ ਵਿਚ ਬੰਦ ਮਹਾਤਮਾ ਗਾਂਧੀ ਤੇ ਕਈ ਹੋਰਨਾਂ ਆਗੂਆਂ ਦੀ ਸਲਾਹ ਨਾਲ ਕੀਤੀ। ਸੀ. ਰਾਜਾਗੋਪਾਲਾਚਾਰੀ ਨੇ ਇਕ ਮੀਟਿੰਗ ਦਿੱਲੀ ਦੇ ਬਿਰਲਾ ਹਾਊਸ ਵਿਚ ਬੁਲਾਈ ਜਿਸ ਵਿਚ ਪੰਜਾਬ ਦੇ ਵੀਹ-ਪੱਚੀ ਹਿੰਦੂ ਆਗੂਆਂ ਦੇ ਨਾਲ ਮਾ. ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਵੀ ਸ਼ਾਮਲ ਹੋਏ। ਮੀਟਿੰਗ ਦੌਰਾਨ ਮੁਹੰਮਦ ਅਲੀ ਜਿਨਾਹ ਆਪਣੀ ਰਿਹਾਇਸ਼ ਉਤੇ ਮੌਜੂਦ ਰਹੇ ਤੇ ਰਾਜਾ ਮਹੇਸ਼ਵਰ ਦਿਆਲ ਨੇ ਦੋਹਾਂ ਧਿਰਾਂ ਵਿਚ ਵਿਚੋਲੇ ਦੀ ਭੂਮਿਕਾ ਨਿਭਾਈ। ਦੋਹੇ ਧਿਰਾਂ ਇਸ ਨੁਕਤੇ ਉੱਤੇ ਸਹਿਮਤ ਹੋ ਗਈਆਂ ਕਿ ਘੱਟੋ ਘੱਟ 65 ਫੀਸਦੀ ਮੁਸਲਿਮ ਆਬਾਦੀ ਤੇ 35 ਫੀਸਦੀ ਗੈਰ ਮੁਸਲਿਮ ਆਬਾਦੀ ਵਾਲੇ ਇਲਾਕੇ ਪਾਕਿਸਤਾਨ ਵਿਚ ਸ਼ਾਮਲ ਕੀਤੇ ਜਾਣਗੇ। ਇਸ ਸਕੀਮ ਤਹਿਤ ਵੰਡ ਵਾਲੀ ਲਕੀਰ ਰਾਵੀ ਤੋਂ ਪਾਰ ਕਰਕੇ ਖਿੱਚੀ ਜਾਣੀ ਸੀ ਤੇ ਲਾਹੌਰ, ਸਿਆਲਕੋਟ, ਗੁਜਰਾਂਵਾਲਾ ਤੇ ਮਿੰਟਗੁਮਰੀ ਜ਼ਿਲ੍ਹਿਆਂ ਦੇ ਬਹੁਤੇ ਇਲਾਕੇ ਹਿੰਦੋਸਤਾਨ ਦਾ ਹਿੱਸਾ ਬਣ ਜਾਂਦੇ। ਜਿਨਾਹ ਚਾਹੁੰਦੇ ਸਨ ਕਿ ਇਸ ਸਮਝੌਤੇ ਬਾਰੇ ਇਸ ਦੇ ਰਸਮੀ ਐਲਾਨ ਹੋਣ ਤੱਕ ਕਿਸੇ ਨੂੰ ਭਿਣਕ ਨਹੀਂ ਪੈਣੀ ਚਾਹੀਦੀ। ਇਹ ਸਹਿਮਤੀ ਜ਼ੁਬਾਨੀ ਕਲਾਮੀ ਹੋਣ

## ਵੰਡ ਵੇਲੇ ਰੁਕ ਸਕਦਾ ਸੀ ਪੰਜਾਬੀਆਂ ਦਾ ਕਤਲੇਆਮ



ਕਾਰਨ ਅਕਾਲੀ ਆਗੂਆਂ ਦੇ ਮਨਾਂ ਵਿਚ ਤੌਖਲੇ ਵੀ ਸਨ। ਇਸੇ ਕਰਕੇ ਦੋਹਾਂ ਆਗੂਆਂ ਨੇ ਕਿਹਾ ਕਿ ਇਸ ਸਮਝੌਤੇ ਦੀ ਲਿਖਤ ਵੀ ਕਰ ਲੈਣੀ ਚਾਹੀਦੀ ਹੈ। ਇਸ ਨੁਕਤੇ 'ਤੇ ਆ ਕੇ ਗੋਕਲ ਚੰਦ ਨਾਰੰਗ ਨੇ ਸੁਝਾਅ ਦਿੱਤਾ ਕਿ ਪੰਜਾਬ ਦੇ ਕੁਝ ਹੋਰਨਾਂ ਆਗੂਆਂ ਖਾਸ ਕਰ ਕੇ ਸਨਾਤਨੀ ਹਿੰਦੂ ਵਿਚਾਰਧਾਰਾ ਰੱਖਣ ਵਾਲਿਆਂ ਨਾਲ ਵੀ ਇਸ ਸਮਝੌਤੇ ਬਾਰੇ ਸਲਾਹ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਸਵਾਮੀ ਗਣੇਸ਼ ਦੱਤ ਨੂੰ ਤਾਰ ਭੇਜ ਕੇ ਸੱਦਿਆ ਗਿਆ। ਉਹ ਕੁੰਦਨ ਲਾਲ ਲਾਂਬਾ ਸਮੇਤ ਦਿੱਲੀ ਪੁੱਜੇ। ਇਨ੍ਹਾਂ ਦੋਹਾਂ ਆਗੂਆਂ ਨੇ ਇਹ ਸਮਝੌਤਾ ਰੱਦ ਕਰ ਦਿੱਤਾ ਤੇ ਇਸ ਨਾਲ ਹੀ ਸਾਰੇ ਹਾਲਾਤ ਹੀ ਬਦਲ ਗਏ। ਇਸ ਤੋਂ ਬਾਅਦ ਆਜ਼ਾਦ ਪੰਜਾਬ ਦੀ ਯੋਜਨਾ ਨੂੰ ਮੁੜ ਉਭਾਰਿਆ। ਇਹ ਭਾਰਤ ਵਿਚ ਇਕੋ ਇਕ ਖਿੱਤਾ ਹੋਣਾ ਸੀ ਜਿਥੇ ਕਿਸੇ ਵੀ ਧਰਮ ਨਾਲ ਸਬੰਧਤ ਲੋਕਾਂ ਦੀ ਬਹੁਗਿਣਤੀ ਨਹੀਂ ਹੋਣੀ ਸੀ। ਇਸ ਨੂੰ ਵੀ ਯੋਜਨਾਬੱਧ ਢੰਗ ਨਾਲ ਤਤਕਾਲੀ ਹਿੰਦੂ ਆਗੂਆਂ ਨੇ ਸਾਬੋਤਾਜ ਕਰ ਦਿੱਤਾ। ਇਸ ਅਸਫਲਤਾ ਲਈ ਜਿਨਾਹ ਨਹੀਂ ਬਲਕਿ ਅਸੀਂ ਖੁਦ ਜ਼ਿੰਮੇਵਾਰ ਸੀ। ਇਹ ਕਿਤਾਬ ਮਹਾਤਮਾ ਗਾਂਧੀ ਦੀ ਘੱਟ ਗਿਣਤੀਆਂ ਤੇ ਉਨ੍ਹਾਂ ਦੇ ਆਗੂਆਂ ਪ੍ਰਤੀ ਸੋਚ ਤੇ ਰਵੱਈਏ ਬਾਰੇ ਵੀ ਰੋਸ਼ਨੀ ਪਾਉਂਦੀ ਹੈ। ਗਾਂਧੀ ਨੇ ਇਕ ਵਾਰੀ ਮਾਸਟਰ ਤਾਰਾ ਸਿੰਘ ਨੂੰ ਕਿਹਾ, "ਤੁਸੀਂ ਜਾਂ ਤਾਂ ਪੂਰੇ ਰਾਸਟਰਵਾਦੀ ਬਣ ਜਾਵੋ ਤੇ ਜਾਂ ਫਿਰ ਪੱਕੇ ਫਿਰਕਾਪ੍ਰਸਤ ਹੋ ਜਾਵੋ।" ਇਸ ਦੇ ਜਵਾਬ ਵਿਚ ਮਾ. ਤਾਰਾ ਸਿੰਘ ਨੇ ਕਿਹਾ ਸੀ, "ਮੈਂ ਸਿੱਖ ਹਾਂ ਤੇ ਸਿਰਫ ਸਿੱਖ, ਨਾ ਤੋਲਾ ਘੱਟ ਤੇ ਨਾ ਮਾਸਾ ਵੱਧ।"

# ਹਰਿਆਣਾ ਦੀ ਵੱਖਰੀ ਕਮੇਟੀ ਵਾਲੇ ਕੇਸ ਦੀ ਤਾਰੀਕ ਅੱਗੇ ਪਾਈ

**ਚੰਡੀਗੜ੍ਹ:** ਹਰਿਆਣਾ ਦੀ ਸਾਬਕਾ ਕਾਂਗਰਸ ਸਰਕਾਰ ਨੇ ਸੂਬੇ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਪਿਛਲੇ ਸਾਲ 23 ਜੁਲਾਈ ਨੂੰ 41 ਮੈਂਬਰਾਂ 'ਤੇ ਅਧਾਰਤ ਜੋ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਮਜ਼ਦ ਕੀਤੀ ਸੀ, ਉਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਲੰਬੀ ਹੁੰਦੀ ਜਾ ਰਹੀ ਹੈ। ਇਸ ਪਟੀਸ਼ਨ ਦੀ ਸੁਣਵਾਈ ਲਈ ਪਹਿਲਾਂ 11 ਮਈ ਦੀ ਤਾਰੀਖ ਨਿਰਧਾਰਤ ਸੀ ਪਰ ਹੁਣ ਅਗਲੀ ਸੁਣਵਾਈ ਦੀ ਤਾਰੀਕ ਤਿੰਨ ਜੁਲਾਈ ਉਤੇ ਪਾ ਦਿੱਤੀ ਗਈ ਹੈ। ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐਸ.ਐਲ. ਦੂਤ ਦੀ ਅਗਵਾਈ ਵਾਲਾ ਇਕ ਬੈਂਚ ਕਰ ਰਿਹਾ ਹੈ। ਸੁਪਰੀਮ ਕੋਰਟ ਵਿਚ ਚੁਣੌਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਹਰਭਜਨ ਸਿੰਘ ਨੇ ਦੇ ਰੱਖੀ ਹੈ, ਜੋ ਮਿੰਨੀ ਸਿੱਖ ਪਾਰਲੀਮੈਂਟ ਵਿਚ ਕੁਰੂਕਸ਼ੇਤਰ ਦੀ ਪ੍ਰਤੀਨਿਧਤਾ ਕਰਦੇ ਹਨ।

# ਡੇਰਾ ਰਾਧਾ ਸੁਆਮੀ ਦੇ ਮੁਖੀ ਵੱਲੋਂ ਸਿਮਰਨਜੀਤ ਨਾਲ ਮੁਲਾਕਾਤ

**ਚੰਡੀਗੜ੍ਹ:** ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਚੰਡੀਗੜ੍ਹ ਵਿਚ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ। ਦੋਹਾਂ ਸ਼ਖਸੀਅਤਾਂ ਵਿਚਾਲੇ ਇਹ ਮੁਲਾਕਾਤ ਪੀ.ਜੀ.ਆਈ. ਦੇ (ਹਾਰਟ ਕੇਅਰ ਸੈਂਟਰ) ਵਿਚ ਹੋਈ, ਜਿਥੇ ਸ. ਮਾਨ ਪਿਛਲੇ ਦੋ ਹਫ਼ਤਿਆਂ ਤੋਂ ਜ਼ੇਰੇ-ਇਲਾਜ ਹਨ। ਇਹ ਮੁਲਾਕਾਤ ਪੂਰੀ ਤਰ੍ਹਾਂ ਗੁਪਤ ਰੱਖੀ ਗਈ, ਸਿਰਫ ਹਸਪਤਾਲ ਦੇ ਕੁਝ ਸੀਨੀਅਰ ਡਾਕਟਰਾਂ ਨੂੰ ਹੀ ਇਸ ਮੁਲਾਕਾਤ ਦੀ ਜਾਣਕਾਰੀ ਸੀ। ਸੂਤਰਾਂ ਨੇ ਦੱਸਿਆ ਕਿ ਡੇਰਾ ਬਿਆਸ ਮੁਖੀ ਸਵੇਰੇ ਕੋਈ ਸਾਢੇ 11 ਵਜੇ ਪੀ.ਜੀ.ਆਈ. ਦੇ ਇਕ ਪ੍ਰਾਈਵੇਟ ਕਮਰੇ ਵਿਚ



ਪਹੁੰਚੇ, ਜਿਥੇ ਸ. ਮਾਨ ਇਲਾਜ ਅਧੀਨ ਹਨ। ਇਹ ਮੁਲਾਕਾਤ ਤਕਰੀਬਨ 20 ਮਿੰਟ ਚੱਲੀ। ਸ. ਮਾਨ ਨੇ ਡੇਰਾ ਮੁਖੀ ਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਫੇਰੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਇਕ ਬਿਹਤਰੀਨ ਸ਼ਖਸੀਅਤ ਦੱਸਿਆ।

# ਜਥੇਦਾਰ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਾਂ ਵਿਚ ਪਤਿਤਪੁਣੇ 'ਤੇ ਚਿੰਤਾ ਪ੍ਰਗਟਾਈ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਤੇ ਮੈਂਬਰਾਂ ਦੇ ਪਰਿਵਾਰਾਂ ਵਿਚ ਪਤਿਤਪੁਣਾ ਵੱਧ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਮੁੱਖ ਕਾਰਜ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ ਪਰ ਇਸ ਦੇ ਆਪਣੇ ਮੁਲਾਜ਼ਮ ਤੇ ਉਨ੍ਹਾਂ ਦੇ ਪਰਿਵਾਰ



ਪਤਿਤਪੁਣੇ ਵਿਚ ਫਸੇ ਹੋਏ ਹਨ, ਜਿਸ ਦਾ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਦੀ ਢਿੱਲ ਕਿਹਾ ਜਾ ਸਕਦਾ ਹੈ। ਜਥੇਦਾਰ ਨੇ ਉਪਰੋਕਤ ਪ੍ਰਗਟਾਵੇ ਨਾਲ ਪਿਛੋਕੜ ਦੱਸਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਤੱਤਕਾਲੀ ਪ੍ਰਧਾਨ ਸੰਤ ਚੰਨਣ ਸਿੰਘ ਦੇ ਨਿਰਦੇਸ਼ਾਂ 'ਤੇ ਮੁਲਾਜ਼ਮਾਂ ਦੀ ਪੁੱਛ ਪੜਤਾਲ ਜਾਰੀ ਰਹਿੰਦੀ ਸੀ ਤੇ ਦੋਸ਼ੀਆਂ ਨੂੰ ਤਾੜਨਾ ਤੇ ਸਜਾਵਾਂ ਦਿੱਤੀਆਂ ਜਾਂਦੀਆਂ ਸਨ, ਜੋ ਹੁਣ ਦੇ ਪ੍ਰਬੰਧਾਂ ਵਿਚੋਂ ਖਤਮ ਹਨ। ਉਨ੍ਹਾਂ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਪੜਤਾਲ ਯਕੀਨੀ ਬਣਾਉਂਦਿਆਂ ਮੁਲਾਜ਼ਮਾਂ ਤੇ ਪਰਿਵਾਰਾਂ ਨੂੰ ਪਹਿਲ ਵਜੋਂ ਗੁਰਮਤਿ ਵਿਚ ਲਿਆਂਦਾ ਜਾਵੇ। ਉਨ੍ਹਾਂ ਸੰਘ ਵੱਲੋਂ ਸਿੱਖੀ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਖ਼ਾਲਸੇ ਨੂੰ ਕੋਈ ਬਗਾਨਾ ਢਾਹ ਲਾਉਣ ਦੀ ਹਿੰਮਤ ਨਹੀਂ ਰੱਖਦਾ ਸਗੋਂ ਮੌਜੂਦਾ ਹਾਲਾਤ ਵਿਚ ਸਿੱਖਾਂ ਨੂੰ ਸਿੱਖਾਂ ਤੋਂ ਖਤਰਾ ਪੈਦਾ ਹੋ ਗਿਆ ਤੇ ਸਿੱਖ ਪੰਥ ਵਿਰੋਧੀ ਚਿਹਰੇ ਹੀ ਕੌਮ ਦੀ ਪਿੱਠ ਵਿਚ ਛੁਰਾ ਮਾਰ ਰਹੇ ਹਨ।

## ਚਾਰ ਬੱਚੇ ਪੈਦਾ ਕਰਨ ਵਾਲੇ ਸੁਝਾਅ 'ਤੇ ਕਾਇਮ

ਸ੍ਰੀ ਆਨੰਦਪੁਰ ਸਾਹਿਬ: ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਚਾਰ ਬੱਚੇ ਪੈਦਾ ਕਰਨਾ ਸਮੇਂ ਦੀ ਲੋੜ ਹੈ ਕਿਉਂਕਿ ਬੀਤੇ ਕੁਝ ਦਹਾਕਿਆਂ ਵਿਚ ਸਿੱਖ ਕੌਮ ਦੀ ਆਬਾਦੀ ਵਿਚ ਜ਼ਿਕਰਯੋਗ ਕਮੀ ਦਰਜ ਕੀਤੀ ਗਈ ਹੈ ਜੋ ਕਿ ਕੌਮ ਦੀ ਹੋਂਦ ਲਈ ਵੱਡਾ ਖਤਰਾ ਹੈ। ਇਸ ਲਈ ਸਿੱਖ ਕੌਮ ਦਾ ਸੇਵਾਦਾਰ ਹੋਣ ਨਾਤੇ ਸਮੁੱਚੀ ਕੌਮ ਦੇ ਸਨਮੁੱਖ ਇਹ ਅਪੀਲ ਕੀਤੀ ਹੈ। ਜਥੇਦਾਰ ਨੇ ਕਿਹਾ ਕਿ ਪਿਛਲੇ 40 ਸਾਲਾਂ ਵਿਚ ਸਿੱਖਾਂ ਦੀ ਗਿਣਤੀ 70 ਹਜ਼ਾਰ ਘੱਟ ਗਈ ਹੈ ਤੇ ਇਸ ਲਈ ਸਮੁੱਚੀ ਕੌਮ ਨੂੰ ਚਾਹੀਦਾ ਹੈ ਕਿ ਉਹ 4-4 ਬੱਚੇ ਪੈਦਾ ਕਰਨ ਤਾਂ ਕਿ ਅਸੀਂ ਵੀ ਬਹੁਗਿਣਤੀ ਕੌਮ ਬਣ ਸਕੀਏ। ਹੋਰ ਬੱਚੇ ਪੈਦਾ ਕਰਨ ਦੀ ਜਗ੍ਹਾ ਵਣਜਾਰੇ ਸਿੱਖਾਂ ਦੀ ਸੰਭਾਲ ਕਿਉਂ ਨਹੀਂ ਕੀਤੀ ਜਾ ਰਹੀ, ਬਾਰੇ ਜਥੇਦਾਰ ਨੇ ਕੋਈ ਸਪਸ਼ਟ ਜੁਆਬ ਨਾ ਦਿੱਤਾ ਪਰ ਇੰਨਾ ਜ਼ਰੂਰ ਕਿਹਾ ਕਿ ਉਹ ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਨਾਲ ਗੱਲ ਕਰਨਗੇ।

## ਯੂ.ਕੇ. ਦੇ ਸਿੱਖ ਆਗੂਆਂ ਵੱਲੋਂ ਭੂਚਾਲ ਪੀੜਤਾਂ ਲਈ ਮਦਦ

ਯੂ.ਕੇ. ਤੋਂ ਆਏ ਸਿੱਖ ਆਗੂਆਂ ਨੇ ਨੇਪਾਲ ਦੇ ਭੂਚਾਲ ਪੀੜਤਾਂ ਲਈ ਮਦਦ ਵਜੋਂ ਤਿੰਨ ਹਜ਼ਾਰ ਪੌਂਡ ਦਾ ਚੈਕ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪਿਆ, ਜਿਸ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਭੂਚਾਲ ਪੀੜਤਾਂ ਤੱਕ ਪਹੁੰਚਾਇਆ ਜਾਵੇਗਾ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਬਰਤਾਨੀਆ ਦੇ ਗੁਰਦੁਆਰਾ ਗੁਰੂ ਗੋਬਿੰਦ ਸਿੰਘ, ਬੈਡ ਫੋਰਡ ਤੋਂ ਆਏ ਰਣਬੀਰ ਸਿੰਘ ਨੇ ਨੇਪਾਲ ਦੇ ਭੂਚਾਲ ਪੀੜਤਾਂ ਦੀ ਸਹਾਇਤਾ ਲਈ ਤਿੰਨ ਹਜ਼ਾਰ ਪੌਂਡ ਦਾ ਚੈੱਕ ਦਿੱਤਾ। ਇਸੇ ਤਰ੍ਹਾਂ ਉਤਰਾਖੰਡ ਸਿੱਖ ਪ੍ਰਤੀਨਿਧੀ ਬੋਰਡ ਦੇ ਪ੍ਰਧਾਨ ਜਸਵੰਤ ਸਿੰਘ ਪੂਨੀਆ ਵੱਲੋਂ ਸਹਾਇਤਾ ਵਜੋਂ 11 ਹਜ਼ਾਰ ਰੁਪਏ ਨਕਦ ਭੇਟ ਕੀਤੇ ਗਏ। ਉਨ੍ਹਾਂ ਆਖਿਆ ਕਿ ਕੁਦਰਤੀ ਆਫ਼ਤ ਸਮੇਂ ਪੀੜਤਾਂ ਦੀ ਮਦਦ ਕਰਨਾ ਹਰ ਇੱਕ ਸਿੱਖ ਦਾ ਫਰਜ਼ ਹੈ।

# ਪੁਲਿਸ ਵਿਭਾਗ ਵੱਲੋਂ ਹਰਕੀਰਤ ਸਿੰਘ ਦਾ ਸਨਮਾਨ

**ਹਿਊਸਟਨ, ਟੈਕਸਸ (ਬਿਊਰੋ):** ਹਿਊਸਟਨ ਪੁਲਿਸ ਵਿਭਾਗ ਵੱਲੋਂ ਪੁਲਿਸ ਰਿਕਾਰਡਜ਼ ਸੁਪਰਵਾਈਜ਼ਰ ਸ. ਹਰਕੀਰਤ ਸਿੰਘ ਦਾ 'ਸਿਵਲੀਅਨ ਸੁਪਰਵਾਈਜ਼ਰ ਆਫ਼ ਦਿ ਯੀਅਰ' ਇਨਾਮ ਨਾਲ ਸਨਮਾਨ ਕੀਤਾ ਗਿਆ ਹੈ। ਉਹ ਪਿਛਲੇ 15 ਸਾਲ ਤੋਂ ਪੁਲਿਸ ਵਿਚ ਤਾਇਨਾਤ ਹਨ।



ਇਥੇ ਡਾਊਨਟਾਊਨ ਵਿਚ ਹੋਟਲ ਹਯਾਤ ਰੀਜੈਂਸੀ ਵਿਖੇ ਹੋਏ ਸਮਾਗਮ ਵਿਚ ਸ. ਹਰਕੀਰਤ ਸਿੰਘ ਨੂੰ ਇਹ ਇਨਾਮ ਪੁਲਿਸ ਮੁਖੀ ਚਾਰਲਸ ਏ. ਮੈਕਲੀਲੈਂਡ ਅਤੇ ਹਿਊਸਟਨ ਦੀ ਮੇਅਰ ਐਨਿਸ ਪਾਰਕਰ ਵੱਲੋਂ ਦਿੱਤਾ ਗਿਆ।

44 ਸਾਲਾ ਹਰਕੀਰਤ ਸਿੰਘ ਅਗਸਤ 1998 ਵਿਚ ਅਮਰੀਕਾ ਆਇਆ ਸੀ। ਉਸ ਦਾ ਜੱਦੀ ਪਿੰਡ ਲਾਂਬੜਾ (ਜਲੰਧਰ) ਹੈ। ਉਹਨੇ ਕਾਲਜ ਦੀ ਪੜ੍ਹਾਈ ਦੇਸ਼ਬੰਧੂ ਕਾਲਜ, ਕਾਲ ਕਾਜੀ (ਦਿੱਲੀ) ਤੋਂ ਹਾਸਲ ਕੀਤੀ। ਹਿਊਸਟਨ ਪੁਲਿਸ ਵਿਚ ਉਹਨੇ ਮਾਰਚ 2000 'ਚ ਨੌਕਰੀ ਜੁਆਇਨ ਕੀਤੀ ਸੀ। ਜੂਨ 2005 ਵਿਚ ਉਹਨੂੰ 'ਆਫਿਸ ਸੁਪਰਵਾਈਜ਼ਰ' ਵਜੋਂ ਤਰੱਕੀ ਮਿਲੀ ਸੀ।

# ਕਤਲੇਆਮ 84: ਮੁਲਜ਼ਮ ਦੀ ਮੌਤ ਦੀ ਹੋਵੇਗੀ ਜਾਂਚ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤੇ ਹਨ ਕਿ 1984 ਦੇ ਸਿੱਖ ਕਤਲੇਆਮ ਵਿਚ ਇਕ ਮੁਲਜ਼ਮ ਜੋ ਕਾਂਗਰਸ ਆਗੂ ਸੱਜਣ ਕੁਮਾਰ ਦੇ ਨਾਲ ਸੀ, ਦੀ ਹੋਈ ਮੌਤ ਦੀ ਜਾਂਚ ਕੀਤੀ ਜਾਵੇ ਤੇ ਇਸ ਬਾਰੇ ਰਿਪੋਰਟ 17 ਜੁਲਾਈ ਤੱਕ ਅਦਾਲਤ 'ਚ ਪੇਸ਼ ਕੀਤੀ ਜਾਵੇ। ਜ਼ਿਲ੍ਹਾ ਜੱਜ ਰਾਕੇਸ਼ ਸਿਧਾਰਥ ਨੇ ਸੀ.ਬੀ.ਆਈ. ਦੇ ਵਕੀਲ ਡੀ.ਪੀ. ਸਿੰਘ ਨੂੰ ਕਿਹਾ ਕਿ ਮੁਲਜ਼ਮ ਪੀਰੀਆ ਦੀ ਬੀਤੇ ਦਿਨ ਮੌਤ ਹੋ ਗਈ ਸੀ ਪਰ ਏਜੰਸੀ ਨੇ ਇਸ ਬਾਰੇ ਅਜੇ ਪੜਤਾਲ ਕਰਨੀ ਹੈ।

ਇਸੇ ਦੌਰਾਨ ਅਦਾਲਤ ਨੇ ਕਿਹਾ ਕਿ ਪੀਰੀਆ ਦੀ ਮੌਤ ਦੇ ਕਾਰਨ ਇਸਤਗਾਸਾ ਧਿਰ ਦੀ ਗਵਾਹ ਪ੍ਰੇਮ ਕੌਰ ਦੇ ਬਿਆਨ ਵੀ ਦਰਜ ਨਹੀਂ ਕੀਤੇ ਜਾ ਸਕਦੇ। ਇਸਤਗਾਸਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਵਕੀਲਾਂ ਦੀ ਹੜਤਾਲ ਕਾਰਨ ਗਵਾਹ ਦੇ ਬਿਆਨ ਦਰਜ ਨਹੀਂ ਸੀ ਕੀਤੇ ਜਾ ਸਕੇ। ਅਦਾਲਤ ਨੂੰ ਇਹ ਵੀ ਸੂਚਨਾ ਦਿੱਤੀ ਗਈ ਕਿ ਇਕ ਹੋਰ ਮੁਲਜ਼ਮ ਵੇਦ ਪ੍ਰਕਾਸ਼ ਹਸਪਤਾਲ ਦਾਖਲ ਹੈ। ਯਾਦ ਰਹੇ ਕਿ ਸੁਲਤਾਨਪੁਰੀ ਖੇਤਰ ਵਿਚ ਸੁਰਜੀਤ ਸਿੰਘ ਦੇ ਕਤਲ ਦੇ ਦੋਸ਼ ਹੇਠ ਸੱਜਣ ਕੁਮਾਰ, ਬ੍ਰਹਮਾਨੰਦ ਗੁਪਤਾ, ਪੀਰੀਆ ਅਤੇ ਵੇਦ ਪ੍ਰਕਾਸ਼ 'ਤੇ ਅਦਾਲਤ ਵਿਚ ਕੇਸ ਚੱਲ ਰਿਹਾ ਹੈ।

# ਨਿੰਮਾ ਡੱਲੇਵਾਲ ਦੀ ਸੀ ਡੀ 'ਪਿਛੋਕੜ' ਤਿਆਰ

**ਸ਼ਿਕਾਗੋ (ਬਿਊਰੋ):** ਐਚ1ਵਾਈ ਐਂਟਰਟੇਨਮੈਂਟ ਅਤੇ ਦਵਿੰਦਰ ਕੁਮਾਰ ਦੀ ਪੇਸ਼ਕਸ਼ ਨਿੰਮਾ ਡੱਲੇਵਾਲ ਦੀ ਸੀ ਡੀ 'ਪਿਛੋਕੜ' ਜਲਦ ਹੀ ਰਿਲੀਜ਼ ਹੋਵੇਗੀ। ਟਾਈਟਲ ਗੀਤ ਦੀ ਵੀਡੀਓ ਮੁਕੰਮਲ ਹੋ ਗਈ ਹੈ ਅਤੇ ਜਲਦ ਹੀ ਟੀ.ਵੀ. ਚੈਨਲਾਂ 'ਤੇ ਦਿਖਾਇਆ ਜਾਵੇਗਾ। ਇਹ ਗੀਤ ਰੇਡੀਓ ਚੰਨ ਪ੍ਰਦੇਸੀ ਉਤੇ ਵੀ ਸੁਣਨ ਨੂੰ ਮਿਲੇਗਾ। ਸੰਗੀਤ ਅਮਦਾਦ ਅਲੀ ਦਾ ਹੈ। ਪ੍ਰੋਡਿਊਸਰ ਹੇਮੰਤ ਕੁਮਾਰ (ਯੂ ਕੇ) ਅਤੇ ਡਾਇਰੈਕਟਰ ਹਨੀ ਹਰਦੀਪ ਹਨ।

ਨਿੰਮਾ ਡੱਲੇਵਾਲ ਅਨੁਸਾਰ ਗੀਤ ਦੇ ਵੀਡੀਓ ਦੇ ਮੁੱਖ ਸੂਤਰਧਾਰ ਪੰਜਾਬੀ ਫਿਲਮ ਅਦਾਕਾਰ ਸੁਖਵੀਰ ਬਾਠ ਅਤੇ ਜਯਤਾ ਤਿਵਾੜੀ ਹਨ। ਇਹ ਗੀਤ ਪਿਛੋਕੜ ਨੂੰ ਨਾ ਵਿਸਾਰਨ ਅਤੇ ਵਿਰਸੇ ਨਾਲ ਜੁੜੇ ਰਹਿਣ ਦੀ ਹਾਮੀ ਭਰਦਾ ਹੈ। ਸੀ ਡੀ 'ਚ ਤੂੰਬੀ, ਕੁਮੈਂਟਰੀ ਅਤੇ ਕੋਰਸ ਲਈ ਗੀਤਕਾਰ ਜੈਲੀ ਮਨਜੀਤਪੁਰੀ ਨੇ ਸਹਿਯੋਗ ਦਿੱਤਾ। ਹੋਰ ਜਾਣਕਾਰੀ ਲਈ ਨਿੰਮਾ ਡੱਲੇਵਾਲ ਨਾਲ ਫੋਨ 513-432-9754 ਉਤੇ ਸੰਪਰਕ ਕੀਤਾ ਜਾ ਸਕਦਾ ਹੈ।






Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545




H K TRANSPORT INC

*Division of HK Incorporated*

1401 West Ray St, Indianapolis, IN 46221

Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
| --- | --- |
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ

■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



Dhillon Truck Stop

Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires

Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# ਪਿਕਾਸੋ ਦਾ ਜਵਾਬ ਨਹੀਂ

## ਪੇਂਟਿੰਗ ਦਾ ਰਿਕਾਰਡ ਮੁੱਲ ਪਿਆ




ਸੰਸਾਰ ਪ੍ਰਸਿੱਧ ਚਿੱਤਰਕਾਰ ਪਾਬਲੋ ਪਿਕਾਸੋ ਦੀ ਪੇਂਟਿੰਗ 'ਵਿਮੈਨ ਆਫ ਅਲਜੀਰਸ' ਨਿਊ ਯਾਰਕ ਵਿਚ ਹੋਈ ਨਿਲਾਮੀ ਦੌਰਾਨ 179 ਮਿਲੀਅਨ ਡਾਲਰ (17.90 ਕਰੋੜ ਡਾਲਰ) ਦੀ ਵਿਕੀ ਹੈ ਅਤੇ ਇਹ ਹੁਣ ਤੱਕ ਦਾ ਸੰਸਾਰ ਭਰ ਦਾ ਰਿਕਾਰਡ ਹੈ। ਇਹ ਨਿਲਾਮੀ ਕ੍ਰਿਸਟੀ ਨੇ ਕਰਵਾਈ ਸੀ। ਪਾਬਲੋ ਪਿਕਾਸੋ ਨੇ 1945-55 ਵਿਚ 15 ਪੇਂਟਿੰਗਾਂ ਦੀ ਲੜੀ ਤਿਆਰ ਕੀਤੀ ਸੀ ਅਤੇ ਇਹ ਲੜੀ ਪਿਕਾਸੋ ਨੇ ਫਰਾਂਸੀਸੀ ਚਿੱਤਰਕਾਰ ਯੂਜੇਨ ਦੈਲਾਕਰੋਕਸ ਵਲੋਂ ਤਿਆਰ ਇਸੇ ਨਾਂ ਦੀ ਪੇਂਟਿੰਗ ਤੋਂ ਪ੍ਰਭਾਵਿਤ ਹੋ ਕੇ ਬਣਾਈ ਸੀ। ਇਸ ਲੜੀ ਦੀ ਬੜੀ ਧੁੰਮ ਪਈ। ਇਸੇ ਲੜੀ ਵਿਚ ਸ਼ਾਮਲ ਪੇਂਟਿੰਗਾਂ ਵਿਚ 'ਵਿਮੈਨ ਆਫ ਅਲਜੀਰਸ' ਨਾਂ ਦੀ ਪੇਂਟਿੰਗ ਇਕ ਸੀ।

**ਕੀਰਤ ਕਾਸ਼ਣੀ**

ਪਾਬਲੋ ਪਿਕਾਸੋ (25 ਅਕਤੂਬਰ 1881-8 ਅਪਰੈਲ 1973) ਸਪੇਨੀ ਚਿੱਤਰਕਾਰ ਸੀ ਪਰ ਉਸ ਨੇ ਆਪਣਾ ਬਹੁਤਾ ਸਮਾਂ ਫਰਾਂਸ ਵਿਚ ਹੀ ਗੁਜ਼ਾਰਿਆ। ਉਸ ਨੂੰ 20ਵੀਂ ਸਦੀ ਦੇ ਮੁੱਖ ਚਿੱਤਰਕਾਰਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਜਿਸ ਨੇ ਆਉਣ ਵਾਲੀਆਂ ਸਾਰੀਆਂ ਪੀੜ੍ਹੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਨੇ ਕਲਾ ਵਿਚ ਕਿਊਬ ਅੰਦੋਲਨ ਛੇੜਨ ਦਾ ਮੁੱਢ ਬੰਨ੍ਹਿਆ। ਉਸ ਦੇ ਆਪਣੇ ਚਿੱਤਰਾਂ ਵਿਚ ਵੀ ਇਹ ਕਿਊਬ ਬਹੁਤ ਸੁਹਜ ਅਤੇ ਸਹਿਜ ਨਾਲ ਉਤਰੇ ਮਿਲਦੇ ਹਨ। ਉਸ ਨੇ ਇਹ ਕਿਊਬ ਅੰਦੋਲਨ 1909 ਦੌਰਾਨ ਚਿੱਤਰਕਾਰ ਜਾਰਜਸ ਬਰਾਕ ਨਾਲ ਮਿਲ ਕੇ ਸ਼ੁਰੂ ਕੀਤਾ ਸੀ।

ਪਾਬਲੋ ਪਿਕਾਸੋ ਦੀ ਜੰਗ-ਵਿਰੋਧੀ ਤਸਵੀਰ 'ਗੁਰਨਿਕਾ' ਦਾ ਸੰਸਾਰ ਭਰ ਵਿਚ ਕੋਈ ਜਵਾਬ ਨਹੀਂ। ਇਹ ਪੇਂਟਿੰਗ ਬਹੁਤ ਮਸ਼ਹੂਰ ਹੋਈ। ਇਹ ਵਿਰਾਟ ਪੇਂਟਿੰਗ 11 ਫੁੱਟ ਉਚੀ ਅਤੇ 25.6 ਫੁੱਟ ਚੌੜੀ ਹੈ। ਇਹ ਪੇਂਟਿੰਗ ਪਿਕਾਸੋ ਨੇ 1937 ਵਿਚ ਬਣਾਈ ਸੀ। ਅੱਜ ਕੱਲ੍ਹ ਇਹ ਮੈਡਰਿਡ (ਸਪੇਨ) ਦੇ ਸੋਫੀਆ ਅਜਾਇਬ ਘਰ ਵਿਚ ਪਈ ਹੈ। ਇਹ ਸਪੇਨੀ ਖਾਨਾਜੰਗ ਨਾਲ ਸਬੰਧਤ ਹੈ, ਜਦੋਂ ਜਰਮਨ ਅਤੇ ਇਟਲੀ ਦੇ ਜੰਗੀ ਜਹਾਜ਼ਾਂ ਨੇ ਸਪੇਨੀ ਕੌਮਪ੍ਰਸਤਾਂ ਉਤੇ ਹਮਲਾ ਕਰ ਦਿੱਤਾ ਸੀ। ਬਾਅਦ ਵਿਚ ਇਹ ਚਿੱਤਰ ਜੰਗ ਨਾਲ ਹੁੰਦੀ ਤਬਾਹੀ ਅਤੇ ਵਿਕਰਾਲਤਾ ਨੂੰ ਦਰਸਾਉਣ ਦਾ ਬਿੰਬ ਹੋ ਨਿਬੜੀ। ਜੰਗ-ਵਿਰੋਧੀ ਅੰਦੋਲਨਾਂ ਵਿਚ ਇਸ ਚਿੱਤਰ ਦਾ ਨਾਂ ਅੱਜ ਵੀ ਸਭ ਤੋਂ ਪਹਿਲਾਂ ਆਉਂਦਾ ਹੈ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਜਦੋਂ ਜਰਮਨਾਂ ਨੇ ਪੈਰਿਸ ਉਤੇ ਕਬਜ਼ਾ ਕਰ ਲਿਆ ਤਾਂ ਨਾਜ਼ੀ ਜਰਮਨਾਂ ਨੇ ਪਾਬਲੋ ਨੂੰ ਬੜਾ ਤੰਗ ਕੀਤਾ। ਇਕ ਵਾਰ ਇਹ ਧਾੜਵੀ ਉਸ ਦੇ ਘਰੇ ਆਣ ਵੜੇ ਅਤੇ 'ਗੁਰਨਿਕਾ' ਪੇਂਟਿੰਗ ਦੀ ਫੋਟੋ ਦੇਖਦਿਆਂ ਸਾਰ ਭੜਕ ਉਠੇ, "ਇਹ ਸਭ ਤੂੰ ਕੀਤਾ ਹੈ?" ਉਸ ਨੇ ਬੜੇ ਸਹਿਜ ਨਾਲ ਉਤਰ ਦਿੱਤਾ, "ਨਹੀਂ, ਇਹ ਤੁਸੀਂ ਕੀਤਾ ਹੈ।" ਉਸ ਦਾ ਭਾਵ ਜੰਗ ਦੌਰਾਨ ਜਰਮਨਾਂ ਵਲੋਂ ਸਪੇਨ ਵਿਚ ਮਚਾਈ ਤਬਾਹੀ ਤੋਂ ਸੀ। 'ਗੁਰਨਿਕਾ' ਵਿਚ ਉਹਨੇ ਜੰਗ ਦੀ ਤਬਾਹੀ ਦਿਖਾਈ ਹੈ।



*ਪਾਬਲੋ ਪਿਕਾਸੋ: ਦਗਦੀ ਅੱਖ*


ਪਿਕਾਸੋ ਦੀ ਪੇਂਟਿੰਗ 'ਵਿਮੈਨ ਆਫ ਅਲਜੀਰਸ' ਨੂੰ ਰਿਕਾਰਡ ਕੀਮਤ ਤੱਕ ਪੁੱਜਣ ਲਈ ਸਿਰਫ 11 ਮਿੰਟ ਲੱਗੇ। ਇਸ ਤੋਂ ਪਹਿਲਾਂ 2013 ਵਿਚ ਬ੍ਰਿਟਿਸ਼ ਚਿੱਤਰਕਾਰ ਫਰਾਂਸਿਸ ਬੇਕਨ ਦੀ ਤਸਵੀਰ ਰਿਕਾਰਡ 142 ਮਿਲੀਅਨ ਡਾਲਰ (14.20 ਕਰੋੜ ਡਾਲਰ) ਦੀ ਵਿਕੀ ਸੀ। 'ਵਿਮੈਨ ਆਫ ਅਲਜੀਰਸ' ਖਰੀਦਣ ਵਾਲੇ ਦਾ ਨਾਂ ਫਿਲਹਾਲ ਨਸ਼ਰ ਨਹੀਂ ਕੀਤਾ ਗਿਆ। ਹੁਣ ਤਾਂ ਇਹ ਬਹਿਸ ਵੀ ਚੱਲ ਪਈ ਹੈ ਕਿ ਇੰਨੀ ਮਹਿੰਗੀ ਪੇਂਟਿੰਗ ਜਾਂ ਕੋਈ ਹੋਰ ਕਲਾ ਵਸਤੂ ਖਰੀਦਣ ਦੀ ਕੋਈ ਤੁਕ ਵੀ ਬਣਦੀ ਹੈ ਜਦਕਿ ਸੰਸਾਰ ਭਰ ਵਿਚ ਹਰ ਇਕ ਮਿੰਟ ਬਾਅਦ 5 ਸਾਲ ਤੋਂ ਘੱਟ ਉਮਰ ਦੇ 21 ਬੱਚੇ ਮੌਤ ਦੇ ਮੂੰਹ ਵਿਚ ਜਾ ਰਹੇ ਹਨ, ਪਰ ਸਮਾਜ ਦੇ ਇਨ੍ਹਾਂ ਪ੍ਰਸੰਗਾਂ ਅਤੇ ਸਰੋਕਾਰਾਂ ਬਾਰੇ ਸੋਚਦਾ ਭਲਾ ਕੌਣ ਹੈ? ਅਸਲ ਵਿਚ ਅਜਿਹੀਆਂ ਕਲਾ ਕਿਰਤਾਂ ਖਰੀਦਣ ਵਾਲਿਆਂ ਦੀ ਦੁਨੀਆਂ ਹੀ ਹੋਰ ਹੁੰਦੀ ਹੈ ਅਤੇ ਇਸ ਮਾਮਲੇ 'ਤੇ ਉਹ ਪੈਸਾ, ਪਾਣੀ ਵਾਂਗ ਵਹਾਉਂਦੇ ਹਨ। ਫਿਰ ਵੀ ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਕਾਸੋ 20ਵੀਂ ਸਦੀ ਦਾ ਮੁੱਖ ਚਿੱਤਰਕਾਰ ਸੀ ਅਤੇ ਉਸ ਦੇ ਬਣਾਏ ਚਿੱਤਰ ਅਨਮੋਲ ਹਨ।



*ਪਾਬਲੋ ਪਿਕਾਸੋ: ਸਿਰਜਣਾ ਦੇ ਪਲ*

## ਕਲਾ ਪਰਿਕਰਮਾ

## ਜਦੋਂ ਫੌਕਸ ਨਿਊਜ਼ ਨੂੰ ਸ਼ਰਮ ਆਈ



*ਪਾਬਲੋ ਪਿਕਾਸੋ ਦੀ ਪੇਂਟਿੰਗ 'ਵਿਮੈਨ ਆਫ ਅਲਜੀਰਸ' ਬਾਰੇ ਖਬਰ ਨਸ਼ਰ ਕਰਨ ਵੇਲੇ ਫੌਕਸ ਨਿਊਜ਼ ਨੇ ਇਹ ਪੇਂਟਿੰਗ ਧੁੰਦਲੀ ਕਰ ਕੇ ਵਿਖਾਈ। ਚੈਨਲ ਵਾਲਿਆਂ ਦਾ ਖਿਆਲ ਸੀ ਕਿ ਪੇਂਟਿੰਗ ਵਿਚ ਦਿਸ ਰਹੀਆਂ ਔਰਤ ਦੀਆਂ ਛਾਤੀਆਂ ਨਹੀਂ ਦਿਖਾਉਣੀਆਂ ਚਾਹੀਦੀਆਂ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਚੈਨਲਾਂ ਦੀਆਂ ਨਿਊਜ਼ ਐਂਕਰ ਅਕਸਰ ਹੀ ਭੜਕੀਲੇ ਲਿਬਾਸ ਪਾ ਕੇ ਖਬਰਾਂ ਪੜ੍ਹਦੀਆਂ ਹਨ। ਨਿਊਜ਼ ਚੈਨਲ ਦੀ ਇਸ ਹਰਕਤ ਦੀ ਚਾਰ-ਚੁਫੇਰਿਓਂ ਬਹੁਤ ਨੁਕਤਾਚੀਨੀ ਹੋਈ ਹੈ। ਇਸ ਨੂੰ ਨਿਊਜ਼ ਫੌਕਸ ਵੀ ਬਿਮਾਰ ਮਾਨਸਿਕਤਾ ਕਰਾਰ ਦਿੱਤਾ ਗਿਆ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਮਈ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-170



**ਮੋਪਡ ਉਤੇ ਲੱਦੀ ਹੋਈ, ਦੇਖੋ ਮੀਆਂ-ਬੀਵੀ ਨੇ ਸੰਤਾਨ।**
**ਕੁਰਬਲ ਕੁਰਬਲ ਹੋਣੀ ਉਥੇ, ਜਿਸ ਘਰ ਜਾਣੇ ਇਹ 'ਮਹਿਮਾਨ'।**

## ਕੈਪਸ਼ਨ ਮੁਕਾਬਲਾ-168



ਲੋੜ ਦੇ ਵਿਚੋਂ ਕਾਢ ਕੱਢ ਲਈ
ਡਰਨਾ ਜੱਟ ਬਣਾਇਆ।
ਬਿਨ ਤਨਖਾਹੋਂ ਰਾਖੀ ਕਰਦਾ
ਖੇਤ ਦੇ ਵਿਚ ਖੜ੍ਹਾਇਆ।
ਜਾਨਵਰ ਕੋਈ ਕੋਲ ਨਾ ਆਵੇ
ਭੁਲੇਖਾ ਐਸਾ ਪਾਇਆ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਦਾਣੇ ਦਾਣੇ 'ਤੇ ਲਿਖਿਆ ਨਾਮ ਜਿਸ ਦਾ
ਕਿਉਂ ਉਸ ਨੂੰ ਧੋਖੇ ਵਿਚ ਪਾਈ ਜਾਨੈਂ।
'ਡਰਨਾ' ਗੱਡ ਕੇ ਖੇਤ ਦੇ ਵਿਚ ਤਾਈਂ
ਕਿਉਂ ਬੇਜ਼ੁਬਾਨਾਂ ਨੂੰ ਇੰਜ ਡਰਾਈ ਜਾਨੈਂ।
ਚਿੜੀ ਚੁੰਝ ਭਰ ਲਏ ਨਦੀ ਸੁੱਕਦੀ ਨਹੀਂ
ਕਿਉਂ 'ਸੰਤ ਕਬੀਰ ਜੀ' ਨੂੰ ਝੁਠਲਾਈ ਜਾਨੈਂ।
ਮੰਡੀ ਗਈ ਫਸਲ ਤੇਰੀ ਜੋ ਰੋਲ ਦਿੰਦੇ
ਕਿਉਂ ਲੋਟੂਆਂ ਤੋਂ ਛਿੱਲ ਲੁਹਾਈ ਜਾਨੈਂ।
ਭਰ ਭਰ ਝੋਲੀਆਂ ਦਾਤਾ ਜੋ ਦੇਈ ਜਾਂਦਾ
ਕਿਉਂ ਸਿਦਕ ਤੂੰ ਉਸ ਦਾ ਭੁਲਾਈ ਜਾਨੈਂ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਹਾਅਤ-ਹੂਅਤ ਹੋਕੇ ਮਾਰ ਕੇ
ਬੜੀ ਵਾਰੀ ਪਸ਼ੂ ਖੇਤਾਂ 'ਚੋਂ ਭਜਾ ਲਏ।
ਬੇ-ਘਰੇ ਹੋਏ ਆਵਾਰਾ ਫਿਰਦੇ
ਡਾਂਗਾਂ ਸੋਟਿਆਂ ਨਾਲ ਡੰਗਰ ਡਰਾ ਲਏ।
ਬਾਪੂ ਵਾਲੇ ਝੱਗੇ ਪਾ ਪਾ ਕੇ
ਅਸੀਂ ਬੜੀ ਵਾਰੀ ਡਰਨੇ ਬਣਾ ਲਏ।
ਗੋਪੀਆ ਸੰਭਾਲ ਘੁੱਕਰਾ!
ਠੁੰਗ ਜਾਣ ਨਾ ਮੰਡੀ 'ਚ ਤੋਲ ਵਾਲੇ,
ਖੇਤਾਂ 'ਚ ਬਚਾ ਕੇ ਫਸਲਾਂ
ਸੰਨ੍ਹ ਮੰਡੀਆਂ 'ਚ ਬੋਹਲਾਂ ਨੂੰ ਲੁਆ ਲਏ।

***-ਕਰਨੈਲ ਸਿੰਘ ਕੈਲ, ਸਿਆਟਲ***

---


ਫਸਲ ਆਉਂਦੀ ਜਦ ਪੂਰੇ ਜੋਬਨ 'ਤੇ
ਪੰਛੀ ਆ ਝਪਟਦੇ ਭੁੱਖੇ ਬਘਿਆੜ ਵਾਂਗ,
ਨੁਕਸਾਨ ਤੋਂ ਬਚਾਉਣ ਖਾਤਰ
ਸੋਚਾਂ ਕਈ ਕਿਸਾਨ ਲੜਾਉਂਦਾ।
ਡੰਡੇ 'ਚ ਪਾ ਡੰਡਾ ਗੱਡ ਦਿੱਤਾ ਬੰਨੇ 'ਤੇ,
ਪੁਰਾਣਾ ਘਸਿਆ ਕੁੜਤਾ
ਦਿੱਤਾ ਉਸ ਵਿਚ ਫਸਾ।
ਸਿਰ ਬਣਾ ਦਿੱਤਾ ਤੌੜੀ ਦਾ
ਬੁੱਤ ਬਣ ਜਿਵੇਂ ਖੜਾ ਬੰਦਾ,
ਨਾ ਮੰਗਦਾ ਉਜਰਤ ਨਾ ਪਾਣੀ-ਧਾਣੀ
ਥੋੜ੍ਹਾ ਬਹੁਤਾ ਬੁੱਤਾ ਸਰ ਹੀ ਜਾਂਦੈ।
ਦੇਖਣ ਨੂੰ ਪਵੇ ਭੁਲੇਖਾ ਦੂਰੋਂ
ਅਣਜਾਣ ਖੌਫ ਖਾ ਜਾਂਦੇ ਰਾਤਾਂ ਨੂੰ।

***-ਦਵਿੰਦਰਪਾਲ ਦੋਸਾਂਝ***

HURRY! LIMITED-TIME OFFER!

# BIGGEST SALE EVER IN HINDI TV
# OVER 50% OFF PER MONTH
## FOR A YEAR!

Requires 24-month commitment, credit qualification and subscription to qualifying American programming. Early Termination Fee applies.



**$24.99/mo** for 12 months

**HINDI MEGA PACK** ~~$54.99/mo~~ EVERYDAY PRICE

**AMERICA'S TOP 120**
$29.99/mo. for 12 months. Everyday price $59.99/mo.

ENJOY THESE **FAVORITES,** PLUS MORE

LOCAL CHANNELS **INCLUDED**

All offers requires 24-month commitment, credit qualification and subscription to qualifying American programming. Early Termination Fee applies.

**DISH. The only satellite provider with Hindi TV. Call today!**

We Install DISH Network All Over The USA

MUST MENTION OFFER CODE: **SAVEBIG** AT TIME OF ORDERING.
Cannot be combined with other Offer Codes

Satellite Plus Security cameras inc.
www.SPSecurityCameras.com

**1.877.593.1510**
**559.226.1510**

dish AUTHORIZED RETAILER

International programming requires additional $10/mo International Basic package or any America's Top package.

**$30/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months.

**Important Terms and Conditions: Promotional Offers:** Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current monthly price applies and is subject to change. **ETF:** If you cancel service during first 24 months, early termination fee of $20 for each month remaining applies.

**Additional Requirements: Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. **Offers end 6/10/2015.**

# ਕੁਦਰਤ ਦੀ ਕਰੋਪੀ ਤੇ ਸਰਕਾਰ ਦੀ ਬੇਰੁਖ਼ੀ ਨੇ ਝੰਬੇ ਕਿਸਾਨ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਦਾ ਧੰਦਾ ਹੁਣ ਲਾਹੇਵੰਦ ਨਹੀਂ ਰਿਹਾ ਤੇ ਖੇਤਾਂ ਵਿਚ ਦਿਨ-ਰਾਤ ਇਕ ਕਰਕੇ ਵੀ ਪਰਿਵਾਰ ਦਾ ਢਿੱਡ ਭਰਨਾ ਕਿਸਾਨ ਲਈ ਔਖਾ ਹੋ ਗਿਆ ਹੈ। ਪਹਿਲਾਂ ਤੋਂ ਹੀ ਆਰਥਿਕ ਤੰਗੀਆਂ ਨਾਲ ਜੂਝ ਰਹੇ ਪੰਜਾਬ ਦੇ ਕਿਸਾਨਾਂ ਨੂੰ ਇਸ ਵਾਰ ਕਣਕ ਦੀ ਫਸਲ ਵਿਚ ਹੋਏ ਵਿੱਤੀ ਘਾਟੇ ਨੇ ਝੰਬ ਕੇ ਰੱਖ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੀਂਹ ਤੇ ਗੜੇਮਾਰੀ ਪ੍ਰਭਾਵਿਤ ਕਿਸਾਨਾਂ ਲਈ ਮੁਆਵਜ਼ੇ ਲਈ 96 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਦੀ ਗੱਲ ਕੀਤੀ ਹੈ ਪਰ ਬੇਮੌਸਮੀ ਬਰਸਾਤ ਕਾਰਨ ਕਣਕ ਦੇ ਘਟੇ ਝਾੜ ਦੀ ਮਾਰ ਝੱਲ ਰਹੇ ਕਿਸਾਨਾਂ ਲਈ ਕੇਂਦਰ ਤੇ ਪੰਜਾਬ ਸਰਕਾਰ ਦੋਵੇਂ ਹੀ ਚੁੱਪ ਹਨ।

ਫਸਲੀ ਵੰਨ-ਸੁਵੰਨਤਾ ਮਿਸ਼ਨ ਦਾ ਐਲਾਨ ਕਰਨ ਵਾਲੀ ਸਰਕਾਰ ਵਲੋਂ ਗੰਨੇ ਦੇ ਬਕਾਏ ਬਾਰੇ ਧਾਰੀ ਖਾਮੋਸ਼ੀ ਨੇ ਕਿਸਾਨਾਂ ਦੀ ਪ੍ਰੇਸ਼ਾਨੀ ਵਧਾ ਦਿੱਤੀ ਹੈ। ਸਰਕਾਰ ਨੇ ਗੰਨੇ ਦੇ ਭੁਗਤਾਨ ਲਈ ਬਜਟ ਵਿਚ ਰੱਖੇ 600 ਕਰੋੜ ਵਿਚੋਂ ਸਿਰਫ 50 ਕਰੋੜ ਰੁਪਏ ਹੀ ਜਾਰੀ ਕੀਤੇ ਹਨ ਜਦਕਿ ਪੰਜਾਬ ਦੇ ਕਿਸਾਨਾਂ ਦੇ ਸਹਿਕਾਰੀ ਤੇ ਨਿਜੀ ਮਿੱਲਾਂ ਵੱਲ 700 ਕਰੋੜ ਰੁਪਏ ਬਕਾਇਆ ਖੜ੍ਹੇ ਹਨ। ਪਿਛਲੇ ਦੋ ਸਾਲ ਤੋਂ ਆਲੂਆਂ ਦੇ ਵਪਾਰ ਵਿਚ ਮੰਦੇ ਤੇ ਇਸ ਸਾਲ ਮੌਸਮ ਤੇ ਮੰਦੇ ਦੋਹਾਂ ਦੀ ਮਾਰ ਨੇ ਆਲੂ ਉਤਪਾਦਕਾਂ ਦਾ ਕਚੂਮਰ ਹੀ ਕੱਢ ਕੇ ਰੱਖ ਦਿੱਤਾ। ਪਿਛਲੇ 8-9 ਸੌ ਰੁਪਏ ਕੁਇੰਟਲ ਦੇ ਮੁਕਾਬਲੇ ਆਲੂ ਚਾਰ ਗੁਣਾਂ ਘੱਟ ਕੀਮਤ 200 ਰੁਪਏ ਕੁਇੰਟਲ ਤੱਕ ਹੀ ਥੋਕ ਬਾਜ਼ਾਰ ਵਿਚ ਵਿਕ ਰਹੇ ਹਨ।

ਫਸਲ ਦੀ ਬਿਜਾਈ ਮੌਕੇ ਹੀ ਯੂਰੀਆ ਖਾਦ ਦੀ ਕਿੱਲਤ ਕਾਰਨ ਕਈ ਕਿਸਾਨਾਂ ਨੂੰ ਯੂਰੀਆ ਬਲੈਕ ਵਿਚ ਖਰੀਦਣ ਲਈ ਮਜਬੂਰ ਹੋਣਾ ਪਿਆ, ਫਿਰ ਬੇਮੌਸਮੀ ਬਰਸਾਤ, ਗੜੇਮਾਰੀ ਤੇ ਤੇਜ਼ ਹਵਾਵਾਂ ਕਾਰਨ ਦਾਣਿਆਂ ਦੇ ਪੂਰੀ ਤਰ੍ਹਾਂ ਪ੍ਰਫੁਲਿਤ ਨਾ ਹੋ ਸਕਣ ਕਾਰਨ ਕਣਕ ਦੇ ਝਾੜ ਉਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ। ਦੂਜਾ ਮੰਡੀਆਂ ਵਿਚ ਖ਼ਰੀਦ ਦੇ ਸੁਚਾਰੂ ਪ੍ਰਬੰਧ ਨਾ ਹੋਣ ਕਾਰਨ ਤੇ ਮੰਡੀਆਂ ਵਿਚ ਪਈ ਕਣਕ ਉਤੇ ਵਾਰ-ਵਾਰ ਬਰਸਾਤ ਹੋਣ ਕਾਰਨ ਕਿਸਾਨਾਂ ਨੂੰ ਚਾਰੇ ਪਾਸਿਆਂ ਤੋਂ ਸਮੱਸਿਆਵਾਂ ਨੇ ਘੇਰ ਲਿਆ, ਹੁਣ ਆਪਣੀ ਫਸਲ ਵੇਚਣ ਤੋਂ ਬਾਅਦ ਵੀ ਜ਼ਿਆਦਾਤਰ ਕਿਸਾਨਾਂ ਦੇ ਖੀਸੇ ਅਜੇ ਖ਼ਾਲੀ ਹਨ। ਇਸ ਵਾਰ ਕਣਕ ਦੇ ਝਾੜ ਵਿਚ ਪ੍ਰਤੀ ਏਕੜ ਚਾਰ ਤੋਂ ਪੰਜ ਕੁਇੰਟਲ ਦੀ ਕਮੀ ਆਈ ਹੈ ਪਰ ਜਿਥੇ ਫਸਲਾਂ 'ਤੇ ਗੜੇਮਾਰੀ ਹੋਈ ਹੈ, ਉਥੇ ਤਾਂ ਫਸਲਾਂ 50 ਤੋਂ 100 ਪ੍ਰਤੀਸ਼ਤ ਤੱਕ ਬਰਬਾਦ ਹੋ ਚੁੱਕੀਆਂ ਹਨ। ਪਿਛਲੇ ਸਾਲ ਸੂਬੇ ਦੀਆਂ ਮੰਡੀਆਂ ਵਿਚ 1,20,70,000 ਟਨ ਕਣਕ ਮੰਡੀਆਂ ਵਿਚ ਵਿਕਣ ਲਈ ਆਈ ਸੀ ਪਰ ਇਸ ਵਾਰ ਮੁਸ਼ਕਲ ਨਾਲ ਹੀ ਇਹ ਅੰਕੜਾ ਇਕ ਕਰੋੜ ਤੱਕ ਪਹੁੰਚ ਸਕੇਗਾ। ਸਾਫ ਹੈ ਕਿ ਇਸ ਵਾਰ 21 ਲੱਖ ਕੁਇੰਟਲ ਕਣਕ ਦਾ ਮੁੱਲ ਜੋ 3000 ਕਰੋੜ ਦੇ ਕਰੀਬ ਬਣਦਾ ਹੈ, ਕਿਸਾਨਾਂ ਦੀ ਜੇਬਾਂ ਵਿਚ ਨਹੀਂ ਪਵੇਗਾ। ਦੂਸਰਾ ਇਸ ਵਾਰ ਯੂਰੀਆ ਖਾਦ ਬਲੈਕ ਵਿਚ ਮਿਲਣ ਕਾਰਨ ਤੇ ਬਰਸਾਤ ਤੇ ਤੇਜ਼ ਹਵਾਵਾਂ ਕਾਰਨ ਪ੍ਰਭਾਵਿਤ ਹੋਈ ਫਸਲ ਦੀ ਵਢਾਈ ਵਿਚ ਜ਼ਿਆਦਾ ਖ਼ਰਚ ਆਉਣ ਕਾਰਨ ਪੰਜਾਬ ਦੇ ਕਿਸਾਨਾਂ ਨੂੰ ਲੱਗੇ ਰਗੜੇ ਦਾ ਅੰਕੜਾ 3000 ਕਰੋੜ ਨੂੰ ਵੀ ਪਾਰ ਕਰ ਗਿਆ ਹੈ।



## ਕਣਕ ਦਾ ਨੁਕਸਾਨ ਬਾਦਲ ਦੀ ਲਾਪਰਵਾਹੀ: ਕੈਪਟਨ

**ਪਟਿਆਲਾ:** ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਫਸਲਾਂ ਦਾ ਨੁਕਸਾਨ ਬੇਸ਼ੱਕ ਕੁਦਰਤ ਕਾਰਨ ਹੋਇਆ ਸੀ ਪਰ ਮੰਡੀਆਂ ਵਿਚ ਪਈ ਕਣਕ ਦਾ ਨੁਕਸਾਨ ਸ. ਬਾਦਲ ਦੀ ਲਾਪਰਵਾਹੀ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਅਸਫ਼ਲਤਾਵਾਂ ਛੁਪਾਉਣ ਲਈ ਸ. ਬਾਦਲ ਉਨ੍ਹਾਂ 'ਤੇ ਕਿਸਾਨਾਂ ਦੇ ਮੁੱਦੇ ਸਬੰਧੀ ਸਿਆਸਤ ਕਰਨ ਦੇ ਦੋਸ਼ ਲਾ ਰਹੇ ਹਨ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਰਿਜ਼ਰਵ ਬੈਂਕ ਆਫ ਇੰਡੀਆ ਨੇ ਪਹਿਲੀ ਅਪਰੈਲ ਤੋਂ ਕਣਕ ਦੀ ਖ਼ਰੀਦ ਕਰਨ ਵਾਸਤੇ 14640 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ ਜਾਰੀ ਕੀਤੀ ਸੀ ਪਰ ਸਰਕਾਰ ਨੇ 10 ਅਪਰੈਲ ਤੱਕ ਖ਼ਰੀਦ ਸ਼ੁਰੂ ਨਹੀਂ ਕਰਵਾਈ ਜਦਕਿ ਉਦੋਂ ਤੱਕ ਪੰਜਾਬ ਦੀਆਂ ਮੰਡੀਆਂ ਭਰ ਚੁੱਕੀਆਂ ਸਨ।

## ਪ੍ਰਤੀ ਜੀਅ 40 ਰੁਪਏ ਵੀ ਨਹੀਂ ਪੈਂਦੀ ਦਿਹਾੜੀ

ਕੌਮੀ ਸੈਂਪਲ ਸਰਵੇ ਸੰਸਥਾ ਦੇ ਅੰਕੜਿਆਂ ਮੁਤਾਬਕ 50 ਤੋਂ 70 ਫ਼ੀਸਦੀ ਕਿਸਾਨੀ ਪਰਿਵਾਰ ਲੋੜ ਤੋਂ ਘੱਟ ਆਮਦਨ ਉਪਰ ਗੁਜ਼ਾਰਾ ਕਰ ਰਹੇ ਹਨ। 2012-2013 ਦੀ ਰਿਪੋਰਟ ਮੁਤਾਬਕ ਕਿਸਾਨ ਪਰਿਵਾਰ ਦੀ ਔਸਤਨ ਆਦਮਨ ਪ੍ਰਤੀ ਮਹੀਨਾ 6426 ਰੁਪਏ ਹੈ ਤੇ ਇਕ ਪਰਿਵਾਰ ਦੇ ਪੰਜ ਜੀਅ ਗਿਣੇ ਜਾਣ ਤਾਂ ਪ੍ਰਤੀ ਵਿਅਕਤੀ 1250 ਰੁਪਏ ਮਹੀਨਾ ਇਕ ਜਣੇ ਨੂੰ ਗੁਜ਼ਾਰਾ ਕਰਨ ਲਈ ਆਉਂਦੇ ਹਨ। ਦੇਸ਼ ਅੰਦਰ ਇੰਨੀ ਘੱਟ ਉਜਰਤ ਉਪਰ ਕੰਮ ਕਰਨ ਵਾਲਾ ਹੋਰ ਕੋਈ ਵੀ ਵਰਗ ਨਹੀਂ। ਉਚ ਆਮਦਨ ਵਾਲੇ ਸਮਝੇ ਜਾਂਦੇ ਪੰਜਾਬ ਤੇ ਹਰਿਆਣਾ ਸੂਬੇ ਇਸੇ ਗਿਣਤੀ ਵਿਚ ਆਉਂਦੇ ਹਨ। ਉਦਮੀ ਤੇ ਉਪਰਲੇ ਮੱਧ ਵਰਗ ਦੇ ਕਿਸਾਨ ਵੀ ਇਸੇ ਮਾਰ ਹੇਠ ਆ ਰਹੇ ਹਨ।

## ਖ਼ੁਦਕੁਸ਼ੀਆਂ ਰੋਕਣ ਦੀ ਥਾਂ ਸਿਰਫ ਮੁਆਵਜ਼ੇ ਦਾ ਭਰੋਸਾ

ਕਿਸਾਨਾਂ ਤੇ ਮਜ਼ਦੂਰਾਂ ਵਲੋਂ ਖ਼ੁਦਕੁਸ਼ੀਆਂ ਤੋਂ ਬਾਅਦ ਸਰਕਾਰ ਨੇ ਮੁਆਵਜ਼ੇ ਦਾ ਐਲਾਨ ਕਰਕੇ ਹੀ ਪੱਲਾ ਝਾੜਿਆ ਹੈ। ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਬਾਰੇ ਜਿੰਨੇ ਵੀ ਸਰਵੇਖਣ ਹੋਏ ਹਨ ਉਨ੍ਹਾਂ ਦਾ ਮਕਸਦ ਮ੍ਰਿਤਕਾਂ ਦੀ ਗਿਣਤੀ ਕਰਨ ਤੱਕ ਹੀ ਸੀਮਤ ਰਿਹਾ। ਸਾਲ 2000 ਤੋਂ 2010 ਤੱਕ ਪੰਜਾਬ ਦੇ ਕਰੀਬ 6000 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਤੇ ਅੱਜ ਵੀ ਸੂਬੇ ਦੇ 90 ਫ਼ੀਸਦੀ ਕਿਸਾਨ ਕਰਜ਼ੇ ਦੇ ਭਾਰ ਹੇਠ ਹਨ। ਫ਼ਰੀਦਕੋਟ, ਫ਼ਤਹਿਗੜ੍ਹ, ਹੁਸ਼ਿਆਰਪੁਰ, ਮੁਕਤਸਰ ਸਾਹਿਬ, ਐਸ.ਏ.ਐਸ. ਨਗਰ, ਪਟਿਆਲਾ ਤੇ ਰੋਪੜ ਵਿਚ 322 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਇਕੋ ਸਾਲ ਵਿਚ ਖ਼ੁਦਕੁਸ਼ੀ ਕੀਤੀ। ਦੂਜੇ ਸਰਵੇਖਣ ਵਿਚ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਫ਼ਿਰੋਜ਼ਪੁਰ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ ਤੇ ਕਪੂਰਥਲਾ ਵਿਚ 184 ਕਿਸਾਨਾਂ ਤੇ 41 ਖੇਤ ਮਜ਼ਦੂਰਾਂ ਨੇ ਸਾਲ ਅੰਦਰ ਹੀ ਖ਼ੁਦਕੁਸ਼ੀ ਕੀਤੀ ਤੇ ਬਠਿੰਡਾ, ਮਾਨਸਾ, ਸੰਗਰੂਰ, ਬਰਨਾਲਾ, ਮੁਕਤਸਰ ਤੇ ਮੋਗਾ ਵਿਚ ਵੀ ਇਹ ਰੁਝਾਨ ਸਾਹਮਣੇ ਆਇਆ ਹੈ।

# ਪਾਵਨ ਵਸਤਾਂ ਕੇਸਗੜ੍ਹ ਸਾਹਿਬ ਸੁਸ਼ੋਭਿਤ ਕਰਨ ਲਈ ਕਾਨੂੰਨੀ ਅੜਿੱਕੇ ਦੂਰ

**ਚੰਡੀਗੜ੍ਹ:** ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਪਵਿੱਤਰ ਨਿਸ਼ਾਨੀਆਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਹੀ ਸੁਸ਼ੋਭਿਤ ਕੀਤੇ ਜਾਣਾ ਹੁਣ ਪੂਰੀ ਤਰ੍ਹਾਂ ਤੈਅ ਹੋ ਚੁੱਕਾ ਹੈ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੀ ਇਕ ਸੱਜਰੇ ਤੇ ਵਿਸਥਾਰਤ ਫੈਸਲੇ ਨੇ ਇਸ ਕਾਨੂੰਨੀ ਲੜਾਈ ਦਾ ਭੋਗ ਪਾ ਦਿੱਤਾ ਹੈ। ਜਸਟਿਸ ਰਾਕੇਸ਼ ਕੁਮਾਰ ਜੈਨ ਵੱਲੋਂ ਸੁਣਾਏ 11 ਪੰਨਿਆਂ ਦੇ ਫੈਸਲੇ ਵਿਚ ਇਸ ਮਾਮਲੇ ਦੇ ਪਿਛੋਕੜ ਖਾਸਕਰ ਧਾਰਮਿਕ ਵਸਤਾਂ ਦੇ ਇਤਿਹਾਸ, ਨਾਭਾ ਰਿਆਸਤ ਤੇ ਇਸ ਦੇ ਵਾਰਸਾਂ ਨਾਲ ਇਨ੍ਹਾਂ ਦੀ ਸੰਵੇਦਨਸ਼ੀਲ ਸਾਂਝ ਤੇ ਸਿੱਖ ਪੰਥ ਵਿਚ ਇਨ੍ਹਾਂ ਦੀ ਸਤਿਕਾਰਤ ਮਹੱਤਤਾ ਨੂੰ ਬੜੀ ਬਾਰੀਕੀ ਨਾਲ ਸਮਝਦਿਆਂ ਬਿਆਨ ਕੀਤਾ ਗਿਆ ਹੈ।

ਬੈਂਚ ਨੇ ਪੰਜਾਬ ਸਰਕਾਰ ਖਾਸਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਵਸਤਾਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੀ ਆਦਰ ਸਹਿਤ ਸੁਸ਼ੋਭਿਤ ਕੀਤੇ ਜਾਣ ਦੇ ਫੈਸਲੇ ਨੂੰ ਸਹੀ ਕਰਾਰ ਦਿੱਤਾ। ਬੈਂਚ ਵੱਲੋਂ ਇਨ੍ਹਾਂ ਵੇਰਵਿਆਂ ਦੇ ਹਵਾਲੇ ਨਾਲ ਨਾਭਾ ਸੁਸਾਇਟੀ ਵੱਲੋਂ ਗੁਰਮੇਲ ਸਿੰਘ ਰਾਹੀਂ ਦਾਇਰ ਉਹ ਅਰਜ਼ੀ ਖਾਰਜ ਕਰ ਦਿੱਤੀ ਗਈ ਹੈ, ਜਿਸ ਤਹਿਤ ਧਾਰਮਿਕ ਯਾਤਰਾ ਰਾਹੀਂ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਨੂੰ ਨਾਭਾ ਤੋਂ ਬਾਹਰ ਲਿਜਾਏ ਜਾਣ ਦਾ ਫੈਸਲਾ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਪੰਜਾਬ ਸਰਕਾਰ ਦੀ ਇਕ ਉਚ ਪੱਧਰੀ ਟੀਮ ਨੇ ਬੀਤੀ ਛੇ ਅਪਰੈਲ ਨੂੰ ਹੀ ਦਿੱਲੀ ਜਾ ਕੇ ਟਿੱਕਾ ਹਨੂਮੰਤ ਸਿੰਘ ਕੋਲੋਂ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਪਾਵਨ ਨਿਸ਼ਾਨੀਆਂ ਪੰਜਾਬ ਲਿਆਂਦੀਆਂ ਹਨ।

## ਸਰਾਭਾ ਬਾਰੇ ਡਾਕ ਟਿਕਟ ਜਾਰੀ ਕਰਨ ਤੋਂ ਨਾਂਹ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਕਰਤਾਰ ਸਿੰਘ ਸਰਾਭਾ ਸਣੇ ਗ਼ਦਰ ਲਹਿਰ ਦੇ ਗਿਆਰਾਂ ਆਜ਼ਾਦੀ ਘੁਲਾਟੀਆਂ ਦੀ ਸ਼ਹੀਦੀ ਸ਼ਤਾਬਦੀ ਮੌਕੇ ਯਾਦਗਾਰੀ ਡਾਕ ਟਿਕਟ ਜਾਰੀ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਹਾਲਾਂਕਿ ਕਿ ਬੀਤੇ ਮਾਰਚ ਮਹੀਨੇ ਹੀ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਯਾਦਗਾਰੀ ਡਾਕ ਟਿਕਟ ਜਾਰੀ ਕਰਨ ਹਿੱਤ ਪਹਿਲਾਂ ਤੋਂ ਹੀ ਕੇਂਦਰ ਕੋਲ ਵਿਚਾਰ ਅਧੀਨ ਇਕ ਰਿਪਰੀਜੈਂਟੇਸ਼ਨ ਉੱਤੇ ਛੇਤੀ ਫ਼ੈਸਲਾ ਲੈਣ ਹਿੱਤ ਤਾਕੀਦ ਕੀਤੀ ਗਈ ਸੀ, ਪਰ ਕੇਂਦਰੀ ਸੰਚਾਰ ਤੇ ਸੂਚਨਾ ਤਕਨਾਲੋਜੀ ਮੰਤਰਾਲੇ ਵੱਲੋਂ ਅਜਿਹਾ ਕੀਤੇ ਜਾਣ ਦੀ ਸੰਭਾਵਨਾ ਹੀ ਰੱਦ ਕਰ ਦਿੱਤੀ ਗਈ ਹੈ। ਇਸ ਕੋਰੀ ਨਾਂਹ ਪਿੱਛੇ ਕਾਰਨ ਸਾਲ 2013 ਵਿਚ ਗਦਰ ਲਹਿਰ ਦੀ ਸ਼ਤਾਬਦੀ ਮੌਕੇ ਪਹਿਲਾਂ ਹੀ ਇਕ ਯਾਦਗਾਰੀ ਡਾਕ ਟਿਕਟ ਜਾਰੀ ਹੋਣਾ ਦੱਸਿਆ ਜਾ ਰਿਹਾ ਹੈ।




ਦੱਸਣਯੋਗ ਹੈ ਕਿ ਜਨਹਿਤ ਪਟੀਸ਼ਨਕਰਤਾ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਇਸ ਬਾਰੇ ਕੇਂਦਰ ਸਰਕਾਰ, ਖ਼ਾਸਕਰ ਡਾਕ ਵਿਭਾਗ ਨੂੰ ਬਕਾਇਦਾ ਰਿਪਰੀਜੈਂਟੇਸ਼ਨ (25 ਦਸੰਬਰ, 2014) ਭੇਜਦਿਆਂ ਯਾਦਗਾਰੀ ਡਾਕ ਟਿਕਟ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ। ਪੰਜਾਬ ਦੀਆਂ ਕਈ ਜੁਝਾਰੂ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਸਰਕਾਰ ਦੀ ਇਸ ਪਹੁੰਚ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਦੇਸ਼ ਭਗਤਾਂ ਨਾਲ ਨਿਰੀ ਵਧੀਕੀ ਹੈ।

# ਹੋਂਦ ਚਿੱਲੜ ਦੇ ਖੰਡਰਾਂ ਦੀ ਹੋਂਦ ਖਤਮ ਹੋਣ ਦਾ ਖਦਸ਼ਾ

**ਚੰਡੀਗੜ੍ਹ:** ਨਵੰਬਰ 1984 ਦੌਰਾਨ ਸਿੱਖ ਕਤਲਗਾਹ ਬਣਿਆ ਹਰਿਆਣੇ ਦਾ ਹੋਂਦ ਚਿੱਲੜ ਖੇਤਰ ਇਕ ਵਾਰ ਫਿਰ ਚਰਚਾ ਵਿਚ ਹੈ। ਉਥੋਂ ਦੀਆਂ ਖੰਡਰ ਹਵੇਲੀਆਂ, ਜੋ ਕਿਸੇ ਵੇਲੇ ਸਿੱਖਾਂ ਦੀਆਂ ਸਨ, ਦੀ ਖੁਦਾਈ ਵਿਚੋਂ ਭਾਰੀ ਖ਼ਜ਼ਾਨਾ ਮਿਲਣ ਉਤੇ ਜਿਥੇ ਇਲਾਕੇ ਦੇ ਬਾਸ਼ਿੰਦੇ ਹੈਰਾਨ ਹਨ, ਉਥੇ ਹਰਿਆਣੇ ਵਿਚਲੇ ਸਿੱਖ ਕਤਲੇਆਮ ਪੀੜਤਾਂ ਲਈ ਸੰਘਰਸ਼ ਕਰ ਰਹੀ ਹੋਂਦ ਚਿੱਲੜ ਤਾਲਮੇਲ ਕਮੇਟੀ ਨੇ ਇਸ ਖੁਦਾਈ ਦੀ ਸ਼ਿਕਾਇਤ ਇਸ ਕਤਲੇਆਮ ਦੀ ਜਾਂਚ ਕਰ ਰਹੇ ਗਰਗ ਕਮਿਸ਼ਨ ਕੋਲ ਕਰਨ ਦੀ ਚਿਤਾਵਨੀ ਦਿੱਤੀ ਹੈ।

ਇਲਾਕੇ ਦੇ ਲੋਕ ਵੀ ਖ਼ਜ਼ਾਨੇ ਦੇ ਚੱਕਰ ਵਿਚ ਇਸ ਪਿੰਡ ਨੂੰ ਇਧਰੋਂ-ਉਧਰੋਂ ਖੋਦਣ ਵਿਚ ਲੱਗੇ ਹਨ। ਕਮੇਟੀ ਦਾ ਕਹਿਣਾ ਹੈ ਕਿ ਗਰਗ ਕਮਿਸ਼ਨ ਦੀ ਅਦਾਲਤ ਨੇ ਇਨ੍ਹਾਂ ਹਵੇਲੀਆਂ ਨੂੰ ਢਾਹੁਣ 'ਤੇ 'ਸਟੇਟਸ-ਕੋ' ਲਾਈ ਹੋਈ ਹੈ, ਜਿਸ ਤਹਿਤ ਇਨ੍ਹਾਂ ਖੰਡਰ ਹੋ ਚੁੱਕੀਆਂ ਹਵੇਲੀਆਂ ਨਾਲ ਛੇੜਛਾੜ ਨਹੀਂ ਕੀਤੀ ਜਾ ਸਕਦੀ। ਇਸ ਲਈ ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਪਰਚਾ ਦਰਜ ਹੋਣਾ ਚਾਹੀਦਾ ਹੈ। ਖੁਦਾਈ ਦੀ ਸੂਚਨਾ ਮਿਲਣ ਮਗਰੋਂ ਤਾਲਮੇਲ ਕਮੇਟੀ ਦੇ ਆਗੂਆਂ ਹੋਂਦ ਚਿੱਲੜ ਦਾ ਦੌਰਾ ਕੀਤਾ। ਕਮੇਟੀ ਦੇ ਆਗੂਆਂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ



ਭਾਈ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ ਇਨ੍ਹਾਂ ਖੰਡਰਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੰਤਵ ਨਾਲ ਨਾਥੂ ਰਾਮ ਨਾਂ ਦੇ ਵਿਅਕਤੀ, ਜਿਸ ਨੇ ਸਿੱਖਾਂ ਦੀ ਜ਼ਮੀਨ ਬਹੁਤ ਸਸਤੇ ਭਾਅ ਖਰੀਦ ਲਈ ਸੀ, ਨੇ ਖੰਡਰਾਂ ਦੀਆਂ ਨੀਂਹਾਂ ਨੂੰ ਜੇ.ਸੀ.ਬੀ. ਨਾਲ ਪੁਟਵਾਇਆ।

ਚਸ਼ਮਦੀਦ ਗੁਰਜੀਤ ਸਿੰਘ ਪਟੌਦੀ ਦੇ ਦੱਸਣ ਮੁਤਾਬਕ ਨਾਥੂ ਰਾਮ ਨੂੰ ਇਥੋਂ ਤਿੰਨ ਚਾਰ ਤਾਂਬੇ ਦੇ ਘੜੇ, ਸੋਨੇ ਦੀਆਂ ਮੋਹਰਾਂ ਤੇ ਅੰਗਰੇਜ਼ ਕਾਲ ਦੇ ਸਿੱਕਿਆਂ ਦੇ ਭੰਡਾਰ ਮਿਲੇ ਹਨ। ਉਨ੍ਹਾਂ ਕਿਹਾ ਕਿ ਖੰਡਰਾਂ ਨੂੰ ਨੁਕਸਾਨ ਪਹੁੰਚਾਉਣ ਬਾਰੇ ਰਿਪੋਰਟ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਧਾਨ ਐਸ.ਜੀ.ਪੀ.ਸੀ ਨੂੰ ਭੇਜਣਗੇ। ਕਮੇਟੀ ਆਗੂਆਂ ਨੇ ਇਹ ਵੀ ਕਿਹਾ ਕਿ ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਖੁਦਾਈ ਵਿਚੋਂ ਮਿਲੀਆਂ ਵਸਤਾਂ ਚਿੱਲੜ ਪੁਲਿਸ ਚੌਕੀ ਵਾਲੇ ਲੈ ਗਏ ਹਨ, ਪਰ ਜਦੋਂ ਕਮੇਟੀ ਵੱਲੋਂ ਚੌਕੀ ਸੰਪਰਕ ਕੀਤਾ ਗਿਆ ਤਾਂ ਉਥੇ ਮੌਜੂਦ ਪੁਲਿਸ ਕਰਮੀਆਂ ਨੇ ਖ਼ਜ਼ਾਨੇ ਬਾਰੇ ਜਾਣਕਾਰੀ ਨਾ ਹੋਣ ਦੀ ਗੱਲ ਆਖੀ।

# ਸਿੱਖ ਕਤਲੇਆਮ ਪੀੜਤਾਂ ਨੇ ਸ਼ਾਂਤੀ ਮਾਰਚ ਕੱਢ ਕੇ ਵਾਅਦੇ ਚੇਤੇ ਕਰਵਾਏ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਪੀੜਤਾਂ ਨੇ ਕੇਂਦਰ ਸਰਕਾਰ ਵਲੋਂ ਐਲਾਨੇ ਪੰਜ-ਪੰਜ ਲੱਖ ਰੁਪਏ ਦੇ ਮੁਆਵਜ਼ੇ ਨੂੰ ਲੈਣ ਲਈ ਸ਼ਾਂਤੀ ਮਾਰਚ ਕੱਢਿਆ। ਗੁਰਦੁਆਰਾ ਬੰਗਲਾ ਸਾਹਿਬ ਤੋਂ ਸ਼ੁਰੂ ਹੋਇਆ ਸ਼ਾਂਤੀ ਮਾਰਚ ਜੰਤਰ-ਮੰਤਰ 'ਤੇ ਜਾ ਕੇ ਖ਼ਤਮ ਹੋਇਆ ਜਿਥੇ ਪੀੜਤਾਂ ਨੇ ਬੈਠ ਕੇ ਪਾਠ ਸਰਵਣ ਕੀਤਾ ਤੇ ਅਰਦਾਸ ਕੀਤੀ। ਸ਼ਾਂਤੀ ਮਾਰਚ ਦੌਰਾਨ ਉਹ 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਦੇ ਹੋਏ ਅੱਗੇ ਵਧੇ। ਪੀੜਤਾਂ ਦੇ ਆਗੂ ਆਤਮਾ ਸਿੰਘ ਲੁਬਾਣਾ ਦੀ ਅਗਵਾਈ ਹੇਠ ਇਕ ਵਫਦ ਵਲੋਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਨਾਂ ਯਾਦ ਪੱਤਰ ਦਿੱਤਾ ਗਿਆ, ਜਿਸ ਵਿਚ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਵਲੋਂ ਐਲਾਨੇ ਉਪਰੋਕਤ ਮੁਆਵਜ਼ੇ ਲਈ ਰਕਮ ਜਾਰੀ ਕੀਤੀ ਜਾਵੇ।

ਇਸ ਵਫ਼ਦ ਨੇ ਯਾਦ ਕਰਵਾਇਆ ਕਿ 26 ਦਸੰਬਰ 2014 ਨੂੰ ਰਾਜਨਾਥ ਸਿੰਘ ਨੇ ਦਿੱਲੀ ਦੇ ਉਪ ਰਾਜਪਾਲ, ਪੱਛਮੀ ਦਿੱਲੀ ਦੇ ਮੈਜਿਸਟ੍ਰੇਟ ਤੇ ਹੋਰ ਅਧਿਕਾਰੀਆਂ ਦੀ ਹਾਜ਼ਰੀ ਵਿਚ 17 ਪਰਿਵਾਰਾਂ ਨੂੰ ਚੈਕ ਵੰਡੇ ਸਨ। ਆਤਮਾ ਸਿੰਘ ਨੇ ਦੱਸਿਆ ਕਿ ਹਫ਼ਤੇ ਬਾਅਦ ਇਸ ਮੁੱਦੇ ਉਤੇ ਕੋਈ ਨਾ ਕੋਈ ਕਾਰਵਾਈ ਕਰਨ ਦਾ ਭਰੋਸਾ ਗ੍ਰਹਿ ਮੰਤਰੀ ਦੇ ਦਫ਼ਤਰ ਤੋਂ ਮਿਲਿਆ ਹੈ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਜਿਨ੍ਹਾਂ ਵਿਧਵਾਵਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਸਨ, ਉਹ ਹੁਣ ਸੇਵਾਮੁਕਤ ਹੋ ਚੁੱਕੀਆਂ ਹਨ ਪਰ ਕਈ ਪਰਿਵਾਰਾਂ ਦੇ ਬੱਚੇ ਵਿਆਹੁਣਯੋਗ ਹੋ ਗਏ ਹਨ, ਇਸ ਲਈ ਉਪਰੋਕਤ ਰਕਮ ਜਾਰੀ ਕੀਤੀ ਜਾਵੇ ਕਿਉਂਕਿ ਐਲਾਨ ਨੂੰ ਵੀ ਕਰੀਬ ਪੰਜ ਮਹੀਨੇ ਬੀਤ ਚੁੱਕੇ ਹਨ।




ਸ਼ਾਂਤੀ ਮਾਰਚ ਕੱਢਣ ਵਾਲਿਆਂ ਵਿਚ ਜ਼ਿਆਦਾਤਰ ਤ੍ਰਿਲੋਕਪੁਰੀ ਦੇ 'ਬਲਾਕ 32' ਦੇ ਪੀੜਤ ਸਨ, ਜਿਥੇ 84 ਦੰਗਿਆਂ ਦੌਰਾਨ ਸਭ ਤੋਂ ਵਧ ਜਾਨੀ ਨੁਕਸਾਨ ਹੋਇਆ ਸੀ। ਹੁਣ ਇਹ ਪਰਿਵਾਰ ਤਿਲਕ ਵਿਹਾਰ ਵਿਚ ਰਹਿੰਦੇ ਹਨ। ਇਨ੍ਹਾਂ ਪੀੜਤਾਂ ਨੂੰ ਮਿਲਣ ਗਏ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਮੋਦੀ ਸਰਕਾਰ ਤੇ ਕੇਜਰੀਵਾਲ ਸਰਕਾਰ ਇਸ ਮੁੱਦੇ ਉਤੇ ਸਿਆਸਤ ਨਾ ਕਰਨ ਤੇ ਉਨ੍ਹਾਂ ਦਾ ਬਣਦਾ ਹੱਕ ਦੇਣ।

# ਕੌਣ ਤਾਰੇਗਾ ਵਿਕਾਸ ਦੀ ਕੀਮਤ?

ਡਾ. ਸੁੱਚਾ ਸਿੰਘ ਗਿੱਲ

ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਸਰਕਾਰ ਵਲੋਂ ਸਾਲ 2013 ਦੇ ਜ਼ਮੀਨ ਗ੍ਰਹਿਣ, ਪੁਨਰਵਾਸ ਤੇ ਪੁਨਰਸਥਾਪਨ ਕਾਨੂੰਨ ਵਿਚ ਸੋਧਾਂ ਕਰਨ 'ਤੇ ਜ਼ੋਰ ਨੇ ਲੰਮਾ ਸਮਾਂ ਚੱਲਣ ਵਾਲਾ ਵਿਵਾਦ ਪੈਦਾ ਕਰ ਦਿੱਤਾ ਹੈ। ਸਰਕਾਰ ਵਲੋਂ 3 ਅਪਰੈਲ 2015 ਨੂੰ ਜਾਰੀ ਕੀਤਾ ਆਰਡੀਨੈਂਸ ਕਹਿੰਦਾ ਹੈ ਕਿ ਕੁਝ ਪ੍ਰਾਜੈਕਟਾਂ ਉਪਰ 2013 ਵਾਲੇ ਐਕਟ ਦੀਆਂ ਕੁਝ ਧਾਰਾਵਾਂ (ਖਾਸ ਤੌਰ 'ਤੇ ਅਧਿਆਇ 2 ਤੇ 3) ਨਹੀਂ ਲਾਗੂ ਹੋਣਗੀਆਂ। ਇਹ ਪ੍ਰਾਜੈਕਟ ਹਨ: ਕੌਮੀ ਸੁਰੱਖਿਆ ਤੇ ਰੱਖਿਆ; ਪੇਂਡੂ ਬੁਨਿਆਦੀ ਢਾਂਚਾ, ਗ਼ਰੀਬਾਂ ਲਈ ਆਵਾਸ, ਸਨਅਤੀ ਗਲਿਆਰੇ ਅਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਨਾਲ ਜੁੜੇ ਹੋਏ ਆਧਾਰੀ ਢਾਂਚਾ ਪ੍ਰਾਜੈਕਟ। 2013 ਦੇ ਐਕਟ ਦਾ ਅਧਿਆਇ 2 ਇਹ ਯਕੀਨੀ ਬਣਾਉਂਦਾ ਹੈ ਕਿ ਸਾਰੇ ਪ੍ਰਾਜੈਕਟਾਂ ਲਈ ਭੂਮੀ ਗ੍ਰਹਿਣ ਕਰਨ ਸਮੇਂ ਸਰਕਾਰੀ ਕਾਰਵਾਈ ਦੇ ਆਮ ਲੋਕਾਂ 'ਤੇ ਪੈਣ ਵਾਲੇ ਅਸਰ ਦਾ ਜਾਇਜ਼ਾ ਲਿਆ ਜਾਵੇ। ਹੁਣ ਆਰਡੀਨੈਂਸ ਰਾਹੀਂ ਤਜਵੀਜ਼ਸ਼ੁਦਾ ਤਬਦੀਲੀਆਂ, 2013 ਵਾਲੇ ਐਕਟ ਵਿਚ ਰਹਿ ਗਈਆਂ ਖਾਮੀਆਂ ਦੂਰ ਕਰਨ ਦਾ ਉਪਰਾਲਾ ਤਾਂ ਹਨ, ਪਰ ਨਾਲ ਹੀ ਗ੍ਰਹਿਣ ਕੀਤੀ ਜਾਣ ਜ਼ਮੀਨ ਮਾਲਕਾਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਹਿੱਤਾਂ ਦੀ ਜ਼ਾਮਨੀ ਭਰਨ ਵਾਲੀਆਂ ਧਾਰਾਵਾਂ ਦੀ ਮਜ਼ਬੂਤੀ ਨੂੰ ਖੋਰਾ ਲਾਉਂਦੀਆਂ ਹਨ।

ਖੇਤੀ ਯੋਗ ਜ਼ਮੀਨ ਨੂੰ ਗ਼ੈਰ-ਖੇਤੀ ਕੰਮਾਂ ਜਿਵੇਂ ਮੈਨੂਫੈਕਚਰਿੰਗ, ਮਾਈਨਿੰਗ, ਬੁਨਿਆਦੀ ਢਾਂਚੇ (ਸ਼ਾਹਰਾਹਾਂ, ਰੇਲਵੇ, ਹਵਾਈ ਅੱਡੇ, ਬੰਦਰਗਾਹਾਂ, ਸ਼ਹਿਰੀ ਹਾਊਸਿੰਗ ਪ੍ਰਾਜੈਕਟਾਂ, ਹਸਪਤਾਲਾਂ ਤੇ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਆਦਿ) ਦੇ ਵਿਕਾਸ ਲਈ ਗ੍ਰਹਿਣ ਕੀਤੇ ਜਾਣਾ ਪੇਂਡੂ ਲੋਕਾਂ ਤੇ ਉਨ੍ਹਾਂ ਦੇ ਘਰ, ਸਾਕ ਸਬੰਧੀਆਂ ਨਾਲ ਨੇੜਤਾ ਤੇ ਰੋਜ਼ੀ ਦੇ ਸਾਧਨ ਆਦਿ ਖੋਹ ਸਕਦਾ ਹੈ।

ਯੋਜਨਾ ਕਮਿਸ਼ਨ ਦੇ ਅੰਕੜਿਆਂ ਅਨੁਸਾਰ 1947 ਤੋਂ 2007 ਤਕ 6 ਕਰੋੜ ਲੋਕਾਂ ਦਾ ਇਸ ਢੰਗ ਨਾਲ ਉਜਾੜਾ ਹੋਇਆ। ਇਹ ਲੋਕਾਂ ਦੀ ਕਾਫੀ ਵੱਡੀ ਗਿਣਤੀ ਹੈ। ਇਨ੍ਹਾਂ ਲੋਕਾਂ ਵਿਚੋਂ 80% ਲੋਕ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਅਤੇ ਸਮਾਜ ਦੇ ਹੋਰ ਪਛੜੇ ਵਰਗਾਂ ਤੋਂ ਹਨ। ਦੱਸਣਯੋਗ ਹੈ ਕਿ ਦੇਸ਼ ਵਿਚ ਪੁਨਰਵਾਸ ਦਾ ਰਿਕਾਰਡ ਬਹੁਤ ਖਰਾਬ ਹੈ। ਵਿਕਾਸ ਲਈ ਉਜਾੜੇ ਗਏ ਇਨ੍ਹਾਂ 6 ਕਰੋੜ ਲੋਕਾਂ ਵਿਚੋਂ ਸਿਰਫ ਇੱਕ ਤਿਹਾਈ ਨੂੰ ਹੀ ਮੁੜ-ਵਸੇਬਾ ਪੈਕੇਜ ਦਿੱਤਾ ਗਿਆ। ਰਹਿ ਗਏ ਲੋਕਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ। ਅਜਿਹੇ ਲੋਕਾਂ ਦੀ ਨਾ ਕੋਈ ਜਾਣਕਾਰੀ ਅਤੇ ਨਾ ਹੀ ਤਰਤੀਬਵਾਰ ਰਿਕਾਰਡ ਹੈ। ਇਨ੍ਹਾਂ ਨੂੰ ਆਜ਼ਾਦੀ ਤੋਂ ਬਾਅਦ ਦੇ ਸਮੇਂ ਦੇ ਭਾਰਤੀ ਆਧੁਨਿਕੀਕਰਨ ਨਾਲ ਜੁੜੀ ਕਹਾਣੀ ਦਾ ਸ਼ਿਕਾਰ ਕਿਹਾ ਜਾ ਸਕਦਾ ਹੈ।

ਉਦੋਂ ਸਰਕਾਰੀ ਏਜੰਸੀਆਂ ਵਲੋਂ ਨੋਟੀਫਿਕੇਸ਼ਨ ਰਾਹੀਂ ਮਾਮੂਲੀ ਮੁਆਵਜ਼ਾ ਦੇ ਕੇ ਭੂਮੀ ਗ੍ਰਹਿਣ ਕਰ ਲਈ ਜਾਂਦੀ ਸੀ। ਮੁਜਾਰਿਆਂ, ਠੇਕੇ 'ਤੇ ਖੇਤੀ ਕਰਨ ਵਾਲਿਆਂ, ਖੇਤੀ ਮਜ਼ਦੂਰਾਂ ਤੇ ਹੋਰਾਂ ਨੂੰ ਮੁਆਵਜ਼ਾ ਨਹੀਂ ਸੀ ਮਿਲਦਾ। ਇਹ ਲੋਕ ਤਾਂ ਅੱਜ ਤਕ ਸਰਕਾਰ ਦਾ ਧਿਆਨ ਆਪਣੇ ਵੱਲ ਨਹੀਂ ਖਿੱਚ ਸਕੇ। ਐਸ.ਈ.ਜ਼ੈਡ. ਐਕਟ 2005 ਜੋ 2006 ਵਿਚ ਲਾਗੂ ਹੋਇਆ, ਅਧੀਨ ਜਦੋਂ ਵੱਡੇ ਪੱਧਰ 'ਤੇ ਲੋਕਾਂ ਦਾ ਉਜਾੜਾ ਸ਼ੁਰੂ ਹੋਇਆ, ਉਦੋਂ ਮੀਡੀਆ ਨੇ ਖੇਤੀ 'ਤੇ ਨਿਰਭਰ ਜ਼ਮੀਨ ਵਿਹੂਣੀ ਗ਼ਰੀਬ ਆਬਾਦੀ ਵੱਲ ਧਿਆਨ ਦਿੱਤਾ। ਪੇਂਡੂ ਲੋਕਾਂ ਦੀ ਲਾਮਬੰਦੀ ਕਰਨ ਵਾਲੀਆਂ ਜਥੇਬੰਦੀਆਂ ਖ਼ਾਸਕਰ ਜਿਨ੍ਹਾਂ ਨੂੰ ਵਿਰੋਧੀ ਪਾਰਟੀਆਂ ਦੀ ਹਮਾਇਤ ਹਾਸਲ ਸੀ, ਨੇ ਅਜਿਹੇ ਉਜਾੜੇ ਦਾ ਸ਼ਿਕਾਰ ਬੇਜ਼ਮੀਨੇ ਪੇਂਡੂ ਮਜ਼ਦੂਰਾਂ-ਕਿਸਾਨਾਂ ਦੇ ਮੁਆਵਜ਼ੇ ਅਤੇ ਭਵਿੱਖ ਵਿਚ ਉਨ੍ਹਾਂ ਦਾ ਦੋ ਡੰਗ ਦੀ ਰੋਟੀ ਦੇ ਜੁਗਾੜ ਦੇ ਮਾਮਲਿਆਂ ਨੂੰ ਉਠਾਇਆ।

ਅਜਿਹੇ ਗ਼ਰੀਬ ਅਤੇ ਕਮਜ਼ੋਰ ਲੋਕਾਂ ਦੀ ਵੱਡੀ ਗਿਣਤੀ ਸਰਕਾਰ ਵਲੋਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਕਿਉਂਕਿ ਭੂਮੀ ਗ੍ਰਹਿਣ ਨੋਟੀਫਿਕੇਸ਼ਨ ਵਿਚ ਸਮਾਜਕ ਪ੍ਰਭਾਵ ਜਾਇਜ਼ੇ (ਐਸ.ਆਈ.ਏ.-ਸੋਸ਼ਲ ਇੰਪੈਕਟ ਐਨੇਲਸਿਸ), ਭਾਵ ਇਸ ਨਾਲ ਸਮਾਜ 'ਤੇ ਇਸ ਦੇ ਪੈਣ ਵਾਲੇ ਅਸਰਾਂ ਬਾਰੇ ਕੋਈ ਰਿਪੋਰਟ ਸ਼ਾਮਲ ਨਹੀਂ ਸੀ। ਇਸ ਦੇ ਸਿੱਟੇ ਵਜੋਂ ਭੂਮੀ ਗ੍ਰਹਿਣ ਕਾਰਨ ਵੱਖ ਵੱਖ ਵਰਗਾਂ ਦੇ ਪ੍ਰਭਾਵਿਤ ਹੋਣ ਵਾਲੇ ਲੋਕਾਂ ਦਾ ਕੋਈ ਰਿਕਾਰਡ ਵੀ ਨਹੀਂ ਰੱਖਿਆ ਗਿਆ। ਸਰਕਾਰੀ ਏਜੰਸੀਆਂ (ਨਾਂਮਾਤਰ) ਮੁਆਵਜ਼ੇ ਦੀ ਅਦਾਇਗੀ ਲਈ ਮਾਲ ਰਿਕਾਰਡ ਵਿਚ ਦਰਜ ਮਾਲਕਾਨਾ ਰਿਕਾਰਡ 'ਤੇ ਨਿਰਭਰ ਹਨ। ਜਦੋਂ ਰਿਕਾਰਡ ਅਸਪਸ਼ਟ ਹੁੰਦਾ ਹੈ ਤਾਂ ਅਸਲ ਮਾਲਕਾਂ ਨੂੰ ਵੀ ਮੁਆਵਜ਼ੇ ਲਈ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ। ਭੂਮੀ ਗ੍ਰਹਿਣ ਖਿਲਾਫ ਜਥੇਬੰਦਕ ਸੰਘਰਸ਼ ਦਾ ਇਹ ਵੀ ਇੱਕ ਵੱਡਾ ਕਾਰਨ ਹੈ।

ਕਾਰਪੋਰੇਟ ਅਦਾਰਿਆਂ ਵਲੋਂ ਅਸਲ ਲੋੜਾਂ ਨਾਲੋਂ ਤਿੰਨ ਜਾਂ ਚਾਰ ਗੁਣਾਂ ਜ਼ਮੀਨ ਹਾਸਲ ਕਰਨਾ ਦਰਸਾਉਂਦਾ ਹੈ ਕਿ ਉਨ੍ਹਾਂ ਅੰਦਰ ਜ਼ਮੀਨ ਲਈ ਕਿੰਨਾ ਲੋਭ ਹੈ। ਇਹੀ ਕਾਰਨ ਹੈ ਕਿ ਸਰਕਾਰ ਜਦੋਂ ਕਿਸੇ ਅਜਿਹੇ ਕੰਮ ਲਈ ਜ਼ਮੀਨ ਹਾਸਲ ਕਰਨ ਲੱਗਦੀ ਹੈ ਜਿੱਥੇ ਪ੍ਰਾਈਵੇਟ ਕਾਰੋਬਾਰੀ, ਭਾਈਵਾਲਾਂ ਵਜੋਂ ਸ਼ਾਮਲ ਹੋਣ ਤਾਂ ਪੇਂਡੂ ਲੋਕਾਂ ਨੂੰ ਸਰਕਾਰ ਦੀ ਨੀਅਤ 'ਤੇ ਸ਼ੱਕ ਹੋਣ ਲੱਗਦਾ ਹੈ। ਖੇਤੀਯੋਗ ਜ਼ਮੀਨ ਦੇ ਗੈਰ-ਖੇਤੀਯੋਗ ਕੰਮਾਂ ਦੇ ਇਸਤੇਮਾਲ ਲਈ ਜ਼ਮੀਨ ਗ੍ਰਹਿਣ ਕਰਨ ਲਈ ਪਾਰਦਰਸ਼ੀ ਨਿਜ਼ਾਮ ਬਣਾਉਣ ਦੀ ਲੋੜ ਹੈ ਤਾਂ ਜੋ ਮੁਆਵਜ਼ੇ ਅਤੇ ਹੋਰ ਮਾਮਲਿਆਂ ਵਿਚ ਪਾਰਦਰਸ਼ਤਾ ਆ ਸਕੇ। ਸਮਾਜ 'ਤੇ ਪੈਣ ਵਾਲੇ ਪ੍ਰਭਾਵ ਦਾ ਜਾਇਜ਼ਾ, ਭੂਮੀ ਗ੍ਰਹਿਣ ਦੇ ਮਾਮਲੇ ਵਿਚ ਪਾਰਦਰਸ਼ਤਾ ਲਿਆ ਸਕਦਾ ਹੈ। ਮੁਆਵਜ਼ੇ ਦਾ ਅਧਿਕਾਰ, ਭੂਮੀ ਗ੍ਰਹਿਣ ਕਰਨ ਵਿਚ ਪਾਰਦਰਸ਼ਤਾ, ਪੁਨਰਵਾਸ ਅਤੇ ਵਿਸਥਾਪਨ ਐਕਟ 2013 ਵਿਚ ਚੈਪਟਰ 2 ਸ਼ਾਮਲ ਕਰ ਕੇ ਸਮਾਜਕ ਪ੍ਰਭਾਵ ਜਾਇਜ਼ਾ (ਐਸ.ਆਈ.ਏ.) ਨੂੰ ਭੂਮੀ ਗ੍ਰਹਿਣ ਐਕਟ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਵਿਸ਼ਲੇਸ਼ਣ ਛੇ ਮਹੀਨਿਆਂ ਵਿਚ ਪੂਰਾ ਕੀਤੇ ਜਾਣ ਦੀ ਵਿਵਸਥਾ ਸੀ। ਇਸ ਵਿਚ ਲੋਕ ਹਿੱਤਾਂ ਦਾ ਮੁਲੰਕਣ, ਪ੍ਰਭਾਵਿਤ ਪਰਿਵਾਰ ਸਬੰਧੀ



ਅੰਦਾਜ਼ਾ ਅਤੇ ਉਨ੍ਹਾਂ ਦੇ ਮੈਂਬਰਾਂ ਦੀ ਗਿਣਤੀ, ਕਿਸ ਕਾਰਜ ਲਈ ਜ਼ਮੀਨ ਚਾਹੀਦੀ ਹੈ ਜਿਵੇਂ ਨਿਜੀ ਜਾਂ ਲੋਕ ਹਿੱਤ ਆਦਿ ਸ਼ਾਮਲ ਹੈ। ਇਹ ਮੱਦਾਂ ਇਨ੍ਹਾਂ ਪ੍ਰਾਜੈਕਟਾਂ ਲਈ ਲੋੜੀਂਦੀਆਂ ਨਹੀਂ ਹਨ ਜਿਵੇਂ ਕੌਮੀ ਸੁਰੱਖਿਆ, ਪੇਂਡੂ ਬੁਨਿਆਦੀ ਢਾਂਚਾ, ਸਨਅਤੀ ਕੋਰੀਡੋਰ, ਗਰੀਬਾਂ ਲਈ ਮਕਾਨ ਅਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਦੇ ਤਹਿਤ ਆਉਣ ਵਾਲਾ ਬੁਨਿਆਦੀ ਢਾਂਚਾ।

ਸਮਾਜਕ ਪ੍ਰਭਾਵਾਂ ਦੇ ਜਾਇਜ਼ੇ ਵਿਚ ਸਾਰੀ ਘਰੇਲੂ ਅਤੇ ਉਸ ਦੀਆਂ ਸਮਾਜਕ ਵਿੱਤੀ ਵਿਸ਼ੇਸ਼ਤਾਵਾਂ ਜਿਸ ਵਿਚ ਜ਼ਮੀਨ ਦੀ ਮਾਲਕੀ, ਲੀਜ਼ 'ਤੇ ਲਈ ਅਤੇ ਲੀਜ਼ 'ਤੇ ਦਿੱਤੀ, ਉਮਰ ਅਤੇ ਆਬਾਦੀ ਦੀ ਗਿਣਤੀ, ਰੁਜ਼ਗਾਰ ਢਾਂਚਾ, ਜੀਵਕਾ ਕਮਾਉਣ ਦਾ ਸਾਧਨ, ਜਾਤ ਤੇ ਵੱਖ ਵੱਖ ਪਿਛੋਕੜ ਦੇ ਭਾਈਚਾਰੇ ਸ਼ਾਮਲ ਹਨ। ਇਸ ਵਿਚ ਸਮਾਜਕ ਅਤੇ ਵਿੱਤੀ ਬੁਨਿਆਦੀ ਢਾਂਚਾ ਜਿਵੇਂ ਵਿਦਿਅਕ ਅਤੇ ਸਿਹਤ ਸਹੂਲਤਾਂ, ਧਾਰਮਿਕ ਸੰਸਥਾਵਾਂ, ਰੇਲ/ਸੜਕੀ ਸੰਚਾਰ, ਸਿੰਜਾਈ ਸਹੂਲਤਾਂ, ਹਾਊਸਿੰਗ ਪ੍ਰਾਜੈਕਟ ਆਦਿ ਵੀ ਸ਼ਾਮਲ ਹਨ। ਇਸ ਬੁਨਿਆਦੀ ਸਰਵੇਖਣ ਦੇ ਆਧਾਰ 'ਤੇ ਜ਼ਮੀਨ ਗ੍ਰਹਿਣ ਕਰਨ ਸਬੰਧੀ ਮੁਲੰਕਣ ਕੀਤਾ ਜਾਵੇ।

ਸਮਾਜਕ ਪ੍ਰਭਾਵ ਜਾਇਜ਼ੇ ਦਾ ਫਾਇਦਾ ਇਹ ਹੈ ਕਿ ਭੂਮੀ ਮਾਲਕਾਂ ਤੇ ਭੂਮੀਹੀਣਾਂ ਦਾ ਰਿਕਾਰਡ ਬਣ ਜਾਂਦਾ ਹੈ। ਇਹੀ ਨਹੀਂ, ਉਨ੍ਹਾਂ ਲੋਕਾਂ ਦਾ ਰਿਕਾਰਡ ਵੀ ਤਿਆਰ ਹੋ ਜਾਂਦਾ ਹੈ ਜਿਹੜੇ ਖੇਤੀ ਉਤੇ ਨਿਰਭਰ ਹਨ ਅਤੇ ਜਿਨ੍ਹਾਂ ਉਤੇ ਭੂਮੀ ਗ੍ਰਹਿਣ ਦਾ ਅਸਰ ਪੈਂਦਾ ਹੈ। ਇਉਂ ਇਸ ਅਧਿਐਨ ਰਾਹੀਂ ਪ੍ਰਭਾਵਿਤ ਹੋਣ ਵਾਲੇ ਪਰਿਵਾਰਾਂ ਅਤੇ ਬੰਦਿਆਂ ਉਤੇ ਪੈਣ ਵਾਲੇ ਅਸਰਾਂ ਦਾ ਅੰਦਾਜ਼ਾ ਹੋ ਜਾਂਦਾ ਹੈ। ਇਨ੍ਹਾਂ ਅੰਦਾਜ਼ਿਆਂ ਦੇ ਆਧਾਰ ਉਤੇ ਹੀ ਪ੍ਰਭਾਵਿਤ ਹੋਏ ਬੰਦਿਆਂ ਅਤੇ ਪਰਿਵਾਰਾਂ ਦੇ ਮੁੜ-ਵਸੇਬੇ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਨ੍ਹਾਂ ਪ੍ਰਭਾਵਿਤ ਪਰਿਵਾਰਾਂ ਲਈ ਨੌਕਰੀਆਂ, ਮਕਾਨ, ਬੱਚਿਆਂ ਦੀ ਵਿਦਿਆ, ਸਿਹਤ ਸਹੂਲਤਾਂ ਤੇ ਹੋਰ ਸੇਵਾਵਾਂ ਲਈ ਤਰੱਦਦ ਹੋ ਸਕਦਾ ਹੈ। ਮੁੜ-ਵਸੇਬੇ ਦੇ ਪੈਕੇਜ ਵਿਚ ਪੂਰੇ ਇੱਕ ਸਾਲ ਲਈ 10 ਹਜ਼ਾਰ ਰੁਪਏ ਫ਼ੀ ਮਹੀਨੇ ਦੇ ਹਿਸਾਬ ਨਾਲ ਗੁਜ਼ਾਰਾ ਭੱਤਾ, ਪਰਿਵਾਰ ਦੇ ਇੱਕ ਜੀਅ ਨੂੰ ਜ਼ਰੂਰੀ ਨੌਕਰੀ ਜਾਂ ਰੁਜ਼ਗਾਰ ਅਤੇ 50 ਹਜ਼ਾਰ ਰੁਪਏ ਟਰਾਂਸਪੋਰਟ ਭੱਤਾ ਸ਼ਾਮਲ ਹੋਣਾ ਚਾਹੀਦਾ ਹੈ।

2013 ਵਾਲੇ ਭੂਮੀ ਗ੍ਰਹਿਣ ਐਕਟ ਵਿਚ ਸੋਧਾਂ ਵਾਲਾ ਬਿੱਲ ਪਾਰਲੀਮੈਂਟ ਵਿਚ ਪੇਸ਼ ਹੋਣ ਮਗਰੋਂ ਸਿਲੈਕਟ ਕਮੇਟੀ ਕੋਲ ਪਹੁੰਚ ਚੁੱਕਾ ਹੈ। ਕਮੇਟੀ ਨੇ ਇਸ ਦੀਆਂ ਸਾਰੀਆਂ ਮੱਦਾਂ 'ਤੇ ਵਿਚਾਰ ਕਰਨੀ ਹੈ। ਅਜਿਹੇ ਸਮੇਂ ਪ੍ਰਭਾਵਿਤ ਲੋਕਾਈ ਬਾਰੇ ਐਸ.ਆਈ.ਏ. ਦੇ ਫ਼ਾਇਦੇ ਬਾਬਤ ਬਹਿਸ ਚੱਲਣੀ ਚਾਹੀਦੀ ਹੈ। ਕੌਮੀ ਪੱਧਰ ਉਤੇ ਇਹ ਫ਼ੈਸਲਾ ਹੋਣਾ ਚਾਹੀਦਾ ਹੈ ਕਿ ਉਜਾੜੇ ਦੀ ਕੀਮਤ ਕਿਸ ਨੇ ਤਾਰਨੀ ਹੈ। ਕੀ ਇਹ ਕੀਮਤ ਪਹਿਲਾਂ ਵਾਂਗ ਕਿਸਾਨਾਂ ਅਤੇ ਭੂਮੀਹੀਣਾਂ ਨੂੰ ਹੀ ਤਾਰਨੀ ਪੈਣੀ ਹੈ? ਜਾਂ ਮੁਲਕ ਇਸ ਬਾਰੇ ਨਵੇਂ ਸਿਰਿਓਂ ਸੋਚਣ ਲਈ ਤਿਆਰ ਹੈ ਕਿ ਇਸ ਕੀਮਤ ਦਾ ਭਾਰ ਉਨ੍ਹਾਂ ਲੋਕਾਂ ਉਤੇ ਵੀ ਪੈਣਾ ਚਾਹੀਦਾ ਹੈ ਜਿਨ੍ਹਾਂ ਨੂੰ ਆਧੁਨਿਕ ਵਿਕਾਸ ਦਾ ਲਾਭ ਮਿਲਣਾ ਹੈ? ਇਸ ਸਮੱਸਿਆ (ਜਿਸ ਵਿਚ 6 ਕਰੋੜ ਲੋਕਾਂ ਉਤੇ ਅਸਰ ਪੈਂਦਾ ਹੈ ਅਤੇ ਇਨ੍ਹਾਂ ਵਿਚੋਂ ਦੋ-ਤਿਹਾਈ ਮੁੜ-ਵਸੇਬੇ ਤੋਂ ਵਾਂਝੇ ਰਹਿ ਗਏ ਹਨ) ਦੀ ਵਿਰਾਟਤਾ ਅਤੇ ਉਜਾੜੇ ਤੇ ਵਿਕਾਸ ਦਾ ਸਾਰਾ ਬੋਝ ਪੇਂਡੂ ਆਬਾਦੀ ਉਤੇ ਸੁੱਟਣ ਵਾਲੇ ਰੁਝਾਨ ਦੇ ਮੱਦੇਨਜ਼ਰ, ਹੁਣ ਭੂਮੀ ਗ੍ਰਹਿਣ ਨੂੰ ਪਾਰਦਰਸ਼ੀ, ਨਿਆਂਸੰਗਤ ਤੇ ਆਧੁਨਿਕ ਵਿਕਾਸ ਦੇ ਪੀੜਤਾਂ ਦੇ ਹੱਕ ਵਿਚ ਬਣਾਉਣ ਦੀ ਲੋੜ ਬਹੁਤ ਜ਼ਿਆਦਾ ਹੈ। ਪੇਂਡੂ ਆਬਾਦੀ, ਖਾਸ ਕਰ ਕੇ ਮੰਦਹਾਲੀ ਵਿਚ ਘਿਰੇ ਕਿਸਾਨਾਂ ਅਤੇ ਕਿਸਾਨੀ ਨਾਲ ਜੁੜੇ ਹੋਰ ਲੋਕਾਂ ਨੂੰ ਇਸ ਬੋਝ ਤੋਂ ਬਚਾਉਣ ਲਈ ਨਵੇਂ ਸਿਰਿਓਂ ਸੋਚਣਾ ਲਾਜ਼ਮੀ ਹੈ। ਭੂਮੀ ਗ੍ਰਹਿਣ ਤੋਂ ਹੋਣ ਵਾਲੇ ਆਰਥਿਕ ਵਿਕਾਸ ਤੋਂ ਜਿਨ੍ਹਾਂ ਧਿਰਾਂ ਜਿਸ ਵਿਚ ਕਾਰੋਬਾਰੀ, ਸਨਅਤਕਾਰ (ਕਾਰਪੋਰੇਟ ਸੈਕਟਰ) ਤੇ ਮੱਧ ਵਰਗ ਸ਼ਾਮਲ ਹਨ, ਨੂੰ ਲਾਭ ਮਿਲਦਾ ਹੈ, ਉਨ੍ਹਾਂ ਨੂੰ ਪੀੜਤਾਂ ਨੂੰ ਮਿਲਣ ਵਾਲੀ ਰਾਹਤ ਦਾ ਨਾ ਸਿਰਫ ਭਾਰ ਚੁੱਕਣਾ ਚਾਹੀਦਾ ਹੈ ਸਗੋਂ ਇਨ੍ਹਾਂ ਦੇ ਮੁੜ-ਵਸੇਬੇ ਲਈ ਵੀ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਜ਼ਮੀਨ ਗ੍ਰਹਿਣ ਕਰਨ ਕਰਕੇ ਜਿਨ੍ਹਾਂ ਦੀ ਜੀਵਨ-ਜਾਚ ਲੀਹੋਂ ਲਹਿ ਗਈ ਹੈ, ਉਨ੍ਹਾਂ ਦਾ ਜੀਵਨ ਵੀ ਲੀਹ 'ਤੇ ਆ ਸਕੇ।

ਸਮਾਜਕ ਪ੍ਰਭਾਵ ਜਾਇਜ਼ੇ ਦੀ ਰਿਪੋਰਟ ਸੰਭਾਵਿਤ ਪੀੜਤ ਧਿਰਾਂ ਨਾਲ ਸਾਂਝੀ ਕਰਨ ਨਾਲ ਭੰਬਲਭੂਸਾ ਵੀ ਘਟੇਗਾ ਅਤੇ ਸਰਕਾਰ ਪ੍ਰਤੀ ਭਰੋਸਾ ਵੀ ਬਣੇਗਾ। ਇਸ ਨਾਲ ਸਮਾਜ ਵਿਚ ਟਕਰਾਅ ਅਤੇ ਤਣਾਅ ਵੀ ਘਟੇਗਾ। ਮੁਲਕ ਨੂੰ ਇਸ ਵੇਲੇ ਭੰਬਲਭੂਸੇ ਤੇ ਟਕਰਾਅ ਦੀ ਥਾਂ ਆਪਸੀ ਮੇਲ-ਜੋਲ ਤੇ ਸਹਿਮਤੀ ਦੀ ਜ਼ਰੂਰਤ ਹੈ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਨੌਜਵਾਨ ਅਣਸਰਦੇ ਨੂੰ ਕਰਦੇ ਹਨ ਖਾੜੀ ਦੇਸ਼ਾਂ ਵੱਲ ਪਰਵਾਸ

**ਚੰਡੀਗੜ੍ਹ:** ਪਿਛਲੇ ਕੁਝ ਸਾਲਾਂ ਵਿਚ ਖਾੜੀ ਦੇਸ਼ਾਂ ਵਿਚ ਮਾੜੇ ਹਾਲਾਤ ਦੇ ਬਾਵਜੂਦ ਵੱਡੀ ਗਿਣਤੀ ਨੌਜਵਾਨਾਂ ਦਾ ਪਰਵਾਸ ਜਾਰੀ ਹੈ। ਇਨ੍ਹਾਂ ਮੁਲਕਾਂ ਵਿਚ ਜ਼ਿਆਦਾਤਰ ਨੌਜਵਾਨ ਮਜ਼ਦੂਰੀ ਲਈ ਜਾਂਦੇ ਹਨ, ਜਿਨ੍ਹਾਂ ਵਿਚੋਂ ਬਹੁਤੇ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋ ਜੇਲ੍ਹਾਂ ਵਿਚ ਵੀ ਪੁੱਜ ਜਾਂਦੇ ਹਨ। ਇਸ ਸਮੇਂ ਸਾਊਦੀ ਅਰਬ ਵਿਚ 1276, ਕੁਵੈਤ ਵਿਚ 299, ਬਹਿਰੀਨ ਵਿਚ 123 ਤੇ ਓਮਾਨ ਵਿਚ 116 ਭਾਰਤੀ ਜੇਲ੍ਹਾਂ ਵਿਚ ਬੰਦ ਹਨ। ਇਰਾਕ ਸੰਕਟ ਦੇ ਬਾਵਜੂਦ ਪਿਛਲੇ ਇਕ ਸਾਲ ਵਿਚ ਪੰਜਾਬ ਵਿਚੋਂ 45,784 ਨੌਜਵਾਨ ਖਾੜੀ ਮੁਲਕਾਂ ਵਿਚ ਰੋਜ਼ੀ ਰੋਟੀ ਦੀ ਭਾਲ ਵਿਚ ਗਏ ਹਨ। ਖਾੜੀ ਮੁਲਕਾਂ ਸਮੇਤ ਡੇਢ ਦਰਜਨ ਮੁਲਕਾਂ ਵਿਚ ਇਕ ਅਪਰੈਲ 2014 ਤੋਂ ਫਰਵਰੀ 2015 ਤੱਕ 7.38 ਲੱਖ ਭਾਰਤੀ ਨੌਜਵਾਨ ਗਏ ਹਨ। ਇਨ੍ਹਾਂ ਵਿਚੋਂ ਬਹੁਤੇ ਨੌਜਵਾਨ ਅੰਡਰ ਮੈਟ੍ਰਿਕ ਹਨ।

ਇਨ੍ਹਾਂ ਵਿਚੋਂ ਬਹੁਤਿਆਂ ਦੀ ਮੰਜ਼ਿਲ ਖਾੜੀ ਦੇ ਦੇਸ਼ ਹੀ ਬਣਦੇ ਹਨ ਕਿਉਂਕਿ ਇਨ੍ਹਾਂ ਕੋਲ ਪੱਛਮੀ ਮੁਲਕਾਂ ਵਿਚ ਜਾਣ ਲਈ ਲੋੜੀਂਦੇ ਵੱਡੇ ਵਿੱਤੀ ਸਾਧਨ ਨਹੀਂ ਹੁੰਦੇ ਤੇ ਅਕਸਰ ਲੋੜੀਂਦੀ ਪੇਸ਼ੇਵਰ ਤੇ ਵਿਦਿਅਕ ਯੋਗਤਾ ਦੀ ਵੀ ਘਾਟ ਹੁੰਦੀ ਹੈ। ਵਿਦੇਸ਼ਾਂ ਵੱਲ ਪੰਜਾਬੀਆਂ ਦੇ ਪਰਵਾਸ ਦਾ ਇਤਿਹਾਸ ਇਕ ਸਦੀ ਤੋਂ ਵੀ ਵੱਧ ਪੁਰਾਣਾ ਹੈ। ਚੰਗੀ ਜ਼ਿੰਦਗੀ ਦੀ ਤਾਂਘ ਵਿਚ ਪੰਜਾਬੀਆਂ ਨੇ ਪਹਿਲਾਂ ਮਲਾਇਆ, ਕੀਨੀਆ ਤੇ ਫਿਰ ਬਰਤਾਨੀਆ, ਕੈਨੇਡਾ, ਅਮਰੀਕਾ ਆਦਿ ਵੱਖ-ਵੱਖ ਦੇਸ਼ਾਂ ਦੀਆਂ ਧਰਤੀਆਂ ਦਾ ਰੁਖ਼ ਕੀਤਾ। ਬਾਅਦ ਵਿਚ ਵੱਡੀ ਗਿਣਤੀ ਲੋਕ ਖਾੜੀ ਦੇਸ਼ਾਂ ਵਿਚ ਵੀ ਜਾਣ ਲੱਗੇ। ਸਮਾਂ ਬੀਤਣ ਨਾਲ ਜਿਥੇ ਇਹ ਪਰਵਾਸ ਇਕ ਸਥਾਈ ਵਰਤਾਰੇ ਦਾ ਰੂਪ ਧਾਰਨ ਕਰ ਗਿਆ ਹੈ।

ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਬੀਤੇ ਇਕ ਸਾਲ ਦੌਰਾਨ ਇਕੱਲੇ ਇਰਾਕ ਵਿਚ 1171 ਭਾਰਤੀ ਨੌਜਵਾਨ ਪੁੱਜੇ ਹਨ ਜਦਕਿ 2.99 ਲੱਖ ਨੌਜਵਾਨ ਸਾਊਦੀ ਅਰਬ ਗਏ ਹਨ। ਇਕ ਅਪਰੈਲ 2011 ਤੋਂ ਫਰਵਰੀ 2015 ਤੱਕ (ਤਕਰੀਬਨ ਚਾਰ ਸਾਲ) 29.85 ਲੱਖ ਭਾਰਤੀ ਨੌਜਵਾਨ ਡੇਢ ਦਰਜਨ ਮੁਲਕਾਂ (ਸਮੇਤ ਖਾੜੀ ਮੁਲਕਾਂ) ਵਿਚ ਗਏ ਹਨ, ਜੋ ਇਮੀਗਰੇਸ਼ਨ ਚੈੱਕ ਰਿਕੁਆਇਰਡ ਕੈਟਾਗਿਰੀ ਵਿਚ ਆਉਂਦੇ ਹਨ। ਇਨ੍ਹਾਂ ਚਾਰ ਸਾਲਾਂ ਦੌਰਾਨ ਇਰਾਕ ਵਿਚ 11,528 ਤੇ ਕੁਵੈਤ ਵਿਚ 2.55 ਲੱਖ ਭਾਰਤੀ ਨੌਜਵਾਨ ਪੁੱਜੇ ਹਨ। ਇਸੇ ਤਰ੍ਹਾਂ 13.16 ਲੱਖ ਭਾਰਤੀ ਨੌਜਵਾਨ ਸਾਊਦੀ ਅਰਬ ਗਏ ਹਨ।

ਪਿਛਲੇ ਸਾਲ ਹਰਿਆਣਾ ਵਿਚੋਂ 2177 ਨੌਜਵਾਨ ਖਾੜੀ ਮੁਲਕਾਂ ਵਿਚ ਗਏ ਹਨ ਜਦਕਿ ਰਾਜਸਥਾਨ ਵਿਚੋਂ 43,966 ਤੇ ਯੂ.ਪੀ. ਵਿਚੋਂ 2.09 ਲੱਖ ਨੌਜਵਾਨ ਖਾੜੀ ਮੁਲਕਾਂ ਵਿਚ ਗਏ ਹਨ। ਵੱਡੀ ਗਿਣਤੀ ਭਾਰਤੀ ਵਿਦੇਸ਼ੀ ਜੇਲ੍ਹਾਂ ਵਿਚ ਵੀ ਬੰਦ ਹਨ, ਜਿਨ੍ਹਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ। ਸਾਊਦੀ ਅਰਬ ਦੀਆਂ ਜੇਲ੍ਹਾਂ ਵਿਚ 1276 ਤੇ ਕੁਵੈਤ ਦੀਆਂ ਜੇਲ੍ਹਾਂ ਵਿਚ 299 ਭਾਰਤੀ ਬੰਦ ਹਨ। ਵਿਦੇਸ਼ੀ ਜੇਲ੍ਹਾਂ ਵਿਚ ਇਸ ਵੇਲੇ ਕੁੱਲ 6310 ਭਾਰਤੀ ਬੰਦ ਹਨ ਜਦਕਿ ਇਰਾਕ ਦੀਆਂ ਜੇਲ੍ਹਾਂ ਵਿਚ 9 ਭਾਰਤੀ ਬੰਦ ਹਨ। ਬਹਿਰੀਨ ਵਿਚ 123 ਤੇ ਓਮਾਨ ਦੀਆਂ ਜੇਲ੍ਹਾਂ ਵਿਚ 116 ਭਾਰਤੀ ਬੰਦ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਏਜੰਟਾਂ ਦੀ ਧੋਖਾਧੜੀ ਕਾਰਨ ਜੇਲ੍ਹਾਂ ਵਿਚ ਜਾਣਾ ਪਿਆ। ਨੌਜਵਾਨਾਂ ਵੱਲੋਂ ਏਜੰਟਾਂ ਦੀ ਸ਼ਿਕਾਇਤ ਵੀ ਕੀਤੀ ਜਾਂਦੀ ਹੈ ਪਰ ਕੋਈ ਕਾਰਵਾਈ ਨਹੀਂ ਹੁੰਦੀ। ਪਿਛਲੇ ਚਾਰ ਸਾਲਾਂ ਵਿਚ ਪੰਜਾਬ ਦੇ 42 ਨੌਜਵਾਨਾਂ ਨੇ ਟਰੈਵਲ ਏਜੰਸੀਆਂ ਤੇ ਕੰਪਨੀਆਂ ਦੀਆਂ ਸ਼ਿਕਾਇਤਾਂ ਕੀਤੀਆਂ ਹਨ, ਜਿਨ੍ਹਾਂ ਵਿਚੋਂ ਸਿਰਫ ਅੱਠ ਏਜੰਟਾਂ ਤੇ ਕੰਪਨੀਆਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ।



### ਰੁਜ਼ਗਾਰ ਦੀ ਥਾਂ ਮੌਤ

ਸਰਕਾਰੀ ਵੇਰਵਿਆਂ ਅਨੁਸਾਰ ਵਿਦੇਸ਼ ਗਏ ਬਹੁਤੇ ਭਾਰਤੀ ਤਾਂ ਆਪਣੀ ਜ਼ਿੰਦਗੀ ਹੀ ਗਵਾ ਲੈਂਦੇ ਹਨ। ਜਨਵਰੀ 2011 ਤੋਂ ਪਹਿਲੀ ਮਈ 2015 ਤੱਕ ਵਿਦੇਸ਼ੀ ਧਰਤੀ ਉਤੇ 26,781 ਭਾਰਤੀਆਂ ਦੀ ਮੌਤ ਹੋਈ। ਸਾਲ 2015 ਵਿਚ 1207 ਭਾਰਤੀਆਂ ਦੀ ਮੌਤ ਹੋਈ। ਪਿਛਲੇ ਚਾਰ ਸਾਲਾਂ ਵਿਚ ਇਕੱਲੇ ਇਰਾਕ ਵਿਚ 38 ਨੌਜਵਾਨਾਂ ਦੀ ਮੌਤ ਹੋਈ। ਇਸ ਸਮੇਂ ਦੌਰਾਨ ਸਾਊਦੀ ਅਰਬ ਵਿਚ 2705 ਮੌਤਾਂ ਹੋਈਆਂ। ਕੁਵੈਤ ਵਿਚ 1788 ਤੇ ਓਮਾਨ ਵਿਚ 1771 ਭਾਰਤੀ ਮਾਰੇ ਗਏ।

### ਖਾੜੀ ਦੇਸ਼ਾਂ ਵਿਚ ਪੰਜਾਬੀਆਂ ਦੀ ਹੋਣੀ

ਇਸ ਵੇਲੇ ਇਰਾਕ ਵਿਚ ਫਸੇ 39 ਪੰਜਾਬੀ ਨੌਜਵਾਨਾਂ ਬਾਰੇ ਬੇਯਕੀਨੀ ਦੀ ਸਥਿਤੀ ਬਣੀ ਹੋਈ ਹੈ। ਕੁਝ ਸਾਲ ਪਹਿਲਾਂ ਦੁਬਈ ਵਿਚ ਪੰਜਾਬੀ ਨੌਜਵਾਨਾਂ ਨਾਲ ਝਗੜੇ ਵਿਚ ਕੁਝ ਵਿਦੇਸ਼ੀਆਂ ਦੀ ਮੌਤ ਹੋਣ ਉਤੇ ਮਾਮਲਾ ਬੇਹੱਦ ਗੰਭੀਰ ਰੂਪ ਅਖਤਿਆਰ ਕਰ ਗਿਆ ਸੀ ਤੇ ਇਨ੍ਹਾਂ ਨੌਜਵਾਨਾਂ ਨੂੰ ਵੱਡੇ ਯਤਨਾਂ ਤੋਂ ਬਾਅਦ ਹੀ ਉਥੋਂ ਬਚਾਅ ਕੇ ਲਿਆਂਦਾ ਜਾ ਸਕਿਆ ਸੀ। ਇਸੇ ਤਰ੍ਹਾਂ ਟਰੈਵਲ ਏਜੰਟਾਂ ਦੀ ਧੋਖਾਧੜੀ ਕਾਰਨ ਰਿਆਦ ਵਿਚ ਫਸੇ 22 ਨੌਜਵਾਨਾਂ ਨੂੰ ਵੀ ਬੜੀ ਮੁਸ਼ਕਿਲ ਨਾਲ ਉਥੋਂ ਕੱਢਿਆ ਗਿਆ ਸੀ। ਉਨ੍ਹਾਂ ਨੂੰ ਉਥੇ ਬੰਧੂਆ ਮਜ਼ਦੂਰਾਂ ਵਾਂਗ ਰੱਖਿਆ ਜਾ ਰਿਹਾ ਸੀ। ਅਗਸਤ 2014 ਵਿਚ ਕੁਵੈਤ ਵਿਚ ਪੰਜਾਬੀ ਤੇ ਮਿਸਰੀ ਕਾਮਿਆਂ ਦੀ ਲੜਾਈ ਤੋਂ ਬਾਅਦ 25 ਪੰਜਾਬੀ ਕਾਮਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ 700 ਦੇ ਕਰੀਬ ਹੋਰ ਨੌਜਵਾਨਾਂ ਨੂੰ ਇਕ ਕੈਂਪ ਵਿਚ ਬੜੀ ਔਖੀ ਦਿਨ-ਕਟੀ ਕਰਨੀ ਪਈ ਸੀ। ਵੱਡੇ ਯਤਨਾਂ ਤੋਂ ਬਾਅਦ ਹੀ ਇਨ੍ਹਾਂ ਦੀ ਬੰਦਖਲਾਸੀ ਹੋ ਸਕੀ ਸੀ। ਉਂਜ ਵੀ ਖਾੜੀ ਦੇਸ਼ਾਂ ਵਿਚ ਜਾਣ ਵਾਲੇ ਬਹੁਤੇ ਨੌਜਵਾਨਾਂ ਨੂੰ ਉਥੇ ਕੰਪਨੀਆਂ ਦੇ ਰਹਿਮੋ-ਕਰਮ ਉਤੇ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਕਈ ਕੰਪਨੀਆਂ ਨੌਜਵਾਨਾਂ ਦੇ ਪਾਸਪੋਰਟ ਜ਼ਬਤ ਕਰਕੇ ਉਨ੍ਹਾਂ ਤੋਂ ਜ਼ਬਰਦਸਤੀ ਖ਼ਤਰੇ ਵਾਲੀਆਂ ਥਾਂਵਾਂ ਉਤੇ ਕੰਮ ਕਰਵਾਉਂਦੀਆਂ ਤੇ ਤਨਖਾਹ ਵੀ ਮਰਜ਼ੀ ਮੁਤਾਬਕ ਦਿੰਦੀਆਂ ਹਨ।

# ਇਰਾਕ ਵਿਚ ਫਸੇ ਨੌਜਵਾਨਾਂ ਦੀ ਰਿਹਾਈ ਉਤੇ ਸਿਆਸਤ ਤੇਜ਼

**ਅੰਮ੍ਰਿਤਸਰ:** ਇਰਾਕ ਦੇ ਮੋਸੂਲ ਖੇਤਰ ਵਿਚ ਆਈ.ਐਸ. ਅਤਿਵਾਦੀਆਂ ਵੱਲੋਂ ਬੰਦੀ ਬਣਾਏ ਪੰਜਾਬੀਆਂ ਦੀ ਮੌਤ ਬਾਰੇ ਹਰਜੀਤ ਮਸੀਹ ਦੇ ਖੁਲਾਸੇ ਮਗਰੋਂ ਇਸ ਮੁੱਦੇ ਉਤੇ ਕੇਂਦਰ ਸਰਕਾਰ ਦੀ ਅਣਗਹਿਲੀ ਨੂੰ ਹਾਸ਼ੀਏ ਵਿਚ ਰੱਖਦਿਆਂ ਹੋਰਨਾਂ ਧਿਰਾਂ ਵੱਲੋਂ ਸਿਆਸਤ ਤੇਜ਼ ਕਰ ਦਿੱਤੀ ਗਈ ਹੈ।

ਹਰਜੀਤ ਮਸੀਹ ਦੇ ਬਿਆਨ ਮਗਰੋਂ ਕੇਂਦਰੀ ਗ੍ਰਹਿ ਵਿਭਾਗ ਤੋਂ ਸਪੱਸ਼ਟੀਕਰਨ ਮੰਗਦਿਆਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਤੇ ਕਾਂਗਰਸੀ ਵਿਧਾਇਕ ਤੇ ਅਨੁਸੂਚਿਤ ਜਾਤੀਆਂ ਬਾਰੇ ਕੌਮੀ ਕਮਿਸ਼ਨ ਦੇ ਉਪ ਚੇਅਰਮੈਨ ਡਾ. ਰਾਜ ਕੁਮਾਰ ਵੇਰਕਾ ਨੇ ਮੋਦੀ ਸਰਕਾਰ ਉਤੇ ਇਕ ਵਰ੍ਹੇ ਤੱਕ ਅਸਲੀਅਤ ਸਬੰਧੀ ਤੱਥ ਲੁਕਾਏ ਰੱਖਣ ਦੇ ਦੋਸ਼ ਲਗਾਏ। ਆਗੂਆਂ ਨੇ ਕਿਹਾ ਕਿ ਇਕ ਸਾਲ ਦੌਰਾਨ ਪੀੜਤ ਪਰਿਵਾਰ ਕਈ ਵਾਰ ਵਿਦੇਸ਼ ਮੰਤਰੀ ਨੂੰ ਮਿਲੇ, ਜਿਨ੍ਹਾਂ ਹਰ ਵਾਰ ਉਨ੍ਹਾਂ ਦੇ ਸੁਰੱਖਿਅਤ ਹੋਣ ਦਾ ਭਰੋਸਾ ਦਿਵਾਇਆ ਜੋ ਹੁਣ ਤੱਕ ਵੀ ਜਾਰੀ ਹੈ ਪਰ ਸਰਕਾਰ ਹਰਜੀਤ ਮਸੀਹ ਦੇ ਤੱਥਾਂ ਨੂੰ ਰੱਦ ਕਰਨ ਲਈ ਕੋਈ ਸਬੂਤ ਨਹੀਂ ਪੇਸ਼ ਕਰ ਸਕੀ।

ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਹੁਣ ਤੱਕ ਬੰਦੀ ਬਣਾਉਣ ਵਾਲਿਆਂ ਨਾਲ ਕੋਈ ਤਾਲਮੇਲ ਨਹੀਂ ਕਰ ਸਕੀ, ਸਗੋਂ ਇਸ ਮਾਮਲੇ ਦੇ ਇਕੋ ਇਕ ਚਸ਼ਮਦੀਦ ਹਰਜੀਤ ਨੂੰ ਡਰਾ ਧਮਕਾ ਕੇ ਤੰਗ ਕੀਤਾ ਜਾ ਰਿਹਾ ਹੈ, ਉਨ੍ਹਾਂ ਦਾਅਵਾ ਕੀਤਾ ਹਰਜੀਤ ਨੂੰ ਮੂੰਹ ਬੰਦ ਰੱਖਣ ਲਈ ਦਿੱਲੀ ਵਿਖੇ ਨੌਕਰੀ ਦੀ ਵੀ ਪੇਸ਼ਕਸ਼ ਕੀਤੀ ਗਈ ਸੀ ਤੇ ਹੁਣ ਵੀ ਉਹ ਸਰਕਾਰ ਕੋਲੋਂ ਖਤਰਾ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਅਜੇ ਵੀ ਗੱਲ ਨਾ ਗੌਲੀ ਤਾਂ ਦੇਸ਼ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ।

# ਆਕਲੈਂਡ 'ਚ ਸਿੱਖ ਨੌਜਵਾਨ ਦੀ ਦਰਿਆਦਿਲੀ ਦੇ ਚਰਚੇ

**ਆਕਲੈਂਡ:** ਨਿਊਜ਼ੀਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਆਕਲੈਂਡ ਵਿਚ ਸਿੱਖ ਨੌਜਵਾਨ ਨੇ ਉਸ ਸਮੇਂ ਸਾਰਿਆਂ ਦਾ ਦਿਲ ਜਿੱਤ ਲਿਆ ਜਦੋਂ ਉਸ ਨੇ ਧਾਰਮਿਕ ਰਹੁ ਰੀਤਾਂ ਦੀ ਪਰਵਾਹ ਨਾ ਕਰਦਿਆਂ ਆਪਣੀ ਦਸਤਾਰ ਉਤਾਰ ਕੇ ਹਾਦਸੇ ਵਿਚ ਜ਼ਖ਼ਮੀ ਹੋਏ ਬੱਚੇ ਦੀ ਸਹਾਇਤਾ ਕੀਤੀ।

ਸਿੱਖ ਨੌਜਵਾਨ ਹਰਮਨ ਸਿੰਘ (22) ਦੇ ਇਸ ਕਦਮ ਦੀ ਪੂਰੀ ਦੁਨੀਆ ਵਿਚ ਸ਼ਲਾਘਾ ਹੋ ਰਹੀ ਹੈ। ਹਰਮਨ ਸਿੰਘ ਜਦੋਂ ਐਤਵਾਰ ਨੂੰ ਸਵੇਰੇ ਉਠਿਆ ਤਾਂ ਉਸ ਨੂੰ ਦੁਨੀਆ ਭਰ ਤੋਂ ਪ੍ਰਸ਼ੰਸਾ ਦੇ ਸੈਂਕੜੇ ਸੁਨੇਹੇ ਮਿਲੇ। 'ਨਿਊਜ਼ੀਲੈਂਡ ਹੈਰਾਲਡ' ਦੀ ਰਿਪੋਰਟ ਮੁਤਾਬਕ ਹਰਮਨ ਸਿੰਘ ਦੀ ਤਸਵੀਰ ਨੇ ਉਸ ਨੂੰ ਤੁਰੰਤ ਨਾਇਕ ਬਣਾ ਦਿੱਤਾ, ਜਿਸ ਨੇ ਕਾਰ ਵੱਲੋਂ ਟੱਕਰ ਮਾਰੇ ਜਾਣ ਉਤੇ ਜ਼ਖ਼ਮੀ ਬੱਚੇ ਦੀ ਸਹਾਇਤਾ ਲਈ ਆਪਣੀ ਦਸਤਾਰ ਉਤਾਰ ਦਿੱਤੀ ਸੀ।

ਬੱਚਾ ਆਪਣੀ ਭੈਣ ਨਾਲ ਸਕੂਲ ਜਾ ਰਿਹਾ ਸੀ ਤੇ ਤਾਕਾਨੀਨੀ ਵਿਚ ਘਰ ਦੇ ਬਾਹਰ ਹੀ ਉਸ ਨੂੰ ਕਾਰ ਨੇ ਟੱਕਰ ਮਾਰ ਦਿੱਤੀ ਸੀ। ਹਰਮਨ ਸਿੰਘ ਨੇ ਦੱਸਿਆ ਕਿ ਉਸ ਨੂੰ ਫੇਸਬੁੱਕ ਉਤੇ ਅਮਰੀਕਾ, ਯੂਰਪ ਤੇ ਭਾਰਤ ਤੋਂ ਸੈਂਕੜੇ ਸੁਨੇਹੇ ਮਿਲ ਰਹੇ ਹਨ।

ਉਸ ਵੱਲੋਂ ਕੀਤੀ ਗਈ ਮੱਦਦ ਦੀ ਕਹਾਣੀ ਨੂੰ ਸੋਸ਼ਲ ਮੀਡੀਆ 'ਤੇ ਲੱਖਾਂ ਵਾਰ ਸ਼ੇਅਰ ਕੀਤਾ ਗਿਆ ਹੈ। ਹਰਮਨ ਸਿੰਘ ਭਾਰਤ ਤੋਂ ਆਕਲੈਂਡ ਵਿਚ ਬਿਜ਼ਨਸ ਦਾ ਕੋਰਸ ਕਰਨ ਲਈ ਆਇਆ ਹੋਇਆ ਹੈ। ਉਸ ਵੱਲੋਂ ਚੁੱਕਿਆ ਗਿਆ ਕਦਮ ਇਸ ਲਈ ਵੀ ਅਹਿਮ ਹੈ ਕਿਉਂਕਿ ਉਸ ਨੇ ਧਾਰਮਿਕ ਮਰਿਆਦਾ ਦੀ ਪਰਵਾਹ ਨਾ ਕਰਦਿਆਂ ਬੱਚੇ ਦੀ ਜਾਨ ਬਚਾਉਣ ਨੂੰ ਤਰਜੀਹ ਦਿੱਤੀ।



# ਹਰਜੀਤ ਮਸੀਹ ਦੇ ਦਾਅਵੇ ਪਿੱਛੋਂ ਡੋਲੇ ਇਰਾਕ ਵਿਚ ਬੰਦੀਆਂ ਦੇ ਪਰਿਵਾਰ

**ਚੰਡੀਗੜ੍ਹ:** ਇਰਾਕ ਤੋਂ ਬਚ ਕੇ ਆਏ ਹਰਜੀਤ ਮਸੀਹ ਵੱਲੋਂ ਬੰਦੀ ਬਣਾਏ 39 ਭਾਰਤੀ ਨਾਗਰਿਕਾਂ ਨੂੰ ਕਤਲ ਕਰਨ ਬਾਰੇ ਦਾਅਵੇ ਨੇ ਸਬੰਧਤ ਪਰਿਵਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਿੰਡ ਕਾਲਾ ਅਫਗਾਨਾ (ਗੁਰਦਾਸਪੁਰ) ਦੇ 25 ਸਾਲਾ ਨੌਜਵਾਨ ਹਰਜੀਤ ਮਸੀਹ ਨੇ ਪਹਿਲੀ ਵਾਰ ਇਥੇ ਮੀਡੀਆ ਅੱਗੇ ਆ ਕੇ ਦਾਅਵਾ ਕੀਤਾ ਕਿ ਇਰਾਕ ਸਥਿਤ ਕੰਪਨੀ ਵਿਚ ਉਸ ਨਾਲ ਕੰਮ ਕਰਦੇ 39 ਭਾਰਤੀਆਂ ਨੂੰ ਆਈ.ਐਸ. ਦਹਿਸ਼ਤਗਰਦਾਂ ਵੱਲੋਂ ਪਹਿਲਾਂ ਹੀ ਕਤਲ ਕੀਤਾ ਜਾ ਚੁੱਕਾ ਹੈ। ਮਸੀਹ ਮੁਤਾਬਕ ਪਿਛਲੇ ਵਰ੍ਹੇ 11 ਜੂਨ ਨੂੰ ਆਈ.ਐਸ. (ਇਸਲਾਮੀ ਸਟੇਟ) ਦਹਿਸ਼ਤਗਰਦਾਂ ਨੇ 50 ਬੰਗਲਾਦੇਸ਼ੀਆਂ ਤੇ ਉਸ ਸਮੇਤ 40 ਭਾਰਤੀਆਂ ਨੂੰ ਅਗਵਾ ਕਰ ਲਿਆ ਸੀ। ਅਤਿਵਾਦੀਆਂ ਦੇ ਕਈ ਗਰੁੱਪਾਂ ਨੇ ਉਨ੍ਹਾਂ ਨੂੰ 4-5 ਰਾਤਾਂ ਆਪਣੇ ਕੋਲ ਰੱਖਣ ਤੋਂ ਬਾਅਦ ਬੰਗਲਾਦੇਸ਼ੀਆਂ ਨੂੰ ਛੱਡ ਦਿੱਤਾ ਤੇ ਭਾਰਤੀਆਂ ਨੂੰ ਅੰਨ੍ਹੇਵਾਹ ਗੋਲੀਆਂ ਚਲਾ ਕੇ ਮਾਰ ਦਿੱਤਾ। ਇਸ ਖ਼ੂਨੀ ਖੇਡ ਵਿਚੋਂ ਉਹ ਚਮਤਕਾਰੀ ਨਾਲ ਬਚ ਗਿਆ ਸੀ। ਮਸੀਹ ਨੇ ਦਾਅਵਾ ਕੀਤਾ ਕਿ ਕਈ ਮਹੀਨਿਆਂ ਤੋਂ ਭਾਰਤੀ ਵਿਦੇਸ਼ ਮੰਤਰਾਲੇ ਨੇ ਉਸ ਨੂੰ ਗੁੜਗਾਓਂ, ਬੰਗਲੌਰ, ਨੋਇਡਾ ਆਦਿ ਵਿਖੇ ਲੁਕੋ ਕੇ ਰੱਖਿਆ ਸੀ। ਇਸ ਦੌਰਾਨ ਉਸ ਨੂੰ 33 ਹਜ਼ਾਰ ਰੁਪਏ ਦਿੱਤੇ ਤੇ ਨੌਕਰੀ ਦੇਣ ਦਾ ਵਾਅਦਾ ਵੀ ਕੀਤਾ ਗਿਆ। ਉਸ ਨੂੰ ਹੁਣ ਮੁੜ ਦਿੱਲੀ ਬੁਲਾਇਆ ਗਿਆ ਸੀ ਪਰ ਉਸਨੇ ਦਿੱਲੀ ਜਾਣ ਦੀ ਥਾਂ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਨਾਲ ਸੰਪਰਕ ਕਰਕੇ ਮੀਡੀਆ ਮੂਹਰੇ ਆਉਣ ਦਾ ਫੈਸਲਾ ਕੀਤਾ।

ਗ਼ੌਰਤਲਬ ਹੈ ਕਿ ਭਾਰਤ ਸਰਕਾਰ ਲਗਾਤਾਰ ਦਾਅਵੇ ਕਰ ਰਹੀ ਹੈ ਕਿ ਇਰਾਕ ਵਿਚ ਭਾਰਤੀਆਂ ਦੇ ਮਾਰੇ ਜਾਣ ਦੀ ਕੋਈ ਪੁਖਤਾ ਜਾਣਕਾਰੀ ਨਹੀਂ ਹੈ। ਇਹ ਮਾਮਲਾ ਸ. ਮਾਨ ਤੇ ਹੋਰ ਸੰਸਦ ਮੈਂਬਰਾਂ ਵੱਲੋਂ ਕਈ ਵਾਰ ਸੰਸਦ ਵਿਚ ਉਠਾਇਆ ਜਾ ਚੁੱਕਾ ਹੈ। ਮਸੀਹ ਨੇ ਸ. ਮਾਨ ਸਮੇਤ ਮੀਡੀਆ ਅੱਗੇ ਦੱਸਿਆ ਕਿ ਉਹ 2013 ਵਿਚ ਇਰਾਕ ਗਿਆ ਸੀ ਤੇ 40 ਹੋਰ ਭਾਰਤੀਆਂ ਸਣੇ ਇਕ ਕੰਪਨੀ ਵਿਚ ਕੰਮ ਕਰਦਾ ਸੀ, ਜਿਨ੍ਹਾਂ ਵਿਚ 30 ਦੇ ਕਰੀਬ ਪੰਜਾਬੀ, ਛੇ ਬਿਹਾਰੀ ਤੇ ਦੋ ਬੰਗਾਲੀ ਸਨ। ਬੀਤੇ ਵਰ੍ਹੇ 11 ਜੂਨ ਨੂੰ ਆਈ.ਐਸ. ਵਾਲੇ ਉਨ੍ਹਾਂ ਨੂੰ ਅਗਵਾ ਕਰ ਕੇ ਲੈ ਗਏ। ਸਾਰੇ ਭਾਰਤੀਆਂ ਨੂੰ ਪਹਾੜੀ ਉਪਰ ਕਤਾਰ ਵਿਚ ਖੜ੍ਹੇ ਕਰਕੇ ਪੈਸੇ ਤੇ ਮੋਬਾਈਲ ਫੋਨ ਲੈਣ ਪਿੱਛੋਂ ਬੈਠਣ ਦਾ ਹੁਕਮ ਦਿੱਤਾ ਗਿਆ। ਇਸੇ ਦੌਰਾਨ ਪਿੱਛੋਂ ਇਕਦਮ ਗੋਲੀਬਾਰੀ ਹੋਈ ਤੇ ਸਾਰੇ ਹੇਠਾਂ ਡਿੱਗ ਪਏ। ਉਸ ਦੀ ਲੱਤ ਨੂੰ ਛੂਹ ਕੇ ਗੋਲੀ ਨਿਕਲ ਗਈ ਤੇ ਉਹ ਵੀ ਲੇਟ ਗਿਆ। ਮਸੀਹ ਅਨੁਸਾਰ 15 ਮਿੰਟਾਂ ਬਾਅਦ ਉਹ ਉਠਿਆ ਤਾਂ ਚੁਫੇਰੇ ਸਾਰੇ ਡਿੱਗੇ ਪਏ ਸਨ।



### ਪੰਜਾਬ ਸਰਕਾਰ ਕੋਲ ਕੋਈ ਜਾਣਕਾਰੀ: ਬਾਦਲ

ਚੰਡੀਗੜ੍ਹ: ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਹੀਂ ਜਾਣਦੇ ਕਿ ਇਰਾਕ ਵਿਚ ਅਗਵਾ ਹੋਏ 39 ਭਾਰਤੀ ਜਿਉਂਦੇ ਹਨ ਜਾਂ ਨਹੀਂ। ਹੈਰਾਨੀ ਦੀ ਗੱਲ ਹੈ ਕਿ ਬਾਦਲ ਦੀ ਨੂੰਹ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਦਿੱਲੀ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰਕੇ ਪੀੜਤਾਂ ਨੂੰ ਭਰੋਸਾ ਦਵਾਇਆ ਸੀ ਕਿ ਉਨ੍ਹਾਂ ਦੇ ਰਿਸ਼ਤੇਦਾਰ ਜਿਉਂਦੇ ਹਨ। ਮੁੱਖ ਮੰਤਰੀ ਬਾਦਲ ਹੁਣ ਕਹਿ ਰਹੇ ਹਨ ਕਿ ਇਰਾਕ ਵਿਚ ਫਸੇ ਭਾਰਤੀਆਂ ਦੇ ਜਿਉਂਦੇ ਹੋਣ ਬਾਰੇ ਉਨ੍ਹਾਂ ਕੋਲ ਕੋਈ ਸਬੂਤ ਨਹੀਂ। ਉਨ੍ਹਾਂ ਕਿਹਾ ਕਿ ਉਹ ਪੀੜਤਾਂ ਦੀ ਮਦਦ ਕਰਨ ਲਈ ਤਿਆਰ ਹਨ ਪਰ ਉਨ੍ਹਾਂ ਬਾਰੇ ਪੰਜਾਬ ਸਰਕਾਰ ਕੋਲ ਕੋਈ ਜਾਣਕਾਰੀ ਨਹੀਂ।

### ਕੇਂਦਰ ਨੇ ਮਸੀਹ ਦੇ ਦਾਅਵਿਆਂ ਨੂੰ ਨਕਾਰਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਇਰਾਕ ਵਿਚ ਫਸੇ ਭਾਰਤੀ ਨੌਜਵਾਨਾਂ, ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਹਨ, ਦੇ ਪਰਿਵਾਰਾਂ ਨੂੰ ਮੁੜ ਭਰੋਸਾ ਦਿੱਤਾ ਕਿ ਸਾਰੇ ਭਾਰਤੀ ਸਹੀ ਸਲਾਮਤ ਹਨ ਤੇ ਜਿਉਂ ਹੀ ਕੋਈ ਪੁਖ਼ਤਾ ਸਬੂਤ ਮਿਲਦਾ ਹੈ, ਤਾਂ ਉਨ੍ਹਾਂ ਨੂੰ ਦੱਸਿਆ ਜਾਵੇਗਾ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪੀੜਤ ਪਰਿਵਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਇਸ ਮੁਤੱਲਕ ਖ਼ੁਦ ਖਾੜੀ ਕੌਂਸਲ ਦੇ ਛੇ ਮੁਲਕਾਂ ਦੇ ਵਿਦੇਸ਼ ਮੰਤਰੀਆਂ ਨਾਲ ਗੱਲਬਾਤ ਕੀਤੀ ਹੈ ਤੇ ਇਨ੍ਹਾਂ ਮੰਤਰੀਆਂ ਨੇ ਪੂਰੀ ਮੱਦਦ ਦਾ ਭਰੋਸਾ ਦਿੱਤਾ ਹੈ। ਪੀੜਤ ਪਰਿਵਾਰਾਂ ਨੇ ਭਰੋਸੇ ਤੋਂ ਬਾਅਦ ਪਿਛਲੇ ਕੁਝ ਦਿਨਾਂ ਤੋਂ ਜਾਰੀ ਆਪਣੀ ਹੜਤਾਲ ਖ਼ਤਮ ਕਰ ਦਿੱਤੀ।

ਵਿਚਾਰ-ਚਰਚਾ

# ਸਿੱਖ ਗੁਰਦੁਆਰਾ ਐਕਟ ਦੇ ਪਰਿਣਾਮ

ਹਾਕਮ ਸਿੰਘ




ਧਰਮ ਅਤੇ ਕਾਨੂੰਨ ਦਾ ਸਬੰਧ ਮੁੱਖ ਤੌਰ 'ਤੇ ਮਨੁੱਖ ਦੇ ਧਰਮ ਅਤੇ ਅਧਿਆਤਮਕ ਵਿਸ਼ਵਾਸ ਦੀ ਸੁਤੰਤਰਤਾ ਦੇ ਅਧਿਕਾਰ ਅਤੇ ਸ਼ਰਧਾ ਜਾਂ ਧਾਰਮਕ ਜੀਵਨ ਦੇ ਨਿਯਮਾਂ ਦੀ ਸਮਾਜ ਵਿਚ ਪ੍ਰਸੰਗਿਕਤਾ ਦੇ ਵਿਸ਼ਿਆਂ ਨਾਲ ਹੁੰਦਾ ਹੈ। ਪਰ ਸਿੱਖ ਧਰਮ ਦਾ ਕਾਨੂੰਨ ਨਾਲ ਇਕ ਐਸਾ ਸਬੰਧ ਹੈ ਜੋ ਧਰਮਤੰਤਰਕ ਰਾਜਾਂ ਨੂੰ ਛੱਡ ਕੇ ਸ਼ਾਇਦ ਹੀ ਕਿਸੇ ਹੋਰ ਰਾਜ ਦੇ ਧਰਮ ਦਾ ਹੋਵੇਗਾ। ਉਹ ਹੈ ਸਿੱਖ ਧਰਮ ਸੰਚਾਰ ਸਾਧਨਾਂ ਦੇ ਪ੍ਰਬੰਧ ਦੀ 'ਸਿੱਖ ਗੁਰਦੁਆਰਾ ਐਕਟ, 1925' ਵਿਚ ਕਾਨੂੰਨੀ ਵਿਵਸਥਾ। ਇਹ ਕਾਨੂੰਨ ਸਿੱਖ ਆਗੂਆਂ ਨੇ ਆਪ ਹੀ ਆਪਣੇ ਧਰਮ ਦੇ ਸੰਚਾਰ ਮਾਧਿਅਮਾਂ ਨੂੰ ਸਰਕਾਰੀ ਕਾਨੂੰਨ ਦੇ ਅਧੀਨ ਕਰਨ ਲਈ ਬਣਵਾਇਆ ਸੀ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ 20 ਮਾਰਚ 1921 ਨੂੰ ਸਿੱਖ ਪ੍ਰਤੀਨਿਧੀਆਂ ਦੀ ਅਕਾਲ ਤਖਤ ਸਾਹਮਣੇ ਹੋਈ ਇਕੱਤਰਤਾ ਵਿਚ ਪਾਸ ਕੀਤੇ ਗਏ ਮਤਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਜਾਬ ਸਰਕਾਰ ਨੂੰ ਪ੍ਰਸਤਾਵਿਤ ਸਿੱਖ ਗੁਰਦੁਆਰਾ ਕਾਨੂੰਨ 10 ਅਪਰੈਲ 1921 ਤੱਕ ਬਣਾਉਣ ਦੀ ਚੇਤਾਵਨੀ ਦਿੱਤੀ ਗਈ ਸੀ। ("ਗੁਰਦੁਆਰਾ ਰਿਫਾਰਮ ਮੂਵਮੈਂਟ..." ਪੰਨਾ 205-6)। ਗੁਰਦੁਆਰਾ ਪ੍ਰਬੰਧ ਦੇ ਕਾਨੂੰਨ ਦੀ ਮੰਗ ਕੁੱਝ ਅਨੋਖੀ ਸੀ ਕਿਉਂਕਿ ਧਰਮ ਅਸਥਾਨਾਂ ਦੇ ਕਾਨੂੰਨ ਆਮ ਤੌਰ 'ਤੇ ਜ਼ਮੀਨ ਜਾਇਦਾਦ ਦੀ ਮਲਕੀਅਤ ਜਾਂ ਵਕਫ ਨਾਲ ਸਬੰਧਤ ਹੁੰਦੇ ਹਨ, ਪ੍ਰਬੰਧ ਨਾਲ ਨਹੀਂ। ਧਰਮ ਅਸਥਾਨ ਦੇ ਪ੍ਰਬੰਧ ਦਾ ਧਾਰਮਕ ਵਿਚਾਰਧਾਰਾ ਦੇ ਸੰਚਾਰ ਨਾਲ ਡੂੰਘਾ ਸਬੰਧ ਹੈ, ਇਸ ਲਈ ਗੁਰਦੁਆਰਾ ਪ੍ਰਬੰਧ ਦੇ ਕਾਨੂੰਨ ਦਾ ਸਿੱਖ ਧਾਰਮਕ ਵਿਚਾਰਧਾਰਾ ਦੇ ਸੰਚਾਰ 'ਤੇ ਅਣਸੁਖਾਵਾਂ ਪ੍ਰਭਾਵ ਪੈਣਾ ਸੁਭਾਵਕ ਸੀ।

ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਧਿਆਤਮਕ ਗਿਆਨ ਦੀ ਸਿਖਿਆ ਅਤੇ ਸੰਚਾਰ ਦਾ ਮੂਲ ਮਾਧਿਅਮ ਹੈ। ਗੁਰਦੁਆਰਿਆਂ ਦੇ ਪ੍ਰਬੰਧ ਦੀ ਕਾਨੂੰਨੀ ਅਧੀਨਗੀ ਗੁਰਬਾਣੀ ਉਪਦੇਸ਼ ਨੂੰ ਵੀ ਕਾਨੂੰਨ ਦੇ ਦਾਇਰੇ ਵਿਚ ਲੈ ਆਉਂਦੀ ਹੈ ਕਿਉਂਕਿ ਗੁਰਬਾਣੀ ਸੰਚਾਰ ਦੇ ਮਾਧਿਅਮ ਦਾ ਸਰਕਾਰੀ ਸਰਪ੍ਰਸਤੀ ਹੇਠ ਚੁਣੇ ਪ੍ਰਬੰਧਕਾਂ ਵਲੋਂ ਕੰਟਰੋਲ ਗੁਰਬਾਣੀ ਉਪਦੇਸ਼ ਵਿਚ ਅਸਬੰਧਤ ਵਿਅਕਤੀਆਂ ਦੀ ਦਖਲਅੰਦਾਜ਼ੀ ਦਾ ਰਾਹ ਖੋਲ੍ਹ ਦਿੰਦਾ ਹੈ। ਮੀਡੀਆ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਮੀਡੀਅਮ ਹੀ ਸੰਦੇਸ਼ ਹੈ (ਮੀਡੀਅਮ ਇਜ਼ ਦੀ ਮੈਸੇਜ), ਜਾਂ ਇਉਂ ਕਹੋ ਕਿ ਗੁਰਦੁਆਰਾ ਹੀ ਗੁਰਬਾਣੀ ਉਪਦੇਸ਼ ਹੈ। ਦੂਜਾ, ਸਰਕਾਰੀ ਕਾਨੂੰਨ ਅਧੀਨ ਚੁਣੇ ਗਏ ਗੁਰਦੁਆਰਾ ਪ੍ਰਬੰਧਕ ਧਰਮ ਸ਼ਾਸਤਰੀ ਜਾਂ ਗੁਰਮਤਿ ਵਿਦਵਾਨ ਨਹੀਂ ਹੁੰਦੇ। ਉਨ੍ਹਾਂ ਦੀ ਚੋਣ ਪ੍ਰਬੰਧਕੀ ਯੋਗਤਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਐਸੇ ਪ੍ਰਬੰਧਕਾਂ ਦਾ ਗੁਰਦੁਆਰੇ ਦੇ ਸਮਾਜਕ ਕਰਤਵਾਂ ਨਾਲ ਹੀ ਸਰੋਕਾਰ ਹੁੰਦਾ ਹੈ, ਅਧਿਆਤਮਕ ਫਰਜ਼ਾਂ ਨਾਲ ਨਹੀਂ। ਇਸੇ ਲਈ ਉਹ ਗੁਰੂਧਾਮਾਂ ਵਿਚ ਗੁਰਬਾਣੀ ਉਪਦੇਸ਼ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ, ਚੜ੍ਹਾਵਾ ਚੜ੍ਹਾਉਣ, ਪਾਠ ਜਾਂ ਕੀਰਤਨ ਸੁਣਨ, ਵਾਹਿਗੁਰੂ ਰਟਣ, ਅੰਮ੍ਰਿਤ ਸੰਚਾਰ, ਸੇਵਾ ਕਰਨ, ਅਖੰਡ ਪਾਠ ਕਰਵਾਉਣ ਅਤੇ ਲੰਗਰ ਛਕਣ ਜੈਸੀਆਂ ਸਮਾਜਕ ਗਤੀਵਿਧੀਆਂ ਤੱਕ ਹੀ ਸੀਮਤ ਕਰ ਦਿੰਦੇ ਹਨ। ਉਨ੍ਹਾਂ ਦੀ ਗੁਰਬਾਣੀ ਉਪਦੇਸ਼ ਦੀ ਸਿਖਿਆ, ਗੁਰਮਤਿ ਸੰਕਲਪਾਂ ਬਾਰੇ ਵਿਚਾਰ ਵਟਾਂਦਰਾ ਅਤੇ ਗੁਰਬਾਣੀ ਵਿਚ ਦੱਸੇ ਜੀਵਨ ਦੀ ਜਾਚ ਸਿਖਾਉਣ ਦੀ ਵਿਵਸਥਾ ਕਰਨ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਗੁਰਮਤਿ ਦੀ ਸਹੀ ਸਿਖਿਆ ਦੀ ਘਾਟ ਕਾਰਨ ਸਿੱਖ ਜਗਤ ਵਿਚ ਗੁਰਬਾਣੀ ਦੇ ਅਧਿਆਤਮਕ ਗਿਆਨ ਬਾਰੇ ਵਿਆਪਕ ਅਗਿਆਨਤਾ ਹੈ ਜਿਸ ਵਿਚ ਸਿੱਖ ਸੰਪਰਦਾਵਾਂ ਅਤੇ ਡੇਰੇ ਨਿਰੰਤਰ ਵਾਧਾ ਕਰੀ ਜਾ ਰਹੇ ਹਨ। ਹੁਣ ਤੇ ਗੁਰਦੁਆਰਿਆਂ ਵਿਚ ਗੁਰਬਾਣੀ ਉਪਦੇਸ਼ ਵਿਰੋਧੀ ਵਿਹਾਰ ਨੂੰ ਵੀ ਗੁਰਬਾਣੀ ਫਰਮਾਨ ਹੀ ਸਮਝ ਲਿਆ ਜਾਂਦਾ ਹੈ ਕਿਉਂਕਿ ਗੁਰਦੁਆਰਾ ਪ੍ਰਬੰਧ ਦੀ ਕਾਨੂੰਨੀ ਅਧੀਨਗੀ ਨੇ ਸਿੱਖ ਵਿਚਾਰਧਾਰਾ ਨੂੰ ਕਾਫੀ ਹੱਦ ਤੱਕ ਸਰਕਾਰੀ ਪ੍ਰਸ਼ਾਸਨ ਦੀ ਸੋਚ ਨਾਲ ਇਕਸੁਰ ਬਣਾ ਦਿੱਤਾ ਹੈ।

ਸਿੱਖ ਆਗੂਆਂ ਵਲੋਂ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਰਕਾਰੀ ਕਾਨੂੰਨ ਦੀ ਮੰਗ ਕਰਨ ਦੇ ਦੋ ਹੀ ਕਾਰਨ ਹੋ ਸਕਦੇ ਸਨ: ਪਹਿਲਾ, ਸਿੱਖਾਂ ਵਿਚ ਆਪਣੇ ਧਰਮ ਅਸਥਾਨਾਂ ਦਾ ਪ੍ਰਬੰਧ ਕਰਨ ਦੀ ਯੋਗਤਾ ਦੀ ਘਾਟ; ਦੂਜਾ, ਸਰਕਾਰ ਤੋਂ ਵੀ ਵੱਡੀ ਕਿਸੇ ਸਿੱਖ ਵਿਰੋਧੀ ਸ਼ਕਤੀ ਦਾ ਗੁਰਦੁਆਰਾ ਪ੍ਰਬੰਧ ਵਿਚ ਦਖਲ ਦੇਣ ਦਾ ਡਰ।

ਗੁਰਦੁਆਰਾ ਕਾਨੂੰਨ ਦੇ ਪਿਛੋਕੜ ਨੂੰ ਪੜਤਾਲਿਆਂ ਪਤਾ ਚਲਦਾ ਹੈ ਕਿ 15-16 ਨਵੰਬਰ 1920 ਨੂੰ ਅਕਾਲ ਤਖਤ 'ਤੇ ਇਕ ਸਰਬਤ ਖਾਲਸਾ ਸੱਦਿਆ ਗਿਆ ਸੀ ਜਿਸ ਨੇ 175 ਮੈਂਬਰਾਂ ਨੂੰ ਚੁਣ ਕੇ ਇਕ ਸੰਸਥਾ ਸਥਾਪਤ ਕੀਤੀ ਸੀ ਜੋ 30 ਅਪਰੈਲ 1921 ਨੂੰ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਨਾਂ ਹੇਠ ਰਜਿਸਟਰ ਹੋਈ। ਉਸ ਸ਼੍ਰੋਮਣੀ ਕਮੇਟੀ ਨੇ ਬਾਬਾ ਖੜਕ ਸਿੰਘ ਦੀ ਅਗਵਾਈ ਹੇਠ ਇਤਿਹਾਸਕ ਗੁਰਦੁਆਰਿਆਂ ਨੂੰ ਉਦਾਸੀ ਅਤੇ ਨਿਰਮਲੇ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਵਿੱਢੀ ਸੀ ਅਤੇ ਮਹੰਤਾਂ ਦੀ ਹਿਤੈਸ਼ੀ ਅੰਗ੍ਰੇਜ਼ ਸਰਕਾਰ ਦੇ ਅਣਮਨੁੱਖੀ ਤਸ਼ੱਦਦ ਝੱਲਦਿਆਂ ਇਤਿਹਾਸਕ ਗੁਰਦੁਆਰੇ ਆਜ਼ਾਦ ਕਰਵਾਉਣ ਦੇ ਉਦੇਸ਼ ਵਿਚ ਸਫਲਤਾ ਪ੍ਰਾਪਤ ਕੀਤੀ ਸੀ ਜਿਸ ਦੀ ਸਾਰੇ ਭਾਰਤ ਵਿਚ ਪ੍ਰਸ਼ੰਸਾ ਹੋਈ ਸੀ ਅਤੇ ਅੰਗ੍ਰੇਜ਼ ਸਰਕਾਰ ਨੂੰ ਨਮੋਸ਼ੀ ਝਲਣੀ ਪਈ ਸੀ।

ਆਮ ਸਿੱਖ ਸਮਝਦਾ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਦੀ ਸਫਲਤਾ ਪਿਛੋਂ ਉਸ ਸ਼੍ਰੋਮਣੀ ਕਮੇਟੀ ਨੂੰ ਹੀ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਪ੍ਰਬੰਧਕੀ ਜ਼ਿਮੇਵਾਰੀ ਮਿਲ ਗਈ ਹੋਵੇਗੀ, ਪਰ ਐਸਾ ਨਹੀਂ ਹੋਇਆ ਸੀ। ਮਹੰਤਾਂ ਦੇ ਕੰਟਰੋਲ ਤੋਂ ਆਜ਼ਾਦ ਹੋਏ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਇਕ ਵਖਰੇ "ਸਿੱਖ ਗੁਰਦੁਆਰਾ ਐਕਟ, 1925" ਅਧੀਨ ਬਣੇ ਸੈਂਟਰਲ ਬੋਰਡ ਨੂੰ ਸੌਂਪਿਆ ਗਿਆ। ਇਸ ਬੋਰਡ ਨੇ 1921 ਵਿਚ ਬਣੀ ਗ਼ੈਰ-ਸਰਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਦਿੱਤੀਆਂ ਲਾਸਾਨੀ ਕੁਰਬਾਨੀਆਂ ਦਾ ਲਾਹਾ ਲੈਣ ਅਤੇ ਸਿੱਖ ਸ਼ਰਧਾਲੂਆਂ ਨੂੰ ਭੁਲੇਖੇ ਪਾਉਣ ਲਈ ਆਪਣਾ ਨਾਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਰੱਖ ਲਿਆ ਸੀ, ਜੋ ਇਕ ਅਨੈਤਿਕ ਕਾਰਵਾਈ ਸੀ। ਉਸ ਸਮੇਂ ਦੇ ਬਹੁਤੇ ਸਿੱਖ ਆਗੂ 1921 ਵਿਚ ਸਰਬਤ ਖਾਲਸਾ ਵਲੋਂ ਚੁਣੀ ਗਈ ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਾ ਪ੍ਰਬੰਧ ਸੌਂਪਣ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੂੰ ਯਕੀਨ ਨਹੀਂ ਸੀ ਕਿ ਸਿੱਖ ਸੁਤੰਤਰ ਰਹਿ ਕੇ ਪ੍ਰਬੰਧ ਸੰਭਲ ਸਕਦੇ ਹਨ। ਇਸੇ ਲਈ ਉਹ ਅੰਗ੍ਰੇਜ਼ੀ ਸਰਕਾਰ ਦੀ ਕਾਨੂੰਨੀ ਸਰਪ੍ਰਸਤੀ ਦੀ ਮੰਗ ਕਰਦੇ ਸਨ। ਗੁਰਦੁਆਰਾ ਐਕਟ ਬਣਨ 'ਤੇ ਕੁੱਝ ਸਿੱਖ ਵਿਦਵਾਨਾਂ, ਇਤਿਹਾਸਕਾਰਾਂ, ਪੁਜਾਰੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਕਾਰਕੁਨਾਂ ਨੇ ਉਸ ਨੂੰ ਸਿੱਖ ਪੰਥ ਦੀ ਬਹੁਤ ਵੱਡੀ ਜਿੱਤ ਦੱਸਿਆ ਸੀ, ਅਤੇ ਸੈਂਟਰਲ ਬੋਰਡ ਨੂੰ ਸਿੱਖ ਪਾਰਲੀਮੈਂਟ ਅਤੇ ਰਾਜ ਵਿਚ ਰਾਜ ਆਖਿਆ ਸੀ।

ਗੁਰਦੁਆਰਾ ਸੁਧਾਰ ਲਹਿਰ ਵਿਚ ਜੂਝ ਰਹੇ ਸਿੱਖ ਸ਼ਰਧਾਲੂਆਂ ਦਾ ਵਿਸ਼ਵਾਸ ਸੀ ਕਿ ਉਹ ਇਤਿਹਾਸਕ ਗੁਰਦੁਆਰਿਆਂ ਵਿਚ ਗੁਰਬਾਣੀ ਦੇ ਸੰਚਾਰ ਲਈ ਅਤੇ ਸਿਖਿਆ ਦੀ ਉਚਿਤ ਵਿਵਸਥਾ ਵਾਸਤੇ ਸੰਘਰਸ਼ ਕਰ ਰਹੇ ਹਨ। ਉਹ ਚਾਹੁੰਦੇ ਸਨ ਕਿ ਗੁਰੂ ਕਾਲ ਵਿਚ ਪ੍ਰਚਲਿਤ ਧਰਮਸਾਲਾਂ ਅਤੇ "ਏਕੋ ਨਾਮ ਵਖਾਣੀਐ" ਨੂੰ ਸਮਰਪਿਤ ਸਤ ਸੰਗਤਿ ਜੈਸੀਆਂ ਪਰੰਪਰਾਵਾਂ ਮੁੜ ਸੁਰਜੀਤ ਹੋ ਜਾਣ। ਪਰ ਬਹੁਤੇ ਸਿੱਖ ਆਗੂ ਪੱਛਮੀ ਵਿਚਾਰਧਾਰਾ ਤੋਂ ਪ੍ਰਭਾਵਤ ਅੰਗ੍ਰੇਜ਼ੀ ਸਿਖਿਆ ਪ੍ਰਾਪਤ ਧਨਾਢ ਤੇ ਅੰਗ੍ਰੇਜ਼ਪ੍ਰਸਤ ਸਨ। ਉਹ ਗੁਰਦੁਆਰਿਆਂ ਨੂੰ ਸਨਾਤਨੀ ਪ੍ਰਭਾਵ ਤੋਂ ਮੁਕਤ ਕਰਾ ਕੇ ਗੁਰਮਤਿ ਅਨੁਕੂਲ ਵਿਹਾਰ ਮੁੜ ਸੁਰਜੀਤ ਕਰਨ ਦੀ ਥਾਂ ਪੱਛਮੀ ਧਾਰਮਕ ਚਿੰਤਕਾਂ ਦੀ ਪਸੰਦ ਦਾ ਵਾਤਾਵਰਣ ਸਿਰਜਣ ਦੇ ਚਾਹਵਾਨ ਸਨ।

ਜਿਨ੍ਹਾਂ ਇਤਿਹਾਸਕ ਗੁਰਦੁਆਰਿਆਂ ਨੂੰ ਸਿੱਖ ਆਗੂ ਸੁਧਾਰਨ ਦਾ ਯਤਨ ਕਰ ਰਹੇ ਸਨ ਉਨ੍ਹਾਂ ਵਿਚ ਲਗਭਗ ਦੋ ਸੌ ਸਾਲ ਤੋਂ ਸਨਾਤਨੀ ਧਾਰਮਕ ਰੀਤਾਂ ਅਤੇ ਕਰਮ ਕਾਂਡ ਪ੍ਰਚਲਿਤ ਸਨ ਕਿਉਂਕਿ ਬੰਦਾ ਬਹਾਦਰ ਦੀ ਮੁਗ਼ਲ ਸਾਸ਼ਨ ਵਿਰੁਧ ਜੰਗ ਪਿਛੋਂ ਸਾਰੇ ਹੀ ਗੁਰ ਅਸਥਾਨਾਂ 'ਤੇ ਮੀਣਿਆਂ, ਗੁਰ ਪਰਿਵਾਰਾਂ ਦੇ ਗੁਰੂ ਸਾਹਿਬਾਨ ਵਿਰੋਧੀ ਜੀਆਂ, ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਕਬਜ਼ੇ ਹੋ ਗਏ ਸਨ। ਉਹ ਗੁਰਦੁਆਰਿਆਂ ਵਿਚ ਸ਼ਰਧਾਲੂਆਂ ਦੀਆਂ ਇਛਾਵਾਂ ਦੀ ਤ੍ਰਿਪਤੀ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤਾਂ ਕਰਦੇ ਸਨ ਪਰ ਉਨ੍ਹਾਂ ਦਾ ਵਿਹਾਰ ਗੁਰਬਾਣੀ ਉਪਦੇਸ਼ ਦੇ ਵਿਪਰੀਤ ਸਨਾਤਨੀ ਰੀਤਾਂ ਅਤੇ ਕਰਮ ਕਾਂਡੀ ਹੁੰਦਾ ਸੀ। ਉਨ੍ਹਾਂ ਦੇ ਵਿਦਵਾਨ ਜਨਮ ਸਾਖੀਆਂ, ਗੁਰ ਬਿਲਾਸ ਅਤੇ ਪਰੰਪਰਾਗਤ ਇਤਿਹਾਸ ਰਚ ਕੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਗੁਰਬਾਣੀ ਉਪਦੇਸ਼ ਬਾਰੇ ਗ਼ਲਤ ਫਹਿਮੀਆਂ ਫੈਲਾਉਂਦੇ ਸਨ। ਉਹ ਆਪਣੇ ਅਖਾੜਿਆਂ ਅਤੇ ਗੁਰਦੁਆਰਿਆਂ ਵਿਚ ਗੁਰਬਾਣੀ ਦੀ ਵਿਆਖਿਆ ਵੇਦਾਂਤਕ ਮੁਹਾਵਰੇ ਅਤੇ ਬ੍ਰਾਹਮਣਵਾਦੀ ਸੋਚ ਅਨੁਸਾਰ ਕਰਦੇ ਸਨ।

ਅਸਲ ਵਿਚ ਗੁਰਮਤਿ ਉਪਦੇਸ਼ ਦਾ ਵਿਰੋਧ ਗੁਰ ਪਰਿਵਾਰ ਦੇ ਜੀਆਂ ਵਲੋਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ ਜੋ ਬੰਦਾ ਬਹਾਦਰ ਮਗਰੋਂ ਵਿਆਪਕ ਰੂਪ ਧਾਰ ਗਿਆ। ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀ ਗੁਰਬਾਣੀ ਉਪਦੇਸ਼ ਦੇ ਵਿਰੁਧ ਪਖੰਡ, ਨਿੱਜੀ ਪ੍ਰਸਿੱਧੀ ਅਤੇ ਲਾਭ ਵਿਚ ਵਿਸ਼ਵਾਸ ਰਖਦੇ ਸਨ ਜਿਸ ਲਈ ਉਹ ਗੁਰਿਆਈ ਨੂੰ ਗੱਦੀ ਅਤੇ ਗੱਦੀ ਨੂੰ ਸੰਪੱਤੀ ਦੀ ਮਾਲਕ ਸਮਝਦੇ ਸਨ। ਗੁਰਿਆਈ ਹਥਿਆਉਣ ਲਈ ਉਹ ਪੋਥੀ ਸਾਹਿਬ ਦੀ ਵਰਤੋਂ ਕਰਦੇ ਸਨ। ਉਨ੍ਹਾਂ ਅਨੁਸਾਰ ਗ੍ਰੰਥ ਜਾਂ ਪੋਥੀ ਸਾਹਿਬ ਗੁਰਿਆਈ ਦਾ ਅੱਵਸ਼ਕ ਚਿੰਨ੍ਹ ਸੀ ਅਤੇ ਪੋਥੀ ਸਾਹਿਬ ਦਾ ਮਾਲਕ ਹੀ ਗੁਰੂ ਬਣਨ ਦਾ ਅਧਿਕਾਰੀ ਸੀ। ਅਜਿਹੀ ਸੋਚ ਸਦਕਾ ਹੀ ਗੁਰੂ ਅੰਗਦ ਸਾਹਿਬ ਨੂੰ ਕਰਤਾਰਪੁਰ, ਗੁਰੂ ਅਮਰ ਦਾਸ ਨੂੰ ਖਡੂਰ ਸਾਹਿਬ, ਗੁਰੂ ਰਾਮਦਾਸ ਨੂੰ ਗੋਇੰਦਵਾਲ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਅੰਮ੍ਰਿਤਸਰ ਛਡ ਕੇ ਨਵੇਂ ਪ੍ਰਚਾਰ ਟਿਕਾਣੇ ਸਥਾਪਤ ਕਰਨੇ ਪਏ ਸਨ।

ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਮੂਲ ਕਾਰਨ ਵੀ ਪ੍ਰਿਥੀ ਚੰਦ ਦਾ ਗੁਰਗੱਦੀ ਅਤੇ ਸੰਪੱਤੀ ਦੀ ਮਲਕੀਅਤ ਦਾ ਮੁਤਾਲਬਾ ਸੀ। ਗੁਰਗੱਦੀ ਅਤੇ ਪੋਥੀ ਸਾਹਿਬ ਨੂੰ ਲੈ ਕੇ ਹੀ ਗੁਰੂ ਤੇਗ ਬਹਾਦਰ ਸਾਹਿਬ 'ਤੇ ਗੋਲੀ ਚਲਾਈ ਗਈ ਸੀ। ਧੀਰ ਮੱਲ ਦੇ ਵਾਰਸਾਂ ਨੇ ਕਰਤਾਰਪੁਰੀ ਬੀੜ ਵਿਚ ਆਪਣੇ ਪਰਿਵਾਰ ਦੇ ਗੁਰਗੱਦੀ 'ਤੇ ਪੱਕੇ ਹੱਕ ਦਾ ਇੰਦਰਾਜ ਕਰ ਲਿਆ ਸੀ। ਇਥੋਂ ਹੀ ਸਿੱਖ ਧਰਮ ਵਿਚ ਬਾਣੀ ਦੇ ਗ੍ਰੰਥ ਨੂੰ ਗੁਰੂ ਮੰਨ ਕੇ ਉਸ ਦੀ ਮੂਰਤੀ ਪੂਜਾ ਹੋਣੀ ਸ਼ੁਰੂ ਹੋਈ ਸੀ। ਗਿਆਨੀ ਗਿਆਨ ਸਿੰਘ ਨੇ ਇਸੇ ਪ੍ਰਥਾ ਨੂੰ ਮੁੱਖ ਰੱਖ ਕੇ "ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ। ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ" ਦਾ ਦੋਹਰਾ ਰਚਿਆ ਸੀ।

ਗੁਰਮਤਿ ਵਿਰੋਧੀਆਂ ਦੀ ਸੋਚ ਦੇ ਵਿਪਰੀਤ ਗੁਰੂ ਸਾਹਿਬਾਨ ਕੇਵਲ ਬਾਣੀ ਜਾਂ ਸ਼ਬਦ ਨੂੰ ਹੀ ਗੁਰੂ ਮੰਨਦੇ ਸਨ। ਗੁਰਬਾਣੀ ਵਿਚ ਬਾਣੀ ਅਤੇ ਸ਼ਬਦ ਦੇ ਗੁਰੂ ਹੋਣ ਦੇ ਅਨੇਕਾਂ ਪ੍ਰਮਾਣ ਹਨ। ਕੁੱਝ ਕੁ ਕਥਨ ਇਸ ਪ੍ਰਕਾਰ ਹਨ: "ਬਾਣੀ ਗੁਰੂ ਗੁਰੂ ਹੈ ਬਾਣੀ" (ਗੁਰੂ ਰਾਮਦਾਸ ਜੀ),"ਖਸਮ ਕੀ ਬਾਣੀ", "ਧੁਰ ਕੀ ਬਾਣੀ" ਅਤੇ "ਸਬਦੁ ਗੁਰੂ ਸੁਰਤਿ ਧੁਨਿ ਚੇਲਾ", "ਸਬਦੁ ਦੀਪਕ ਵਰਤੈ ਤਿਹੁ ਲੋਇ" ਆਦਿ। ਗੁਰਬਾਣੀ ਗ੍ਰੰਥ ਸਾਹਿਬ ਨੂੰ "ਪੋਥੀ ਪਰਮੇਸਰ ਕਾ ਥਾਨ" ਆਖਦੀ ਹੈ, ਪੋਥੀ ਸਾਹਿਬ ਨੂੰ ਗੁਰੂ ਦੀ ਪਦਵੀ ਨਹੀਂ ਦਿੰਦੀ। ਗੁਰੂ ਗੋਬਿੰਦ ਸਿੰਘ ਨੇ ਵੀ ਦਮਦਮੀ ਬੀੜ ਵਿਚ ਅੰਕਿਤ ਅਬਨਾਸ਼ੀ ਗੁਰਬਾਣੀ ਨੂੰ ਹੀ ਗੁਰੂ ਐਲਾਨਿਆ ਸੀ।

ਸਿੱਖ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪਹਿਲੋਂ ਮਹੰਤ ਗੁਰਦੁਆਰਿਆਂ ਦੀ ਜਾਇਦਾਦ ਦੇ ਮਾਲਕ ਹੁੰਦੇ ਸਨ। ਐਕਟ ਬਣਨ ਨਾਲ ਉਨ੍ਹਾਂ ਦੀ ਮਾਲਕੀ ਖਤਮ ਹੋ ਗਈ ਸੀ ਅਤੇ ਆਮ ਸਿੱਖ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਚੋਣ ਵਿਚ ਵੋਟ ਪਾਉਣ ਦਾ ਹੱਕ ਮਿਲ ਗਿਆ ਸੀ। ਐਕਟ ਵਿਚ ਸ਼੍ਰੋਮਣੀ ਕਮੇਟੀ ਨੂੰ ਪ੍ਰਬੰਧਕੀ ਅਤੇ ਵਿੱਤੀ ਅਧਿਕਾਰ ਦਿੱਤੇ ਗਏ ਸਨ। ਇਸ ਦੇ ਮੈਂਬਰ ਪ੍ਰਬੰਧਕ ਸਨ, ਮਾਲਕ ਨਹੀਂ। ਇਸ ਐਕਟ ਨੇ ਗੁਰਦੁਆਰਿਆਂ 'ਤੇ ਸਿੱਖਾਂ ਦੇ ਅਧਿਕਾਰ ਨੂੰ ਪ੍ਰਬੰਧ ਤੱਕ ਸੀਮਤ ਕਰ ਦਿੱਤਾ ਸੀ।

ਮਨੋਰਥ ਪੱਖੋਂ ਗੁਰਦੁਆਰੇ ਦੀ ਤੁਲਨਾ ਸਕੂਲ, ਕਾਲਜ ਜਾਂ ਯੂਨੀਵਰਸਿਟੀ ਨਾਲ ਕੀਤੀ ਜਾ ਸਕਦੀ ਹੈ ਕਿਉਂਕਿ ਗੁਰਦੁਆਰਾ ਮੁੱਖ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਗਿਆਨ ਦੀ ਸਿਖਿਆ ਅਤੇ ਸੰਚਾਰ ਲਈ ਬਣਾਇਆ ਜਾਂਦਾ ਹੈ। ਹਰ ਸਿਖਿਆ ਅਦਾਰੇ ਦੇ ਤਿੰਨ ਜ਼ਰੂਰੀ ਅੰਗ ਹਨ- ਸਿਖਿਆਰਥੀ, ਅਧਿਆਪਕ ਅਤੇ ਪ੍ਰਬੰਧਕ। ਪਰ ਸ਼੍ਰੋਮਣੀ ਕਮੇਟੀ ਅਧੀਨ ਗੁਰਦੁਆਰਿਆਂ ਵਿਚ ਕੇਵਲ ਸ਼ਰਧਾਲੂ, ਪ੍ਰਬੰਧਕ ਅਤੇ ਗੁਰਦੁਆਰੇ ਦੀ ਸੰਭਾਲ ਕਰਨ ਵਾਲੇ ਪੁਜਾਰੀ ਹੀ ਹੁੰਦੇ ਹਨ, ਧਰਮ ਸ਼ਾਸਤਰੀ, ਵਿਦਵਾਨ ਜਾਂ ਸਿਖਿਅਕ ਨਹੀਂ ਹੁੰਦੇ ਜਿਨ੍ਹਾਂ ਦੀ ਅਣਹੋਂਦ ਕਾਰਨ ਉਹ ਆਪਣੇ ਮੁੱਖ ਮਨੋਰਥ ਗੁਰਮਤਿ ਸੰਚਾਰ ਦੇ ਸਮਰਥ ਨਹੀਂ ਹਨ ਅਤੇ ਧਾਰਮਕ ਰਹੁ ਰੀਤਾਂ, ਕਰਮ ਕਾਂਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਰਾਹੀਂ ਸ਼ਰਧਾਲੂਆਂ ਨੂੰ ਸੰਤੁਸ਼ਟ ਕਰਨ ਦਾ ਯਤਨ ਕਰਦੇ ਹਨ। ਗੁਰਦੁਆਰਾ ਪ੍ਰਬੰਧ ਦੀ ਕਾਨੂੰਨੀ ਸਰਪ੍ਰਸਤੀ ਨੇ ਇਨ੍ਹਾਂ ਦਾ ਮਨੋਰਥ ਬਦਲ ਦਿੱਤਾ ਹੈ।

ਅਧਿਆਤਮਕ ਗਿਆਨ ਦੀ ਸਿਖਿਆ ਅਤੇ ਸੰਚਾਰ ਧਰਮ ਸ਼ਾਸਤਰੀਆਂ ਤੇ ਵਿਦਵਾਨਾਂ ਦਾ ਕਰਤਵ ਹੈ। ਵਿਦੇਸ਼ਾਂ ਅਤੇ ਭਾਰਤ ਵਿਚ ਕਈ ਉਘੇ ਸਿੱਖ ਵਿਦਵਾਨ ਹਨ ਪਰ ਵਿਦਵਾਨਾਂ ਦੀ ਸਥਾਨਕ, ਕੌਮੀ ਜਾਂ ਕੌਮਾਂਤਰੀ ਪੱਧਰ ਦੀ ਸੰਸਥਾ ਨਾ ਹੋਣ ਕਾਰਨ ਉਨ੍ਹਾਂ ਨੂੰ ਸਾਂਝੇ ਮੰਚ ਤੋਂ ਵਿਚਾਰ ਵਟਾਂਦਰਾ ਕਰਨ ਦੀ ਸੁਵਿਧਾ ਪ੍ਰਾਪਤ ਨਹੀਂ ਹੈ। ਇਹ ਘਾਟ ਗੁਰਬਾਣੀ ਉਪਦੇਸ਼ ਦੇ ਪ੍ਰਮਾਣੀਕਰਨ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਕਈ ਯੂਨੀਵਰਸਿਟੀਆਂ ਨੇ ਸਿੱਖ ਧਰਮ ਵਿਭਾਗ ਸਥਾਪਤ ਕੀਤੇ ਹੋਏ ਹਨ ਪਰ ਇਸ ਦੀ ਵਿਸ਼ੇ ਪ੍ਰਣਾਲੀ ਅਤੇ ਅਕਾਦਮਿਕ ਵਾਤਾਵਰਣ ਵਿਚ ਅਧਿਆਤਮਕ ਗਿਆਨ ਨੂੰ ਯੋਗ ਸਥਾਨ ਪ੍ਰਾਪਤ ਨਹੀਂ ਹੈ, ਇਸ ਲਈ ਉਥੇ ਅਧਿਆਤਮਕ ਗਿਆਨ ਨੂੰ ਫਿਲਾਸਫੀ ਅਤੇ ਇਤਿਹਾਸ ਦੇ ਵਿਸ਼ਿਆਂ ਦਾ ਭਾਗ ਮਿਥ ਕੇ ਇਸ ਦਾ ਅਧਿਐਨ ਅਤੇ ਖੋਜ ਕੀਤੀ ਜਾਂਦੀ ਹੈ। ਗੁਰਬਾਣੀ ਦਾ ਅਧਿਆਤਮਕ ਗਿਆਨ ਫਿਲਾਸਫੀ ਦਾ ਵਿਸ਼ਾ ਨਹੀ ਹੈ। ਇਸ ਦੇ ਤਿੰਨ ਮੁੱਖ ਅੰਗ ਹਨ- ਪ੍ਰਭੂ ਦੀ ਏਕਤਾ, ਵਿਆਪਕਤਾ ਅਤੇ ਗੁਣ; ਨਿਰੰਤਰ ਬਦਲ ਰਹੇ ਵਿਨਾਸ਼ੀ ਤ੍ਰੈਗੁਣੀ ਸੰਸਾਰ ਵਿਚ ਮਾਇਆ ਦਾ ਵਿਆਪਕ ਪ੍ਰਭਾਵ ਅਤੇ ਮਨੁੱਖੀ ਮਨ ਦੀ ਹਉਮੈ ਨੂੰ ਵਸ ਕਰਨ ਅਤੇ ਆਪਣੇ ਅਸਲੇ ਪ੍ਰਭੂ ਨਾਲ ਮਿਲਾਪ ਦੀ ਅਸਮਰਥਾ ਨੂੰ ਸਰ ਕਰਨ ਦੀ ਵਿਧੀ। ਇਨ੍ਹਾਂ ਵਿਸ਼ਿਆਂ 'ਤੇ ਉਪਲਬਧ ਸਾਹਿਤ ਦੀ ਘਾਟ ਹੈ ਜਿਸ ਨੂੰ ਪੂਰਾ ਕਰਨ ਲਈ ਡੂੰਘੀ ਖੋਜ ਦੀ ਲੋੜ ਹੈ।

ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਵਿਚ ਗੁਰਬਾਣੀ ਉਪਦੇਸ਼ ਨੂੰ ਨਜ਼ਰਅੰਦਾਜ਼ ਕਰਦੀ ਹੈ ਪਰ ਸਿੱਖ ਜਗਤ ਵਿਚ ਗੁਰਬਾਣੀ, ਉਸ ਦੀ ਵਿਚਾਰਧਾਰਾ ਅਤੇ ਵਿਆਖਿਆ ਨੂੰ ਆਪਣਾ ਰਾਖਵਾਂ ਖੇਤਰ ਸਮਝਦੀ ਹੈ। ਗੁਰਬਾਣੀ ਅਤੇ ਉਸ ਨਾਲ ਸਬੰਧਤ ਵਿਸ਼ਿਆਂ 'ਤੇ ਆਪਣਾ ਕੰਟਰੋਲ ਕਾਇਮ ਕਰਨ ਲਈ ਇਸ ਨੇ ਆਪਣੇ ਮੁਲਾਜ਼ਮਾਂ ਦੀ ਅਗਵਾਈ ਹੇਠ ਇਕ ਜਥੇਦਾਰੀ ਸੰਸਥਾ ਦਾ ਗਠਨ ਕੀਤਾ ਹੋਇਆ ਹੈ ਜਿਸ ਨੂੰ ਅਕਾਲ ਤਖਤ ਨਾਲ ਜੋੜ ਕੇ ਪਵਿਤਰਤਾ ਦੇਣ ਦਾ ਯਤਨ ਕੀਤਾ ਗਿਆ ਹੈ।

ਇਸ ਸੰਸਥਾ ਦੇ ਜਥੇਦਾਰ ਗੁਰਮਤਿ ਦੇ ਵਿਦਵਾਨ ਨਹੀਂ ਹਨ ਪਰ ਉਹ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਸੈਂਸਰ ਕਰਨ ਦਾ ਹੱਕ ਜਤਾਉਂਦੇ ਹਨ ਅਤੇ ਉਨ੍ਹਾਂ ਨੇ ਕਈ ਭਾਰਤੀ ਅਤੇ ਵਿਦੇਸ਼ੀ ਸਿੱਖ ਵਿਦਵਾਨਾਂ ਨੂੰ ਤਲਬ ਕਰਕੇ ਤਨਖਾਹ ਵੀ ਲਾਈ। ਉਨ੍ਹਾਂ ਦੇ ਭੈ ਕਾਰਨ ਹੀ ਕਈ ਸਿੱਖ ਵਿਦਵਾਨ ਖੁਲ੍ਹ ਕੇ ਲਿਖਣ ਤੋਂ ਸੰਕੋਚ ਕਰਦੇ ਹਨ। ਇਹ ਜਥੇਦਾਰੀ ਸੰਸਥਾ ਗੁਰਬਾਣੀ ਵਿਚਾਰਧਾਰਾ ਦੇ ਵਾਧੇ, ਵਿਕਾਸ ਅਤੇ ਸੰਚਾਰ ਵਿਚ ਭਾਰੀ ਰੁਕਾਵਟ ਬਣੀ ਹੋਈ ਹੈ। ਭਾਵੇਂ ਸਿੱਖ ਗੁਰਦੁਆਰਾ ਐਕਟ ਵਿਚ ਸ਼੍ਰੋਮਣੀ ਕਮੇਟੀ ਨੂੰ ਕੋਈ ਨਿਆਂ ਅਧਿਕਾਰ ਨਹੀਂ ਦਿੱਤਾ ਗਿਆ ਪਰ ਇਹ ਜਥੇਦਾਰੀ ਸੰਸਥਾ ਕੋਰਟ ਬਣ ਕੇ ਸਿੱਖ ਧਰਮ ਦੇ ਮਸਲਿਆਂ ਅਤੇ ਗੁਰਮਤਿ ਰਚਨਾਵਾਂ ਦੀ ਯੋਗਤਾ ਦੇ ਫੈਸਲੇ ਕਰਦੀ ਹੈ। ਜੋ ਅਧਿਕਾਰ ਕਾਨੂੰਨ ਨੇ ਪਿਤਰੀ ਸੰਸਥਾ ਨੂੰ ਨਹੀਂ ਦਿੱਤਾ, ਉਸ ਦੀ ਵਰਤੋਂ ਉਸ ਦੇ ਮੁਲਾਜ਼ਮਾਂ ਵਲੋਂ ਕੀਤੇ ਜਾਣਾ ਗ਼ੈਰ-ਕਾਨੂੰਨੀ ਹੈ।

ਸ਼੍ਰੋਮਣੀ ਕਮੇਟੀ ਦੀ ਗੁਰਬਾਣੀ ਉਪਦੇਸ਼ ਪ੍ਰਤੀ ਬੇਰੁਖੀ ਪੰਜਾਬ ਵਿਚ ਵਿਭਿੰਨ ਸੰਪਰਦਾਵਾਂ ਅਤੇ ਡੇਰਾ ਸਭਿਆਚਾਰ ਨੂੰ ਉਤਸ਼ਾਹਿਤ ਕਰਦੀ ਆ ਰਹੀ ਹੈ। ਜੋ ਕੰਮ ਇਤਿਹਾਸਕ ਗੁਰਦੁਆਰਿਆਂ ਵਿਚ ਹੋਣਾ ਚਾਹੀਦਾ ਸੀ, ਉਹ ਕੰਮ ਸੰਪਰਦਾਵਾਂ ਅਤੇ ਡੇਰੇ ਕਰਨ ਦਾ ਪਖੰਡ ਰਚ ਕੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਗੁਮਰਾਹ ਕਰ ਰਹੇ ਹਨ। ਕੁੱਝ ਮਿਸ਼ਨਰੀ ਸੰਸਥਾਵਾਂ ਜ਼ਰੂਰ ਗੁਰਬਾਣੀ ਬਾਰੇ ਚੇਤੰਨਤਾ ਪੈਦਾ ਕਰਨ ਦਾ ਉਪਰਾਲਾ ਕਰ ਰਹੀਆਂ ਹਨ। ਕਰੀਬ ਸਾਰੀਆਂ ਸਿੱਖ ਸੰਪਰਦਾਵਾਂ ਅਤੇ ਡੇਰਿਆਂ ਨਾਲ ਸ਼੍ਰੋਮਣੀ ਕਮੇਟੀ ਦੀ ਸੰਮਤੀ ਹੈ।

ਸ਼੍ਰੋਮਣੀ ਕਮੇਟੀ ਦਾ ਆਧਾਰ ਜਮਹੂਰੀ ਹੈ ਅਤੇ ਇਸ ਦੀ ਚੋਣ ਸਿੱਖ ਵੋਟਰ ਕਰਦੇ ਹਨ ਪਰ ਇਸ ਦਾ ਵਿਹਾਰ ਜਮਹੂਰੀ ਹੋਣ ਦੀ ਥਾਂ ਤਾਨਾਸ਼ਾਹੀ ਹੈ। ਵੋਟਰਾਂ ਨਾਲ ਇਸ ਦਾ ਕੋਈ ਸੰਪਰਕ ਨਹੀਂ ਹੈ ਅਤੇ ਨਾ ਹੀ ਇਹ ਉਨ੍ਹਾਂ ਨਾਲ ਕੋਈ ਜਾਣਕਾਰੀ ਸਾਂਝੀ ਕਰਦੀ ਹੈ। ਇਸ ਦੇ ਬਹੁਤੇ ਮੈਂਬਰਾਂ ਨੂੰ ਵੀ ਇਸ ਦੀ ਕਾਰਗੁਜ਼ਾਰੀ ਦਾ ਪੂਰਾ ਪਤਾ ਨਹੀਂ ਹੁੰਦਾ। ਇਸ ਦੀਆਂ ਮੀਟਿੰਗਾਂ ਵਿਚ ਬਹਿਸ ਕਰਨ, ਸਵਾਲ ਪੁਛਣ ਜਾਂ ਆਲੋਚਨਾ ਕਰਨ ਦੀ ਖੁਲ੍ਹ ਨਹੀਂ ਹੈ। ਅਸਲ ਵਿਚ ਸ਼੍ਰੋਮਣੀ ਕਮੇਟੀ ਨੇ ਜਥੇਦਾਰੀ ਸੰਸਥਾ ਦਾ ਗਠਨ ਆਪਣੀ ਕਾਰਗੁਜ਼ਾਰੀ ਦੀ ਆਲੋਚਨਾ ਰੋਕਣ ਅਤੇ ਸਿੱਖ ਜਗਤ ਵਿਚ ਆਪਣੀ ਨਾਜਾਇਜ਼ ਚੌਧਰ ਬਣਾਉਣ ਲਈ ਕੀਤਾ ਸੀ ਪਰ ਇਸ ਨੇ ਸਿੱਖ ਧਾਰਮਕ ਵਿਚਾਰਾਂ ਨੂੰ ਸੈਂਸਰ ਕਰਨ ਅਤੇ ਲੇਖਕਾਂ ਨੂੰ ਧਮਕਾਉਣ ਦਾ ਕੰਮ ਵੀ ਸ਼ੁਰੂ ਕਰ ਲਿਆ ਹੈ।

ਗੁਰੂ ਸਾਹਿਬਾਨ ਗੁਰਬਾਣੀ ਉਪਦੇਸ਼ ਦੇ ਸੰਚਾਰ ਨੂੰ ਕਾਨੂੰਨ ਅਧੀਨ ਕਰਨ ਦੇ ਸਮਰਥਕ ਨਹੀਂ ਸਨ। ਗੁਰੂ ਸਾਹਿਬਾਨ ਮੁਗ਼ਲ ਬਾਦਸ਼ਾਹਾਂ ਅਤੇ ਸਾਸ਼ਨ ਦਾ ਬਣਦਾ ਸਤਿਕਾਰ ਅਤੇ ਇਸ ਦੇ ਨਿਯਮਾਂ ਦੀ ਪਾਲਨਾ ਕਰਦੇ ਸਨ ਪਰ ਉਨ੍ਹਾਂ ਤੋਂ ਕਿਸੇ ਪ੍ਰਕਾਰ ਦੀ ਮਦਦ ਲੈਣ ਦੇ ਵਿਰੁਧ ਸਨ। ਉਹ ਮੁਗ਼ਲ ਸਾਸ਼ਨ ਦੀਆਂ ਅਮਾਨਵੀ ਨੀਤੀਆਂ ਦਾ ਵਿਰੋਧ ਵੀ ਕਰਦੇ ਸਨ। ਗੁਰੂ ਸਾਹਿਬਾਨ ਦਾ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਵਿਚ ਦ੍ਰਿੜ੍ਹ ਵਿਸ਼ਵਾਸ ਸੀ ਅਤੇ ਉਹ ਗੁਰਬਾਣੀ ਸੰਚਾਰ ਲਈ ਕਾਨੂੰਨੀ ਅਧੀਨਗੀ ਕਿਸੇ ਕੀਮਤ 'ਤੇ ਵੀ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ।

ਇਸ ਲੇਖ ਵਿਚ ਗੁਰਬਾਣੀ ਸੰਚਾਰ ਦੇ ਪ੍ਰਬੰਧ ਦੀ ਗੁਰਬਾਣੀ ਵਿਰੋਧੀ ਸਰਕਾਰੀ ਕਾਨੂੰਨ ਤੇ ਆਧਾਰਤ ਬੁਨਿਆਦ ਤੇ ਬਣਤਰ ਦਾ ਜ਼ਿਕਰ ਕਰਦਿਆਂ ਇਸ ਦੇ ਸੰਚਾਰ ਨੂੰ ਪ੍ਰਬੰਧਕਾਂ ਨੂੰ ਸੌਂਪਣ ਦੇ ਹਾਨੀਕਾਰਕ ਪਰਿਣਾਮਾਂ ਦਾ ਵਰਣਨ ਕੀਤਾ ਗਿਆ ਹੈ। ਇਹ ਲੇਖ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਨਹੀਂ। ਸ਼੍ਰੋਮਣੀ ਕਮੇਟੀ ਅਧੀਨ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਰਪਿਤ ਸਿੱਖ ਸ਼ਰਧਾਲੂਆਂ ਦੀ ਭਰਪੂਰ ਸ਼ਿਰਕਤ ਰਹੀ ਹੈ। ਸਿੱਖ ਸ਼ਰਧਾਲੂ ਗੁਰਦੁਆਰਿਆਂ ਦੀ ਨਿਸ਼ਕਾਮ ਸੇਵਾ ਕਰਦੇ ਹਨ। ਉਨ੍ਹਾਂ ਦੀਆਂ ਸੇਵਾਵਾਂ ਸਦਕਾ ਹੀ ਸ਼੍ਰੋਮਣੀ ਕਮੇਟੀ ਕਈ ਸ਼ਲਾਘਾਯੋਗ ਕੰਮ ਕਰ ਸਕੀ ਹੈ। ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਉਪਦੇਸ਼ ਦੇ ਖੇਤਰ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਤਾਂ ਜੋ ਅਧਿਆਤਮਕ ਗਿਆਨ ਦੇ ਸੰਚਾਰ ਲਈ ਢੁਕਵਾਂ ਮਾਹੌਲ ਬਣ ਸਕੇ।

# ਸੱਤਰ ਹਜ਼ਾਰ ਦੀ ਮਸ਼ਕਰੀ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਥਾਣੇ, ਜੇਲ੍ਹਾਂ ਤੇ ਅਦਾਲਤਾਂ ਤਾਂ ਮਨੁੱਖ ਦੀ ਮੂਰਖਤਾ ਵਿਚੋਂ ਪੈਦਾ ਹੋਈਆਂ ਸੰਸਥਾਵਾਂ ਹੀ ਸਨ ਪਰ ਰੱਬ ਨੂੰ ਮਿਲਾਉਣ ਤੇ ਕਿਸਮਤ ਦੀਆਂ ਚੂੜੀਆਂ ਚੜ੍ਹਾਉਣ ਵਾਲੇ ਲੋਕਾਂ ਦਾ ਕਾਰੋਬਾਰ ਜੇ ਸਿਖਰਾਂ 'ਤੇ ਹੈ ਤਾਂ ਕੀ ਕਹੀਏ ਕਿ ਸਿਆਣਪ ਕੀਹਨੇ ਗੋਡਿਆਂ ਹੇਠ ਲਈ ਹੈ। ਕਈ ਲੋਕ ਅੱਗਿਓਂ ਘਸੁੰਨ ਕੱਢ ਕੇ ਖੜ੍ਹੇ ਨੇ, ਸਿਆਣੇ ਬੰਦੇ ਸੋਚਦੇ ਨੇ ਸ਼ਾਇਦ ਉਹ ਹੱਥ ਮਿਲਾਉਣ ਨੂੰ ਕਮਲੈ! ਸ਼ੈਤਾਨੀ ਇਸ ਹੱਦ ਤੱਕ ਪੈਰ ਪਸਾਰ ਗਈ ਹੈ ਕਿ ਤੁਸੀਂ ਕਿਸੇ ਨੰਗੇ ਨੂੰ ਤਨ ਢੱਕਣ ਲਈ ਲੀੜੇ ਦਿਓਗੇ ਤਾਂ ਉਹ ਕਹੇਗਾ ਤੂੰ ਆਪਣਾ ਮੂੰਹ ਢੱਕ ਲੈ ਮੈਨੂੰ ਕਿਉਂ ਵੇਖਦੈ? ਹਰ ਧਰਮ ਇਹੋ ਸਿੱਖਾ ਰਿਹਾ ਹੈ ਕਿ ਇਨਸਾਨ ਬਣੋ, ਪਰਮਾਤਮਾ ਤੁਹਾਡੀ ਉਂਗਲ ਫੜ੍ਹਨ ਲਈ ਆਪ ਕਾਹਲੈ ਪਰ ਅਫਸੋਸ ਕਿ ਸ਼ੈਤਾਨ, ਭਗਵਾਨ ਲੱਭਣ ਤੁਰੇ ਹੋਏ ਹਨ। ਸੂਰਜ ਦੇ ਪੱਛਮ ਵਿਚੋਂ ਨਿਕਲਣ ਦੀ ਹਾਲੇ ਤੱਕ ਵਿਗਿਆਨ ਨੇ ਵੀ ਕਲਪਨਾ ਨਹੀਂ ਕੀਤੀ। ਕਈ ਲੋਕ ਲੰਬੇ ਤਾਂ ਸੀਗੇ ਪਰ ਰਹੇ ਸਫੈਦੇ ਵਰਗੇ ਹੀ, ਕਿਉਂਕਿ ਦੁਨੀਆਂ ਛਾਂ ਦੇ ਅਰਥਾਂ ਨੂੰ ਹੀ ਦਰਖਤ ਮੰਨਦੀ ਹੈ। ਵੀਹ-ਬਾਈ ਸਾਲ ਪਹਿਲਾਂ ਪਾਕਿਸਤਾਨ ਗਿਆ ਤਾਂ ਸੰਸਾਰ ਦੇ ਸਭ ਤੋਂ ਲੰਬੇ ਮਨੁੱਖ ਮੁਹੰਮਦ ਆਲਮ ਚੰਨਾ ਨੂੰ ਮਿਲਣ ਦੀ ਇੱਛਾ ਪੂਰੀ ਹੋਈ। ਮੈਂ ਖੁਸ਼ ਹੋਇਆ ਪਰ ਉਹ ਰੋ ਪਿਆ, ਇਹ ਕਹਿ ਕੇ ਕਿ ਕਾਸ਼ ਮੈਂ ਲੰਬਾ ਹੋਣ ਨਾਲੋਂ ਉਚਾ ਹੁੰਦਾ। ਸੰਸਾਰ ਦੇ ਕਿਸੇ ਵੀ ਮੁਲਕ ਵਿਚ ਸਾਰੇ ਬੱਚੇ ਹਾਲੇ ਖੁਸ਼ ਹੋ ਕੇ ਸਕੂਲ ਨਹੀਂ ਜਾਣ ਲੱਗੇ, ਇਦਾਂ ਕਿਉਂ ਹੋਈ ਜਾਂਦੈ, ਇਹਦੇ ਬਾਰੇ ਹਾਲੇ ਤੱਕ ਮਨੋਵਿਗਿਆਨ ਵੀ ਚੁੱਪ ਹੈ। ਕੰਪਿਊਟਰ ਮਨੁੱਖ ਨੂੰ ਵਿਹਲਾ ਤਾਂ ਕਰੀ ਜਾਂਦੈ ਠੀਕ ਹੈ, ਉਹਦਾ ਮਹੱਤਵ ਹੀ ਘਟਾ ਰਿਹੈ ਪਰ ਦੁੱਖ ਹੈ ਕਿ ਵਿਗਿਆਨ, ਇੰਟਰਨੈਟ ਤੇ ਗੂਗਲ ਦੇ ਦੌਰ ਵਿਚ ਵੀ ਭੂਤਾਂ-ਪ੍ਰੇਤਾਂ ਦੀ ਗੱਲ ਚੱਲੀ ਜਾਂਦੀ ਹੈ। ਇਸੇ ਲਈ ਵਹਿਮ ਦੇ ਕਾਰਖਾਨਿਆਂ ਦੀਆਂ ਚਿਮਨੀਆਂ ਵਿਚੋਂ ਅਗਿਆਨ ਦਾ ਧੂੰਆ ਨਿਕਲੀ ਜਾ ਰਿਹਾ ਹੈ।*

ਮਨੁੱਖ ਬਾਹਰੋਂ ਸਿਆਣਾ ਬਣ ਰਿਹੈ ਤੇ ਅੰਦਰੋਂ ਧੋਖੇਬਾਜ਼। ਹਾਲਾਤ ਨੇ ਮਨੁੱਖ ਨੂੰ ਲਾਲਚੀ ਬਣਾ ਦਿੱਤੈ, ਲੋਭ ਦੇ ਮੌਕੇ ਬਹੁਤ ਮਿਲਣ ਲੱਗ ਪਏ ਹਨ, ਇਸੇ ਲਈ ਮੁਕੱਦਰਾਂ 'ਤੇ ਟੇਕ ਰੱਖਣ ਵਾਲੇ ਲੋਕ ਵੀ ਰੱਬ ਨੂੰ ਲਾਲਚ ਦੇ ਕੇ ਜੋ ਭਾਗਾਂ ਵਿਚ ਨਹੀਂ ਉਹ ਵੀ ਹਾਸਲ ਕਰਨ ਵਿਚ ਲੱਗੇ ਹੋਏ ਹਨ। ਬੰਦਾ ਜੇਕਰ ਕਿਤੇ ਮੱਥੇ ਦੇ ਮੁੜ੍ਹਕੇ ਨਾਲੋਂ ਹੱਥਾਂ ਦੀਆਂ ਲਕੀਰਾਂ 'ਤੇ ਵਿਸ਼ਵਾਸ਼ ਨਾ ਕਰਦਾ ਤਾਂ ਰਾਹੂ-ਕੇਤੂ ਦਾ ਭੂਤ ਕਿਸੇ ਨੂੰ ਟੱਕਰਨਾ ਹੀ ਨਹੀਂ ਸੀ। ਨਾ ਹੀ ਜੋਤਿਸ਼ ਦੇ ਕਾਰਖਾਨੇ ਖੁੱਲ੍ਹਣੇ ਸਨ ਤੇ ਨਾ ਹੀ ਕੰਪਿਊਟਰ ਨੇ ਜਨਮ ਪੱਤਰੀ ਦੇ ਪ੍ਰਿੰਟ ਕੱਢ ਕੇ ਵਿਗਿਆਨਕ ਯੁੱਗ ਵਿਚ ਅਗਿਆਨੀ ਬਣਨਾ ਸੀ। ਮਨੁੱਖ ਸਿਆਣਾ ਬਣਿਆ ਰਹਿੰਦਾ ਤਦ ਵੀ ਠੀਕ ਸੀ, ਥਾਂ-ਥਾਂ ਸਿਆਣਪ ਦੀ ਦੁਕਾਨਦਾਰੀ ਖੋਲ੍ਹ ਲਈ ਹੈ।

ਇਕ ਲਤੀਫ਼ਾ ਹੈ ਕਿ ਅਕਬਰ ਨੇ ਬੀਰਬਲ ਨੂੰ ਕਿਹਾ ਕਿ ਸਿਆਣਾ ਲੱਭ ਕੇ ਲਿਆ, ਜਿਸ ਤੋਂ ਮੈਂ ਕੁਝ ਸਿੱਖ ਸਕਾਂ। ਬੀਰਬਲ ਗੱਲ ਹੀ ਕੋਈ ਨਹੀਂ ਬਾਦਸ਼ਾਹ ਸਲਾਮਤ ਕਹਿ ਕੇ ਸਿਆਣਾ ਲੈਣ ਚਲਾ ਗਿਆ। ਆਥਣੇ ਜਦੋਂ ਉਹਨੇ ਇਕ ਸਿੱਧ ਪੱਧਰੇ ਜਿਹੇ ਬੰਦੇ ਨੂੰ ਅਕਬਰ ਅੱਗੇ ਪੇਸ਼ ਕੀਤਾ ਤਾਂ ਪਹਿਲਾਂ ਤਾਂ ਉਹਨੇ ਬੀਰਬਲ ਵੱਲ ਵੇਖਿਆ ਕਿ ਆਹ ਜਮੂਰਾ ਸਿਆਣਾ ਕੀ ਹੋਊ? ਸਿਆਣਾ ਸਾਹਮਣੇ ਪੀੜ੍ਹੇ 'ਤੇ ਬਿਠਾ ਕੇ ਬਾਦਸ਼ਾਹ ਅਕਬਰ ਨੇ ਪਹਿਲਾ ਸਵਾਲ ਕੀਤਾ ਪਰ ਉਹ ਨਾ ਬੋਲਿਆ, ਫਿਰ ਦੂਜਾ ਪੁੱਛਿਆ ਉਹ ਚੁੱਪ ਰਿਹਾ, ਤੀਜੇ ਨੂੰ ਉਹਨੇ ਅੱਖਾਂ ਹੀ ਨਾ ਚੁੱਕੀਆਂ। ਦਸ-ਪੰਦਰਾਂ ਸਵਾਲਾਂ ਦਾ ਵੀ ਜਦੋਂ ਉਹਨੇ ਜਵਾਬ ਨਾ ਦਿੱਤਾ ਤਾਂ ਅਕਬਰ ਨੂੰ ਸਿਆਣੇ ਨਾਲੋਂ ਬੀਰਬਲ 'ਤੇ ਵੱਧ ਗੁੱਸਾ ਚੜ੍ਹੇ ਤੇ ਖਿਝ ਕੇ ਬੋਲ ਹੀ ਪਿਆ, ਬੀਰਬਲ ਤੂੰ ਆਹ ਸਿਆਣਾ ਲਿਆਇਐਂ ਮੈਨੂੰ ਮੂਰਖ ਬਣਾਉਣ ਲਈ? ਬੀਰਬਲ ਨੇ ਹਾਜ਼ਰ ਜਵਾਬੀ ਦਿਖਾਉਂਦਿਆਂ ਕਿਹਾ ਬਾਦਸ਼ਾਹ ਸਲਾਮਤ, ਇਹਨੂੰ ਹੀ ਪੁੱਛ ਲੈਂਦੇ ਆਂ ਕਿ ਇਹ ਬੋਲਦਾ ਕਿਉਂ ਨਹੀਂ?

ਹਾਲੇ ਦੋਹਾਂ ਦੀ ਆਪਸ ਵਿਚ ਵਾਰਤਾਲਾਪ ਹੀ ਚੱਲ ਰਹੀ ਸੀ ਕਿ ਉਹ ਸਿਆਣਾ ਬੋਲ ਪਿਆ, ਮੈਂ ਹਜ਼ੂਰ ਤਾਂ ਨਹੀਂ ਬੋਲਦਾ ਪਈ ਜੇਕਰ ਕੁਝ ਗਲਤ ਬੋਲਿਆ ਗਿਆ ਤਾਂ ਮਾਰਿਆ ਜਾਵਾਂਗਾ, ਇਸ ਲਈ ਚੁੱਪ ਵਿਚ ਹੀ ਸੌ ਸੁੱਖ ਸਮਝਦਿਆਂ ਜੀਭ ਦੰਦਾਂ ਹੇਠ ਦੇ ਲਈ। ਅਕਬਰ ਨੇ ਉਹਦਾ ਜਵਾਬ ਸੁਣ ਕੇ ਘੁੱਟ ਕੇ ਗਲ ਨਾਲ ਹੀ ਨਹੀਂ ਲਾਇਆ ਸਗੋਂ ਹਰ ਔਖੇ ਵੇਲੇ ਸਲਾਹ ਲੈਣ ਲਈ ਪੱਕਾ ਹੀ ਦਰਬਾਰ ਵਿਚ ਰੱਖ ਲਿਆ।

ਹਾਲਾਤ ਇਹ ਨੇ ਕਿ ਵਰਤਮਾਨ ਯੁੱਗ ਵਿਚ ਸਿਆਣੇ ਹਾਲੇ ਵੀ ਚੁੱਪ ਨੇ ਤੇ ਜਿਹੜੇ ਸਿਆਣਪਾਂ ਵੰਡ ਰਹੇ ਨੇ ਅਸਲ ਵਿਚ ਉਨ੍ਹਾਂ ਨੇ ਸਿਆਣਿਆਂ ਨੂੰ ਮੂਰਖ ਬਣਾਉਣ ਦਾ ਸਫਲ ਕਾਰਜ ਕਰ ਲਿਆ ਹੈ। ਕੋਈ ਵੀ ਧਰਮ ਅਲੋਚਨਾ ਨਹੀਂ ਚਾਹੁੰਦਾ, ਇਸ ਲਈ ਮਨੁੱਖ ਧਰਮ ਨੂੰ ਚਿੰਬੜਦਾ ਜਾ ਰਿਹਾ ਹੈ। ਧਰਮ ਨੇ ਹੀ ਦੱਸਿਆ ਹੈ ਕਿ ਜੂਨਾਂ ਚੁਰਾਸੀ ਲੱਖ ਹੁੰਦੀਆਂ ਹਨ, ਆਤਮਾਵਾਂ ਭਾਲਦੀਆਂ ਹਨ ਤੇ ਭੂਤ ਘੁੰਮਣ ਲੱਗਦੇ ਹਨ।

ਹਾਸ ਵਿਅੰਗ ਲੇਖਕ ਸੂਬਾ ਸਿੰਘ ਚੱਕਰਧਾਰੀ ਦੇ ਕਾਵਿ ਵਿਅੰਗ ਨੂੰ ਸਮਝਣ ਵਾਲੇ ਉਨ੍ਹਾਂ ਨੂੰ ਬੜਾ ਪਿਆਰ ਕਰਦੇ ਸਨ। ਅਜੀਤ ਵਿਚ ਉਹ ਕਾਲਮ 'ਡੰਗ ਤੇ ਚੋਭਾਂ' ਲਿਖਦੇ ਸਨ। ਉਨ੍ਹਾਂ ਦੀ ਲਿਖੀ ਇਕ ਗੱਲ ਹਾਲੇ ਤੱਕ ਮੇਰੇ ਚੇਤੇ ਵਿਚ ਵਸੀ ਹੋਈ ਹੈ, ਉਨ੍ਹਾਂ ਲਿਖਿਆ ਸੀ:

ਇਕ ਵਾਰ ਇਕ ਬਾਦਸ਼ਾਹ ਨੇ ਸਵੇਰੇ ਉਠ ਕੇ ਆਪਣੇ ਸਭ ਤੋਂ ਨੇੜਲੇ ਅਹਿਲਕਾਰ ਤੇ ਸਿਆਣੇ ਬੰਦੇ ਨੂੰ ਕੋਲ ਬੁਲਾ ਕੇ ਦੱਸਿਆ ਕਿ ਰਾਤੀਂ ਮੇਰੇ ਸੁਪਨੇ ਵਿਚ ਭੂਤ ਆਏ ਸਨ।

ਸਵਾਲ ਸਿਆਣੇ ਨੇ ਕਰ'ਤਾ ਜਨਾਬ! ਉਨ੍ਹਾਂ ਚਿੱਟੇ ਕੱਪੜੇ ਪਾਏ ਹੋਏ ਸਨ।

ਬਾਦਸ਼ਾਹ ਕਹਿਣ ਲੱਗਾ, ਹਾਂ ਕਈਆਂ ਨੇ ਟੋਪੀਆਂ ਪਹਿਨੀਆਂ ਸਨ...'

'ਤੇ ਕਈਆਂ ਨੇ ਪਗੜੀਆਂ ਵੀ।'

ਬਾਦਸ਼ਾਹ ਹੱਕਾ ਬੱਕਾ ਰਹਿ ਗਿਆ ਕਿ ਸੁਪਨਾ ਤਾਂ ਮੈਨੂੰ ਆਇਆ ਪਤਾ ਇਹਨੂੰ ਆ...ਪੁੱਛਣ ਲੱਗਾ ਬਈ ਦੱਸ ਭੂਤ ਹੁੰਦੇ ਆ?'

'ਜਨਾਬ ਹੁੰਦੇ ਨਹੀਂ ਹੋਇਆ ਕਰਨਗੇ।'

'ਕੀ ਮਤਲਬ?'

'ਜਵਾਬ ਤੁਸੀਂ ਲੋਕਤੰਤਰ ਲਿਆਉਣਾ ਚਾਹੁੰਦੇ ਹੋ, ਫਿਰ ਲੋਕ ਵੋਟਾਂ ਪਾਉਣਗੇ...?'

'ਹਾਂ। ਉਹ ਫਿਰ ਪੰਜ ਸਾਲ ਚੰਮ ਦੀਆਂ ਚਲਾਉਣਗੇ, ਇਹ ਭੂਤ ਲੋਕਾ ਨੂੰ ਚਿੰਬੜੇ ਨਹੀਂ ਲੱਥਣੇ ਤੇ ਇਨ੍ਹਾਂ ਦੇ ਘਰ ਵੀ ਭੂਤ ਹੀ ਜੰਮਣਗੇ...ਫਰਕ ਸਿਰਫ ਏਨਾ ਕਿ ਜਿਨ੍ਹਾਂ ਭੂਤਾਂ ਤੋਂ ਜਨਾਬ ਤੁਸੀਂ ਡਰ ਰਹੇ ਓ ਉਹ ਰਾਤ ਨੂੰ ਨਿਕਲਦੇ ਆ, ਇਹ ਚਿੱਟੇ ਕੱਪੜੇ ਪਾ ਕੇ ਦਿਨ-ਦਿਹਾੜੇ ਫਿਰਿਆ ਕਰਨਗੇ...।''

ਤੇ ਕਹਿੰਦੇ ਨੇ ਬਾਦਸ਼ਾਹ ਨੇ ਅਗਲੇ ਦਿਨ ਲੋਕਤੰਤਰ ਕੱਛ ਵਿਚ ਲੈ ਕੇ ਆਪਣੇ ਦਸ ਕੁ ਵਰ੍ਹਿਆਂ ਦੇ ਪੁੱਤਰ ਨੂੰ ਆਪਣਾ ਵਾਰਿਸ ਬਣਾ ਦਿੱਤਾ।

ਉਮਰ ਭਰ ਵਿਗਿਆਨ ਨਾਲ ਵਾਹ ਰਿਹਾ ਹੋਣ ਕਾਰਨ ਕਹਿ ਸਕਦਾਂ ਕਿ ਇਹ ਮਨੁੱਖ ਨੂੰ ਅਗਿਆਨੀ ਨਹੀਂ ਬਣਾਉਂਦਾ, ਵਿਗਿਆਨ ਕੋਲ ਤਰਕ ਹੁੰਦੈ ਤੇ ਵਹਿਮੀ ਲੋਕਾਂ ਦਾ ਜਿਥੇ ਤਰਕ ਮੁੱਕਦਾ ਹੈ, ਉਥੋਂ ਧਰਮ ਸ਼ੁਰੂ ਹੋ ਜਾਂਦਾ ਹੈ।

ਘਰ ਦੀਆਂ ਕਹਾਣੀਆਂ ਦੱਸਣੀਆਂ ਤਾਂ ਨਹੀਂ ਚਾਹੀਦੀਆਂ ਪਰ ਸੱਚ ਦਾ ਸੰਖ ਵੱਜਦਾ ਵੀ ਰਹਿਣਾ ਚਾਹੀਦੈ...

ਗੱਲ ਕੋਈ ਵੀਹ ਕੁ ਸਾਲ ਪੁਰਾਣੀ ਹੈ, ਮੈਂ ਕੁਝ ਮਹੀਨੇ ਇੰਗਲੈਂਡ ਰਹਿ ਕੇ ਵਾਪਸ ਪਿੰਡ ਪਰਤਿਆ ਤਾਂ ਜੂਹ ਨੂੰ ਹੱਥ ਲਾਉਣ ਵੇਲੇ ਦਸ ਕੁ ਵਜੇ ਸਨ, ਸਵੇਰ ਦੇ। ਗੱਡੀ ਨੇ ਪਿੰਡ ਦਾ ਪਹਿਲਾ ਮੋੜ ਹੀ ਕੱਟਿਆ ਕਿ ਬਹੁਤ ਸਾਰੇ ਲੋਕ ਇਕ ਘਰ ਅੱਗੇ 'ਕੱਠੇ ਹੋਏ ਹੋਏ ਸਨ। ਮੈਂ ਵੀ ਹੇਠਾਂ ਉਤਰ ਆਇਆ।

ਘਰ ਮਿਸਤਰੀਆਂ ਦਾ ਸੀ, ਰੌਲਾ ਇਹ ਸੀ ਕਿ ਉਪਰਲੀਆਂ ਚੀਜਾਂ ਗੈਸ ਵਾਲੇ ਚੁੱਲ੍ਹੇ ਚੁੱਕ ਕੇ ਹੇਠਾਂ ਸੁੱਟਦੇ ਸਨ, ਭਾਂਡੇ ਆਪਣੇ ਆਪ ਡਿਗਦੇ ਸਨ, ਰਸੋਈ ਦੀਆਂ ਝੀਤਾਂ ਵੀ ਬੰਦ ਸਨ, ਸਿਲੰਡਰ ਠੀਕ ਸੀ ਪਰ ਫਿਰ ਵੀ ਤੜਕੇ ਜਿਹੇ ਏਨੀ ਜ਼ੋਰ ਦੀ ਪਟਾਕਾ ਚੱਲਿਆ ਕਿ ਕੰਧ ਨੂੰ ਤਰੇੜ ਆ ਗਈ ਸੀ।

ਅਗਾਂਹ ਹੋਇਆ ਤਾਂ ਸਾਡੇ ਪਿੰਡ ਦਾ ਇਕ ਬਜ਼ੁਰਗ ਖੰਨਾ ਸਿੰਘ ਕਹਿਣ ਲੱਗਾ, ਜੁਆਕਾ ਇਥੇ ਦੱਸ ਤੇਰੀ ਕਿਹੜੀ ਸੈਂਸ (ਸਾਇੰਸ) ਆ, ਇਸ ਮਿਹਨਤੀ ਪਰਿਵਾਰ ਦੇ ਦੋ ਮੁੰਡੇ ਬਾਹਰ ਚੱਲੇ ਗਏ ਨੇ, ਲੋਕਾਂ ਤੋਂ ਕਿਤੇ ਝੱਲ ਹੁੰਦੇ ਨੇ! ਕਰ'ਤਾ ਕਿਸੇ ਨੇ ਕੁਝ। ਇਹ ਓਪਰੀਆਂ ਚੀਜ਼ਾਂ ਸਖਤ ਲਗਦੀਆਂ ਨੇ, ਮਾੜੇ-ਧੀੜੇ ਤੋਂ ਨ੍ਹੀਂ ਕਾਬੂ ਆਉਣੀਆਂ।

ਹਾਲੇ ਉਹ ਦੀ ਗੱਲ ਵਿਚਾਲੇ ਹੀ ਸੀ ਕਿ ਸਿਆਣੀਆਂ ਬੀਬੀਆਂ ਵਿਚੋਂ ਇਕ ਬੋਲ ਪਈ, ਆਂਹਦੀ, ਵੇ ਕਾਕਾ ਥੋਡੇ ਘਰ ਵਿਚ ਵੀ ਪਟਾਕੇ ਚੱਲ ਕੇ ਹਟੇ ਨੇ...।

'ਮੈਂ ਤਾਂ ਪੰਜ ਛੇ ਮਹੀਨੇ ਪਿਛੋਂ ਪਿੰਡ ਆਇਆਂ...ਕੀ ਗੱਲ ਹੋ ਗਈ?'

'ਤੇਰੇ ਭਰਾ ਦੇ ਘਰ ਕਰ'ਤਾ ਕਿਸੇ ਨੇ ਬਹੁਤ ਵੱਡਾ ਟੂਣਾ...ਦੇਖ ਲੈ ਜਾ ਕੇ...ਆਂਹਦੇ ਬਚਾ ਹੋ ਗਿਆ...ਵੇਲੇ ਸਿਰ ਪਤਾ ਲੱਗ ਗਿਆ।'

ਸਿਧਾ ਭਰਾ ਦੇ ਘਰ ਗਿਆ ਤਾਂ ਅੱਗੇ ਇਕ ਲਾਲ ਮਹਿੰਦੀ ਦਾੜੀ ਵਾਲਾ ਲਪੇਟਵੀਂ ਪੱਗ ਬੰਨ੍ਹੀ ਬੈਠਾ ਇਕ ਅੱਧਖੜ ਉਮਰ ਦਾ ਬੰਦਾ ਸੀ।

ਮੈਂ ਸਭ ਕਾਸੇ ਤੋਂ ਅਣਜਾਣ ਸਾਂ ਤੇ ਉਹ ਸਿਆਣਾ ਕਹਿ ਰਿਹਾ ਸੀ, ਪੰਜ ਕਾਲੇ ਮੁਰਗਿਆਂ ਦਾ ਪ੍ਰਬੰਧ ਕਰਨਾ ਪਊ, ਚੀਜਾਂ ਹੈਗੀਆਂ ਬੜੀਆਂ ਭਾਰੀਆਂ, ਦਾਰੂ ਚੰਗੀ ਪਿਆ ਕੇ ਨਸ਼ੇ ਵਿਚ ਕਰੂੰ ਫਿਰ ਮੰਨਣਗੀਆਂ, ਤੇ ਨਾ ਪੀਣ, ਨਾ ਪਿਲਾਉਣ ਵਾਲੇ ਫੌਜੀ ਭਰਾ ਨੇ ਰੰਮ ਦੀਆਂ ਬੋਤਲਾਂ ਓਦਣ ਬਾਹਰ ਕੱਢ ਕੇ ਰੱਖੀਆਂ ਹੋਈਆਂ ਸਨ। ਫੌਜੀ ਭਰਾ ਦੀ ਅਗਿਆਨਤਾ ਦੇਖ ਕੇ ਮੈਨੂੰ ਦੋ ਚੜ ਰਹੀਆਂ ਸਨ ਤੇ ਦੋ ਉਤਰ... ਕਿਉਂ ਕਿ ਦੀਵੇ ਥਲੇ ਨੇਰ੍ਹਾ ਤਾਂ ਹੁੰਦਾ ਈ ਐ...ਇਥੇ ਤਾਂ ਨੇਰ੍ਹੀ ਆਈ ਪਈ ਸੀ।

ਕਹਾਣੀ ਕੀ ਸੀ ਕਿ ਭਰਾ ਦੇ ਘਰ ਕੋਈ ਨਹੀਂ ਸੀ, ਛੋਟਾ ਮੁੰਡਾ ਫੁੱਟਬਾਲ ਖੇਡਣ ਦੇ ਚੱਕਰ ਵਿਚ ਬਾਹਰ ਸੀ ਤੇ ਉਹ ਤਾਲਾ ਲਾ ਕੇ ਚਾਬੀ ਦੂਜੇ ਭਰਾ ਦੇ ਘਰ ਤਾਂ ਦੇ ਗਿਆ ਸੀ ਕਿ ਭਾਪਾ-ਮੰਮੀ ਬਾਅਦ ਵਿਚ ਚਾਬੀ ਲੈ ਕੇ ਦਰ ਖੋਲ੍ਹ ਲੈਣਗੇ।

ਉਹ ਤਾਂ ਚੱਲੋ ਨਾ ਆਏ ਪਰ ਮੁੰਡਾ ਜਦੋਂ ਖੇਡ ਕੇ ਘਰ ਆਇਆ। ਘੰਟੇ ਬਾਦ ਤਾਲਾ ਖੋਲ੍ਹਿਆ ਤਾਂ ਵਿਹੜੇ ਵਿਚ ਟੂਣਾ। ਕਾਲੇ ਰੰਗ ਨਾਲ ਚੌਕਾ ਪੂਰਿਆ ਪਿਆ। ਕਾਗਜ਼ ਤੇ ਪੀਲੇ ਰੰਗ ਨਾਲ ਜੰਤਰ ਮੰਤਰ, ਹੱਡੀਆਂ ਨੂੰ ਸੰਧੂਰ, ਟੁੱਟੇ ਆਂਡਿਆਂ 'ਤੇ ਲਾਲ ਰੰਗ ਨਾਲ ਧਰਮਾਂ ਦੇ ਨਿਸ਼ਾਨ ਤੇ ਇਕ ਕਾਲੇ ਕੱਪੜੇ ਵਿਚ ਬੰਨ੍ਹ ਕੇ ਕੁਝ ਰੱਖਿਆ ਹੋਇਆ ਸੀ। ਮੁੰਡਾ ਕੰਬ ਗਿਆ, ਭਰਾ ਨੇ ਆ ਕੇ ਵੇਖਿਆ ਤਾਂ ਉਹ ਬੂਹੇ ਬੰਦ ਕਰਕੇ ਮੁਸਲਮਾਨ ਗੁਜਰਾਂ ਦੇ ਡੇਰੇ 'ਤੇ ਇਕ ਮੌਲਵੀ ਕੋਲ ਜਾ ਪਹੁੰਚਿਆ। ਉਹ ਅੱਗਿਓਂ ਕਹਿਣ ਲੱਗਾ, 'ਬਹੁਤ ਵੱਡਾ ਕਾਰਾ ਕਰਾ'ਤਾ ਕਿਸੇ ਨੇ, ਕਿ ਤੁਹਾਡੀ ਉਤਰਾਈ ਹੋ ਜਾਵੇ, ਉਥੇ ਤਾਂ ਵਡੀਆਂ ਵੱਡੀਆਂ ਰੂਹਾਂ ਦਾ ਪਹਿਰਾ ਲੱਗਾ ਹੋਇਐ, ਬਹੁਤ ਗੁੱਸੇ ਵਿਚ ਨੇ, ਕੋਈ ਨੇੜੇ ਨਾ ਜਾਇਓ, ਮੈਂ ਚੱਕ ਕੇ ਸੁਟਾਂਗਾ, ਸਾਰਾ ਸਮਾਨ ਪਰ ਇਨ੍ਹਾਂ ਦੀ ਪੂਜਾ ਬਹੁਤ ਵੱਡੀ ਦੇਣੀ ਪੈਣੀ ਆ ਮੈਨੂੰ, ਸਾਲ ਭਰ ਤਾਂ ਚੌਲਾਂ ਦੀ ਦੇਗ ਛਕਣਗੀਆਂ ਰੂਹਾਂ...ਥੋਡੇ ਪਿੰਡ ਦੇ ਵਸੀਵੇਂ ਤੱਕ ਬੈਠੀਆਂ ਨੇ ਰੂਹਾਂ...ਬਚ ਕੇ...ਕੱਤੀ ਹਜ਼ਾਰ ਹੈਗਾ ਘਰੇ ਪਿਐ?'

ਤੇ ਰੱਜ ਕੇ ਕੰਜੂਸ ਮੇਰਾ ਭਰਾ ਆਂਹਦਾ, ਚਲੋ ਸਹੀ ਸਭ ਕੁਛ ਮਿਲੂ।

ਤੇ ਉਸ ਮੁਸਲਮਾਨ ਮੌਲਵੀ ਨੇ ਕੱਤੀ ਹਜ਼ਾਰ ਰੂਹਾਂ ਦੀ ਭੇਟਾ, ਗਿਆਰ੍ਹਾਂ ਹਜ਼ਾਰ ਆਪਣਾ ਜਾਣੀ ਬਤਾਲੀ ਹਜ਼ਾਰ ਜੇਬ੍ਹ ਵਿਚ ਪਾ ਕੇ ਤਵੀਣ ਜਿਹੀ ਲੈ ਕੇ, ਆਪਣਾ ਸਰੀਰ ਝਟਕਿਆ, ਦੋ ਕੁ ਦੀਕਾਂ ਮਾਰ ਕੇ ਅੱਲਾ ਅੱਲਾ ਕਹਿ ਸਮਾਨ ਏਦਾਂ ਕੱਠਾ ਕੀਤਾ ਜਿਵੇਂ ਬਹੁਤ ਔਖਾ ਹੋਣਾ ਪੈ ਰਿਹਾ ਹੋਵੇ...ਅੱਸੀ ਕੁ ਕੋਹ 'ਤੇ ਪੈਂਦੀ ਵੇਂਈਂ ਵਿਚ ਸੁੱਟਣ ਲਈ ਤੁਰ ਪਿਆ...ਮਗਰ ਡਾਂਗ ਫੜ੍ਹਾ ਕੇ ਭਰਾ ਤੋਰ ਲਿਆ ਤਾਂ ਕਿ ਕੋਈ ਚੀਜ਼ ਡਰਦੀ ਨਾ ਮੁੜੇ।

ਵੇਂਈਂ ਕੋਲ ਜਾ ਕੇ ਉਹ ਮੌਲਵੀ ਚੀਕਿਆ, ਫੌਜੀ ਸਾਹਿਬ ਨੂੰ ਕਹਿ ਜਿਹੜੀ ਫਕੀਰਾਂ ਦੀ ਜਗ੍ਹਾਂ ਬਣਾ ਰਿਹਾਂ ਉਹਦੇ ਲਈ ਪੰਝੀ ਹਜ਼ਾਰ ਦੇਵੇ, ਰੂਹਾਂ ਕਹਿ ਰਹੀਆਂ ਨੇ, ਤਾਂ ਅਸੀਂ ਜਾਵਾਂਗੀਆਂ।' ਭਰਾ ਕੰਬਦਾ ਜਿਹਾ ਕਹਿਣ ਲੱਗਾ ਉਹ ਵੀ ਹੁਣੇ ਦੇ ਦਿਆਂਗੇ।

ਮੌਲਵੀ ਨੇ ਘਰੇ ਆ ਕੇ ਬਾਰਾਂ ਬਾਲਟੀਆਂ ਪਾਣੀ ਦੀਆਂ ਸੁਟਾ ਕੇ ਸਾਰਾ ਟੱਬਰ ਟੂਣੇ ਵਾਲੀ ਥਾਂ ਧੋਣ ਲਈ ਲਾ ਦਿਤਾ।

ਬਤਾਲੀ ਜਮ੍ਹਾਂ ਪੱਚੀ ਤੇ ਤਿੰਨ ਹਜ਼ਾਰ ਕਾਲੇ ਮੁਰਗਿਆਂ ਦੀ ਨਿਆਜ਼ ਤੇ ਪੰਜ ਵੀਰਵਾਰ ਇਕ ਲੱਤ ਭਾਰ ਹੋ ਕੇ ਰੂਹਾਂ ਮਨਾਉਣ ਦਾ ਤੇ ਕੁਲ ਸੱਤਰ ਹਜ਼ਾਰ ਜੇਬ ਵਿਚ ਪਾ ਕੇ ਮੌਲਵੀ ਜਾਂਦਾ ਹੋਇਆ ਕਹਿ ਗਿਆ ਘਰ ਵਿਚ ਚਾਲੀ ਦਿਨ ਸ਼ਰਾਬ ਨਾ ਵੜ੍ਹੇ, ਆਂਡਾ ਨਾ ਬਣੇ, ਮੀਟ ਦੀ ਤਾਂ ਗੱਲ ਹੀ ਛੱਡੋ ਤੇ ਪੂਰੇ ਚਾਲੀ ਦਿਨ ਟੂਣੇ ਵਾਲੀ ਥਾਂ 'ਤੇ ਦੀਵਾ ਚੌਵੀ ਘੰਟੇ ਜਗਦਾ ਰਹਿਣਾ ਚਾਹੀਦੈ।

ਬੜੇ ਗੁਆਂਢੀਆਂ ਨੇ ਆ ਕੇ ਕਈ ਦਿਨ ਹਾਅ ਦਾ ਨਾਅਰਾ ਮਾਰਿਆ, ਭਰਜਾਈ ਸਾਡੀ ਦੋ ਤਿੰਨ ਗੁਆਂਢੀਆਂ 'ਤੇ ਸ਼ੱਕ ਕਰੇ, ''ਗੱਡੀ ਜੂ ਲੈ ਲਈ ਮੁੰਡੇ ਨੇ, ਦੋ ਬਾਹਰ ਚਲੇ ਗਏ, ਪੈਨਸ਼ਨ ਨ੍ਹੀਂ ਝੱਲ ਹੁੰਦੀ ਹੋਣੀ ਤਾਂ ਬੇੜਾ ਬੈਠਾ ਕਿਸੇ ਦਾ...ਮੈਂ ਤਾਂ ਕਹਿੰਨੀ ਆਂ ਸਾਡਾ ਤਾਂ ਚਲੋ ਸੱਤਰ ਲਗ ਗਿਆ, ਪਾਪੀਆਂ ਦਾ ਸੱਤ ਲੱਖ ਲੱਗੇ।''

ਇਸ ਘਟਨਾ ਨੂੰ ਫਿਰ ਸਾਲ ਕੁ ਗੁਜਰ ਗਿਆ। ਆਈ ਟੀ ਕਰਦੀ ਮੇਰੀ ਭਾਣਜੀ, ਘਰਵਾਲੀ ਨਾਲ ਗੱਲਾਂ ਕਰਕੇ ਹੱਸੇ ਪਈ, ਮੱਖੀ ਚੂਸ ਮਾਮਾ, ਸੱਤਰ ਹਜ਼ਾਰ ਦਾ ਘਾਟਾ ਖਾ ਗਿਆ, ਉਨ੍ਹਾਂ ਤਾਂ ਮਜ਼ਾਕ ਹੀ ਕੀਤਾ ਸੀ ਪਰ ਪੈ ਗਿਆ ਉਲਟ।

ਦਰਅਸਲ ਜਦੋਂ ਮੇਰਾ ਭਤੀਜਾ ਚਾਬੀ ਦੂਜੇ ਭਰਾ ਦੇ ਘਰ ਰੱਖ ਕੇ ਗਿਆ ਤਾਂ ਭਤੀਜੀ ਤੇ ਭਾਣਜੀ ਨੇ ਸੋਚਿਆ ਕਿ ਅੱਜ ਮਾਮਾ ਡਰਾਉਨੇ ਆਂ। ਪੱਠੇ ਕੁਤਰਨ ਵਾਲੀ ਮਸ਼ੀਨ ਵਿਚੋਂ ਕੱਢਿਆ ਕਾਲਾ ਤੇਲ, ਉਹਦਾ ਬਣਾਇਆ ਚੌਕਾ, ਕੂੜੇ ਵਿਚੋਂ ਰਾਤ ਖਾਧੇ ਮੁਰਗੇ ਦੀਆਂ ਹੱਡੀਆਂ ਕੱਢ ਉਤੇ ਲਾਇਆ ਰੰਗ, ਹਲਦੀ ਤੇ ਦੁਕਾਨ ਤੋਂ ਸੰਧੂਰ ਲਿਆ ਕੇ, ਕਾਲੇ ਕੱਪੜੇ ਵਿਚ ਦਾਣੇ ਬੰਨ੍ਹੇ, ਫੌਜੀ ਦੀ ਫਰਿਜ਼ ਵਿਚੋਂ ਆਂਡੇ ਕੱਢ ਕੇ ਭੰਨੇ, ਖੋਲ੍ਹਾਂ 'ਤੇ ਊਲ-ਜਲੂਲ ਲਿਖ ਕੇ ਡਰਾਉਣ ਦੀ ਮਸ਼ਕਰੀ ਕਰ'ਤੀ।

ਉਨ੍ਹਾਂ ਨੂੰ ਪਤਾ ਨ੍ਹੀਂ ਸੀ ਕਿ ਇਹ ਫਿਰ ਓਪਰੀਆਂ 'ਤੇ ਏਨੀਆਂ ਸਖ਼ਤ ਚੀਜਾਂ ਰੂਹਾਂ ਬਣ ਕੇ ਸੱਤਰ ਹਜ਼ਾਰ ਨੂੰ ਪੈਣਗੀਆਂ।

ਹੁਣ ਇਹ ਗੱਲ ਸਾਡੇ ਸਾਰੇ ਟੱਬਰ ਨੂੰ ਪਤੈ ਪਰ ਭਰਾ ਹਾਲੇ ਵੀ ਇਸ ਸੱਚ ਤੋਂ ਦੂਰ, ਮੰਨੀ ਜਾਂਦੇ ਕਿ 'ਹਮਲਾ ਤਾਂ ਰੂਹਾਂ ਨੇ ਫੌਜੀ 'ਤੇ ਕਾਰਗਿਲ ਤੋਂ ਵੀ ਵੱਡਾ ਕੀਤਾ ਸੀ ਪਰ ਮੌਲਵੀ ਦੀਆਂ ਬੋਫੋਰਜ਼ ਤੋਪਾਂ ਨੇ ਫਨਾਹ ਕਰਾ'ਤਾ ਸਭ ਕੁਝ।

ਜਦੋਂ ਇਹ ਘਟਨਾ ਯਾਦ ਆਉਂਦੀ ਹੈ ਤਾਂ ਮੱਲੋ-ਮੱਲੀ ਆਪਣੇ ਸੂਬੇਦਾਰ ਭਰਾ ਦਾ ਚਿਹਰਾ ਵੇਖ ਕੇ ਹਾਸਾ ਨਿਕਲ ਜਾਂਦੈ।

''ਮੈਨੂੰ ਪਤੈ ਤੁਸੀਂ ਕਾਹਤੋਂ ਹੱਸਦੇ ਓ...ਨਿਆਣਾ ਨ੍ਹੀ ਮੈਂ...।'

ਕਹਿੰਦਾ ਉਹ ਹਰ ਵਾਰ ਏਦਾਂ ਹੀ ਹੈ ਪਰ ਪਤਾ ਅਸਲ ਵਿਚ ਉਹਨੂੰ ਹੈ ਈ ਨ੍ਹੀਂ।

ਵਹਿਮ ਨੇ ਮਨੁੱਖ ਨੂੰ ਧਰਮ ਦੀ ਤਲਵਾਰ ਨਾਲ ਜ਼ਖ਼ਮੀ ਵੀ ਕੀਤਾ ਹੋਇਐ।

ਅਕਲ ਵੀ ਕਈ ਵਾਰ ਵਕਤ ਸਿਰ ਕੰਮ ਨਹੀਂ ਆਉਂਦੀ।

## ਮਿੰਨੀ ਕਹਾਣੀ

### ਮੂਤਰ ਮੂਤਰ

''ਕਰਮੋ, ਨੀ ਕੁੜੀਏ, ਸਾਗ ਤੋੜ ਲਿਆਈ?'' ਕੁੜੀ ਦੀ ਮਾਂ ਨੇ ਪੁੱਛਿਆ।

''ਬੇਬੇ, ਸਾਗ ਕਿੱਥੋਂ ਤੋੜ ਲਿਆਉਂਦੀ, ਉਥੇ ਤਾਂ ਮਰ ਜਾਣਾ ਰਿਟਾਇਰ ਥਾਣੇਦਾਰ ਖੇਤ 'ਚ ਆ ਵੜਿਆ। ਮੈਂ ਸਾਗ ਦੇ ਦੋ ਰੁਗ ਤੋੜੇ ਸੀ ਤਾਂ ਮੇਰੇ ਗਲੇ ਹੀ ਪੈ ਗਿਆ। ਕਹਿੰਦਾ, ਨੀ ਕੁੜੀਏ ਏਥੇ ਤੂੰ ਕਿਵੇਂ ਸਾਗ ਤੋੜਦੀ ਐਂ?''

ਮੈਂ ਕਿਹਾ, ''ਬਾਬਾ ਘਰੇ ਲੋੜ ਸੀ। ਤੁਸੀਂ ਬੱਡੇ ਜ਼ਿੰਮੀਦਾਰ ਓਂ, ਥੋਡੇ ਖੇਤ ਵਿਚੋਂ ਤੋੜ ਲੈਂਦੀ ਆਂ। ਟੁੱਟ ਪੈਣੇ ਨੇ ਮੇਰੇ ਹੱਥੋਂ ਸਾਗ ਵੀ ਖੋਹ ਲਿਆ ਤੇ ਮੈਨੂੰ ਤੱਤੀਆਂ ਠੰਢੀਆਂ ਵੀ ਸੁਣਾਈਆਂ। ਕਹਿੰਦਾ, 'ਥੋਨੂੰ ਸ਼ਰਮ ਨ੍ਹੀਂ ਆਉਂਦੀ ਮੰਗ ਖਾਣਿਆਂ ਨੂੰ!'

ਮੈਂ ਕਿਹਾ, ਬਾਬਾ ਰੱਬ ਨੇ ਕਿਸੇ ਨੂੰ ਵੱਡਾ ਛੋਟਾ ਨਹੀਂ ਬਣਾਇਆ, ਤੂੰ ਜੋ ਮਰਜੀ ਕਹਿ। ਨੀ ਬੇਬੇ ਉਹ ਤਾਂ ਭੂਏ ਹੋ ਗਿਆ ਪਰ ਮੈਂ ਵੀ ਔਖੀ ਭਾਰੀ ਉਹਦੇ ਵੱਲ ਗੁੱਸੇ ਨਾਲ ਦੇਖੀ ਗਈ। ਫੇਰ ਨੀ ਉਹ ਬੁੱਢਾ ਖੋਰਾ ਮੈਨੂੰ ਭੱਜ ਕੇ ਪਿਆ। ਕਹਿੰਦਾ, ਤੁਰਦੀ ਹੋ, ਕਿਵੇਂ ਮੂਤਰ ਮੂਤਰ ਝਾਕੀ ਜਾਂਦੀ ਐ। ਬੇਬੇ ਫੇਰ ਮੈਂ ਵੀ ਬੁੱਢੇ ਨੂੰ ਇਕ ਛੱਡ ਹੀ ਦਿੱਤੀ, 'ਬਾਬਾ ਸਾਗ ਤਾਂ ਖੋਹ ਲਿਆ, ਹੁਣ ਮੂਤਰ ਮੂਤਰ ਵੀ ਖੋਹਣੀ ਐ? ਨੀ ਬੇਬੇ ਬਾਬਾ ਤਾਂ ਹੱਸ ਹੱਸ ਦੂਹਰਾ ਹੋ ਗਿਆ।''

*-ਹਰਜਿੰਦਰ ਸਿੰਘ ਧਾਲੀਵਾਲ*
*ਫੋਨ: 847-705-8875*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਸਮੇਂ ਦੀਆਂ ਸੂਈਆਂ

ਟੁੱਟੀ ਮਾਲ੍ਹ ਤੇ ਵਿੰਗਾ ਤੱਕਲਾ ਨਾ ਗਲੋਟਾ ਨਾ ਪੂਣੀ,
ਫਿਰ ਵੀ ਬੀਬੀ ਕੱਤਣ ਲੱਗ ਪਈ ਜੀਨ ਪਹਿਨ ਕੇ ਚਰਖਾ।
ਰੱਬ ਨਾਲ ਆਢਾ ਰੋਜ਼ ਲੈਣ ਤਾਂ ਕੁਦਰਤ ਡਾਢੀ ਹੋ ਗਈ,
ਹੁਣ ਵੀ ਪੁੱਛਦੇ ਸਾਉਣ ਮਹੀਨੇ ਪੈਂਦੀ ਕਿਉਂ ਨ੍ਹੀਂ ਵਰਖਾ?
ਮਾਂ ਤੇ ਧੀ ਨੇ ਪਰਦਾ ਚੁੱਕਾ'ਤਾ ਓਹਲਾ ਕਾਹਦਾ ਰਹਿ ਗਿਆ,
ਚਰਿੱਤਰ ਤੇ ਇਖਲਾਕ ਦੀ ਪੈਂਦੀ ਤਾਹੀਂਓਂ ਨਿੱਤ ਦੁਹਾਈ।
ਧੀ ਦੇ ਦੁਖੜਿਆਂ ਦੀ ਪ੍ਰਵਾਹ ਨਹੀਂ ਕਿਉਂ ਵਧੀ ਨੇ ਜਾਂਦੇ,
'ਕੱਠੇ ਜਦ ਖੜਕਾਉਣ ਗਲਾਸੀ ਸਹੁਰਾ ਅਤੇ ਜਵਾਈ।
ਲੀਰਾਂ ਹੋਏ ਅਰਮਾਨਾਂ ਨੂੰ ਬੜੀ ਟਾਕੀ ਵੇਖੀ ਲਾ ਕੇ,
ਟੁਕੜੇ ਹੋਰ ਵੀ ਹੋਈ ਜਾਵਣ ਹੀਲਾ ਕੀ ਬਣਾਈਏ।
ਜਿੱਤੀਆਂ ਜੰਗਾਂ ਹਾਰ ਰਹੇ ਹਾਂ ਹਿੰਮਤ ਥੋੜ੍ਹੀ ਰਹਿ ਗਈ,
ਬੇਸੁਰੇ ਜਿਹੇ ਗਾ ਨਹੀਂ ਹੁੰਦੇ ਸਾਥੋਂ ਢੋਲੇ-ਮਾਹੀਏ।
ਬੜੇ ਪਰਖ ਲਏ ਯਾਰ ਅਸਾਂ ਨੇ ਸਹੁੰਆਂ ਖਾਣ ਬਥੇਰੇ,
ਕਿਹੜਾ ਦੱਸੋ ਕਿਸੇ ਦੀ ਆਈ ਵੇਖਿਆ ਏ ਕਦ ਮਰਦਾ।
ਉੱਲੂ ਸਿੱਧਾ ਕਰ ਜਾਂਦੇ ਨੇ ਖੂਬ ਸ਼ੈਤਾਨੀਆਂ ਕਰ ਕੇ,
ਉਪਰੋਂ ਉਪਰੋਂ ਆਖਣ ਯਾਰਾ ਤੇਰੇ ਬਿਨ ਨ੍ਹੀਂ ਸਰਦਾ।
ਨਕਲੀ ਹਾਸੇ ਹਿੜ ਹਿੜ ਨਕਲੀ ਯਾਰੀਆਂ ਨਕਲੀ ਹੋਈਆਂ,
ਰੱਸੀਆਂ ਵਰਗੇ ਵੱਟ ਚੜ੍ਹੇ ਨੇ ਨਹੀਂ ਖੋਲ੍ਹਿਆਂ ਖੁੱਲ੍ਹਦੇ।
ਹਉਕਿਆਂ ਦੇ ਵਿਚ ਲੰਘਦੀ ਜਾਵੇ ਫਿਕਰਾਂ ਮਾਰੀ ਜ਼ਿੰਦਗੀ,
ਐਵੇਂ ਲੋਕੀ ਦਾਅਵੇ ਕਰਦੇ ਝੰਡੇ ਕੀਹਦੇ ਝੁੱਲਦੇ।
ਮੱਛੀ ਵਾਂਗੂੰ ਵਕਤ ਹੱਥ 'ਚੋਂ ਜਾਏ ਨਿਕਲਦਾ 'ਭੌਰੇ'
ਮਤਲਬ ਲਈ ਹੀ ਰੱਖਦੇ ਬਹੁਤੇ ਨਾਲ ਤੁਹਾਡੇ ਲਾਂਝਾ।
ਵਕਤ ਬਦਲ ਰਿਹੈ, ਲੋਕ ਬਦਲ ਰਹੇ ਕਿਵੇਂ ਅੜਿੱਕੇ ਡਾਹੀਏ,
ਚੂਰੀ ਉਲਟ ਖਵਾਉਣ ਲੱਗ ਪਿਆ, ਹੀਰ ਨੂੰ ਅੱਜ ਕੱਲ੍ਹ ਰਾਂਝਾ।

# ਆਹਲਾ ਅਲਫ਼ਾਜ਼

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿਚ ਸਦੀਆਂ ਤੋਂ ਫਾਰਸੀ ਅਰਬੀ ਦੇ ਬੇਸ਼ੁਮਾਰ ਆਹਲਾ ਲਫ਼ਜ਼ ਰਚਦੇ-ਮਿਚਦੇ ਰਹੇ ਹਨ। ਮਧਯੁਗ ਦੇ ਪੰਜਾਬੀ ਕਿੱਸਾ-ਕਾਵਿ ਤੇ ਸੂਫੀ-ਕਾਵਿ ਵਿਚ ਇਨ੍ਹਾਂ ਸ਼ਬਦਾਂ ਦੀ ਭਰਮਾਰ ਦੇਖਣ ਨੂੰ ਮਿਲਦੀ ਹੈ। ਗੁਰੂਆਂ ਤੇ ਭਗਤਾਂ ਦੀ ਬਾਣੀ ਵਿਚ ਇਨ੍ਹਾਂ ਸ੍ਰੋਤਾਂ ਤੋਂ ਆਏ ਸ਼ਬਦਾਂ ਦੀ ਕਮੀ ਨਹੀਂ। ਭਾਵੇਂ ਭਾਰਤੀ ਖਿੱਤੇ ਵਿਚ ਮੁਸਲਮਾਨੀ ਚੜ੍ਹਤ ਨੇ ਇਹ ਸ਼ਬਦ ਲਿਆਂਦੇ ਪਰ ਇਸ ਤੋਂ ਪਹਿਲਾਂ ਵੀ ਭਾਰਤ ਦੇ ਅਰਬ ਇਰਾਨ ਨਾਲ ਤਜਾਰਤੀ ਰਿਸ਼ਤੇ ਰਹੇ ਹਨ, ਇਸ ਲਈ ਸਦੀਆਂ ਤੋਂ ਸ਼ਬਦਾਂ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ ਹੈ। ਫਾਰਸੀ ਤਾਂ ਉਂਜ ਵੀ ਆਰਿਆਈ ਭਾਸ਼ਾਵਾਂ ਦੀ ਹਿੰਦ-ਇਰਾਨੀ ਸ਼ਾਖਾ ਦਾ ਅਹਿਮ ਜੁਜ਼ ਹੈ ਜਿਸ ਕਾਰਨ ਇਸ ਦੀ ਸਾਡੀਆਂ ਭਾਸ਼ਾਵਾਂ ਨਾਲ ਜੱਦੀ ਸਾਂਝ ਹੈ। ਅਸਲੇ ਦੀ ਇਹ ਸਾਂਝ ਸਹਿਜੇ ਹੀ ਲੱਭੀ ਜਾ ਸਕਦੀ ਹੈ। ਫਾਰਸ ਉਤੇ ਅਰਬ ਦੀ ਇਸਲਾਮੀ ਚੜ੍ਹਾਈ ਨੇ ਫਾਰਸੀ ਵਿਚ ਸਾਮੀ ਪਰਿਵਾਰ ਨਾਲ ਤਾਅਲੁਕ ਰਖਦੀ ਅਰਬੀ ਭਾਸ਼ਾ ਨੇ ਆਪਣੇ ਲਫ਼ਜ਼ ਲੱਦ ਦਿੱਤੇ। ਇਨ੍ਹਾਂ ਵਿਚੋਂ ਅਨੇਕਾਂ ਸ਼ਬਦ ਫਾਰਸੀ ਰਾਹੀਂ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋ ਗਏ। ਬਹੁਤੇ ਲੋਕ ਇਨ੍ਹਾਂ ਨੂੰ ਬਹੁਤ ਨਫੀਸ ਅਤੇ ਆਹਲਾ ਲਫ਼ਜ਼ ਸਮਝਦੇ ਹਨ।

ਇਸਲਾਮੀ ਹਕੂਮਤ ਸਮੇਂ ਫਾਰਸੀ ਸਰਕਾਰੀ ਦਰਬਾਰੀ ਜ਼ਬਾਨ ਰਹੀ ਹੈ ਇਸ ਲਈ ਇਸ ਭਾਸ਼ਾ ਨੂੰ ਆਹਲਾ, ਅਦਬ ਭਰੀ ਤੇ ਨਫੀਸ ਸਮਝਿਆ ਜਾਂਦਾ ਰਿਹਾ ਹੈ। ਖੈਰ! ਅਸੀਂ ਇਸ ਵਿਚਾਰਦੇ ਹਾਂ ਕਿ ਕੋਈ ਵੀ ਭਾਸ਼ਾ ਦੂਜੀਆਂ ਤੋਂ ਟੁੱਟ ਕੇ ਕਦਾਚਿਤ ਤਰੱਕੀ ਨਹੀਂ ਕਰਦੀ। ਹੋਰ ਭਾਸ਼ਾਵਾਂ ਤੋਂ ਖੁਲ੍ਹੇ ਦਿਲ ਨਾਲ ਸ਼ਬਦ ਅਪਨਾਉਣ ਦੀ ਰੁਚੀ ਕਿਸੇ ਵੀ ਭਾਸ਼ਾ ਦੇ ਆਹਲਾ ਹਾਜਮੇ ਦਾ ਸੂਚਕ ਹੈ।

ਆਹਲਾ ਲਫ਼ਜ਼ ਦਾ ਜ਼ਿਕਰ ਹੋ ਰਿਹਾ ਹੈ, ਕਿਉਂ ਨਾ ਅੱਜ ਇਸ 'ਤੇ ਹੀ ਗੱਲ ਕਰ ਲਈਏ। ਇਹ ਸ਼ਬਦ ਸਾਮੀ/ਅਰਬੀ ਅਸਲੇ ਦਾ ਹੈ ਜੋ ਫਾਰਸੀ ਰਾਹੀਂ ਪੰਜਾਬੀ ਵਿਚ ਆ ਰਲਿਆ। ਪੰਜਾਬੀ ਵਿਚ ਇਸ ਦਾ ਅਰਥ ਵਧੀਆ, ਸ੍ਰੇਸ਼ਟ, ਉਚਾ ਆਦਿ ਵਜੋਂ ਲਿਆ ਜਾਂਦਾ ਹੈ। ਅਰਬੀ ਵਿਚ ਇਹ ਵਿਸ਼ੇਸ਼ਣ ਦੀ ਦੂਜੀ ਤੇ ਤੀਜੀ ਡਿਗਰੀ ਦਾ ਸੰਕੇਤਕ ਹੈ ਯਾਨਿ ਇਸ ਦੇ ਮਾਅਨੇ ਹਨ- ਸਰਵਉਚ, ਉਚ ਕੋਟੀ ਦਾ, ਸ਼ਿਰੋਮਣੀ, ਚੋਟੀ ਦਾ, ਸਿਖਰਲਾ, ਸਰਵਸ੍ਰੇਸ਼ਟ, ਬੇਹਤਰੀਨ ਆਦਿ। ਪੰਜਾਬੀ ਵਿਚ ਇਸ ਦੀ ਖਾਸੀ ਵਰਤੋਂ ਹੁੰਦੀ ਹੈ, ਖਾਸ ਕਰਕੇ "ਆਹਲਾ ਦਰਜੇ ਦਾ" ਉਕਤੀ ਵਜੋਂ, ਜਿਸ ਦਾ ਭਾਵ ਹੋਇਆ ਸਭ ਤੋਂ ਉਚੇ ਦਰਜੇ ਦਾ, ਉਚ ਕੋਟੀ ਦਾ। ਮਿਸਾਲ ਵਜੋਂ, "ਜਿੱਥੇ ਅੱਲਾ ਯਾਰ ਖਾਂ ਉਰਦੂ, ਅਰਬੀ, ਫਾਰਸੀ ਦੇ ਆਲਮ ਫਾਜ਼ਲ ਅਤੇ ਤੁਕਬੰਦੀ ਦੇ ਆਹਲਾ ਦਰਜੇ ਦੇ ਮਾਹਰ ਸਨ, ਉਥੇ ਮਿੱਠੇ ਗਲੇ ਦੇ ਮਾਲਕ ਅਤੇ ਬੇਬਾਕ ਤੇ ਬੇਖੌਫ ਗੱਲ ਕਹਿਣ ਦੀ ਹਿੰਮਤ ਵੀ ਰੱਖਦੇ ਸਨ...।" ਖਾਦਮੇ-ਆਹਲਾ ਦਾ ਮਤਲਬ ਹੁੰਦਾ ਹੈ ਪਹਿਲੇ ਦਰਜੇ ਦਾ ਨੌਕਰ। ਕਿਧਰੇ ਕਿਧਰੇ ਇਹ ਸ਼ਬਦ "ਆਲਾ" ਦੇ ਹੇਜਿਆਂ ਨਾਲ ਵੀ ਮਿਲਦਾ ਹੈ ਜੋ ਕਿ ਅਸਲ ਦੇ ਵਧ ਨੇੜੇ ਹੈ। 'ਸਦਰੇ ਆਲਾ' ਪ੍ਰਧਾਨ ਨੂੰ ਆਖਦੇ ਹਨ। ਫਾਰਸੀ ਵਿਚ ਇਹ ਸ਼ਬਦ ਐਨ ਅੱਖਰ ਨਾਲ ਸ਼ੁਰੂ ਹੁੰਦਾ ਹੈ ਤੇ ਪੰਜਾਬੀ ਵਿਚ ਅਲਫ ਲੱਗੇ ਐਨ ਅੱਖਰਾਂ ਵਾਲੇ ਸ਼ਬਦਾਂ ਨੂੰ ਉਚੀ ਸੁਰ (High Tone) ਵਿਚ



ਇਕ 'ਆਲੀਸ਼ਾਨ' ਇਮਾਰਤ

ਉਚਾਰਨ ਦੀ ਪ੍ਰਵਿਰਤੀ ਹੈ। ਗੁਰਮੁਖੀ ਵਿਚ ਇਸ ਦੇ ਲਿਪੀਆਂਤਰਣ ਲਈ ਕੋਈ ਨਿਸ਼ਚਿਤ ਨੇਮ ਨਹੀਂ ਹਨ। ਇਸ ਨੂੰ ਕਿਧਰੇ ਹਾਹਾ (ਹ) ਨਾਲ, ਕਿਧਰੇ ਪੈਰੀਂ ਹਾਹਾ ਨਾਲ (੍ਹ) ਤੇ ਧਿਰੇ ਆੜਾ (ਅ) ਨਾਲ ਦਰਸਾਇਆ ਜਾਂਦਾ ਹੈ। ਮਿਸਾਲ ਵਜੋਂ ਇਕੋ ਸ਼ਬਦ ਕੋਹੜ, ਕੋੜ੍ਹ ਅਤੇ ਕੋਅੜ ਦੇ ਸ਼ਬਦ-ਜੋੜਾਂ ਵਿਚ ਮਿਲੇਗਾ। ਪੰਜਾਬੀ ਦੇ ਟੋਨਲ ਭਾਸ਼ਾ ਹੋਣ ਦੀ ਗੱਲ ਬਹੁਤ ਬਾਅਦ ਵਿਚ ਸਮਝ ਆਈ ਜਿਸ ਕਾਰਨ ਇਹ ਘੜਮੱਸ ਪਿਆ। ਖੈਰ! ਅਸੀਂ ਆਹਲਾ ਸ਼ਬਦ ਦੀ ਗੱਲ ਕਰ ਰਹੇ ਸੀ। ਅਰਬੀ ਵਿਚ ਇਹ ਸ਼ਬਦ 'ਅਲੂ' (ਐਨ-ਲਾਮ-ਵਾ) ਧਾਤੂ ਤੋਂ ਬਣਿਆ ਹੈ ਜਿਸ ਵਿਚ ਉਚਤਾ, ਉਚਾਈ ਦੇ ਭਾਵ ਹਨ। ਗੁਰੂ ਅਰਜਨ ਦੇਵ ਦੇ ਇਕ ਪਦ ਵਿਚ ਇਹ ਸ਼ਬਦ ਆਇਆ ਹੈ, "ਬੰਦਗੀ ਅਲਹ ਆਲਾ ਹੁਜਰਾ॥" ਭਗਤ ਨਾਮਦੇਵ ਨੇ ਵੀ ਇਹ ਸ਼ਬਦ ਵਰਤਿਆ ਹੈ,

ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ॥
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ॥
ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ॥

ਦੋਨੋਂ ਪ੍ਰਸੰਗਾਂ ਵਿਚ ਆਲਾ/ਆਲੇ ਦਾ ਮਤਲਬ ਸਰਵਉਚ ਹੈ। ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਨੇ ਇਸ ਸ਼ਬਦ ਦਾ ਇਕ ਰੂਪ 'ਅਹਿਲਾ' ਵੀ ਵਧੀਆ, ਸ੍ਰੇਸ਼ਟ ਦੇ ਅਰਥਾਂ ਵਿਚ ਵਰਤਿਆ ਹੈ, "ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮ ਗਵਾਇਆ॥" 'ਮਹਾਨ ਕੋਸ਼' ਤੇ ਕੁਝ ਟੀਕਾਕਾਰਾਂ ਨੇ ਇਸ ਸ਼ਬਦ ਦਾ ਅਰਥ 'ਨਿਸਫਲ' ਕੀਤਾ ਹੈ। ਇਸ ਨੂੰ 'ਅ+ਲਾਹਾ' ਜਾਂ ਸੰਸਕ੍ਰਿਤ 'ਅਫਲ' ਤੋਂ ਵਿਉਤਪਤ ਦੱਸਿਆ ਹੈ ਜੋ ਠੀਕ ਨਹੀਂ ਜਾਪਦਾ। ਸਾਹਿਬ ਸਿੰਘ ਨੇ ਇਸ ਨੂੰ ਆਹਲਾ ਨਾਲ ਜੋੜਦਿਆਂ ਇਸ ਦਾ ਅਰਥ ਸਰਵਉਚ ਹੀ ਕੀਤਾ ਹੈ ਤੇ ਮੇਰੀ ਵੋਟ ਸਾਹਿਬ ਸਿੰਘ ਲਈ ਹੈ।

'ਅਲੂ' ਧਾਤੂ ਤੋਂ ਹੀ ਆਲੀ ਸ਼ਬਦ ਬਣਿਆ ਹੈ ਜਿਸ ਦਾ ਅਰਥ ਉਚਾ, ਬੁਲੰਦ, ਉਦਾਤ, ਉਘਾ, ਚੋਟੀ ਦਾ ਆਦਿ ਹੁੰਦਾ ਹੈ। ਬੁਲ੍ਹੇ ਸ਼ਾਹ ਦੀ ਇਕ ਸੀਹਰਫੀ ਵਿਚ ਇਹ ਸ਼ਬਦ ਆਇਆ ਹੈ,

ਰੇ-ਰੋਜ਼ ਹਸ਼ਰ ਕੋਈ ਰਹੇ ਨ ਖਾਲੀ,
ਲਵੇ ਹਿਸਾਬ ਦੇ ਜਗ ਦਾ ਵਾਲੀ।
ਜ਼ੇਰ ਜਬਰ ਸਭ ਭੁੱਲਣ ਆਲੀ,
ਤਿਸ ਦਿਨ ਹਜ਼ਰਤ ਆਪ ਛਡਾਵੇ।
ਇਸ ਲਾਗੀ ਕੋ ਕੌਣ ਬੁਝਾਵੇ।

ਇਥੇ 'ਜ਼ੇਰ ਜਬਰ' ਦਾ ਭਾਵ ਉਚ ਨੀਚ ਹੈ। 'ਸੈਫ ਉਲ ਮਲੂਕ' ਵਿਚ ਮੀਆਂ ਮੁਹੰਮਦ ਬਖ਼ਸ਼ ਨੇ ਇਸ ਸ਼ਬਦ ਨੂੰ ਇਸੇ ਤਰ੍ਹਾਂ ਲਿਆ ਹੈ,

ਫ਼ੀਰੋਜ਼ ਸ਼ਹਿਜ਼ਾਦੇ ਆਲੀ
ਸਦਾ ਰਹੇਂ ਖ਼ੁਸ਼ਹਾਲੀ।
ਦੇਇੰ ਇਜ਼ਾਜ਼ਤ ਤਾਂ ਹਿਕ ਗੱਲ ਦਾ
ਹੋਵਾਂ ਅੱਜ ਸਵਾਲੀ।

ਆਲੀ ਦਾ ਅਰਥ ਇਥੇ ਉਚਾ ਜਾਂ ਵੱਡਾ ਹੈ। ਆਲੀ ਅਗੇਤਰ ਲੱਗ ਕੇ ਕਈ ਹੋਰ ਸ਼ਬਦਾਂ ਦਾ ਨਿਰਮਾਣ ਹੋਇਆ ਹੈ ਜਿਨ੍ਹਾਂ ਵਿਚੋਂ ਕੁਝ ਪੰਜਾਬੀ ਵਿਚ ਵੀ ਆ ਗਏ ਹਨ। ਸਭ ਤੋਂ ਅਹਿਮ ਸ਼ਬਦ ਹੈ 'ਆਲੀਸ਼ਾਨ' ਜਿਸ ਦਾ ਅਰਥ ਬਣਦਾ ਹੈ ਉਚੀ ਸ਼ਾਨ ਵਾਲਾ ਜਾਂ ਸ਼ਾਨਦਾਰ, ਭਵਯ ਜਿਵੇਂ ਅਲੀਸ਼ਾਨ ਇਮਾਰਤ,

ਐਸੀ ਆਲੀਸ਼ਾਨ ਇਮਾਰਤ,
ਜੈਸੀ ਜਗਤ ਨਾ ਸਾਰੇ।
ਵੇਖ ਹੋਇਆ ਹੈਰਾਨ ਸ਼ਹਿਜ਼ਾਦਾ,
ਸੁੰਦਰ ਮਹਿਲ ਚੁਬਾਰੇ।
-ਮੀਆਂ ਮੁਹੰਮਦ ਬਖ਼ਸ਼
(ਸੈਫ ਉਲ ਮਲੂਕ)

'ਆਲੀ ਜਨਾਬ' ਦਾ ਮਤਲਬ ਹੈ ਉਚੇ ਰੁਤਬੇ ਵਾਲਾ। ਜਨਾਬੇ-ਆਲੀ ਦਾ ਵੀ ਇਹੀ ਅਰਥ ਹੈ ਪਰ ਇਹ ਆਮ ਤੌਰ 'ਤੇ ਉਚ ਅਧਿਕਾਰੀ ਜਾਂ ਬਜ਼ੁਰਗ ਲਈ ਸਨਮਾਨਸੂਚਕ ਸੰਬੋਧਨ ਵਜੋਂ ਵਰਤਿਆ ਜਾਂਦਾ ਹੈ, "ਲਾਵਾਰਿਸ" ਫਿਲਮ ਦਾ ਗੀਤ ਹੈ, "ਅਪਨੀ ਤੋ ਜੈਸੇ ਤੈਸੇ ਕਟ ਜਾਏਗੀ, ਆਪ ਕਾ ਕਿਆ ਹੋਗਾ ਜਨਾਬੇ ਆਲੀ।' 'ਹਜ਼ੂਰੇ ਆਲੀ' ਵੀ ਇਸੇ ਅਰਥ ਵਾਲਾ ਸ਼ਬਦ ਹੈ ਪਰ ਸ਼ਾਇਦ ਇਥੇ ਆਲੀ ਸ਼ਬਦ ਨੂੰ 'ਵਾਲਾ' ਸਮਝਦੇ ਹੋਏ 'ਹਜ਼ੂਰੇ ਵਾਲਾ' ਸ਼ਬਦ ਜੁੱਟ ਬਣਾ ਲਿਆ ਗਿਆ। 'ਯੇ ਰਾਤ ਫਿਰ ਨਾ ਆਏਗੀ' ਦੇ ਇਕ ਗੀਤ ਦੇ ਬੋਲ ਹਨ, "ਹਜ਼ੂਰੇ ਵਾਲਾ, ਜੋ ਹੋ ਇਜਾਜ਼ਤ...।"

ਮੁਸਲਮਾਨਾਂ ਦਾ ਇਕ ਬਹੁਤ ਪ੍ਰਚਲਤ ਵਿਅਕਤੀ ਨਾਂ ਹੁੰਦਾ ਹੈ 'ਅਲੀ।' ਨਾਂ ਵਾਲੇ ਇਸ ਸ਼ਬਦ ਵਿਚ ਵੀ ਉਚੇ ਜਾਂ ਵੱਡੇ ਹੋਣ ਦੇ ਭਾਵ ਹਨ। ਪੈਗੰਬਰ ਮੁਹੰਮਦ ਦੇ ਚਾਚਾਜ਼ਾਦ ਭਾਈ (ਚਚੇਰਾ ਭਰਾ) ਅਤੇ ਜਵਾਈ ਦਾ ਨਾਂ ਅਲੀ (ਅਲੀ ਇਬਨੇ ਅਬੀ ਤਾਲਿਬ) ਸੀ। ਇਹ ਚੌਥਾ ਖਲੀਫਾ ਹੋਇਆ ਹੈ। ਉਸ ਦੇ ਮੁਰੀਦ ਸ਼ੀਆ ਅਖਵਾਏ। ਸ਼ੀਆ ਮੁਸਲਮਾਨ ਇਸ ਨੂੰ ਪਹਿਲਾ ਤੇ ਜਾਇਜ਼ ਖਲੀਫਾ ਮੰਨਦੇ ਹਨ। ਅਲਫ ਲੈਲਾ ਦੀ 'ਅਲੀ ਬਾਬਾ ਅਤੇ ਚਾਲੀ ਚੋਰ' ਕਹਾਣੀ ਦਾ ਨਾਇਕ ਵੀ ਅਲੀ ਨਾਂ ਦਾ ਵਿਅਕਤੀ ਹੈ। ਇਕ ਪ੍ਰਸਿਧ ਅਮਰੀਕੀ ਮੁੱਕੇਬਾਜ਼ ਦਾ ਨਾਂ ਮੁਹੰਮਦ ਅਲੀ ਹੈ। ਉਸ ਨੇ ਇਹ ਨਾਂ ਇਸਾਈ ਤੋਂ ਮੁਸਲਮਾਨ ਮਜ਼ਹਬ ਧਾਰਨ ਉਪਰੰਤ ਅਪਨਾਇਆ। ਉਸ ਦਾ ਪਹਿਲਾ ਨਾਂ ਕੈਸੀਅਸ ਕਲੇਅ ਸੀ। ਪਾਕਿਸਤਾਨ ਦੇ ਕਾਇਦੇ-ਆਜ਼ਮ ਦਾ ਨਾਂ ਅਲੀ ਮੁਹੰਮਦ ਜਿਨਾਹ ਹੈ। ਮੁਸਲਮਾਨਾਂ ਵਿਚ ਅਲੀ ਦਾ ਇਸਤਰੀ ਲਿੰਗੀ ਨਾਂ ਆਲਿਆ ਵੀ ਪ੍ਰਚਲਿਤ ਹੈ।

'ਅਲੂ' ਤੋਂ ਹੀ ਅਰਬੀ ਦਾ ਅਲਾਵਾ ਸ਼ਬਦ ਬਣਿਆ ਜਿਸ ਦਾ ਅਰਥ ਹੁੰਦਾ ਹੈ 'ਹੋਰ ਵਾਧਾ' ਜਿਵੇਂ ਲੱਦੇ ਹੋਏ ਊਠ ਉਤੇ ਲੱਦੀ ਹੋਰ ਛੋਟੀ ਜਿਹੀ ਗਠੜੀ। ਫਾਰਸੀ ਵਿਚ ਇਸ ਦਾ ਰੂਪ ਹੋਇਆ 'ਇਲਾਵਾ' ਜਿਸ ਦਾ ਅਰਥ ਹੁੰਦਾ ਹੈ- ਇਸ ਤੋਂ ਬਿਨਾਂ, ਅਤਿਰਿਕਤ। ਪਾਠਕ ਸਮਝ ਹੀ ਗਏ ਹੋਣਗੇ ਕਿ ਇਸ ਸ਼ਬਦ ਦਾ ਉਚਾਈ ਦੇ ਭਾਵ ਨਾਲ ਕਿਵੇਂ ਸਬੰਧ ਬਣਿਆ। ਪੰਜਾਬੀ ਵਿਚ ਵੀ 'ਇਲਾਵਾ' ਸ਼ਬਦ ਅਪਨਾਇਆ ਗਿਆ ਹੈ ਤੇ ਖੂਬ ਚਲਦਾ ਹੈ। ਪੰਜਾਬੀ ਵਿਚ ਜੇ ਇਸ ਦੇ ਅੱਖਰੀ ਅਰਥ ਕਰਨੇ ਹੋਣ ਤਾ ਅਸੀਂ "ਉਤੋਂ ਵਾਧਾ ਇਹ ਕਿ" ਜਾਂ 'ਉਪਰੋਂ" ਕਰ ਸਕਦੇ ਹਾਂ। ਇਕ ਮਿਸਾਲ ਲੈਂਦੇ ਹਾਂ, "ਉਸ ਨੇ ਮੇਰੇ ਪੈਸੇ ਖੋਹ ਲਏ। ਇਸ ਤੋਂ ਇਲਾਵਾ ਮੈਨੂੰ ਕੁੱਟਿਆ ਵੀ।" ਇਲਾਵਾ ਸ਼ਬਦ ਹਟਾ ਕੇ ਇਸ ਫਿਕਰੇ ਨੂੰ ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ, "ਉਸ ਨੇ ਮੇਰੇ ਪੈਸੇ ਖੋਹ ਲਏ। ਉਤੋਂ ਵਾਧਾ ਇਹ ਕਿ (ਜਾਂ ਉਪਰੋਂ) ਮੈਨੂੰ ਕੁੱਟਿਆ ਵੀ।" ਇਸ ਧਾਤੂ ਅੱਗੇ ਅਰਬੀ ਅਗੇਤਰ 'ਤ' ਲਗਾ ਕੇ 'ਤਾਅਲਾ' ਸ਼ਬਦ ਬਣਿਆ ਜਿਸ ਦਾ ਮਤਲਬ ਹੁੰਦਾ ਹੈ, ਬਹੁਤ ਉਚਾ। ਅਸੀਂ ਇਸ ਨੂੰ "ਅੱਲਾ ਤਾਅਲਾ" ਸ਼ਬਦ ਜੁੱਟ ਵਿਚ ਦੇਖ ਸਕਦੇ ਹਾਂ ਜਿਸ ਦਾ ਭਾਵ ਹੈ ਸਭ ਤੋਂ ਉਚਾ ਰੱਬ ਜਾਂ ਜਿਵੇਂ ਅਸੀਂ ਕਹਿੰਦੇ ਹਾਂ 'ਊਚੇ ਤੇ ਊਚਾ ਭਗਵੰਤ।' ਅਰਬੀ ਵਿਚ ਮੁਸਲਮਾਨਾਂ ਦਾ ਇਕ ਨਾਹਰਾ ਹੈ, "ਸੁਭਾਨਹੂ ਵਾ ਤਾਅਲਾ" ਜਿਸ ਦਾ ਪੰਜਾਬੀ ਰੂਪ ਕੁਝ ਇਸ ਤਰ੍ਹਾਂ ਹੋ ਸਕਦਾ ਹੈ, ਵਾਹਵਾਹ ਉਚਤਮ ਪਰਮਾਤਮਾ।

ਅਸੀਂ ਅਰਬੀ 'ਅਲੂ' ਧਾਤੂ ਦੀ ਗੱਲ ਕੀਤੀ ਹੈ। ਅਸਲ ਵਿਚ ਇਹ ਸਾਮੀ ਖਾਸੇ ਵਾਲਾ ਸ਼ਬਦ ਹੈ। ਕਹਿਣ ਦਾ ਭਾਵ ਹੋਰ ਸਾਮੀ ਜ਼ਬਾਨਾਂ ਵਿਚ ਵੀ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਹਿਬਰੂ ਵਿਚ ਇਕ ਸ਼ਬਦ ਹੈ 'ਅਲਾਹ' ਜਿਸ ਦਾ ਅਰਥ ਹੈ, 'ਕੋਠੇ ਉਪਰਲਾ ਕਮਰਾ' ਜਾਂ ਕਹਿ ਲਵੋ 'ਚੁਬਾਰਾ।' ਕਿਰਿਆ ਵਜੋਂ ਅਲਾਹ ਸ਼ਬਦ ਦੇ ਅਰਥ ਹਨ, ਪਹੁੰਚਣਾ, ਉਪਰ ਚੜ੍ਹਨਾ, ਚੜ੍ਹਾਈ ਕਰਨਾ। ਇਸ ਤਰ੍ਹਾਂ ਇਸ ਵਿਚ ਉਚਾਈ ਦੇ ਭਾਵ ਸਪਸ਼ਟ ਝਲਕਦੇ ਹਨ। ਹਿਬਰੂ ਆਲੀਆ ਦਾ ਮਤਲਬ ਹੈ ਯਹੂਦੀਆਂ ਦਾ ਇਸਰਾਈਲ ਵੱਲ ਪ੍ਰਵਾਸ ਜਾਂ ਕਹਿ ਲਵੋ ਯੂਰੂਸ਼ਲਮ ਵੱਲ ਚੜ੍ਹਾਈ। ਹਿਬਰੂ ਬਾਈਬਲ ਵਿਚ ਇਹ ਸ਼ਬਦ ਕਈ ਰੂਪਾਂ ਵਿਚ ਮਿਲਦਾ ਹੈ।

## ਸੰਪਾਦਕ ਦੀ ਡਾਕ

# ਰੈਫਰੈਂਡਮ ਵੀਹ ਸੌ ਵੀਹ ਜਾਂ...

'ਪੰਜਾਬ ਟਾਈਮਜ਼' ਦੇ 28 ਅਪਰੈਲ ਵਾਲੇ ਅੰਕ ਵਿਚ ਸ. ਹਜ਼ਾਰਾ ਸਿੰਘ ਕੈਨੇਡਾ ਦਾ ਲੇਖ 'ਰੈਫਰੈਂਡਮ ਵੀਹ ਸੌ ਵੀਹ ਜਾਂ ਚਾਰ ਸੌ...?' ਪੜ੍ਹ ਕੇ ਦਿਲ ਨੂੰ ਕੁਝ ਤਸੱਲੀ ਹੋਈ ਕਿ ਕੂੜ ਉਤੇ ਉਂਗਲ ਰੱਖਣ ਦੀ ਜੁਰਅਤ ਕਰਨ ਵਾਲੇ ਜਿਊੜੇ ਅਜੇ ਇਸ ਦੁਨੀਆਂ ਵਿਚੋਂ ਅਲੋਪ ਨਹੀਂ ਹੋਏ। ਜਿਹੜਾ ਮਸਲਾ ਇਸ ਲੇਖ ਵਿਚ ਉਨ੍ਹਾਂ ਉਠਾਇਆ ਹੈ, ਉਸ ਬਾਰੇ ਸੋਚ ਕੇ ਮੈਂ ਆਪ ਤਰਲੋ-ਮੱਛੀ ਹੁੰਦਾ ਰਿਹਾ ਹਾਂ ਅਤੇ ਹੁਣ ਜਾਪਦਾ ਹੈ ਸ. ਹਜ਼ਾਰਾ ਸਿੰਘ ਨੇ ਮੇਰੀ ਹੀ ਗੱਲ ਨੂੰ ਸ਼ਬਦਾਂ ਵਿਚ ਬੰਨ੍ਹ ਕੇ ਰੱਖ ਦਿੱਤਾ ਹੈ। ਹੋਰ ਵੀ ਬਥੇਰੇ ਪਾਠਕ ਇਸ ਤਰ੍ਹਾਂ ਸੋਚਦੇ ਹੋਣਗੇ। 'ਪੰਜਾਬ ਟਾਈਮਜ਼' ਨੇ ਇਹ ਸੋਹਣਾ ਮੌਕਾ ਬਣਾਇਆ ਹੈ।

ਮੈਂ ਉਨ੍ਹਾਂ ਦੇ ਪਹਿਲਾਂ ਨਾਨਕਸ਼ਾਹੀ ਕੈਲੰਡਰ ਅਤੇ ਸੰਵਿਧਾਨ ਦੀ ਧਾਰਾ 25 ਬਾਰੇ ਛਪੇ ਲੇਖ ਵੀ ਪੜ੍ਹੇ ਹਨ। ਉਨ੍ਹਾਂ ਬੜੇ ਨਿਰਪੱਖ ਨਜ਼ਰੀਏ ਤੋਂ ਆਪਣੇ ਵਿਚਾਰ ਪ੍ਰਗਟਾਏ ਹਨ-ਭਾਵੇਂ ਕਿਸ ਨੂੰ ਚੰਗੇ ਲਗਣ ਜਾਂ ਬੁਰੇ। ਸ. ਹਜ਼ਾਰਾ ਸਿੰਘ ਦੀ ਇਸ ਗੱਲ ਵਿਚ ਨਿੱਗਰ ਵਜਨ ਹੈ ਕਿ ਰੈਫਰੈਂਡਮ ਦੇ ਮਾਮਲੇ 'ਤੇ ਸੁਹਿਰਦਤਾ ਅਤੇ ਗੰਭੀਰਤਾ ਦੀ ਥਾਂ ਸਵਾਰਥ ਦਾ ਬੋਲ-ਬਾਲਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਜੇ ਰੈਫਰੈਂਡਮ ਕਰਾਉਣਾ ਹੈ ਤਾਂ ਕੀ ਬਹੁ-ਗਿਣਤੀ ਸਿੱਖ ਇਸ ਦੇ ਹੱਕ ਵਿਚ ਹਨ? ਫਿਰ ਰੈਫਰੈਂਡਮ ਦਾ ਇਹ ਰੌਲਾ-ਗੌਲਾ ਤਾਂ ਬਹੁਤਾ ਵਿਦੇਸ਼ਾਂ ਵਿਚ ਹੀ ਪਾਇਆ ਜਾ ਰਿਹਾ ਹੈ, ਸਿਰਫ ਸਿੱਖਾਂ ਦੀਆਂ ਭਾਵਨਾਵਾਂ ਦਾ ਲਾਭ ਉਠਾਉਣ ਲਈ। ਕੀ ਇਸ ਰੈਫਰੈਂਡਮ ਨੂੰ ਭਾਰਤ ਵਿਚ ਵੀ ਕੋਈ ਹੁੰਗਾਰਾ ਮਿਲੇਗਾ? ਇਹ ਵੀ ਇਕ ਵਡਾ ਸਵਾਲ ਹੈ। ਇਸ ਤੋਂ ਇਲਾਵਾ ਜੇ ਕਿਸੇ ਤਰ੍ਹਾਂ ਵਖਰੇ ਦੇਸ਼ ਲਈ ਕਰਵਾਏ ਜਾ ਰਹੇ ਰੈਫਰੈਂਡਮ ਨੂੰ ਬਹੁ-ਗਿਣਤੀ ਸਿੱਖਾਂ ਦਾ ਹੁੰਗਾਰਾ ਮਿਲ ਵੀ ਜਾਂਦਾ ਹੈ ਤੇ ਇਹ ਯੋਜਨਾ ਅਨੁਸਾਰ ਸੰਯੁਕਤ ਰਾਸ਼ਟਰ ਸੰਘ ਤਕ ਪਹੁੰਚਦਾ ਵੀ ਕਰ ਦਿਤਾ ਜਾਂਦਾ ਹੈ ਤਾਂ ਭਲਾ ਇਹ ਕੌਮਾਂਤਰੀ ਸੰਘ ਕੋਈ ਸਾਰਥਕ ਕਾਰਵਾਈ ਕਰ ਸਕੇਗਾ? ਇਸ ਤੋਂ ਪਹਿਲਾਂ ਵੀ ਸੰਘ ਕਿਊਬੈਕ, ਸਕਾਟਲੈਂਡ, ਸੂਡਾਨ ਆਦਿ ਦੇਸ਼ਾਂ ਵਿਚ ਹੋਈਆਂ ਰਾਏਸ਼ੁਮਾਰੀਆਂ (ਰੈਫਰੈਂਡਮ) ਬਾਰੇ ਕੁਝ ਨਹੀਂ ਕਰ ਸਕਿਆ। ਹਜ਼ਾਰਾ ਸਿੰਘ ਦੀ ਇਹ ਗੱਲ ਸਹੀ ਜਾਪਦੀ ਹੈ ਕਿ ਪੰਜਾਬ ਕੋਲ ਰੈਫਰੈਂਡਮ ਵਾਸਤੇ ਉਹ ਸੰਵਿਧਾਨਕ ਆਧਾਰ ਨਹੀਂ ਹੈ ਜੋ ਕਿਊਬੈਕ ਅਤੇ ਸਕਾਟਲੈਂਡ ਕੋਲ ਹੈ। ਰੈਫਰੈਂਡਮ ਤਾਂ ਕਸ਼ਮੀਰ ਵਿਚ ਨਹੀਂ ਹੋ ਸਕਿਆ।

ਅਸਲ ਵਿਚ ਰੈਫਰੈਂਡਮ-2020 ਵਰਗੀਆਂ ਮੁਹਿੰਮਾਂ ਹੀ ਹਨ ਜਿਹੜੀਆਂ ਸਾਡੇ ਲੋਕਾਂ ਦੀਆਂ ਅੱਖਾਂ ਤੋਂ ਅਗਿਆਨਤਾ ਦੇ ਖੋਪੇ ਨਹੀਂ ਲਹਿਣ ਦਿੰਦੀਆਂ। ਇਹ ਲੇਖ ਮੈਂ ਬੜੇ ਉਚੇਚ ਨਾਲ ਆਪਣੇ ਨੇੜਲਿਆਂ ਨੂੰ ਵੀ ਪੜ੍ਹਾਇਆ ਹੈ ਅਤੇ ਲੇਖ ਪੜ੍ਹ ਕੇ ਉਨ੍ਹਾਂ ਦੀਆਂ ਅੱਖਾਂ ਵੀ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ। ਅਸਲ ਵਿਚ ਇਹ ਮੁਹਿੰਮਬਾਜ਼ ਲੋਕ ਉਦੋਂ ਤੱਕ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਆਪਣਾ ਉਲੂ ਸਿੱਧਾ ਕਰਦੇ ਰਹਿਣਗੇ ਜਦੋਂ ਤੱਕ ਲੋਕਾਂ ਨੂੰ ਚੇਤਨਾ ਦੀ ਚਿਣਗ ਨਹੀਂ ਲੱਗਦੀ।

*-ਪ੍ਰੇਮ ਸਿੰਘ ਅਜਨਾਲਾ*
*ਨਿਊ ਯਾਰਕ।*

# ਬਾਲਟੀਮੋਰ ਦਾ ਲੋਕ ਉਭਾਰ

'ਪੰਜਾਬ ਟਾਈਮਜ਼' (ਅੰਕ 20, 16 ਮਈ) ਵਿਚ ਪਰਮਜੀਤ ਰੋਡੇ ਦਾ ਲੇਖ 'ਬਾਲਟੀਮੋਰ ਦਾ ਲੋਕ ਉਭਾਰ' ਪੜ੍ਹ ਕੇ ਮਸਲੇ ਦੀ ਜੜ੍ਹ ਦਾ ਪਤਾ ਲੱਗਿਆ। ਇਹ ਗੱਲ ਸਹੀ ਹੈ ਕਿ ਮੁਲਕ ਕੋਈ ਵੀ ਹੋਵੇ, ਸਰਕਾਰ, ਪ੍ਰਸ਼ਾਸਨ ਅਤੇ ਮੀਡੀਆ ਹਰ ਵਾਰ ਅਜਿਹੇ ਲੋਕ ਉਭਾਰ ਨੂੰ ਕਾਨੂੰਨ-ਵਿਵਸਥਾ ਦੀ ਮਾੜੀ ਹਾਲਤ ਦੇ ਖਾਤੇ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਦਾ ਹੈ। ਇਸ ਪੱਖੋਂ ਪਰਮਜੀਤ ਰੋਡੇ ਵਧਾਈ ਦਾ ਹੱਕਦਾਰ ਹੈ ਜਿਸ ਨੇ ਇੰਨੇ ਘੱਟ ਸ਼ਬਦਾਂ ਵਿਚ ਅਤੇ ਪੂਰਾ ਟਿਕਾ ਕੇ ਇਸ ਮੁੱਦੇ ਦੀ ਪੁਣ-ਛਾਣ ਕੀਤੀ ਹੈ। 'ਪੰਜਾਬ ਟਾਈਮਜ਼' ਵਿਚ ਅਜਿਹੇ ਅਰਟੀਕਲ ਅਕਸਰ ਨਜ਼ਰੀਂ ਪੈ ਜਾਂਦੇ ਹਨ ਜਿਹੜੇ ਹੋਰਾਂ ਨਾਲੋਂ ਬਿਲਕੁੱਲ ਵੱਖਰੇ ਹੁੰਦੇ ਹਨ। ਇਸ ਲਈ ਅਜਿਹੇ ਲੇਖਕਾਂ ਤੇ ਪਾਠਕਾਂ ਨੂੰ 'ਪੰਜਾਬ ਟਾਈਮਜ਼' ਦਾ ਮੰਚ ਮੁਹੱਈਆ ਕਰਵਾਉਣ ਲਈ ਤੁਹਾਡਾ ਵੀ ਸ਼ੁਕਰੀਆ।

ਇਸੇ ਅੰਕ ਵਿਚ ਦਲਜੀਤ ਅਮੀ ਦਾ ਲੇਖ 'ਜਿਥੇ ਜਿਉਂਦੇ ਰਹਿਣ ਦਾ ਸੁਫ਼ਨਾ ਇਰਾਦਾ ਕਤਲ ਹੈ' ਅਤੇ ਨਵਚੇਤਨ ਲੰਡਨ ਦਾ ਲੇਖ 'ਡਾਢਿਆਂ ਦੀ ਮੰਡੀ ਵਿਚ ਜ਼ਿੰਦਗੀ ਦਾ ਮੁੱਲ' ਵੀ ਝੰਜੋੜਨ ਵਾਲੀਆਂ ਲਿਖਤਾਂ ਸਨ। 9 ਮਈ ਦੇ ਅੰਕ ਵਿਚ ਦਲਜੀਤ ਅਮੀ ਦਾ 'ਮੁੱਖ ਮੰਤਰੀ ਦੇ ਨਾਂ ਖੁੱਲ੍ਹਾ ਖਤ' ਪੂਰੇ ਦਿਲ-ਗੁਰਦੇ ਨਾਲ ਲਿਖਿਆ ਗਿਆ ਲੇਖ ਸੀ। ਲਿਖਤਾਂ ਵਿਚ ਇੰਨੀ ਹੀ ਜਾਨ ਹੋਣੀ ਚਾਹੀਦੀ ਹੈ। ਜਿਵੇਂ ਬੁਲਗਾਰੀਆ ਦੇ ਕਿਸੇ ਸ਼ਾਇਰ ਨੇ ਲਿਖਿਆ ਸੀ, 'ਇਸ ਤਰ੍ਹਾਂ ਲਿਖੋ ਜਿਵੇਂ ਤੁਹਾਡੇ ਨਹੁੰਆਂ ਵਿਚੋਂ ਲਹੂ ਸਿੰਮ ਰਿਹਾ ਹੋਵੇ।' ਇਹ ਲੇਖ ਵੀ ਸਿੰਮਦੇ ਪੋਟਿਆਂ ਨਾਲ ਲਿਖੇ ਗਏ ਹਨ।

*-ਕੁਲਤਾਰ ਸਿੰਘ ਬੈਂਸ*
*ਰਿਚਮੰਡ ਹਿੱਲ (ਨਿਊ ਯਾਰਕ)*

# ਮੁੱਖ ਮੰਤਰੀ ਦੇ ਨਾਂ ਖੁੱਲ੍ਹਾ ਖਤ

'ਪੰਜਾਬ ਟਾਈਮਜ਼' ਦੇ 9 ਮਈ ਦੇ ਅੰਕ ਵਿਚ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਦਲਜੀਤ ਅਮੀ ਦਾ ਲੰਮਾ ਖਤ ਪੜ੍ਹਿਆ। ਪੜ੍ਹ ਕੇ ਮਨ ਨੂੰ ਸਕੂਨ ਮਿਲਿਆ ਕਿ ਪੰਜਾਬੀ ਪੱਤਰਕਾਰਾਂ ਵਿਚ ਹਾਲੇ ਵੀ ਅਣਖ ਅਤੇ ਇਮਾਨਦਾਰੀ ਬਾਕੀ ਹੈ। ਹੋਰ ਕਿਸੇ ਨੇ ਮੁੱਖ ਮੰਤਰੀ ਨੂੰ ਇਸ ਤਰ੍ਹਾਂ ਤੱਥਾਂ ਦਾ ਵੇਰਵਾ ਦੇ ਕੇ ਝੰਜੋੜਨ ਦੀ ਕੋਸ਼ਿਸ਼ ਨਹੀਂ ਕੀਤੀ। ਬੁਢਾਪੇ ਵਿਚ ਬੰਦੇ ਦਾ ਦਿਮਾਗ ਅਤੇ ਨਿਗ੍ਹਾ ਕਮਜ਼ੋਰ ਹੋ ਜਾਂਦੇ ਹਨ ਅਤੇ ਜੇ 'ਮਾਇਆ' ਦੀ ਮੋਟੀ ਤਹਿ ਦੋਵਾਂ 'ਤੇ ਹੀ ਚੜ੍ਹ ਜਾਵੇ ਫਿਰ ਤਾਂ ਮਨੁੱਖ ਅੰਨ੍ਹਾ ਹੀ ਹੋ ਜਾਂਦਾ ਹੈ; ਉਸ ਦਾ ਦਿਮਾਗ ਅਤੇ ਅੱਖਾਂ ਦੋਵੇਂ ਹੀ ਚੀਜ਼ਾਂ ਦੇ ਸਹੀ ਅਤੇ ਗਲਤ ਹੋਣ ਦੀ ਪਛਾਣ ਕਰਨਾ ਭੁੱਲ ਜਾਂਦੇ ਹਨ; ਕੀ ਪਤਾ ਦਲਜੀਤ ਅਮੀ ਦਾ ਖਤ ਪੜ੍ਹ ਕੇ ਲੋਕ ਜਾਗ ਪੈਣ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਸਹੀ ਤੇ ਗਲਤ ਦੀ ਪਛਾਣ ਕਰਨ ਲਈ ਮਜਬੂਰ ਕਰ ਦੇਣ। ਜਿਉਂਦੇ ਜੀਅ ਆਸ ਨਹੀਂ ਛੱਡਣੀ ਚਾਹੀਦੀ।

ਸ਼ਾਇਦ 2012 ਦੀ ਗੱਲ ਹੈ ਜਦੋਂ ਸਾਅਦਤ ਹਸਨ ਮੰਟੋ ਦੀ 100ਵੀਂ ਵਰ੍ਹੇਗੰਢ ਉਸ ਦੇ ਪਿੰਡ ਪਪੜੌਦੀ (ਸਮਰਾਲਾ) ਮਨਾਈ ਗਈ ਸੀ। ਦਲਜੀਤ ਅਮੀ ਦਾ ਮੰਟੋ ਬਾਰੇ ਲੇਖ 'ਪੰਜਾਬ ਟਾਈਮਜ਼' ਵਿਚ ਛਪਿਆ ਸੀ ਜਿਸ ਦਾ ਸਿਰਲੇਖ ਸ਼ਾਇਦ 'ਮੰਟੋ-ਮੇਰਾ ਗਰਾਈਂ" ਕਰ ਕੇ ਸੀ। ਦਲਜੀਤ ਅਮੀ ਦਾ ਪਿੰਡ ਦਊਦ ਪੁਰ ਸਮਰਾਲੇ ਅਤੇ ਖੰਨੇ ਦੇ ਵਿਚਕਾਰ ਜਿਹੇ ਪੈਂਦਾ ਹੈ। ਮੇਰਾ ਪਿੰਡ ਸਮਰਾਲੇ ਤੋਂ ਚੰਡੀਗੜ੍ਹ ਵਾਲੇ ਪਾਸੇ 5-6 ਕਿਲੋਮੀਟਰ ਦੇ ਫਾਸਲੇ 'ਤੇ ਹੈ। ਪਪੜੌਦੀ ਨਾਲ ਮੇਰੇ ਬਚਪਨ ਦੀ ਸਾਂਝ ਹੈ। ਪਪੜੌਦੀ ਤੋਂ ਮੇਰੀ ਨਜ਼ਦੀਕੀ ਰਿਸ਼ਤੇਦਾਰ ਕੁੜੀ ਗੁਰਮੀਤ ਤੇ ਮੈਂ ਸਮਰਾਲੇ ਕੁੜੀਆਂ ਦੇ ਗੌਰਮਿੰਟ ਹਾਈ ਸਕੂਲ ਵਿਚ ਸੱਤਵੀਂ ਤੋਂ ਦਸਵੀਂ ਤੱਕ ਇਕੱਠੀਆਂ ਪੜ੍ਹੀਆਂ ਸਾਂ। ਇਸ ਲਈ ਅਸੀਂ ਸਦਾ ਇਕੱਠੀਆਂ ਘੁੰਗਰਾਲੀ ਮੇਰੇ ਪਿੰਡ, ਤੇ ਜਾਂ ਪਪੜੌਦੀ ਉਸ ਦੇ ਪਿੰਡ ਹੁੰਦੀਆਂ ਸਾਂ। ਜਿੰਨੇ ਮਾਣ ਨਾਲ ਦਲਜੀਤ ਅਮੀ ਨੇ ਉਦੋਂ ਮੰਟੋ ਨੂੰ ਆਪਣਾ ਗਰਾਈਂ ਕਿਹਾ ਸੀ, ਉਵੇਂ ਹੀ ਕਹਿਣ ਨੂੰ ਮੇਰਾ ਵੀ ਜੀਅ ਕਰਦਾ ਹੈ, 'ਦਲਜੀਤ ਅਮੀ-ਮੇਰਾ ਗਰਾਈਂ"। ਉਹ ਮੈਥੋਂ ਉਮਰ ਵਿਚ ਕਾਫੀ ਛੋਟਾ ਹੈ ਪਰ ਇਸ ਖੱਤ ਵਿਚ ਜਿੰਨੀ ਦਲੇਰੀ ਉਸ ਨੇ ਸੱਚ ਨੂੰ ਸੱਚ ਕਹਿਣ ਦੀ ਦਿਖਾਈ ਹੈ, ਮੇਰਾ ਸਿਰ ਉਸ ਦੇ ਸਤਿਕਾਰ ਵਿਚ ਝੁਕਦਾ ਹੈ। ਵਰਨਾ ਅਜ ਬਹੁਤੇ ਪੱਤਰਕਾਰ ਤਾਂ ਹਾਕਮਾਂ ਦੇ ਪਿਠੂ ਹੀ ਬਣੇ ਹੋਏ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਉਸ ਉਤੇ ਆਪਣੀ ਮਿਹਰ ਇਸੇ ਤਰ੍ਹਾਂ ਬਣਾਈ ਰੱਖੇ।

*-ਗੁਰਨਾਮ ਕੌਰ, ਕੈਨੇਡਾ*

# ਚਿੜੀਆਂ ਦਾ ਮਰਨ ਗਵਾਰਾਂ ਦਾ ਹਾਸਾ

**ਕੌੜਾ ਸੱਚ**

ਨਿੱਕੇ ਹੁੰਦਿਆਂ ਜਦੋਂ ਅਖਾਣ 'ਚਿੜੀਆਂ ਦਾ ਮਰਨ, ਗਵਾਰਾਂ ਦਾ ਹਾਸਾ' ਸੁਣੀਂਦਾ ਸੀ ਤਾਂ ਗੱਲ ਪੂਰੀ ਤਰ੍ਹਾਂ ਪੱਲੇ ਨਹੀਂ ਸੀ ਪੈਂਦੀ! ਚਿੜੀਆਂ ਦੇ ਮਰਨ 'ਤੇ ਗਵਾਰਾਂ ਦਾ ਹਾਸਾ ਕਿਉਂ ਅਤੇ ਕਿਵੇਂ ਹੋਇਆ ਭਲਾ? ਪਰ ਹੁਣ ਪੰਜਾਬ ਵਿਚ 'ਪੰਥਕ ਸਰਕਾਰ' ਦੇ ਲਗਾਤਾਰ ਰਾਜ ਸਿੰਘਾਸਣ 'ਤੇ ਬਣੇ ਰਹਿਣ ਨਾਲ ਚਿੜੀਆਂ (ਕੁੜੀਆਂ) ਨਾਲ ਉਪਰੋਥਲੀ ਜਿਸ ਕਿਸਮ ਦੀਆਂ ਘਟਨਾਵਾਂ ਵਾਪਰ



ਡਾ. ਗੁਰਨਾਮ ਕੌਰ, ਕੈਨੇਡਾ

ਰਹੀਆਂ ਹਨ, ਸਰਕਾਰ ਤੇ ਪ੍ਰਬੰਧਕੀ ਢਾਂਚੇ ਦਾ ਜਿਸ ਕਿਸਮ ਦਾ ਇਨ੍ਹਾਂ ਘਟਨਾਵਾਂ ਪ੍ਰਤੀ ਰਵੱਈਆ ਪਿਛਲੇ ਸਮੇਂ ਵਿਚ ਸਾਹਮਣੇ ਆਇਆ ਹੈ, ਉਸ ਤੋਂ ਇਸ ਮੁਹਾਵਰੇ ਦੇ ਅਰਥ ਕਾਫੀ ਹੱਦ ਤੱਕ ਸਮਝ ਆ ਰਹੇ ਹਨ। ਇਕੋ ਜਿਹੀਆਂ ਘਟਨਾਵਾਂ ਵਾਰ-ਵਾਰ ਥੋੜ੍ਹੇ-ਥੋੜ੍ਹੇ ਵਕਫੇ ਨਾਲ ਕਿਉਂ ਵਾਪਰੀ ਜਾ ਰਹੀਆਂ ਹਨ, ਉਹ ਵੀ ਆਪਣੇ ਆਪ ਨੂੰ 'ਅਕਾਲੀ' ਤੇ ਗੁਰੂ ਦੀ ਵਾਰਸ ਅਖਵਾਉਣ ਵਾਲੀ ਪਾਰਟੀ ਦੇ ਰਾਜ ਵਿਚ? ਹੈਰਾਨੀ ਹੁੰਦੀ ਹੈ, ਕੀ ਇਨ੍ਹਾਂ ਨੂੰ ਸੱਚੀਂ ਹੀ 'ਗੁਰੂ ਵਾਲੇ' ਅਖਵਾਉਣ ਦਾ ਹੱਕ ਹਾਸਲ ਹੈ? ਜਾਂ ਐਵੇਂ ਹੀ 'ਜਥੇਦਾਰਾਂ' ਕੋਲੋਂ ਆਪਣੇ ਹੱਕ ਵਿਚ ਫਤਵੇ ਲਈ ਜਾਂਦੇ ਹਨ?

ਬਾਕੀ ਭਾਰਤ ਵਿਚ ਹੋਵੇ ਨਾ ਹੋਵੇ, ਪਰ ਪੰਜਾਬ ਵਿਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਜਿਸ ਕਲਿਜੁਗ ਦਾ ਜ਼ਿਕਰ ਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਕੀਤਾ ਹੈ, ਉਹ ਸੱਚ-ਮੁਚ ਵਾਪਰ ਰਿਹਾ ਹੈ। ਕਲਿਜੁਗ ਦਾ ਸਬੰਧ ਕਿਸੇ ਖਾਸ ਵੇਲੇ ਜਾਂ ਸਮੇਂ ਨਾਲ ਨਹੀਂ, ਇਸ ਦਾ ਸਬੰਧ ਮਨੁੱਖਾਂ ਦੇ ਸੁਭਾਅ, ਉਨ੍ਹਾਂ ਦੀ ਫਿਤਰਤ ਅਤੇ ਤਰਬੀਅਤ ਨਾਲ ਹੁੰਦਾ ਹੈ। ਕਲਿਜੁਗੀ ਸੁਭਾਅ ਨੂੰ ਗੁਰੂ ਨਾਨਕ ਨੇ ਛੁਰੀ ਕਿਹਾ ਹੈ ਜਿਸ ਦੇ ਵਾਪਰਨ ਨਾਲ ਰਾਜੇ ਕਸਾਈ, ਅਰਥਾਤ ਜ਼ਾਲਮ ਹੋ ਰਹੇ ਹਨ (ਲੋਕਾਂ ਨੂੰ ਜਿਬ੍ਹਾ ਕਰਦੇ ਹਨ), ਜਿਸ ਕਰ ਕੇ ਧਰਮ ਖੰਭ ਲਾ ਕੇ ਉੱਡ ਗਿਆ ਹੈ (ਧਰਮ ਦਾ ਸਬੰਧ ਨਿਆਂ ਨਾਲ ਹੈ, ਜਿਥੇ ਨਿਆਂ ਨਹੀਂ, ਉਥੇ ਧਰਮ ਨਹੀਂ। ਜਦੋਂ ਰਾਜੇ ਕਸਾਈ ਬਣ ਜਾਣ, ਫਿਰ ਨਿਆਂ ਜਾਂ ਧਰਮ ਦੀ ਗੱਲ ਕਿਸ ਨੇ ਕਰਨੀ ਹੈ? ਨਿਆਂ ਰਾਜ ਕਰਤਾ ਦੇ ਹੱਥ ਵਿਚ ਹੁੰਦਾ ਹੈ)। ਮੱਸਿਆ ਦੀ ਰਾਤ ਵਾਂਗ ਕੂੜ ਦਾ ਹਨੇਰਾ ਚਾਰ-ਚੁਫੇਰੇ ਫੈਲਿਆ ਹੋਇਆ ਹੈ ਅਤੇ ਸੱਚ ਰੂਪ ਚੰਦਰਮਾ ਕਿਧਰੇ ਨਜ਼ਰ ਨਹੀਂ ਆ ਰਿਹਾ, ਝੂਠ ਦੇ ਹਨੇਰੇ ਨੇ ਸੱਚ ਪੂਰੀ ਤਰ੍ਹਾਂ ਢਕ ਲਿਆ ਹੈ। (ਇਹ ਕੂੜ ਦੀ ਇੰਤਹਾ ਹੈ ਕਿ ਔਰਬਿਟ ਬੱਸ ਕੰਪਨੀ ਦੇ ਮਾਲਕ ਦੀ ਪਤਨੀ ਜੋ ਕੇਂਦਰ ਵਿਚ ਮੰਤਰੀ ਵੀ ਹੈ, ਢੀਠਤਾਈ ਦੇ ਤਾਣ ਕਹਿ ਰਹੀ ਹੈ ਕਿ ਪਤਾ ਕਰਾਂਗੇ, ਕਿਸ ਕੰਪਨੀ ਦੀ ਬੱਸ ਹੈ ਜਾਂ ਕਿਸ ਦੀ ਬੱਸ ਹੈ?... ਤੇ ਪੰਜਾਬ ਦੇ ਇਕ ਕੈਬਨਿਟ ਮੰਤਰੀ ਦਿਨ ਦਿਹਾੜੇ, ਮਾਸੂਮ ਜਾਨ ਜਾਣ ਅਤੇ ਦੂਜੀ ਜ਼ਿੰਦਗੀ ਮੌਤ ਦੇ ਵਿਚਾਲੇ ਹਸਪਤਾਲ ਵਿਚ ਪਈ ਲਟਕਦੀ ਨਾਲ ਹੋਏ ਧੱਕੇ ਨੂੰ 'ਰੱਬ ਦਾ ਭਾਣਾ' ਦੱਸ ਰਹੇ ਹਨ। ਇਸ ਤੋਂ ਵੱਧ ਕਸਾਈਪੁਣਾ ਕੀ ਹੋਵੇਗਾ? ਇਸ ਤੋਂ ਸਮਝ ਲੱਗ ਜਾਂਦੀ ਹੈ ਕਿ ਚਿੜੀਆਂ ਦਾ ਮਰਨ ਗਵਾਰਾਂ ਦਾ ਹਾਸਾ ਕਿਸ ਨੂੰ ਕਹਿੰਦੇ ਹਨ।) ਗੁਰੂ ਨਾਨਕ ਸਾਹਿਬ ਆਪਣੇ ਵਿਚਾਰ ਨੂੰ ਜਾਰੀ ਰੱਖਦੇ ਹੋਏ ਅੱਗੇ ਕਹਿੰਦੇ ਹਨ ਕਿ ਮੈਂ ਸੱਚ ਰੂਪ ਚੰਦਰਮਾ ਨੂੰ ਲੱਭ ਲੱਭ ਕੇ ਵਿਆਕੁਲ ਹੋ ਗਿਆ ਹਾਂ, ਇਸ ਕੂੜ ਦੇ ਹਨੇਰੇ ਵਿਚ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਕੂੜ ਦਾ ਪਸਾਰਾ ਹਉਮੈ ਕਾਰਨ ਹੈ ਜੋ ਮਨੁੱਖ ਦੇ ਦੁੱਖ ਦਾ ਕਾਰਨ ਬਣਦੀ ਹੈ।

ਇਹੋ ਜਿਹੇ ਹੁਕਮਰਾਨ ਅਤੇ ਉਨ੍ਹਾਂ ਦੇ ਅਹਿਲਕਾਰ ਜਿਨ੍ਹਾਂ ਦੇ ਮੂੰਹ ਨੂੰ ਮਾਇਆ ਦਾ ਲਹੂ ਲੱਗ ਜਾਂਦਾ ਹੈ ਤੇ ਉਸ ਨੂੰ ਇਕੱਠੀ ਕਰਨ ਲਈ ਕੁਝ ਵੀ ਕਰ ਸਕਦੇ ਹਨ, ਦਾ ਜ਼ਿਕਰ ਗੁਰੂ ਨਾਨਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1288 'ਤੇ ਵੀ ਕੀਤਾ ਹੈ। ਬਾਣੀ ਵਿਚ ਦੱਸਿਆ ਗਿਆ ਹੈ ਕਿ ਹਰਨਾਂ, ਬਾਜਾਂ ਅਤੇ ਅਹਿਲਕਾਰਾਂ ਨੂੰ 'ਪੜ੍ਹੇ ਹੋਏ' (ਵਿਦਿਆ ਵਿਚ ਨਿਪੁੰਨ) ਮੰਨਿਆ ਜਾਂਦਾ ਹੈ, ਪਰ ਇਹ ਕਿਸ ਕਿਸਮ ਦੀ ਵਿਦਿਆ ਹੈ? ਇਹ ਤਾਂ ਫਾਹੀ ਲੱਗੀ ਹੋਈ ਹੈ ਜਿਸ ਨਾਲ ਇਹ ਆਪਣੇ ਹੀ ਜਾਤ-ਭਰਾਵਾਂ ਨੂੰ, ਆਪਣੇ ਹੀ ਲੋਕਾਂ ਨੂੰ ਫਸਾਉਂਦੇ ਹਨ। ਰਾਜੇ ਸ਼ੇਰ ਹਨ (ਜਿਹੜੇ ਲੋਕਾਂ ਦਾ ਸ਼ਿਕਾਰ ਕਰਦੇ ਹਨ) ਅਤੇ ਉਨ੍ਹਾਂ ਦੇ ਅਹਿਲਕਾਰ ਕੁੱਤੇ ਹਨ ਜਿਹੜੇ ਵੇਲੇ-ਕੁਵੇਲੇ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ। ਇਹ ਅਹਿਲਕਾਰ ਇਕ ਤਰ੍ਹਾਂ ਨਾਲ ਸ਼ੇਰਾਂ ਦੀਆਂ ਨਹੁੰਦਰਾਂ ਹਨ ਜੋ ਲੋਕਾਂ ਦਾ ਘਾਤ ਕਰਦੀਆਂ ਹਨ (ਸ਼ੇਰ ਨਹੁੰਆਂ ਨਾਲ ਸ਼ਿਕਾਰ ਕਰਦਾ ਹੈ ਤੇ ਰਾਜੇ ਆਪਣੇ ਅਹਿਲਕਾਰਾਂ ਰਾਹੀਂ ਲੋਕਾਂ ਦਾ ਸ਼ਿਕਾਰ ਕਰਦੇ ਹਨ)। ਰਾਜੇ-ਸ਼ੀਂਹ ਇਨ੍ਹਾਂ ਮੁਕੱਦਮ ਕੁੱਤਿਆਂ ਰਾਹੀਂ ਲੋਕਾਂ ਦਾ ਲਹੂ ਪੀਂਦੇ ਹਨ- ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥

ਭਾਈ ਗੁਰਦਾਸ ਨੇ ਅਜਿਹੇ ਸਮੇਂ ਨੂੰ 'ਜੁਗ ਗਰਦੀ' ਦਾ ਨਾਂ ਦਿੱਤਾ ਹੈ ਅਤੇ ਨਾਲ ਇਹ ਵੀ



ਸੁਖਬੀਰ ਬਾਦਲ

ਦੱਸਿਆ ਹੈ ਕਿ ਜਦੋਂ 'ਜੁਗ ਗਰਦੀ' ਹੁੰਦੀ ਹੈ ਤਾਂ ਦੁਨੀਆਂ ਵਿਚ ਵਰਤਾਰਾ ਕਿਹੋ ਜਿਹਾ ਹੋ ਜਾਂਦਾ ਹੈ,

'ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।

ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।'

ਔਰਬਿਟ ਕੰਪਨੀ ਦੀ ਬੱਸ ਵਿਚ ਲੰਢੇ ਕੇ ਪਿੰਡ ਦੀ ਛਿੰਦਰ ਕੌਰ ਅਤੇ ਉਸ ਦੀ ਧੀ ਅਰਸ਼ਦੀਪ ਕੌਰ ਨਾਲ ਜੋ ਛਿੰਦਰ ਕੌਰ ਦੇ ਪੁੱਤਰ ਅਕਾਸ਼ਦੀਪ ਸਿੰਘ ਸਮੇਤ ਸਫਰ ਕਰ ਰਹੀਆਂ ਸਨ, ਜੋ ਭਾਣਾ ਵਾਪਰਿਆ, ਉਸ ਦੀ ਚਰਚਾ ਮੀਡੀਆ ਅਤੇ ਸੋਸ਼ਲ ਮੀਡੀਆ ਵਿਚ ਕਾਫੀ ਹੋ ਚੁੱਕੀ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਇਸ ਨੂੰ ਪੂਰੇ ਵਿਸਥਾਰ ਵਿਚ ਪੜ੍ਹ ਲਿਆ ਹੋਵੇਗਾ; ਖਾਸ ਕਰ ਕੇ ਦਲਜੀਤ ਅਮੀ ਦਾ ਪੰਜਾਬ ਦੇ ਮੁਖ ਮੰਤਰੀ ਦੇ ਨਾਮ ਲਿਖਿਆ ਖਤ (9 ਮਈ ਦੇ ਅੰਕ ਵਿਚ) ਪੜ੍ਹ ਕੇ ਇਸ ਦੇ ਸਾਰੇ ਪੱਖ ਪਾਠਕਾਂ ਸਾਹਮਣੇ ਉਜਾਗਰ ਹੋ ਗਏ ਹਨ। ਦਲਜੀਤ ਅਮੀ ਨੇ ਫ਼ਰੀਦਕੋਟ ਵਾਲੀ ਘਟਨਾ ਤੋਂ ਲੈ ਕੇ ਅੰਮ੍ਰਿਤਸਰ ਆਪਣੀ ਧੀ ਨੂੰ ਬਚਾਉਣ



ਹਸਪਤਾਲ ਵਿਚ ਦਾਖਲ ਅਰਸ਼ਦੀਪ ਕੌਰ ਦੀ ਮਾਂ ਛਿੰਦਰ ਕੌਰ

ਆਏ ਠਾਣੇਦਾਰ ਦੀ ਮੁਜਰਮਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਤੱਕ, ਪੰਜਾਬ ਵਿਚ ਬਾਦਲਾਂ ਦੇ ਰਾਜ ਸਮੇਂ ਵਾਪਰੀਆਂ ਅਜਿਹੀਆਂ ਘਟਨਾਵਾਂ ਦੇ ਸਾਰੇ ਪੱਖ ਬਹੁਤ ਬਾਰੀਕੀ ਨਾਲ ਪਾਠਕਾਂ ਦੇ ਸਾਹਮਣੇ ਰੱਖੇ ਹਨ। ਉਸ ਤੋਂ ਬਾਅਦ ਲਗਦਾ ਨਹੀਂ ਕਿ ਕੁਝ ਹੋਰ ਲਿਖਣ ਦੀ ਗੁੰਜਾਇਸ਼ ਬਾਕੀ ਰਹਿ ਜਾਂਦੀ ਹੈ, ਪਰ ਅਜਿਹੀ ਘਟਨਾ ਨੂੰ ਸੁਣ ਕੇ ਮਨ ਚੁੱਪ ਵੀ ਨਹੀਂ ਰਹਿ ਸਕਦਾ। ਮਨ ਵਿਚ ਗੁੱਸਾ, ਅਫਸੋਸ ਅਤੇ ਹੋਰ ਕਈ ਤਰ੍ਹਾਂ ਦੇ ਮਨਹੂਸ ਖਿਆਲ ਵੀ ਆਉਂਦੇ ਹਨ। ਮੈਂ ਕੋਈ ਸਮਾਜ ਸ਼ਾਸਤਰੀ ਨਹੀਂ ਅਤੇ ਨਾ ਹੀ ਰਾਜਨੀਤੀ ਸ਼ਾਸਤਰ ਦੀ ਵਿਦਿਆਰਥਣ ਹਾਂ, ਪਰ ਜਿੰਨੀ ਕੁ ਮੈਨੂੰ ਸਮਝ ਹੈ, ਉਸ ਅਨੁਸਾਰ ਸਮਾਜ ਦੀ ਮੋਟੀ ਜਿਹੀ ਵਰਗ ਵੰਡ ਕੀਤੀ ਜਾ ਸਕਦੀ ਹੈ: ਆਮ ਲੋਕ ਜੋ ਸਮਾਜ ਦਾ ਵੱਡਾ ਹਿੱਸਾ ਹਨ, ਬੁੱਧੀਜੀਵੀ ਵਰਗ ਜਿਸ ਨੇ ਸਮਾਜ ਦੇ ਦੁੱਖਾਂ ਸੁੱਖਾਂ ਨੂੰ ਸਮਝਣਾ ਹੁੰਦਾ ਹੈ, ਲੋਕਾਂ ਨੂੰ ਸੇਧ ਦੇਣੀ ਹੁੰਦੀ ਹੈ। ਧਾਰਮਿਕ ਆਗੂ-ਘੱਟੋ ਘੱਟ ਭਾਰਤੀ ਸਮਾਜ ਵਿਚ ਧਾਰਮਿਕ ਆਗੂਆਂ ਦੀ ਖਾਸੀ ਅਹਿਮੀਅਤ ਹੈ। ਭਾਈ ਗੁਰਦਾਸ ਅਨੁਸਾਰ ਜਦੋਂ ਸੁਮੇਰ ਪਰਬਤ 'ਤੇ ਡੇਰੇ ਜਮਾਈ ਬੈਠੇ ਸਿੱਧਾਂ ਨੂੰ ਗੁਰੂ ਨਾਨਕ ਮਿਲਦੇ ਹਨ ਤਾਂ ਉਹ ਗੁਰੂ ਨਾਨਕ ਨੂੰ ਪ੍ਰਸ਼ਨ ਕਰਦੇ ਹਨ ਕਿ ਹੇਠਾਂ ਮਾਤ ਲੋਕ ਵਿਚ ਸਮਾਜ ਕਿਵੇਂ ਚੱਲ ਰਿਹਾ ਹੈ, ਗੁਰੂ ਨਾਨਕ ਉੱਤਰ ਦਿੰਦੇ ਹਨ ਕਿ ਜਿਨ੍ਹਾਂ ਨੇ ਲੋਕਾਂ ਦੀ ਅਗਵਾਈ ਕਰਨੀ ਹੈ, ਉਹ ਪਰਬਤਾਂ ਵਿਚ ਛੁਪ ਕੇ ਬੈਠ ਗਏ ਹਨ ਤਾਂ ਸਭ ਕੁਝ ਠੀਕ ਕਿਵੇਂ ਹੋ ਸਕਦਾ ਹੈ- 'ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ॥'

ਅਗਲਾ ਵਰਗ ਹੈ ਹਰ ਪੰਜਾਂ ਸਾਲਾਂ ਬਾਅਦ ਵੋਟਾਂ ਰਾਹੀਂ ਜਿੱਤ ਕੇ ਰਾਜ-ਸਿੰਘਾਸਣ 'ਤੇ ਬੈਠਣ ਵਾਲਿਆਂ ਦਾ ਅਤੇ ਪ੍ਰਬੰਧਕੀ ਢਾਂਚਾ ਜਿਸ ਦਾ ਸਮਾਜ ਉਤੇ ਸਭ ਤੋਂ ਵੱਧ ਕਾਬੂ ਹੈ ਜਾਂ ਹੋ ਸਕਦਾ ਹੈ। ਰਾਜ ਕਿਸੇ ਵੀ ਪਾਰਟੀ ਦਾ ਹੋਵੇ, ਪ੍ਰਬੰਧਕੀ ਢਾਂਚਾ ਤਾਕਤ ਵਿਚ ਹਮੇਸ਼ਾ ਬਣਿਆ ਰਹਿੰਦਾ ਹੈ ਅਤੇ ਇਸ ਪ੍ਰਬੰਧਕੀ ਢਾਂਚੇ ਵਿਚ ਮੁੱਖ ਪੁਲਿਸ ਫੋਰਸ ਹੈ ਜਿਸ ਦੀ ਪ੍ਰਬੰਧ ਕਰਨ ਵਿਚ ਸਿੱਧੀ ਦਖਲ-ਅੰਦਾਜ਼ੀ ਹੈ, ਆਮ ਲੋਕਾਂ ਦਾ ਗਾਹੇ-ਬਗਾਹੇ ਸਭ ਤੋਂ ਵੱਧ ਵਾਹ-ਵਾਸਤਾ ਇਸ ਨਾਲ ਹੀ ਪੈਂਦਾ ਹੈ। ਇਕ ਹੋਰ ਵਰਗ ਹੈ ਮੀਡੀਆ ਦਾ ਜਿਸ ਦੀ ਮਹੱਤਤਾ ਵੀ ਦਿਨੋ ਦਿਨ ਵਧਦੀ ਜਾਂਦੀ ਹੈ ਕਿਉਂਕਿ ਇਸ ਵਰਗ ਨੇ ਸਮਾਜ ਵਿਚ ਜੋ ਵੀ ਵਾਪਰ ਰਿਹਾ ਹੈ, ਉਸ 'ਤੇ ਕਾਂ-ਅੱਖ ਰੱਖਣੀ ਹੁੰਦੀ ਹੈ, ਅਤੇ ਲੋਕਾਂ ਨੂੰ ਉਸ ਦੀ ਸਹੀ ਜਾਣਕਾਰੀ ਦੇਣਾ ਇਨ੍ਹਾਂ ਦਾ ਫਰਜ਼ ਵੀ ਹੈ ਅਤੇ ਪੇਸ਼ਾ ਵੀ।

ਸਭ ਤੋਂ ਪਹਿਲਾਂ ਗੱਲ ਕਰੀਏ ਵੋਟਾਂ ਰਾਹੀਂ ਜਿੱਤ ਕੇ ਸਰਕਾਰ ਬਣਾਉਣ ਵਾਲਿਆਂ ਦੀ। ਮੌਜੂਦਾ ਪਾਰਟੀ ਲਗਾਤਾਰ ਦੂਜੀ ਵਾਰ ਪੰਜਾਬ 'ਤੇ ਰਾਜ ਕਰ ਰਹੀ ਹੈ। ਨਾਹਰੇ ਇਸ ਨੇ 'ਰਾਜ ਨਹੀਂ ਸੇਵਾ' ਵਰਗੇ ਆਮ ਲੋਕਾਂ ਨੂੰ ਬਹੁਤ ਹੀ ਭਰਮਾਉਣ ਵਾਲੇ ਦਿੱਤੇ ਹਨ। ਦਾਲ-ਆਟਾ ਸਕੀਮ, ਕਿਸਾਨਾਂ ਨੂੰ ਮੁਫ਼ਤ ਬਿਜਲੀ, ਸਕੂਲੀ ਕੁੜੀਆਂ ਨੂੰ ਮੁੱਖ ਮੰਤਰੀ ਦੀ ਤਸਵੀਰ ਵਾਲੇ ਸਾਈਕਲ, ਨੰਨ੍ਹੀ ਛਾਂ ਵਰਗੀਆਂ ਸੰਸਥਾਵਾਂ ਅਤੇ ਹੋਰ ਪਤਾ ਨਹੀਂ ਕੀ ਕੀ ਸਬਜ਼-ਬਾਗ਼ ਅਤੇ ਸੁਪਨੇ ਦਿਖਾਏ ਹਨ, ਪਰ ਇਸ ਸਾਰੇ ਅਰਸੇ ਵਿਚ ਕਿਸ ਕਿਸਮ ਦੀ ਸੇਵਾ ਕੀਤੀ ਹੈ? ਰੇਤਾ ਬਜਰੀ ਸਕੈਂਡਲ, ਨਸ਼ਿਆਂ ਦੀ ਤਸਕਰੀ, ਬੱਸ ਕੰਪਨੀਆਂ, ਕੇਬਲ ਨੈੱਟਵਰਕ 'ਤੇ ਕਬਜ਼ਾ ਅਤੇ ਹੋਰ ਵੱਖ-ਵੱਖ ਢੰਗਾਂ ਨਾਲ ਸਟੇਟ ਨੂੰ ਕਿਵੇਂ ਲੁੱਟਿਆ ਹੈ, ਇਹ ਸਭ ਹਰ ਰੋਜ਼ ਅਖਬਾਰਾਂ ਦੀਆਂ ਸੁਰਖੀਆਂ ਬਣਦਾ ਹੈ। ਬੇਰੁਜ਼ਗਾਰੀ ਨੇ ਲੋਕਾਂ ਦਾ ਸਾਹ ਸੂਤ ਰੱਖਿਆ ਹੈ, ਪੰਜਾਬ ਦੀ ਜੁਆਨ ਪੀੜ੍ਹੀ ਨਸ਼ਿਆਂ ਵਿਚ ਤਬਾਹ ਹੋ ਗਈ ਹੈ, ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਨੇ ਤਬਾਹੀ ਮਚਾ ਰੱਖੀ ਹੈ। ਸਰਕਾਰੀ ਹਸਪਤਾਲ ਸਿਹਤ ਸਹੂਲਤਾਂ ਅਤੇ ਡਾਕਟਰਾਂ ਤੋਂ ਸੱਖਣੇ ਹੋ ਗਏ ਹਨ। ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਅਧਿਆਪਕਾਂ ਦੀ ਕੋਈ ਭਰਤੀ ਨਹੀਂ ਹੋ ਰਹੀ। ਕਈ-ਕਈ ਸਰਕਾਰੀ ਕਾਲਜਾਂ ਨੂੰ ਇਕ-ਇਕ ਪ੍ਰਿੰਸੀਪਲ ਚਲਾ ਰਿਹਾ ਹੈ। ਆਮ ਲੋਕ ਮੁਢਲੀਆਂ ਸਿਹਤ ਸੇਵਾਵਾਂ ਤੋਂ ਵਾਂਝੇ ਹੋ ਰਹੇ ਹਨ ਅਤੇ ਉੱਚੀ ਵਿਦਿਆ ਇੰਨੀ ਮਹਿੰਗੀ ਹੋ ਗਈ ਹੈ ਕਿ ਆਮ ਬੰਦੇ ਦੇ ਵੱਸ ਦਾ ਰੋਗ ਨਹੀਂ ਰਿਹਾ।

'ਨੰਨ੍ਹੀ ਛਾਂ' ਦੀ 'ਬੇਬੇ' ਨੂੰ ਕੋਈ ਪੁੱਛੇ ਕਿ ਜਿਸ ਸੂਬੇ ਵਿਚ ਫ਼ਰੀਦਕੋਟ, ਅੰਮ੍ਰਿਤਸਰ ਅਤੇ ਔਰਬਿਟ ਬੱਸ ਵਰਗੀਆਂ ਘਟਨਾਵਾਂ ਨਿੱਤ ਦਿਹਾੜੇ ਵਾਪਰਦੀਆਂ ਹਨ, ਉਥੇ ਕੋਈ ਧੀਆਂ ਜੰਮਣ ਦੀ ਹਿੰਮਤ ਕਿਵੇਂ ਕਰੇਗਾ?



ਹਰਸਿਮਰਤ ਬਾਦਲ

ਪ੍ਰਬੰਧਕੀ ਢਾਂਚਾ ਬੁਰੀ ਤਰ੍ਹਾਂ ਭ੍ਰਿਸ਼ਟ, ਰਿਸ਼ਵਤਖੋਰ ਅਤੇ ਸਿਫਾਰਸ਼ੀ ਹੋ ਗਿਆ ਹੈ। ਫ਼ਰੀਦਕੋਟ ਵਾਲੇ ਵਾਕਿਆ ਅਤੇ ਅੰਮ੍ਰਿਤਸਰ ਧੀ ਬਚਾਉਣ ਆਏ ਠਾਣੇਦਾਰ ਦੀ ਹੱਤਿਆ ਬਾਰੇ ਪਹਿਲਾਂ ਵੀ ਗੱਲ ਕੀਤੀ ਸੀ। ਪੱਛਮੀ ਮੁਲਕਾਂ ਵਿਚ ਪ੍ਰਬੰਧਕੀ ਢਾਂਚਾ ਖਾਸ ਕਰ ਕੇ ਪੁਲਿਸ ਫੋਰਸ ਰਾਜਨੀਤਕ ਦਖਲ ਤੋਂ ਬਹੁਤ ਹੱਦ ਤੱਕ ਸੁਤੰਤਰ ਹੁੰਦੀ ਹੈ। ਪੁਲਿਸ ਲੋਕਾਂ ਦੀ ਮਦਦ ਲਈ, ਵੇਲੇ-ਕੁਵੇਲੇ ਮੁਸੀਬਤ ਵਿਚ ਉਨ੍ਹਾਂ ਦੇ ਕੰਮ ਆਉਣ ਲਈ ਹੁੰਦੀ ਹੈ। ਕਿਸੇ ਕੁੜੀ ਨਾਲ ਅਰਸ਼ਦੀਪ ਅਤੇ ਉਹਦੀ ਮਾਂ ਵਰਗੀ ਕੋਈ ਘਟਨਾ ਵਾਪਰ ਜਾਵੇ (ਇਥੇ ਕੁੜੀਆਂ ਰਾਤਾਂ ਨੂੰ ਵੀ ਕੰਮਾਂ ਦੀਆਂ ਥਾਂਵਾਂ ਤੋਂ ਬੱਸਾਂ ਵਿਚ ਆਉਂਦੀਆਂ-ਜਾਂਦੀਆਂ ਹਨ ਅਤੇ ਭਾਵੇਂ ਸਾਰੀ ਬੱਸ ਵਿਚ ਇਕੋ ਇਕੱਲੀ ਕੁੜੀ ਹੋਵੇ ਤਾਂ ਵੀ ਉਸ ਦੀ ਜਾਨ ਤੇ ਇੱਜ਼ਤ ਨੂੰ ਕੋਈ ਖ਼ਤਰਾ ਨਹੀਂ) ਤਾਂ ਪੁਲਿਸ ਝੱਟ ਪਹੁੰਚ ਜਾਂਦੀ ਹੈ। ਕਿਸੇ ਘਰੇਲੂ ਹਿੰਸਾ ਦਾ ਜਾਂ ਕੋਈ ਹੋਰ ਅਜਿਹਾ ਮਸਲਾ ਹੋਵੇ, ਕੋਈ ਕੁੜੀ ਨਿਧੜਕ ਪੁਲਿਸ ਨੂੰ ਫੋਨ ਕਰ ਸਕਦੀ ਹੈ ਅਤੇ ਚੰਦ ਮਿੰਟਾਂ ਵਿਚ ਪੁਲਿਸ ਪਹੁੰਚ ਜਾਂਦੀ ਹੈ। ਇਥੇ ਲੋਕ ਪੁਲਿਸ ਦੇ ਹੱਥਾਂ ਵਿਚ ਕਿਸੇ ਘਟਨਾ ਵੇਲੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ ਕਿਉਂਕਿ ਇਥੇ ਪੁਲਿਸ ਦਾ ਮਹਿਕਮਾ ਰਾਜਨੀਤਕ ਦਖ਼ਲ-ਅੰਦਾਜ਼ੀ ਤੋਂ ਆਜ਼ਾਦ ਹੈ। ਇਥੇ ਪੁਲਿਸ ਮੁਖੀ ਨੂੰ ਇਹ ਨਹੀਂ ਕਹਿਣਾ ਪੈਂਦਾ ਕਿ ਬੱਸ ਤਾਂ ਡਿਪਟੀ ਸੀ.ਐਮ. ਦੀ ਕੰਪਨੀ ਦੀ ਹੀ ਹੈ, ਉਹ ਮਾਲਕਾਂ ਵਿਰੁਧ ਕੋਈ ਐਕਸ਼ਨ ਨਹੀਂ ਲੈ ਸਕਦਾ। ਪੁਲਿਸ ਇਥੇ ਵੀ.ਆਈ.ਪੀਜ਼ ਨੂੰ ਸਕਿਓਰਿਟੀ ਦੇਣ ਲਈ ਨਹੀਂ ਬਲਕਿ ਲੋਕਾਂ ਦੇ ਕੰਮ ਆਉਣ ਲਈ ਤਿਆਰ ਕੀਤੀ ਜਾਂਦੀ ਹੈ। ਮੇਰੇ ਸਾਹਮਣੇ ਇਥੋਂ ਅੰਗਰੇਜ਼ੀ ਵਿਚ ਨਿਕਲਦੀ ਛੋਟੀ ਜਿਹੀ ਲੋਕਲ ਅਖ਼ਬਾਰ 'ਬਰੈਂਪਟਨ ਗਾਰਡੀਅਨ' ਪਈ ਹੈ। ਇਸ ਵਿਚ ਲਿਖਿਆ ਹੈ ਕਿ ਕ੍ਰਿਸਮਸ ਮੌਕੇ ਜਿਨ੍ਹਾਂ ਤਿੰਨ ਪੁਲਿਸ ਵਾਲਿਆਂ ਨੇ ਕੁਝ ਜਵਾਨਾਂ ਦੀ ਪਿਟਾਈ ਕੀਤੀ ਸੀ, ਉਨ੍ਹਾਂ ਨੂੰ ਦੁਬਾਰਾ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਪੁਲਿਸ ਮਹਿਕਮੇ ਦਾ ਫੈਸਲਾ ਹੈ, ਕਿਸੇ ਐਮ.ਐਲ.ਏ. ਜਾਂ ਮਨਿਸਟਰ ਦੇ ਕਹਿਣ 'ਤੇ ਨਹੀਂ ਹੋਇਆ। ਮਹਿਕਮਾ ਆਪਣੇ ਫੈਸਲੇ ਆਪ ਕਰਦਾ ਹੈ। ਤਰੱਕੀਆਂ, ਬਦਲੀਆਂ ਮੰਤਰੀਆਂ, ਲੀਡਰਾਂ ਜਾਂ ਸੀ.ਐਮ. ਨੇ ਨਹੀਂ ਕਰਨੀਆਂ ਹੁੰਦੀਆਂ।

ਪੰਜਾਬ ਦੇ ਬੁੱਧੀਜੀਵੀ ਰਾਜਨੀਤੀ ਤੋਂ ਉਰੇ ਕੋਈ ਗੱਲ ਹੀ ਨਹੀਂ ਕਰਦੇ। ਉਹ ਵੀ ਰੂਲਿੰਗ ਪਾਰਟੀਆਂ ਅਨੁਸਾਰ ਅਲਾਇੰਸ ਬਣਾ ਕੇ ਚੱਲਦੇ ਹਨ ਅਤੇ ਧੜੇ ਪਾਲਦੇ ਹਨ। ਧਾਰਮਿਕ ਲੀਡਰ ਹਰ ਰੋਜ਼ ਬਾਬੇ ਨਾਨਕ ਦੀ ਬਾਣੀ ਪੜ੍ਹਦੇ ਹਨ ਅਤੇ ਆਪਣੇ ਆਪ ਨੂੰ ਰਾਹ-ਦਰਸਾਵਾ ਵੀ ਦੱਸਦੇ ਹਨ। ਉਹ ਯੋਗੀਆਂ ਵਾਂਗ ਪਹਾੜਾਂ 'ਤੇ ਤਾਂ ਨਹੀਂ ਜਾ ਕੇ ਲੁਕੇ (ਜੇ ਚਲੇ ਜਾਂਦੇ ਚੰਗਾ ਸੀ, ਲੋਕਾਂ ਦਾ ਖਹਿੜਾ ਛੁੱਟ ਜਾਂਦਾ) ਪਰ ਉਨ੍ਹਾਂ ਨੇ ਆਪਣਾ ਧਰਮ ਇਹ ਬਣਾ ਲਿਆ ਹੈ ਕਿ ਮੌਜੂਦਾ ਮੁੱਖ ਮੰਤਰੀ ਜਾਂ ਉਸ ਦੇ ਨੇੜਲਿਆਂ ਦੇ ਹਰ ਪੁੱਠੇ ਸਿੱਧੇ ਕੰਮ ਦੇ ਹੱਕ ਵਿਚ ਬਿਆਨ ਜ਼ਰੂਰ ਦੇਣਾ ਹੈ। ਇਸ ਨਾਲੋਂ ਤਾਂ ਬਿਹਤਰ ਹੈ ਕਿ ਚੁੱਪ ਹੀ ਰਹਿਣ, ਘੱਟੋ ਘੱਟ ਲੋਕਾਂ ਨੂੰ ਸ਼ਰਮਿੰਦਿਆਂ ਤਾਂ ਨਾ ਹੋਣਾ ਪਵੇ।

ਗੁਰੂ ਘਰ ਦੇ ਢਾਡੀਆਂ ਕਵੀਸ਼ਰਾਂ ਨੂੰ ਬੇਨਤੀ ਹੈ ਕਿ 18ਵੀਂ ਸਦੀ ਵਿਚ ਸਿੰਘਾਂ ਵੱਲੋਂ ਅਬਦਾਲੀ ਤੋਂ ਹਿੰਦੁਸਤਾਨੀ ਕੁੜੀਆਂ ਨੂੰ ਬਚਾਉਣ ਦੇ ਪ੍ਰਸੰਗ ਸੁਣਾ ਕੇ ਬ੍ਰਾਹਮਣਾਂ ਨੂੰ ਸ਼ਰਮਿੰਦਿਆਂ ਕਰਨ ਦਾ ਕੰਮ ਛੱਡ ਕੇ ਹੁਣ ਧਾਰਮਿਕ ਸਟੇਜਾਂ ਤੋਂ ਇਹ ਦੱਸਣਾ ਸ਼ੁਰੂ ਕਰਨ ਕਿ ਅਕਾਲੀ ਪਾਰਟੀ ਦੇ ਰਾਜ ਵਿਚ ਪੰਜਾਬ ਦੀਆਂ ਜੰਮੀਆਂ ਦੀਆਂ ਇੱਜ਼ਤਾਂ ਨਾਲ ਕੀ ਵਾਪਰ ਰਿਹਾ ਹੈ। ਇਹ ਸਮੁੱਚੀ ਲੋਕਾਈ ਦੀ ਸੇਵਾ ਹੋਵੇਗੀ।

ਲੋਕ ਬਹੁਤ ਮਜ਼ਬੂਤ ਵਰਗ ਹੈ। ਜੇ ਕੋਈ ਉਨ੍ਹਾਂ ਨੂੰ ਸੇਧ ਦੇ ਸਕੇ ਤਾਂ ਲੋਕ ਸ਼ਕਤੀ ਕੁਝ ਵੀ ਕਰ ਸਕਦੀ ਹੈ। ਨਸ਼ਿਆਂ, ਭ੍ਰਿਸ਼ਟਾਚਾਰ, ਪੁਲਿਸ ਵਧੀਕੀਆਂ ਸਬੰਧੀ ਲਾਮਬੰਦ ਹੋਣਾ ਚਾਹੀਦਾ ਹੈ। ਚਾਰ ਦਿਨ ਹੋ-ਹੱਲਾ ਮਚਾਉਣ ਨਾਲ ਕੁਝ ਨਹੀਂ ਬਣਨਾ। ਲਗਾਤਾਰ ਲੜਨਾ ਪੈਣਾ ਹੈ, ਘੱਟੋ ਘੱਟ ਵੋਟਾਂ ਵੇਲੇ ਸੁਚੇਤ ਹੋ ਕੇ ਆਪਣੇ ਵਿਚੋਂ ਸੁਹਿਰਦ ਲੋਕਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਹੁਣ ਤਾਂ ਲੋਕ ਸ਼ਕਤੀ ਤਾਨਾਸ਼ਾਹਾਂ ਨੂੰ ਮੂਧੇ ਮਾਰਨ ਦੀ ਹਿੰਮਤ ਰੱਖਦੀ ਹੈ, ਫਿਰ ਵੋਟਾਂ ਰਾਹੀਂ ਬਦਲਣਾ ਤਾਂ ਔਖਾ ਨਹੀਂ ਹੈ। ਇਹੋ ਜਿਹੀਆਂ ਘਟਨਾਵਾਂ ਸਮੇਂ ਇਕੱਠੇ ਹੋ ਕੇ ਡੰਡਾ ਚੁੱਕਣਾ ਬਣਦਾ ਹੈ। ਨਹੀਂ ਤਾਂ ਫਿਰ ਅੰਨ੍ਹੀ ਰਈਅਤ ਗਿਆਨ ਵਿਹੂਣੀ ਨੂੰ ਭੁਗਤਦੇ ਰਹਿਣਾ ਪਵੇਗਾ। 'ਮੈਨੂੰ ਕੀ?' ਦੀ ਬਿਰਤੀ ਪੰਜਾਬੀ ਨਹੀਂ ਹੈ, ਇਹ ਪੰਜਾਬੀਆਂ ਦਾ ਅਣਖੀ ਸੁਭਾਅ ਨਹੀਂ ਹੈ। ਨਸ਼ਿਆਂ ਨੇ ਪੰਜਾਬੀਆਂ ਨੂੰ ਬੇਗ਼ੈਰਤ ਬਣਾ ਦਿੱਤਾ ਹੈ। ਦਸ-ਵੀਹ ਸਵਾਰੀਆਂ ਦੇ ਹੁੰਦਿਆਂ ਕੰਡਕਟਰ ਇਵੇਂ ਕਿਵੇਂ ਕਰ ਗਏ? ਲਾਹਨਤ ਹੈ ਫਿਰ ਪੰਜਾਬੀ ਹੋਣ 'ਤੇ। ਪੰਜਾਬੀ ਸੁਭਾਅ ਤਾਂ ਮੰਗ ਕਰਦਾ ਹੈ ਕਿ ਗੰਦੇ ਅਸ਼ਲੀਲ ਗੀਤਾਂ 'ਤੇ ਭੰਗੜੇ ਪਾਉਣ ਤੇ ਝੂਮਣ ਦੀ ਥਾਂ ਇਹ ਗੀਤ ਲਿਖਣ ਅਤੇ ਗਾਉਣ ਵਾਲਿਆਂ ਦਾ ਮੂੰਹ ਭੰਨ ਦਿੱਤਾ ਜਾਵੇ। ਪੱਤਰਕਾਰ ਕਿਉਂ ਵਿਕ ਗਏ ਹਨ? ਉਹ ਕਿਉਂ ਬੱਸ ਦੇ ਮਾਲਕ ਦਾ ਨਾਂ ਲੈਣ ਦੀ ਥਾਂ 'ਕਿਸੇ ਪ੍ਰਾਈਵੇਟ ਬੱਸ' ਕਹਿੰਦੇ ਹਨ? ਉਹ ਦਲਜੀਤ ਅਮੀ ਕਿਉਂ ਨਹੀਂ ਬਣ ਸਕਦੇ?




ਬਾਦਲਾਂ ਦੀ ਬੱਸ ਕੰਪਨੀ ਔਰਬਿਟ ਦੀ ਇਕ ਬੱਸ

# ਗੁਰਬਾਣੀ ਵਿਚ ਵਿਦਿਆ ਦਾ ਸੰਕਲਪ

**ਵਿਚਾਰ-ਚਰਚਾ**

ਗੁਰਬਾਣੀ ਨਿਖੇੜਾ ਕਰਦੀ ਹੈ ਅਸਲੀ ਤੇ ਨਕਲੀ ਵਿਦਿਆ ਦਾ। ਵਿਦਿਆ ਮਨੁੱਖ ਨੂੰ ਗੁਰਮੁਖ ਬਣਾਉਂਦੀ ਹੈ, ਤੇ ਮਨਮੁਖ ਵੀ ਬਣਾਉਂਦੀ ਹੈ। ਗੁਰਬਾਣੀ ਅਨੁਸਾਰ ਵਿਦਿਆ ਦਾ ਅਰਥ ਪੋਥੀਆਂ ਪੜ੍ਹਨਾ, ਵਾਚਣਾ ਜਾਂ ਅੱਖਰ ਪੜ੍ਹਨਾ ਨਹੀਂ। ਵਿਦਿਆ ਮਨੁੱਖ ਦੇ ਦਿਲ-ਦਿਮਾਗ ਦੀ ਪੂਰਨ ਸ਼ਖਸੀਅਤ ਦਾ ਵਿਕਾਸ ਹੈ। ਵਿਦਿਆ ਦੀ ਤਸਵੀਰ ਇਸ ਗੱਲ ਤੋਂ ਜ਼ਾਹਿਰ ਹੁੰਦੀ ਹੈ ਕਿ ਮਨੁੱਖ ਦਾ



ਹਿਰਦਾ ਮਾਇਆ, ਹਉਮੈਂ, ਲਾਲਚ, ਹੰਕਾਰ ਆਦਿ ਮਗਰ ਜਾਂਦਾ ਹੈ, ਜਾਂ ਰੱਬ ਦੇ ਰਾਹ ਪੈਂਦਾ ਹੈ। ਗੁਰਬਾਣੀ ਮੁਤਾਬਕ ਵਿਦਿਆ ਦਾ ਦਾਇਰਾ

**ਪ੍ਰੋ. ਹਰਪਾਲ ਸਿੰਘ**
ਫੋਨ: 0061-416-4218 48
(ਸੀ) ਨਿਊਜ਼ੀਲੈਂਡ

ਸਿਰਫ਼ ਦਿਮਾਗੀ ਸੋਝੀ ਹੀ ਨਹੀਂ, ਸਗੋਂ ਜਜ਼ਬੇ ਦੀ ਵਿਦਿਆ ਵੀ ਹੈ।

ਵਿਦਿਆ ਦੀ ਗੱਲ ਕਰਦਿਆਂ ਗੁਰਬਾਣੀ ਦਰਅਸਲ, ਸਮਾਜ ਵਿਚ ਬੁੱਧੀਜੀਵੀ ਵਰਗ ਦਾ ਰੋਲ ਪ੍ਰਗਟ ਕਰ ਰਹੀ ਹੈ। ਉਸ ਵੇਲੇ ਚੇਤਨਾ ਦਾ ਰੂਪ ਮਜ਼ਬੀ ਸੀ। ਇਸ ਵਾਸਤੇ ਵਿਦਿਆ ਵੀ ਬਹੁਤ ਹੱਦ ਤੱਕ ਮਜ਼ਬੀ ਸੰਸਥਾਵਾਂ ਦੇ ਅਧੀਨ ਸੀ। ਬੁੱਧੀਜੀਵੀ ਵਰਗ ਵੀ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ। ਇਕ ਉਹ ਜੋ ਮਾਇਆ ਦੇ ਨਿਜ਼ਾਮ ਦਾ ਹਮਾਇਤੀ ਸੀ, ਤੇ ਦੂਜਾ ਰੱਬ ਦੇ ਰਾਹ ਦਾ ਅਨੁਯਾਈ। ਗੁਰਬਾਣੀ ਮਾਇਆ ਦੇ ਹਮਾਇਤੀ ਧੜੇ ਦਾ ਪੁਰਜ਼ੋਰ ਖੰਡਨ ਕਰਦੀ ਹੈ। ਇਹ ਬੁੱਧੀਵਾਦੀ ਜੋ ਮਾਇਆ ਦੇ ਨਿਜ਼ਾਮ ਦੇ ਰਾਜ ਪ੍ਰਬੰਧ ਦੇ ਪੁਰਜ਼ੇ ਹਨ, ਇਹ ਹਰਾਮ ਉਤੇ ਆਧਾਰਤ ਨਿਜ਼ਾਮ ਤੇ ਪਿੱਛਲਗ ਹਨ,

ਪੜਿਆ ਮੂਰਖੁ ਆਖੀਐ
ਜਿਸੁ ਲਬੁ ਅਹੰਕਾਰਾ॥
ਨਾਉ ਪੜੀਐ ਨਾਉ ਬੁਝੀਐ
ਗੁਰਮਤੀ ਵੀਚਾਰਾ॥ (ਮਹਲਾ ੧)

ਗੁਰਬਾਣੀ ਅਨੁਸਾਰ ਵਿਦਿਆ ਪੜ੍ਹੇ ਹੋਏ ਨੂੰ ਮੂਰਖ ਆਖਣਾ ਚਾਹੀਦਾ ਹੈ, ਕਿਉਂਕਿ ਉਸ ਦੇ ਅੰਦਰ ਲੋਭ ਤੇ ਹੰਕਾਰ ਹੈ। ਗੁਰੂ ਦੀ ਮਤ ਲੈ ਕੇ ਰੱਬ ਦਾ ਨਾਂ ਲੈਣਾ ਚਾਹੀਦਾ ਹੈ। ਉਸ ਵਿਚ ਸੁਰਤ ਜੋੜਨੀ ਚਾਹੀਦੀ ਹੈ। ਜੇ ਵਿਦਿਆ ਪ੍ਰਾਪਤ ਕਰ ਕੇ, ਦੁਜਿਆਂ ਨੂੰ ਹੱੜਪ ਕਰਨ ਦੀ ਥਾਂ ਉਨ੍ਹਾਂ ਦੀ ਭਲਾਈ ਕਰਨ ਵਾਲਾ ਹੋ ਗਿਆ, ਤਾਂ ਸਮਝੋ ਉਹ ਵਿਦਿਆ ਪਾ ਕੇ ਵਿਚਾਰਵਾਨ ਬਣਿਆ ਹੈ। ਤੀਰਥਾਂ ਉਤੇ ਵਾਸਾ ਤਾਂ ਹੀ ਸਫ਼ਲ ਮੰਨੋ, ਜੇ ਉਸ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਪੰਜੇ ਵਸ ਵਿਚ ਕਰ ਲਏ ਹਨ। ਗੁਰੂ ਜੀ ਦਾ ਉਪਦੇਸ਼ ਹੈ,

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥
(ਮਹਲਾ ੧)

ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ
ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ
ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ
ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ
ਹਉਮੈ ਝਖਣਾ ਝਾਖ॥ (ਮਹਲ ੧)

ਬਹੁਤ ਸਾਰੇ ਕਥਾ ਵਾਚਕ, ਗ੍ਰੰਥੀ, ਬਾਬੇ, ਗਿਆਨੀ ਤੇ ਵਿਆਖਿਆਕਾਰਾਂ ਅਨੁਸਾਰ ਇਸ ਸਲੋਕ ਦਾ ਅਰਥ ਇਹ ਹੈ ਕਿ ਇਸ ਵਿਚ ਵਿਦਿਆ ਦੀ ਹਉਮੈ ਨੂੰ ਤ੍ਰਿਸਕਾਰਿਆ ਗਿਆ ਹੈ; ਭਾਵ ਜੇ ਕੋਈ ਵਿਦਿਆ ਪ੍ਰਾਪਤ ਕਰ ਕੇ ਮਾਣ ਕਰਨ ਲੱਗ ਪਏ, ਹੰਕਾਰੀ ਹੋ ਜਾਏ ਕਿ ਮੈਂ ਤਾਂ ਬਹੁਤ ਪੜ੍ਹਿਆ ਹੋਇਆ ਹਾਂ, ਗੁਰੂ ਸਾਹਿਬ ਨੇ ਇਸ ਗੱਲ ਨੂੰ ਨਿੰਦਿਆ ਹੈ। ਇਹ ਅਰਥ ਠੀਕ ਨਹੀਂ ਹਨ। ਗੁਰੂ ਸਾਹਿਬ ਦਾ ਮਤਲਬ ਹੈ ਕਿ ਕਿਸੇ ਨੇ ਗੱਡਿਆਂ ਦੇ ਗੱਡੇ ਕਿਤਾਬਾਂ ਪੜ੍ਹੀਆਂ ਹੋਣ, ਜੇ ਉਸ ਨੇ ਨਾਮ ਦਾ ਅਰਥ ਨਹੀਂ ਸਮਝਿਆ, ਰੱਬ ਦੇ ਰਾਹ ਦਾ ਉਸ ਨੂੰ ਗਿਆਨ ਨਹੀਂ ਹੋਇਆ, ਤਾਂ ਉਸ ਦਾ ਸਾਰਾ ਪੜ੍ਹਿਆ ਫਜ਼ੂਲ ਹੈ। ਫਜ਼ੂਲ ਇਸ ਕਰ ਕੇ ਹੈ ਕਿ ਉਸ ਦੇ ਅੰਦਰ ਹਉਮੈ ਟਿਕੀ ਹੋਈ ਹੈ। ਜੇ ਰੱਬ ਦਾ ਗਿਆਨ ਨਹੀਂ ਹੋਇਆ ਤਾਂ ਉਹ ਲਾਜ਼ਮੀ ਹਰਾਮ ਆਧਾਰਤ ਮਾਇਆ ਦੇ ਨਿਜ਼ਾਮ ਦਾ ਅਨੁਸਾਰੀ ਹੈ। ਅੰਦਰ ਉਸ ਦੇ ਲੋਭ, ਹੰਕਾਰ ਆਦਿ ਹੀ ਕੰਮ ਕਰਦੇ ਹਨ। ਸਹੀ ਵਿਦਿਆ ਉਹ ਹੈ ਜੋ ਮਨੁੱਖ ਨੂੰ ਗੁਰਮੁਖ ਬਣਾ ਦੇਵੇ, ਜੋ ਉਸ ਨੂੰ ਹਰਾਮ ਖਾਣ ਵਾਲੇ ਦੇ ਵਿਰੁੱਧ ਖੜ੍ਹਾ ਕਰ ਦੇਵੇ।

ਗੁਰੂ ਨਾਨਕ ਦੇ ਸਮੇਂ ਸਮਾਜ ਦੇ ਦੋ ਵਰਗ ਵਿਦਿਆ ਦੇ ਅਲੰਬਰਦਾਰ ਸਨ-ਬ੍ਰਾਹਮਣ ਤੇ ਕਾਜ਼ੀ। ਬ੍ਰਾਹਮਣ ਹਿੰਦੂ ਸਮਾਜ ਦਾ ਗੁਰੂ ਸੀ ਤੇ ਹਰ ਪੱਖ ਤੋਂ ਪਵਿੱਤਰ ਸਮਝਿਆ ਜਾਂਦਾ ਸੀ। ਉਸ ਦੀ ਓਟ ਵੇਦ ਸ਼ਾਸਤਰ ਸਨ। ਬ੍ਰਾਹਮਣ, ਪੁਜਾਰੀ ਜਮਾਤ ਸੀ। ਗਿਆਨ-ਵਿਹੂਣੇ ਲੋਕਾਂ ਨੂੰ ਉਸ ਨੇ ਆਪਣੀ ਵਿਦਿਆ ਦੇ ਬਲਬੂਤੇ ਵਹਿਮਾਂ-ਭਰਮਾਂ ਵਿਚ ਫਸਾਇਆ ਹੋਇਆ ਸੀ। ਜੰਮਣ ਤੋਂ ਲੈ ਕੇ ਮਰਨ ਤੱਕ ਕੋਈ ਵੀ ਕਰਮ, ਬ੍ਰਾਹਮਣ ਦੀ ਅਗਵਾਈ ਤੋਂ ਬਗੈਰ ਨਹੀਂ ਹੋ ਸਕਦਾ ਸੀ। ਲੋਕਾਂ

**ਵਿਦਿਆ ਦੀ ਗੱਲ ਕਰਦਿਆਂ ਗੁਰਬਾਣੀ ਦਰਅਸਲ, ਸਮਾਜ ਵਿਚ ਬੁੱਧੀਜੀਵੀ ਵਰਗ ਦਾ ਰੋਲ ਪ੍ਰਗਟ ਕਰ ਰਹੀ ਹੈ। ਉਸ ਵੇਲੇ ਚੇਤਨਾ ਦਾ ਰੂਪ ਮਜ਼ਬੀ ਸੀ। ਇਸ ਵਾਸਤੇ ਵਿਦਿਆ ਵੀ ਬਹੁਤ ਹੱਦ ਤੱਕ ਮਜ਼ਬੀ ਸੰਸਥਾਵਾਂ ਦੇ ਅਧੀਨ ਸੀ। ਬੁੱਧੀਜੀਵੀ ਵਰਗ ਵੀ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ। ਇਕ ਉਹ ਜੋ ਮਾਇਆ ਦੇ ਨਿਜ਼ਾਮ ਦਾ ਹਮਾਇਤੀ ਸੀ, ਤੇ ਦੂਜਾ ਰੱਬ ਦੇ ਰਾਹ ਦਾ ਅਨੁਯਾਈ। ਗੁਰਬਾਣੀ ਮਾਇਆ ਦੇ ਹਮਾਇਤੀ ਧੜੇ ਦਾ ਪੁਰਜ਼ੋਰ ਖੰਡਨ ਕਰਦੀ ਹੈ।**

ਦੀ ਸਾਰੀ ਜ਼ਿੰਦਗੀ ਦੀ ਨਾਕਾਬੰਦੀ ਕਰ ਕੇ ਉਸ ਨੇ ਹਰ ਫੈਸਲਾ ਆਪਣੇ ਹੱਥ ਵਿਚ ਰੱਖਿਆ ਹੋਇਆ ਸੀ। ਕੁੱਲ ਗਿਆਨ ਦਾ ਉਹ ਵਾਹਿਦ ਮਾਲਿਕ ਸੀ। ਪਵਿੱਤਰਤਾ ਦਾ ਉਹ ਪੁੰਜ ਸੀ। ਹਰ ਗੁਨਾਹ ਤੋਂ ਉਹ ਖਾਲਸ ਸੀ। ਉਸ ਦੇ ਦੱਸੇ ਰਾਹ ਤੋਂ ਬਗੈਰ ਦੇਵੀ-ਦੇਵਤੇ ਵੀ ਚੱਲ ਨਹੀਂ ਸਨ ਸਕਦੇ। ਉਸ ਦੀ ਟੇਕ ਵੇਦਾਂ ਉਤੇ ਸੀ। ਵੇਦ ਸੰਸਕ੍ਰਿਤ ਵਿਚ ਸਨ ਤੇ ਸੰਸਕ੍ਰਿਤ ਦੇਵਤਿਆਂ ਦੀ ਜ਼ੁਬਾਨ ਸੀ। ਵੇਦਾਂ ਦੀ ਕੀ ਰਜ਼ਾ ਸੀ, ਇਹ ਸਿਰਫ਼ ਬ੍ਰਾਹਮਣ ਹੀ ਦੱਸ ਸਕਦਾ ਸੀ। ਗੁਰਬਾਣੀ ਐਸੀ ਵਿਦਿਆ ਦਾ ਖੰਡਨ ਕਰਦੀ ਹੈ,

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਨ ਸਾਰੰ॥ (ਮਹਲਾ ੧)

ਪੰਡਿਤ ਵੇਦ ਆਦਿ ਪੁਸਤਕਾਂ ਪੜ੍ਹਦਾ ਹੈ। ਗਿਣਤੀ ਕਰਦਾ ਹੈ। ਬਗਲੇ ਵਾਂਗ ਸਮਾਧੀ ਲਾਉਂਦਾ ਹੈ, ਪਰ ਉਸ ਦੀ ਅਸਲੀਅਤ ਕੂੜਿਆਰ ਦੀ ਹੈ। ਇਸ ਵਾਸਤੇ ਐਸੀਆਂ ਪੜ੍ਹੀਆਂ ਪੁਸਤਕਾਂ ਗੁਰਮਤਿ ਨੂੰ ਪ੍ਰਵਾਨ ਨਹੀਂ,

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥
ਬੇਦ ਪੁਰਾਣ ਪੜੈ ਸੁਣਿ ਥਾਟਾ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ॥
(ਮਹਲਾ ੧)

ਬਿਨਾਂ ਰੱਬ ਵਿਚ ਰੱਤੇ ਜਾਣ ਦੇ ਮਨ ਟਿਕਾਣੇ ਨਹੀਂ ਆਉਂਦਾ।

ਪੰਡਿਤ ਮੈਲੁ ਨ ਚੁਕਈ
ਜੇ ਵੇਦ ਪੜੈ ਜੁਗ ਚਾਰਿ॥
ਤ੍ਰੈ ਗੁਣ ਮਾਇਆ ਮੂਲੁ ਹੈ
ਵਿਚਿ ਹਉਮੈ ਨਾਮੁ ਵਿਸਾਰਿ॥
ਪੰਡਿਤ ਭੂਲੇ ਦੂਜੈ ਲਾਗੇ
ਮਾਇਆ ਕੈ ਵਾਪਾਰਿ॥
ਅੰਤਰਿ ਤ੍ਰਿਸਨਾ ਭੁਖ ਹੈ
ਮੂਰਖ ਭੁਖਿਆ ਮੁਏ ਗਵਾਰ॥
(ਮਹਲਾ ੩)

ਪੰਡਿਤ ਪੜਹਿ ਵਖਾਣਹਿ ਵੇਦੁ॥
ਅੰਤਰਿ ਵਸਤੁ ਨ ਜਾਣਹਿ ਭੇਦੁ॥
ਗੁਰ ਬਿਨੁ ਸੋਝੀ ਬੂਝ ਨ ਹੋਇ॥
ਸਾਚਾ ਰਵਿ ਰਹਿਆ ਪ੍ਰਭੁ ਸੋਇ॥
(ਮਹਲਾ ੧)

ਅਸਲ ਵਿਦਿਆ-ਵਾਚੀ ਬ੍ਰਾਹਮਣ ਉਹ ਹੈ ਜੋ ਸਰਬ ਵਿਆਪਕ ਰੱਬ ਨੂੰ ਵਿਚਾਰਦਾ ਹੈ। ਇਸ ਰਾਹੇ ਪੈ ਕੇ ਉਹ ਨਾਲੇ ਆਪ ਤਰੇਗਾ, ਨਾਲੇ ਸੰਸਾਰ ਨੂੰ ਵੀ ਤਾਰੇਗਾ,

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥

ਜੇ ਉਹ ਸਰਵ ਵਿਆਪਕ ਨੂੰ ਜਾਣ ਲਵੇਗਾ ਤਾਂ ਉਹ ਹਰਾਮਖੋਰ ਨਹੀਂ ਰਹੇਗਾ। ਅਸਲ ਵਿਚ ਗਿਆਨਵਾਨ, ਸਿਆਣਾ ਉਹ ਹੈ ਜੋ ਆਪਣੇ ਦਿਲ ਵਿਚੋਂ ਹਉਮੈ, ਹਰਾਮ ਆਦਿ ਦੀ ਮੈਲ ਧੋ ਦਿੰਦਾ ਹੈ ਜਿਸ ਦੇ ਹਿਰਦੇ ਅੰਦਰੋਂ ਇਹ ਮੈਲ ਧੋਤੀ ਜਾਵੇ, ਉਹ ਮਾਇਆ ਵਾਲੇ ਨਿਜ਼ਾਮ ਦਾ ਆਪ ਹੀ ਵਿਰੋਧੀ ਹੋ ਜਾਵੇਗਾ। ਅਸਲ ਪੜ੍ਹਿਆ ਉਹ ਹੈ ਜੋ ਪੜ੍ਹੀ ਹੋਈ ਹਰ ਗੱਲ ਨੂੰ ਸਮਝੇ। ਮਤਲਬ, ਆਪ ਜੀਵੇ ਤੇ ਲੋਕਾਈ ਨੂੰ ਜੀਣ ਦਾ ਰਾਹ ਦਰਸਾਵੇ।

ਇਸਲਾਮਿਕ ਰਾਜ ਦਾ ਮੁੱਖ ਸੰਚਾਲਕ ਬਾਦਸ਼ਾਹ ਤੇ ਵਿਚਾਰਧਾਰਕ ਕਾਜ਼ੀ ਸੀ। ਰਾਜ ਪ੍ਰਬੰਧ ਦਾ ਹਰ ਕੰਮਕਾਜ ਕਾਜ਼ੀ ਵੱਲੋਂ ਦੱਸੀ ਸ਼ੱਰ੍ਹਾ ਅਨੁਸਾਰ ਹੀ ਹੁੰਦਾ ਸੀ। ਕਾਜ਼ੀ ਬਾਰੇ ਗੁਰੂ ਸਾਹਿਬ ਦਾ ਕਥਨ ਹੈ ਕਿ ਚਾਹੇ ਕਾਜ਼ੀ ਪੜ੍ਹਿਆ ਲਿਖਿਆ ਹੈ, ਪਰ ਉਸ ਦਾ ਕਿਰਦਾਰ ਹਰ ਪੱਖੋਂ ਨੀਵਾਂ ਹੈ,

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥
(ਮਹਲਾ ੧)

ਕਾਜ਼ੀ ਬਹਿੰਦਾ ਹੈ ਨਿਆਂ ਕਰਨ, ਫੇਰਦਾ ਤਸਬੀ ਹੈ। ਮੂੰਹੋਂ ਖੁਦਾ ਖੁਦਾ ਆਖਦਾ ਹੈ, ਪਰ ਉਸ ਦੀ ਕਰਤੂਤ ਕੀ ਹੈ? ਇਕ ਪਾਸਿਉਂ ਵੱਢੀ ਲੈ ਲੈਂਦਾ ਹੈ, ਦੂਜੇ ਦਾ ਹੱਕ ਮਰਵਾ ਦਿੰਦਾ ਹੈ। ਜੇ ਕੋਈ ਉਸ ਦੇ ਕੀਤੇ ਨਿਆਂ ਉਤੇ ਕਿਸੇ ਕਿਸਮ ਦਾ ਇਤਰਾਜ਼ ਕਰੇ, ਤਾਂ ਕੋਈ ਨਾ ਕੋਈ ਸ਼ਰ੍ਹਾ ਦਾ ਮਸਲਾ ਕੱਢ ਸੁਣਾਉਂਦਾ ਹੈ,

ਤੀਹ ਕਰ ਰਖੇ ਪੰਜ ਕਰਿ ਸਾਥੀ
ਨਾਉ ਸੈਤਾਨੁ ਮਤੁ ਕਟਿ ਜਾਈ॥
ਨਾਨਕੁ ਆਖੈ ਰਾਹਿ ਪੈ ਚਲਣਾ
ਮਾਲੁ ਧਨੁ ਕਿਤ ਕੂ ਸੰਜਿਆਹੀ॥

ਹੇ ਕਾਜ਼ੀ! ਮਨ ਤੇਰਾ ਮਾਇਆ ਵਿਚ ਲੱਗਾ ਹੋਇਆ ਹੈ। ਵੈਸੇ ਤੂੰ ਤੀਹ ਰੋਜ਼ੇ ਵੀ ਰੱਖੇ ਹਨ ਤੇ ਨਾਲ ਪੰਜ ਨਿਮਾਜ਼ਾਂ ਵੀ ਪੜ੍ਹੀਆਂ ਹਨ ਪਰ ਮਨ ਤੇਰਾ ਸ਼ੈਤਾਨ ਦਾ ਸੰਗੀ ਹੈ। ਜੋ ਦੌਲਤ ਤੂੰ ਇਕੱਠੀ ਕੀਤੀ ਹੋਈ ਹੈ, ਇਹ ਪਾਪ ਦਾ ਪੈਸਾ ਹੈ। ਅਸਲ ਕਾਜ਼ੀ ਉਹ ਹੈ ਜੋ ਜਿਉਣ ਦੀ ਸਹੀ ਜਾਚ ਸਮਝਦਾ ਹੈ ਤੇ ਗੁਰੂ ਦੀ ਕ੍ਰਿਪਾ ਨਾਲ ਉਹ ਰੱਬ ਨੂੰ ਜਾਣਦਾ ਹੈ। ਜੋ ਹਰ ਇਕ ਵਿਚ ਰੱਬ ਨੂੰ ਵੇਖੇਗਾ, ਅਸਲ ਕਾਜ਼ੀ ਉਹ ਹੈ।

ਗੁਰੂ ਜੀ ਕਾਜ਼ੀ ਤੋਂ ਪੁੱਛਦੇ ਹਨ ਕਿ ਤੂੰ ਕਿਸ ਕਿਤਾਬ ਤੋਂ ਇਸਲਾਮ ਦਾ ਪਾਠ ਪੜ੍ਹਿਆ ਹੈਂ। ਤੇਰੇ ਵਰਗੇ ਸਭ ਪੜ੍ਹਿਆ ਨੂੰ ਖੂਬ ਮਾਰ ਪੈਂਦੀ ਹੈ। ਤੇਰੇ ਵਰਗਾ ਮੁਸਲਮਾਨ ਬਣਿਆ ਸਵਰਗ ਵਿਚ ਨਹੀਂ ਜਾ ਸਕਦਾ। ਗੁਰਬਾਣੀ ਵਾਰ-ਵਾਰ ਕਹਿੰਦੀ ਹੈ ਕਿ ਸਿਰਫ਼ ਗੱਲਾਂ ਨਾਲ, ਪੋਥੀਆਂ ਪੜ੍ਹਨ ਨਾਲ ਬਹਿਸ਼ਤ ਨਹੀਂ ਮਿਲਦਾ। ਸੱਚੀ ਕਰਨੀ ਤੋਂ ਬਗੈਰ ਸੱਚ ਪੱਲੇ ਨਹੀਂ ਰਹਿੰਦਾ। ਮਾਇਆ, ਹਉਮੈ, ਕਾਮ ਆਦਿ ਮਨ ਵਿਚੋਂ ਤਾਂ ਹੀ ਨਿਕਲ ਸਕਦੇ ਹਨ, ਜੇ ਨਾਮ ਨੂੰ ਮਨ ਵਿਚ ਗ੍ਰਹਿਣ ਕਰ ਕੇ ਉਨ੍ਹਾਂ ਨੂੰ ਸਮਾਜ ਤੇ ਮਨੁੱਖਾਂ ਦੇ ਮਨਾਂ ਵਿਚੋਂ ਕੱਢਣ ਵਾਸਤੇ ਜੱਦੋ-ਜਹਿਦ ਕਰੇ, ਜਿਸ ਤਰ੍ਹਾਂ ਗੁਰਬਾਣੀ ਕਰਦੀ ਹੈ, ਗੁਰੂ ਦੇ ਸਿੱਖ ਕਰਦੇ ਹਨ।

# ਕਹਤੁ ਕਬੀਰੁ ਸੁਨਹੁ ਰੇ ਲੋਈ

ਗੁਰੂ ਗ੍ਰੰਥ ਸਾਹਿਬ ਦੇ ਪੰਨਾ 484 ਉਤੇ ਰਾਗ ਆਸਾ ਵਿਚ ਭਗਤ ਕਬੀਰ ਜੀ ਦਾ ਇਕ ਸ਼ਬਦ ਹੈ ਜੋ 'ਕਰਵਤੁ ਭਲਾ ਨ ਕਰਵਟ ਤੇਰੀ॥' ਪੰਕਤੀ ਤੋਂ ਸ਼ੁਰੂ ਹੁੰਦਾ ਹੈ। ਇਸ ਸ਼ਬਦ ਦੀਆਂ ਆਖਰੀ ਪੰਕਤੀਆਂ ਹਨ,

ਕਹਤੁ ਕਬੀਰੁ ਸੁਨਹੁ ਰੇ ਲੋਈ॥
ਅਬ ਤੁਮਰੀ ਪਰਤੀਤਿ ਨ ਹੋਈ॥

ਗੁਰਬਾਣੀ ਦੀ ਲਿਖਣ ਕਲਾ ਨੂੰ ਸਮਝਣ ਤੋਂ ਬਿਨਾ ਗੁਰਬਾਣੀ ਦੇ ਅਰਥ ਕਰਦਿਆਂ ਕਈ ਤਰ੍ਹਾਂ ਦੇ ਟਪਲੇ ਲੱਗਣੇ ਸੁਭਾਵਕ ਹਨ। ਇਸ ਸ਼ਬਦ ਵਿਚ ਵਰਤੇ ਲਫ਼ਜ਼ਾਂ 'ਰੇ' ਅਤੇ 'ਲੋਈ' ਨੂੰ ਗੁਰਬਾਣੀ ਦੀ ਲਿਖਣ ਕਲਾ ਅਨੁਸਾਰ ਨਾ ਸਮਝਣ

**ਪ੍ਰੋ. ਕਸ਼ਮੀਰਾ ਸਿੰਘ**
ਫੋਨ: 801-414-0171

ਕਰਕੇ ਕਈ ਲਿਖਾਰੀਆਂ ਨੇ ਮਨਘੜਤ ਸਾਖੀਆਂ ਨੂੰ ਜਨਮ ਦਿੱਤਾ ਹੈ। ਕਈਆਂ ਨੇ ਲਿਖਿਆ ਹੈ ਕਿ 'ਲੋਈ' ਕਬੀਰ ਜੀ ਦੀ ਘਰ ਵਾਲੀ ਸੀ। ਉਹ ਕਿਸੇ ਸਾਧੂ ਸੰਤ ਦੀ ਪ੍ਰਸ਼ਾਦੇ ਨਾਲ ਸੇਵਾ ਨਾ ਕਰ ਸਕੀ ਤੇ ਕਬੀਰ ਜੀ ਨਾਰਾਜ਼ ਹੋ ਗਏ। ਕਈ ਕਹਿੰਦੇ ਹਨ ਕਿ ਲੋਈ ਨੇ ਕਿਸੇ ਰੋਗੀ ਨੂੰ ਤਿੰਨ ਵਾਰੀ ਰਾਮ ਕਹਾ ਕੇ ਰੋਗ ਦੂਰ ਕੀਤਾ ਤੇ ਕਬੀਰ ਜੀ ਨਾਰਾਜ਼ ਹੋ ਗਏ ਅਖੇ ਲੋਈ ਨੇ ਤਿੰਨ ਵਾਰੀ ਰਾਮ ਕਿਉਂ ਕਹਾਇਆ ਜਦੋਂ ਕਿ ਇਕ ਵਾਰੀ ਹੀ ਬਹੁਤ ਸੀ। ਉਹ ਲਿਖਦੇ ਹਨ ਕਿ ਲੋਈ ਨੇ ਇਸ ਸ਼ਬਦ ਵਿਚ ਆਪਣੇ ਵਲੋਂ ਸ਼ਬਦ ਦੀਆਂ ਪਹਿਲੀਆਂ ਤੁਕਾਂ ਕਬੀਰ ਜੀ ਨਾਲੋਂ ਨਾਰਾਜ਼ਗੀ ਦੂਰ ਕਰਨ ਲਈ ਉਚਾਰੀਆਂ ਤੇ ਆਖਰੀ ਦੋ ਤੁਕਾਂ ਭਗਤ ਕਬੀਰ ਨੇ ਲਿਖੀਆਂ। ਉਹ ਸੱਜਣ ਲਿਖਦੇ ਹਨ ਕਿ ਕਬੀਰ ਜੀ ਲੋਈ ਵਲੋਂ ਸਮਝੌਤੇ ਲਈ ਤਰਲੇ ਕੱਢਣ 'ਤੇ ਵੀ ਉਹ ਉਸ ਨਾਲ ਨਾਰਾਜ਼ ਹੀ ਰਹੇ। ਸ਼ਬਦ ਦੇ ਅਜਿਹੇ ਮਨਘੜਤ ਅਰਥ ਤੋਂ ਕੋਈ ਜੀਵਨ ਸੇਧ ਨਹੀਂ ਲੈ ਸਕਦਾ। ਗੁਰਬਾਣੀ ਦਾ ਹਰ ਇੱਕ ਸ਼ਬਦ ਜਗਿਆਸੂ ਦੇ ਮਨ ਦੀ ਥੰਮੀ ਤਾਂ ਹੀ ਬਣ ਸਕਦਾ ਹੈ ਜੇ ਇਸ ਤੋਂ ਸਹੀ ਅਗਵਾਈ ਲਈ ਜਾ ਸਕੇ। ਮਨਘੜਤ ਸਾਖੀਆਂ ਕਰਕੇ ਸ਼ਬਦਾਂ ਦੇ ਸਹੀ ਅਰਥ ਵੀ ਗੁਆਚ ਜਾਂਦੇ ਹਨ, ਭਾਵੇਂ ਅਜਿਹੀਆਂ ਸਾਖੀਆਂ ਸੁਣ ਕੇ ਸਰੋਤੇ ਵਕਤੀ ਤੌਰ 'ਤੇ ਖੁਸ਼ ਹੋ ਕੇ ਪ੍ਰਚਾਰਕ ਦੀ ਵਾਹ-ਵਾਹ ਜ਼ਰੂਰ ਕਰ ਲੈਂਦੇ ਹਨ। ਅਰਥਾਂ ਦੀਆਂ ਇਨ੍ਹਾਂ ਪ੍ਰਨਾਲੀਆਂ ਵਿਚੋਂ ਨਿਕਲ ਕੇ ਗੁਰਬਾਣੀ ਵਿਆਕਰਣ ਦੀ ਰੋਸ਼ਨੀ ਵਿਚ ਹੀ ਗੁਰਬਾਣੀ ਦਾ ਉਪਦੇਸ਼ ਸਮਝਿਆ ਜਾ ਸਕਦਾ ਹੈ।

ਕੀ ਗੁਰਬਾਣੀ ਦੇ ਰਚਣ ਵਾਲੀ ਲੋਈ, ਭਗਤ ਕਬੀਰ ਦੇ ਘਰ ਵਾਲੀ, ਵੀ ਹੈ? ਬਿਲਕੁਲ ਨਹੀਂ। ਬਾਣੀ ਵਿਚ 35 ਮਹਾਂਪੁਰਸ਼ਾਂ ਦੀ ਰਚਨਾ ਹੈ ਜਿਸ ਵਿਚ ਲੋਈ ਦਾ ਕਿਤੇ ਨਾਂ ਨਹੀਂ ਹੈ (ਕਈ ਸੱਜਣ ਭਾਈ ਮਰਦਾਨੇ ਦਾ ਨਾਂ ਵੀ ਬਾਣੀ ਰਚਨਹਾਰਾਂ ਵਿਚ ਗਿਣਦੇ ਹਨ ਪਰ ਅਜਿਹਾ ਨਹੀਂ ਹੈ। ਭਾਈ ਮਰਦਾਨੇ ਨੂੰ ਅਮਰ ਕਰਨ ਲਈ ਉਸ ਦੇ ਪ੍ਰਸ਼ਨਾਂ ਪ੍ਰਤੀ ਗੁਰੂ ਨਾਨਕ ਸਾਹਿਬ ਜੀ ਨੇ ਹੀ ਬਾਣੀ ਉਚਾਰੀ ਹੈ। ਭਾਈ ਮਰਦਾਨੇ ਪ੍ਰਤੀ ਉਚਾਰੀ ਬਾਣੀ ਵਿਚ ਮੁਹਰ 'ਨਾਨਕ' ਸ਼ਬਦ ਦੀ ਹੀ ਹੈ, ਭਾਈ ਮਰਦਾਨੇ ਦੀ ਨਹੀਂ ਜਿਵੇਂ ਕਿ ਭਗਤ ਬਾਣੀ ਵਿਚ ਭਗਤਾਂ ਦੇ ਨਾਂ ਦੀ ਮੁਹਰ ਹੈ। ਦੇਖੋ ਪ੍ਰੋ. ਸਾਹਿਬ ਸਿੰਘ ਰਚਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ')

'ਰੇ' ਸ਼ਬਦ ਦੀ ਵਰਤੋਂ ਦੀ ਸਮਝ ਤੋਂ ਹੀ 'ਲੋਈ' ਸ਼ਬਦ ਦੇ ਅਰਥ ਸਪਸ਼ਟ ਹੋ ਸਕਦੇ ਹਨ। ਗੁਰਬਾਣੀ ਵਿਚੋਂ 'ਰੇ' ਸ਼ਬਦ ਵਾਲੀਆਂ ਕੁਝ ਪੰਕਤੀਆਂ ਇਸ ਤਰ੍ਹਾਂ ਹਨ ਜਿੱਥੇ ਹਰ ਥਾਂ 'ਰੇ' ਸ਼ਬਦ ਪੁਲਿੰਗ ਵਾਚਕ ਹੈ,

ਰੇ ਨਰ ਇਹ ਸਾਚੀ ਜੀਅ ਧਾਰਿ॥
(ਪੰਨਾ 633)
ਰੇ ਜਨ ਮਨੁ ਮਾਧਉ ਸਿਉ ਲਾਈਐ॥
(ਪੰਨਾ 324)
ਕਹਤੁ ਕਬੀਰੁ ਸੁਨਹੁ ਰੇ ਸੰਤਹੁ
ਕੀਟੀ ਪਰਬਤੁ ਖਾਇਆ॥ (ਪੰਨਾ 477)
ਕਹੁ ਨਾਨਕ ਸੁਨਿ ਰੇ ਮਨਾ
ਅਉਧ ਜਾਤ ਹੈ ਬੀਤ॥ (ਪੰਨਾ 1427)
ਰੇ ਮੂੜੇ ਤੂੰ ਹੋਛੇ ਰਸ ਲਪਟਾਇਓ॥
(ਪੰਨਾ 1017)
ਰੇ ਲੰਪਟ ਕ੍ਰਿਸਨੁ ਅਭਾਖੰ॥
(ਪੰਨਾ 1351)

'ਰੇ' ਸ਼ਬਦ ਸਾਰੀ ਗੁਰਬਾਣੀ ਵਿਚ 549 ਵਾਰੀ ਪੁਲਿੰਗ ਰੂਪ ਵਿਚ ਵਰਤਿਆ ਗਿਆ ਹੈ। ਉਪਰੋਕਤ ਪੰਕਤੀਆਂ ਵਿਚ ਆਏ ਸ਼ਬਦ 'ਰੇ ਨਰ', 'ਰੇ ਜਨ', 'ਰੇ ਸੰਤਹੁ', 'ਰੇ ਮਨਾ', 'ਰੇ ਮੂੜੇ', 'ਰੇ ਲੰਪਟ' ਧਿਆਨ ਦੇਣ ਯੋਗ ਹਨ। 'ਰੇ' ਸ਼ਬਦ ਤੋਂ ਪਿੱਛੋਂ ਆਏ ਸਾਰੇ ਸ਼ਬਦ ਪੁਲਿੰਗ ਵਾਚਕ ਹਨ। ਇਹ ਨੇਮ ਸਾਰੀ ਗੁਰਬਾਣੀ ਵਿਚ ਨਿਭਾਇਆ ਗਿਆ ਹੈ। ਤਾਂ ਫਿਰ 'ਰੇ ਲੋਈ' ਸ਼ਬਦਾਂ ਵਿਚ ਵੀ 'ਲੋਈ' ਸ਼ਬਦ ਇਸਤਰੀ ਲਿੰਗ (ਭਗਤ ਕਬੀਰ ਜੀ ਦੀ ਘਰ ਵਾਲੀ ਪ੍ਰਤੀ) ਨਹੀਂ ਹੋ ਸਕਦਾ।

ਭਗਤ ਕਬੀਰ ਜੀ ਦੀ ਬਾਣੀ ਵਿਚ 'ਲੋਈ' ਸ਼ਬਦ ਦੀ ਵਰਤੋਂ,

ਕਹਤ ਕਬੀਰ ਸੁਨਹੁ ਰੇ ਲੋਈ॥
(ਪੰਨਾ 481)
ਕਹਤੁ ਕਬੀਰੁ ਸੁਨਹੁ ਰੇ ਲੋਈ
ਭਰਮਿ ਨ ਭੂਲਹੁ ਕੋਈ॥ (ਪੰਨਾ 692)
ਸੁਨਿ ਅੰਧਲੀ ਲੋਈ ਬੇਪੀਰਿ॥ (ਪੰਨਾ 871)

ਸਾਰੀ ਗੁਰਬਾਣੀ ਵਿਚ 'ਲੋਈ' ਸ਼ਬਦ ਦੀ ਵਰਤੋਂ 24 ਵਾਰੀ ਕੀਤੀ ਗਈ ਹੈ ਤੇ ਹਰ ਥਾਂ ਇਸ ਦਾ ਅਰਥ ਭਗਤ ਕਬੀਰ ਜੀ ਦੀ ਘਰ ਵਾਲੀ ਨਹੀਂ ਹੈ। ਭਗਤ ਕਬੀਰ ਜੀ ਨੇ ਉਪਰ ਦਿੱਤੀਆਂ ਤਿੰਨਾਂ ਪੰਕਤੀਆਂ ਵਿਚੋਂ ਤੀਜੀ ਪੰਕਤੀ ਵਿਚ 'ਲੋਈ' ਸ਼ਬਦ ਆਪਣੀ ਘਰ ਵਾਲੀ ਲਈ ਵਰਤਿਆ ਹੈ। ਇਥੇ ਲੋਈ ਸ਼ਬਦ ਇਸਤਰੀ ਲਿੰਗ ਹੈ ਕਿਉਂਕਿ 'ਅੰਧਲੀ' ਅਤੇ 'ਬੇਪੀਰਿ' ਸ਼ਬਦ ਵੀ ਇਸਤਰੀ ਲਿੰਗ ਹਨ ਜੋ ਕਬੀਰ ਸਾਹਿਬ ਨੇ ਆਪਣੀ ਘਰ ਵਾਲੀ ਲੋਈ ਪ੍ਰਤੀ ਹੀ ਸੰਬੋਧਨ ਰੂਪ ਵਿਚ ਵਰਤੇ ਹਨ। ਬਾਕੀ ਦੀਆਂ ਦੋ ਪੰਕਤੀਆਂ ਵਿਚ ਪ੍ਰਕਰਣ ਅਨੁਸਾਰ 'ਲੋਈ' ਸ਼ਬਦ ਭਗਤ ਜੀ ਨੇ ਪੁਲਿੰਗ ਰੂਪ ਵਿਚ 'ਜਗਤ' ਜਾਂ 'ਲੋਕਾਂ' ਪ੍ਰਤੀ ਵਰਤਿਆ ਹੈ ਕਿਉਂਕਿ ਇਥੇ 'ਰੇ' ਸ਼ਬਦ ਦੀ ਵਰਤੋਂ ਹੈ। ਗੁਰਬਾਣੀ ਵਿਚ 'ਰੀ' ਸ਼ਬਦ ਦੀ ਵਰਤੋਂ ਇਸਤਰੀ ਲਿੰਗ ਵਜੋਂ ਹੈ,

ਰੀ ਬਾਈ ਬੇਢੀ ਦੇਨੁ ਨ ਜਾਈ॥
(ਪੰਨਾ 657)
ਇਹੁ ਮਨੁ ਸੁੰਦਰਿ ਆਪਨਾ
ਹਰਿ ਨਾਮ ਮਜੀਠੈ ਰੰਗਿ ਰੀ॥ (ਪੰਨਾ 400)
ਕਵਨ ਬਨੀ ਰੀ ਤੇਰੀ ਲਾਲੀ॥
(ਪੰਨਾ 384)
ਰੀ ਕਲਵਾਰਿ ਗਵਾਰਿ ਮੂਢ ਮਤਿ
ਉਲਟੋ ਪਵਨੁ ਫਿਰਾਵਉ॥ (ਪੰਨਾ 1123)
ਕਾਜਰ ਕੋਠ ਮਹਿ ਭਈ ਨ ਕਾਰੀ
ਨਿਰਮਲ ਬਰਨੁ ਬਨਿਓ ਰੀ॥ (ਪੰਨਾ 484)
ਸੁਨਿ ਰੀ ਸਖੀ ਇਹ ਹਮਰੀ ਘਾਲ॥
(ਪੰਨਾ 383)

ਗੁਰਬਾਣੀ ਵਿਚ 'ਰੀ' ਸ਼ਬਦ 83 ਵਾਰੀ ਇਸਤਰੀ ਲਿੰਗ ਰੂਪ ਵਿਚ ਵਰਤਿਆ ਗਿਆ ਹੈ। ਉਪਰ ਦਿੱਤੀਆਂ ਤੁਕਾਂ ਵਿਚ 'ਰੀ' ਸ਼ਬਦ ਦੀ ਵਰਤੋਂ ਹੈ ਜੋ ਸਾਰੇ ਇਸਤਰੀ ਲਿੰਗ ਸ਼ਬਦਾਂ ਨਾਲ ਕੀਤੀ ਗਈ ਹੈ। ਇਹ ਇਸਤਰੀ ਲਿੰਗ ਸ਼ਬਦ ਹਨ- ਬਾਈ (ਭੈਣ), ਸੁੰਦਰਿ (ਜੀਵ ਇਸਤਰੀ), ਤੇਰੀ, ਕਲਵਾਰਿ (ਕਲਾਲਣ, ਮਾਇਆ-ਮਦ ਵੰਡਣ ਵਾਲੀ!), ਗਵਾਰਿ (ਗਵਾਰਨ!), ਮੂਢ ਮਤਿ (ਮੂਰਖ ਅਕਲ!) ਭਈ ਅਤੇ ਸਖੀ।

ਸ਼ਬਦ ਵਿਚ ਭਗਤ ਕਬੀਰ ਦੱਸਣਾ ਚਾਹੁੰਦੇ ਹਨ ਕਿ ਜਗਤ ਦਾ ਮੋਹ ਜੀਵ ਨੂੰ ਪ੍ਰਭੂ ਤੋਂ ਦੂਰ ਕਰਦਾ ਹੈ, (ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥ (ਬਾਣੀ 'ਅਨੰਦੁ')

ਭਗਤ ਕਬੀਰ ਜੀ ਕਹਿੰਦੇ ਹਨ, ਆਰੇ ਨਾਲ ਚੀਰਨ ਵਿਚ ਏਨਾਂ ਦੁੱਖ ਨਹੀਂ ਜਿੰਨਾ ਪ੍ਰਭੂ ਨੂੰ ਭੁੱਲ ਜਾਣ ਵਿਚ ਹੈ। ਇਸ ਗੱਲ ਦੀ ਜੀਵ ਨੂੰ ਜਦੋਂ ਸਮਝ ਆਉਂਦੀ ਹੈ ਤਾਂ ਕਹਿੰਦਾ ਹੈ, ਹੇ ਜਗਤ ਦੇ ਮੋਹ! ਹੁਣ ਮੈਂ ਤੇਰੀ ਪਰਤੀਤਿ ਨਹੀਂ ਕਰਾਂਗਾ ਤੇ ਹਰ ਸਮੇਂ ਪ੍ਰਭੂ ਨੂੰ ਯਾਦ ਰੱਖਾਂਗਾ। ਇਸ ਸ਼ਬਦ ਵਿਚ ਭਗਤ ਜੀ ਦੀ ਘਰ ਵਾਲੀ ਦੀ ਲਿਖੀ ਕੋਈ ਤੁਕ ਨਹੀਂ ਹੈ। ਸਾਰਾ ਸ਼ਬਦ ਭਗਤ ਜੀ ਦਾ ਹੀ ਲਿਖਿਆ ਹੋਇਆ ਹੈ। 'ਲੋਈ' ਪ੍ਰਤੀ ਬੇਸਮਝੀ ਨਾਲ ਚਲਾਈਆਂ ਸਾਖੀਆਂ ਵਿਚ ਕੋਈ ਸੱਚਾਈ ਨਹੀਂ ਹੈ। ਪਾਠਕ ਆਪ ਗੁਰਬਾਣੀ ਦੇ ਅਰਥ ਗੁਰਬਾਣੀ ਵਿਆਕਰਣ ਅਨੁਸਾਰ ਪੜ੍ਹਨ ਦੀ ਰੁਚੀ ਰੱਖਣ ਤਾਂ ਹੀ ਅਜਿਹੀਆਂ ਮਨਘੜਤ ਸਾਖੀਆਂ ਦਾ ਨੋਟਿਸ ਲਿਆ ਜਾ ਸਕਦਾ ਹੈ। ਨਹੀਂ ਤਾਂ 'ਦੇਖਾ ਦੇਖੀ ਸ੍ਵਾਗੁ ਧਰਿ ਭੂਲੇ ਭਟਕਾ ਖਾਹਿ॥' (ਪੰਨਾ 1371) ਵਾਲੀ ਗੱਲ ਹੀ ਵਾਪਰ ਰਹੀ ਹੈ।

## ਅਜੋਕੀ ਸੰਗਤ

ਜੇਕਰ ਗੁਰੂ ਦੇ ਨਾਮ 'ਤੇ ਹੋਏ ਮੇਲਾ,
ਸੰਗਤ ਲੱਖਾਂ ਹਜ਼ਾਰਾਂ ਵਿਚ ਜੁੜ ਜਾਂਦੀ।
ਕਰਮ-ਕਾਂਢ ਜੇ ਧਰਮ ਦੇ ਨਾਮ ਹੋਵੇ,
ਅੱਖਾਂ ਮੀਚ ਦਿਖਾਵੇ ਵਿਚ ਰੁੜ੍ਹ ਜਾਂਦੀ।
ਜਿੱਥੇ ਜੀਭ ਦੇ ਰਸ ਦਾ ਹੋਏ ਲੰਗਰ,
ਪੰਗਤ ਉਸੇ ਅਸਥਾਨ ਵੱਲ ਮੁੜ ਜਾਂਦੀ।
ਐਪਰ ਗੁਰੂ-ਗਿਆਨ ਜਦ ਵਰਤਦਾ ਹੈ,
ਹਵਾ ਵਾਂਗ ਚੁਫੇਰੇ ਨੂੰ ਉਡ ਜਾਂਦੀ।

-ਡਾ. ਗੁਰਮੀਤ ਸਿੰਘ ਬਰਸਾਲ

# ਅਨਮੋਲ ਹੀਰਾ

ਇਕ ਅਫ਼ਗਾਨ ਕੁੜੀ ਦੀ
## ਕਹਾਣੀ

***ਮਨੁੱਖੀ ਸਮਾਜ ਅੱਛੇ ਤੇ ਬੁਰੇ ਬੰਦਿਆਂ ਦਾ ਮਿਲਗੋਭਾ ਹੈ। ਕਈ ਮਨੁੱਖ ਜ਼ਿਹਨੀ ਤੌਰ 'ਤੇ ਇਨੇ ਗਿਰੇ ਹੁੰਦੇ ਹਨ ਕਿ ਉਨ੍ਹਾਂ ਦਾ ਨਾਂ ਸਾਹਮਣੇ ਆਉਂਦਿਆਂ ਹੀ ਕਚਿਆਣ ਆਉਂਦੀ ਹੈ, ਜਿਵੇਂ ਇਸ ਕਹਾਣੀ ਦਾ ਇਕ ਪਾਤਰ ਕਰਨਲ ਪਾਚਾ ਹੈ ਜੋ ਇਨਸਾਨ ਦੀ ਹਰ ਮਜਬੂਰੀ ਦਾ ਲਾਭ ਉਠਾਉਂਦਾ ਹੈ, ਐਨ ਓਵੇਂ ਜਿਵੇਂ ਉਹ ਇਸ ਕਹਾਣੀ ਦੀ ਮੁਖ ਪਾਤਰ ਰੋਸ਼ਨ-ਆਰਾ ਨਾਲ ਕਰਦਾ ਹੈ। ਪਰ ਕੁਝ ਇਨਸਾਨ ਇਨੇ ਪਾਕ ਦਿਲ ਹੁੰਦੇ ਹਨ ਕਿ ਉਨ੍ਹਾਂ ਅਗੇ ਸਿਰ ਸਿਜਦੇ ਵਿਚ ਝੁਕ ਜਾਂਦਾ ਹੈ। ਕਹਾਣੀ ਦਾ ਇਕ ਅਹਿਮ ਪਾਤਰ ਹਰਪਾਲ ਵੀ ਅਜਿਹਾ ਹੀ ਇਨਸਾਨ ਹੈ ਜਿਸ ਦੀ ਛੋਹ ਪਾ ਕੇ ਮੁਖ ਪਾਤਰ ਰੋਸ਼ਨ-ਆਰਾ ਦੀ ਰੂਹ ਪਾਕਿ ਹੋ ਗਈ ਲਗਦੀ ਹੈ। ਕਹਾਣੀਕਾਰ ਕਰਨੈਲ ਸਿੰਘ ਗਿਆਨੀ ਨੇ ਇਸੇ ਸਭ ਕੁਝ ਦਾ ਬਿਆਨ ਇਸ ਕਹਾਣੀ ਵਿਚ ਕੀਤਾ ਹੈ। -ਸੰਪਾਦਕ***

ਉਨੀ ਸੌ ਪੱਚਾਸੀ, ਜਨਵਰੀ ਦਾ ਮਹੀਨਾ ਸੀ। ਸਨਿਚਰਵਾਰ ਸਵੇਰੇ ਦਸ ਕੁ ਵਜੇ, ਨਿਊ ਯਾਰਕ ਸ਼ਹਿਰ ਦੇ ਕੁਈਨਜ਼ ਬੁਲੇਵਾਰਡ 'ਤੇ ਸਥਿਤ ਆਪਣੇ 'ਰੈਂਟਲ ਆਫ਼ਿਸ' ਵਿਚ ਪਹੁੰਚ ਕੇ ਹਰਪਾਲ ਨੇ ਟੈਲੀਫ਼ੋਨ ਦੀ ਆਨਸਰਿੰਗ ਮਸ਼ੀਨ ਚੈਕ ਕੀਤੀ। ਤਿੰਨ ਮੈਸੇਜ ਆਏ ਹੋਏ ਸਨ। ਪਹਿਲੇ ਦੋ ਤਾਂ ਬਲੈਂਕ ਹੀ ਨਿਕਲੇ। ਤੀਜਾ ਕਰਨਲ ਪਾਚਾ ਦਾ ਸੀ, "ਮੈਂ ਤੁਹਾਡਾ ਕਿਰਾਏਦਾਰ ਕਰਨਲ ਪਾਚਾ, ਗ੍ਰੀਨ ਐਵਨਿਊ ਤੋਂ ਬੋਲ ਰਿਹਾ ਹਾਂ। ਕੱਲ੍ਹ ਇਕ ਅਫਗਾਨ ਫੈਮਿਲੀ ਪਾਕਿਸਤਾਨ 'ਚੋਂ ਆ ਰਹੀ ਹੈ। ਉਨ੍ਹਾਂ ਨੂੰ ਤਿੰਨ ਬੈਡਰੂਮ ਦਾ ਅਪਾਰਟਮੈਂਟ ਚਾਹੀਦੈ, ਜੇ ਤੁਹਾਡਾ ਕੋਈ ਖਾਲੀ ਹੋਵੇ ਤਾਂ...। ਮੈਂ ਤਿੰਨ ਵਜੇ ਫੇਰ ਕਾਲ ਕਰਾਂਗਾ।"

ਅਗਲੇ ਦਿਨ ਡੇਢ ਕੁ ਵਜੇ ਕਰਨਲ ਪਾਚਾ ਉਸ ਫੈਮਿਲੀ ਨੂੰ ਨਾਲ ਲੈ ਕੇ ਆ ਗਿਆ। ਹਰਪਾਲ ਰਿਚਮੰਡ ਹਿੱਲ ਗੁਰਦੁਆਰਾ ਸਾਹਿਬ ਤੋਂ ਹੁਣੇ-ਹੁਣੇ ਪਰਤਿਆ ਹੀ ਸੀ।

"ਇਨ੍ਹਾਂ ਦਾ ਨਾਮ ਯੂਸਫ਼ ਹਾਸ਼ਮੀ ਹੈ।" ਉਹ ਪਰਿਵਾਰ ਦੇ ਮੋਢੀ ਦੀ ਜਾਣ-ਪਛਾਣ ਕਰਾਉਂਦਾ ਬੋਲਿਆ।

ਯੂਸਫ਼ ਇਕਹਿਰੇ ਜਿਹੇ ਸਰੀਰ ਦਾ ਕੋਈ

**ਕਰਨੈਲ ਸਿੰਘ ਗਿਆਨੀ**
**ਵਰਜੀਨੀਆ ਬੀਚ।**

55 ਕੁ ਸਾਲ ਦਾ ਆਦਮੀ ਸੀ। ਨਾਲ ਉਸ ਦੀ ਬੇਗਮ, 15-20 ਕੁ ਸਾਲਾਂ ਦੇ ਤਿੰਨ ਲੜਕੇ, ਤੇ 22 ਕੁ ਸਾਲ ਦੀ ਇਕ ਸੂਖਮ ਜਿਹੀ ਕੁੜੀ।

"ਕੀ ਇਹ ਲੋਕ ਅੰਗਰੇਜ਼ੀ ਸਮਝ ਲੈਂਦੇ ਹਨ?" ਉਸ ਨੇ ਕਰਨਲ ਪਾਚਾ ਨੂੰ ਪੁੱਛਿਆ।

"ਥੋੜ੍ਹੀ ਥੋੜ੍ਹੀ। ਕੁਝ ਉਰਦੂ ਅਤੇ ਪੰਜਾਬੀ ਇਨ੍ਹਾਂ ਨੇ ਤਿੰਨ ਸਾਲ ਕੈਂਪਾਂ ਵਿਚ ਰਹਿ ਕੇ ਸਿੱਖ ਲਈ ਹੋਈ ਹੈ। ਵੈਸੇ ਇਨ੍ਹਾਂ ਦੀ ਕਾਲਜ ਪੜ੍ਹੀ ਲੜਕੀ ਰੋਸ਼ਨ-ਆਰਾ ਬੜੀ ਸੋਹਣੀ ਪੰਜਾਬੀ ਤੇ ਇੰਗਲਿਸ਼ ਬੋਲ ਲੈਂਦੀ ਹੈ।"

ਹਰਪਾਲ ਨੇ ਕੁੜੀ ਵੱਲ ਤੱਕਿਆ। ਉਹਦੇ ਸੰਗਾਊ ਸੁਭਾਅ ਤੋਂ ਉਸ ਨੂੰ ਆਪਣੀ ਸੁਰਗਵਾਸੀ ਭੈਣ ਪ੍ਰੀਤੀ ਯਾਦ ਆ ਗਈ, ਜੋ ਤਿੰਨ ਸਾਲ ਪਹਿਲਾਂ ਇਕ ਕਾਰ ਹਾਦਸੇ ਵਿਚ ਪੂਰੀ ਹੋ ਗਈ ਸੀ।

"ਇਹ 6 ਜਣੇ, 3 ਬੈਡਰੂਮ ਅਪਾਰਟਮੈਂਟ ਵਿਚ ਕਿਵੇਂ ਰਹਿ ਲੈਣਗੇ?" ਹਰਪਾਲ ਨੇ ਫੇਰ ਸਵਾਲ ਕੀਤਾ।

"ਉਹ ਜਨਾਬ, ਇਹ ਵਿਚਾਰੇ ਤਿੰਨ ਸਾਲ ਰਿਫ਼ਿਊਜੀ ਕੈਂਪਾਂ ਵਿਚ ਇਕ ਤੰਬੂ ਵਿਚ ਕੱਟ ਕੇ ਆਏ ਨੇ, ਆਪੇ ਕਰ ਲੈਣਗੇ ਗੁਜ਼ਾਰਾ। ਦਰਅਸਲ ਮੈਂ ਹੀ ਇਨ੍ਹਾਂ ਦੇ ਕੈਂਪ ਦਾ ਇੰਚਾਰਜ ਹੁੰਦਾ ਸਾਂ। ਬੜੇ ਭਲੇ ਲੋਕ ਨੇ। ਮੇਰੀ ਕੋਸ਼ਿਸ਼ ਸਦਕਾ ਹੀ ਤਾਂ ਇਨ੍ਹਾਂ ਨੂੰ ਅਮਰੀਕਾ ਦਾ ਵੀਜ਼ਾ ਮਿਲਿਆ ਹੈ। ਬੱਸ ਹੁਣ ਸਿਆਸੀ ਪਨਾਹ ਮਿਲ ਜਾਵੇ ਤਾਂ...।"

ਹਰਪਾਲ ਕਿੰਨਾ ਚਿਰ ਉਸ ਪਰਿਵਾਰ ਦਾ ਜਾਇਜ਼ਾ ਲੈਂਦਾ ਰਿਹਾ। ਹਰ ਇਕ ਦੇ ਮੂੰਹ 'ਤੇ ਨਿਰਾਸ਼ਾ ਛਾਈ ਹੋਈ ਸੀ। ਕੇਵਲ ਕਰਨਲ ਪਾਚਾ ਦੇ ਚਿਹਰੇ 'ਤੇ ਹੀ ਖੇੜੇ ਦਾ ਇਜ਼ਹਾਰ ਸੀ। ਉਹ ਇਕ ਪੜ੍ਹਿਆ-ਲਿਖਿਆ ਅਫਗਾਨ ਸੀ। ਉਮਰ ਤੋਂ ਕੋਈ ਚਾਲੀ ਕੁ ਸਾਲ ਦਾ। ਕੀ ਉਹ ਸਚਮੁੱਚ ਦਾ ਕਰਨਲ ਸੀ? ਜਾਂ ਸ਼ਾਇਦ ਅਫਗਾਨ ਲੋਕਾਂ ਵਿਚ ਪੜ੍ਹੇ-ਲਿਖੇ ਬੰਦੇ ਦੀ ਏਨੀ ਕਦਰ ਹੁੰਦੀ ਹੋਵੇਗੀ ਕਿ ਆਪਣੇ ਕਬੀਲੇ ਦੇ ਦਬਦਬੇ ਕਰਕੇ ਉਸ ਨੂੰ ਉਚੀ ਪਦਵੀ ਮਿਲ ਗਈ ਹੋਵੇ।

ਹਰਪਾਲ ਨੇ ਕਿਰਾਏਨਾਮਾ ਲਿਖਿਆ। ਮੁਸੀਬਤਜ਼ਦਾ ਅਤੇ ਆਪਣੇ ਵਤਨ ਦੇ ਗੁਆਂਢੀ ਹੋਣ ਕਰਕੇ ਉਸ ਨੇ ਉਨ੍ਹਾਂ ਤੋਂ ਕੋਈ ਵਾਧੂ ਪੇਸ਼ਗੀ ਲੈਣ ਦੀ ਜ਼ਰੂਰਤ ਨਾ ਸਮਝੀ। ਬੱਸ ਇਕ ਮਹੀਨੇ ਦਾ ਕਿਰਾਇਆ ਲੈ ਕੇ ਚਾਬੀ ਦੇ ਦਿੱਤੀ ਤੇ ਗੁਰਦੁਆਰੇ ਤੋਂ ਲਿਆਂਦਾ ਪ੍ਰਸ਼ਾਦ ਸਭ ਨੂੰ ਵੰਡ ਦਿੱਤਾ। ਸਾਰਿਆਂ ਨੇ ਸਾਹਮਣੇ ਦੀਵਾਰ 'ਤੇ ਲੱਗੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵੱਲ ਸ਼ਰਧਾ ਨਾਲ ਸਿਰ ਨਿਵਾ ਕੇ ਪ੍ਰਸ਼ਾਦ ਗ੍ਰਹਿਣ ਕੀਤਾ।

ਹਰਪਾਲ ਮਾਪਿਆਂ ਦਾ 'ਕੱਲਾ 'ਕੱਲਾ ਪੁੱਤ ਸੀ। ਉਸ ਦੇ ਪਿਤਾ ਨੇ ਇਮੀਗ੍ਰਾਂਟ ਵੀਜ਼ੇ 'ਤੇ ਨਿਊ ਯਾਰਕ ਆਉਣ ਤੋਂ ਬਾਅਦ ਉਸ ਦੀ ਇੰਜੀਨੀਅਰਿੰਗ ਕਾਲਜ ਦੀ ਪੜ੍ਹਾਈ ਪੂਰੀ ਕਰਨ ਲਈ ਉਸ ਨੂੰ ਆਪਣੇ ਦਾਦਾ ਜੀ ਦੀ ਨਿਗਰਾਨੀ ਵਿਚ ਲੁਧਿਆਣੇ ਭੇਜ ਦਿੱਤਾ ਸੀ।

ਬਜ਼ੁਰਗਾਂ ਦੇ ਅਧਿਆਤਮਕ ਜੀਵਨ ਦੇ ਅਸਰ ਹੇਠ ਉਸ ਨੂੰ ਸਿੱਖੀ ਦੇ ਗੁਣ ਗ੍ਰਹਿਣ ਕਰਨ ਦਾ ਮੌਕਾ ਮਿਲਿਆ। ਸਵੇਰੇ-ਸ਼ਾਮ ਉਹ ਬੜੇ ਉਤਸ਼ਾਹ ਨਾਲ ਨਿੱਤਨੇਮ ਦਾ ਪਾਠ ਕਰਦਾ। ਵਾਪਸ ਨਿਊ ਯਾਰਕ ਆਉਣ ਪਿੱਛੋਂ ਵੀ ਉਸ ਨੂੰ ਇਕ ਸਾਬਤ ਸੂਰਤ ਸਿੱਖੀ ਜੀਵਨ ਜੀਣ ਵਿਚ ਰਤਾ ਮੁਸ਼ਕਿਲ ਪੇਸ਼ ਨਾ ਆਈ। ਉਸ ਦੇ ਗੋਰੇ ਨਿਛੋਹ ਰੰਗ 'ਤੇ ਉਹਦੀ ਰੇਸ਼ਮੀ ਦਾਹੜੀ, ਨਿਰਮਲ ਤੱਕਣੀ ਅਤੇ ਬੜੀ ਹੀ ਸੁਚੱਜੇ ਢੰਗ ਨਾਲ ਬੱਧੀ ਦਸਤਾਰ ਉਸ ਦੀ ਲੰਮੀ-ਲੰਝੀ ਸ਼ਖ਼ਸੀਅਤ ਨੂੰ ਕਿਸੇ ਰਾਜਕੁਮਾਰ ਵਾਂਗ ਉਜਾਗਰ ਕਰਦੀ ਜਾਪਦੀ। ਅੱਜ ਕਲ੍ਹ ਉਹ ਨਿਊ ਯਾਰਕ ਯੂਨੀਵਰਸਿਟੀ ਵਿਚ ਐਮ.ਬੀ.ਏ. ਦੀ ਪੜ੍ਹਾਈ ਕਰ ਰਿਹਾ ਸੀ। ਇਹ ਉਸ ਦਾ ਆਖਰੀ ਸਾਲ ਸੀ। ਉਸ ਦੇ ਪਿਤਾ ਦੇ 3 ਅਪਾਰਟਮੈਂਟ ਕੰਪਲੈਕਸ ਸਨ। ਪੜ੍ਹਾਈ ਦੇ ਨਾਲ ਨਾਲ ਉਹ ਆਪਣੇ ਪਰਿਵਾਰਕ ਕੰਮ ਦੀ ਦੇਖ-ਰੇਖ ਵੀ ਕਰਦਾ ਸੀ। ਉਹਦੇ ਪਿਤਾ ਨੇ ਮੈਨੇਜਮੈਂਟ ਦੀਆਂ ਬਾਰੀਕੀਆਂ ਤੋਂ ਹਰਪਾਲ ਨੂੰ ਪੂਰੀ ਤਰ੍ਹਾਂ ਜਾਣੂੰ ਕਰਵਾਉਂਦਿਆਂ ਹਦਾਇਤ ਕੀਤੀ ਸੀ,

"ਹਰਪਾਲ ਬੇਟੇ! ਸ਼ਾਇਦ ਅੰਮ੍ਰਿਤ ਛਕਣ ਵੇਲੇ ਕੁਰਹਿਤਾਂ ਤੋਂ ਜਾਣੂੰ ਕਰਾਉਂਦਿਆਂ, ਇਹ ਤਾਂ ਤੈਨੂੰ ਦੱਸਿਆ ਹੀ ਗਿਆ ਹੋਣੈ ਕਿ ਹਰ ਸਿੱਖ ਲਈ ਪਰਾਈ ਇਸਤਰੀ ਪ੍ਰਤੀ ਮਾੜੀ ਨੀਅਤ ਰੱਖਣ ਦੀ ਮਨਾਹੀ ਹੈ। ਸਾਡੇ ਰੀਅਲ ਐਸਟੇਟ ਬਿਜ਼ਨੈਸ ਵਿਚ ਇਹ ਗੱਲ ਖਾਸ ਤੌਰ 'ਤੇ ਲਾਗੂ ਹੁੰਦੀ ਹੈ। ਇਸ ਗੱਲ ਦਾ ਖਾਸ ਧਿਆਨ ਰੱਖੀਂ ਕਿ ਮਾਲਿਕ ਤੇ ਕਿਰਾਏਦਾਰ ਦੀ ਸੀਮਾ ਕਾਇਮ ਰਹੇ। ਇਹ ਨਾ ਹੋਵੇ ਕੋਈ ਤ੍ਰੀਮਤ ਤੇਰੇ ਸੁਹੱਪਣ ਦਾ ਫ਼ਾਇਦਾ ਉਠਾਉਣ ਲਈ ਤੈਨੂੰ ਉਲਝਾ ਲਵੇ ਤੇ ਨਤੀਜਨ ਕੰਪਨੀ ਨੂੰ ਮਾਲੀ ਨੁਕਸਾਨ ਹੋਣਾ ਸ਼ੁਰੂ ਹੋ ਜਾਵੇ।"

ਉਂਜ ਕੰਮ ਕਾਰ ਦੀ ਸਹੂਲਤ ਲਈ ਉਨ੍ਹਾਂ ਨੇ ਇਕ ਸੁਪਰਡੈਂਟ ਵੀ ਰੱਖਿਆ ਹੋਇਆ ਸੀ। ਹਮੇਸ਼ਾ ਤਾਂ ਨਹੀਂ, ਪਰ ਪ੍ਰਾਪਰਟੀ ਦੇ ਕੰਮਾਂ ਲਈ ਕਦੇ-ਕਦੇ ਉਸ ਨੂੰ ਐਮਰਜੈਂਸੀ ਵਿਚ ਹਨੇਰੇ-ਸਵੇਰੇ ਆਪ ਵੀ ਜਾਣਾ ਪੈਂਦਾ ਸੀ।


ਫ਼ਰਵਰੀ ਮਹੀਨੇ ਦੀ ਇੱਕ ਠੰਢੀ ਯੱਖ ਰਾਤ। ਕਿਸੇ ਕਿਰਾਏਦਾਰ ਦਾ ਫੋਨ ਆਇਆ ਕਿ ਬਰਫ਼ਾਂ ਪੈਣ ਕਾਰਨ ਇਕ ਪਾਣੀ ਦੀ ਪਾਈਪ ਫਟ ਗਈ ਹੈ ਤੇ ਉਨ੍ਹਾਂ ਦੇ ਗੁਸਲਖਾਨੇ ਵਿਚ ਬਹੁਤ ਪਾਣੀ ਭਰ ਗਿਆ ਹੈ। ਸੁਪਰਡੈਂਟ ਛੁੱਟੀ 'ਤੇ ਹੋਣ ਕਰਕੇ ਹਰਪਾਲ ਨੇ ਕਿਸੇ ਪਛਾਣ ਵਾਲੇ ਪਲੰਬਰ ਨੂੰ ਕਾਲ ਕੀਤਾ ਪਰ ਤੁਰਤ ਨਾ ਮਿਲ ਸਕਣ 'ਤੇ ਉਹ ਜਲਦੀ ਨਾਲ ਆਪ ਹੀ ਤਿਆਰ ਹੋ ਕੇ ਬਿਲਡਿੰਗ 'ਤੇ ਜਾ ਪੁੱਜਾ। ਤੜਕੇ ਦੇ ਤਿੰਨ ਕੁ ਵੱਜੇ ਸਨ। ਬੇਸਮੈਂਟ ਵਿਚ ਪਾਣੀ ਦਾ ਮੇਨ ਵਾਲਵ ਬੰਦ ਕਰਨ ਲਈ ਉਸ ਨੂੰ ਬਿਲਡਿੰਗ ਦੇ ਪਿਛਲੇ ਪਾਸਿਓਂ ਦੀ ਜਾਣਾ ਨਜ਼ਦੀਕ ਪੈਂਦਾ ਸੀ।

ਐਨ ਉਸੇ ਵੇਲੇ ਫਾਇਰ-ਟਾਵਰ ਦੀਆਂ ਪਿਛਲੀਆਂ ਪੌੜੀਆਂ ਵਿਚੋਂ ਕਿਸੇ ਦੇ ਦਗੜ-ਦਗੜ ਥੱਲੇ ਉਤਰਨ ਦੀ ਆਵਾਜ਼ ਆਈ। ਫਾਇਰ-ਡੋਰ ਧੱਕ ਕੇ ਕੋਈ ਬਾਹਰ ਨੂੰ ਭੱਜਾ ਆਉਂਦਾ ਦਿਸਿਆ। ਹਰਪਾਲ ਨੂੰ ਸਿਆਨਣ ਵਿਚ ਜ਼ਰਾ ਦੇਰ ਨਾ ਲੱਗੀ। ਉਹ ਤਾਂ ਰੋਸ਼ਨ ਆਰਾ ਸੀ, ਹਾਸ਼ਮੀ ਪਰਿਵਾਰ ਦੀ ਲੜਕੀ। ਪਰ ਉਹ ਲੋਕ ਤਾਂ ਦੂਸਰੇ ਕੰਪਲੈਕਸ ਵਿਚ ਰਹਿੰਦੇ ਨੇ। ਇਸ ਮਕਾਨ ਵਿਚ ਤਾਂ ਕਰਨਲ ਪਾਚਾ ਰਹਿੰਦੈ।

"ਰੋਸ਼ਨ! ਤੂੰ...? ਤੂੰ ਏਸ ਵੇਲੇ ਇਥੇ ਕਿਸ ਤਰ੍ਹਾਂ?" ਹਰਪਾਲ ਨੇ ਅਸਚਰਜ ਨਾਲ ਪੁੱਛਿਆ।

ਰੋਸ਼ਨ ਆਰਾ ਕਾਫ਼ੀ ਭੈਭੀਤ ਹੋਈ ਜਾਪਦੀ ਸੀ। ਉਸ ਦਾ ਸਾਹ ਚੜ੍ਹਿਆ ਹੋਇਆ ਸੀ। ਵਾਲ ਖੁਲ੍ਹੇ। ਸਿਰ 'ਤੇ ਚੁੰਨੀ ਵੀ ਨਹੀਂ ਸੀ। ਠੰਢ ਕਰਕੇ ਉਸ ਨੇ ਆਪਣੀਆਂ ਬਾਹਵਾਂ ਹਿੱਕ ਮੂਹਰੇ ਕੱਠੀਆਂ ਕੀਤੀਆਂ ਹੋਈਆਂ ਸਨ।

"ਹਰਪਾਲ...। ਉਹ ਪੁਲਿਸ...। ਪਤਾ ਨਹੀਂ ਪੁਲਿਸ ਪਾਚਾ ਨੂੰ...।" ਤੇ ਏਨਾ ਕਹਿ ਕੇ ਉਹ



ਗਲੀ ਵੱਲ ਨੂੰ ਨੱਸ ਉਠੀ ਪਰ ਠੇਡਾ ਖਾ ਕੇ ਮੂੰਹ ਪਰਨੇ ਡਿੱਗ ਪਈ। ਹਰਪਾਲ ਨੇ ਅੱਗੇ ਵਧ ਕੇ ਉਸ ਨੂੰ ਉਠਾਇਆ। ਉਸ ਦੇ ਮੱਥੇ ਤੋਂ ਲਹੂ ਸਿੰਮ ਰਿਹਾ ਸੀ ਤੇ ਮੂੰਹ ਚਿੱਕੜ ਨਾਲ ਲੱਥ-ਪੱਥ ਸੀ।

"ਰੋਸ਼ੀ ਰੀਲੈਕਸ...! ਤੂੰ ਦੱਸੇਂਗੀ ਨਹੀਂ, ਕੀ ਹੋਇਆ? ਕਿਸ ਗੱਲੋਂ ਭੱਜੀ ਜਾ ਰਹੀ ਹੈਂ? ਇਥੇ ਕਿਸ ਤਰ੍ਹਾਂ ਆ ਗਈ? ਕੋਈ ਤੇਰੇ ਪਿੱਛੇ...?" ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਮਾਜਰਾ ਹੈ। ਅਚਾਨਕ ਰੋਸ਼ਨ ਹਰਪਾਲ ਨੂੰ ਚਿੰਬੜ ਕੇ ਸਿਸਕਣ ਲੱਗ ਪਈ।

ਹਰਪਾਲ ਨੇ ਸਭ ਤੋਂ ਪਹਿਲਾਂ ਬੇਸਮੈਂਟ ਦਾ ਬੂਹਾ ਖੋਲ੍ਹ ਕੇ ਬਿਲਡਿੰਗ ਦੀ ਵਾਟਰ ਸਪਲਾਈ ਬੰਦ ਕੀਤੀ। ਫਿਰ ਰੋਸ਼ੀ ਦੇ ਚਿਹਰੇ ਤੋਂ ਮਿੱਟੀ ਪੂੰਝ ਕੇ ਕਲਾਜ਼ਿਟ 'ਚ ਪਿਆ ਫਸਟ-ਏਡ ਬਾਕਸ ਖੋਲ੍ਹਿਆ। ਮੱਥੇ ਦਾ ਜ਼ਖ਼ਮ ਸਾਫ ਕੀਤਾ, ਤੇ ਖ਼ੂਨ ਬੰਦ ਕਰਨ ਲਈ ਸਿਰ 'ਤੇ ਇੱਕ ਤਿਕੋਨੀ ਪੱਟੀ ਬੰਨ੍ਹ ਦਿੱਤੀ।

ਰੋਸ਼ਨ ਆਰਾ ਅਜੇ ਵੀ ਕੰਬੀ ਜਾ ਰਹੀ ਸੀ। ਹਰਪਾਲ ਨੇ ਆਪਣੀ ਜੈਕਿਟ ਲਾਹ ਕੇ ਉਸ ਦੇ ਕੰਬਦੇ ਸਰੀਰ ਨੂੰ ਢਕ ਦਿੱਤਾ। ਤੇ ਦਿਲਾਸਾ ਦੇ ਕੇ ਪੁੱਛਿਆ ਤਾਂ ਉਹ ਧੀਮੀ ਆਵਾਜ਼ 'ਚ ਬੋਲੀ, "ਮੈਂ ਡਰਦੀ ਹਾਂ ਜੇ ਕੋਈ ਮੈਨੂੰ ਲਭਦਾ ਇਥੇ ਆ ਗਿਆ!"

"ਫ਼ਿਕਰ ਨਾ ਕਰ, ਆਪਾਂ ਪਿਛਲੇ ਕਮਰੇ ਵਿਚ ਜਾ ਕੇ ਵਿਚਕਾਰਲਾ ਬੂਹਾ ਢੋਅ ਦਿੰਦੇ ਹਾਂ। ਲੈ ਮੈਂ ਅੰਦਰੋਂ ਤਾਲਾ ਲਗਾ ਦਿਆਂ, ਫੇਰ ਕਿਸੇ ਨੂੰ ਵੀ ਸ਼ੱਕ ਨਹੀਂ ਪਵੇਗਾ।"

ਕਮਰੇ ਦੀ ਠੰਢ ਕਾਰਨ, ਉਹ ਇਕ ਦੂਸਰੇ ਨਾਲ ਢੁੱਕ ਕੇ ਬੇਸਮੈਂਟ ਦੀ ਫ਼ਰਸ਼ 'ਤੇ ਪਏ ਫੱਟੇ 'ਤੇ ਹੀ ਬੈਠ ਗਏ।

"ਪਤਾ ਨਹੀਂ, ਕਿੱਥੋਂ ਸ਼ੁਰੂ ਕਰਾਂ? ਇਹ ਬੜੀ ਲੰਮੀ ਦਾਸਤਾਨ ਹੈ। ਕਰਨਲ ਪਾਚਾ ਸਾਡਾ ਕੁਝ ਨਹੀਂ ਲੱਗਦਾ। ਸਾਡਾ ਕੁਨਬਾ ਗ਼ਜ਼ਨੀ ਦਾ ਰਹਿਣ ਵਾਲਾ ਹੈ। ਤਿੰਨ ਸਾਲ ਪਹਿਲਾਂ ਜਦੋਂ ਰੂਸ ਦੀ ਬੰਬਾਰੀ ਵਿਚ ਸਾਡਾ ਸ਼ਹਿਰ ਢਹਿ ਢੇਰੀ ਹੋ ਗਿਆ ਤਾਂ ਸਾਡੇ ਸ਼ਹਿਰ ਦੇ ਲੁੱਟੇ-ਪੁੱਟੇ ਲੋਕ ਆਪਣੀਆਂ ਜਾਨਾਂ ਬਚਾ ਕੇ ਪਾਕਿਸਤਾਨ ਵੱਲ ਭੱਜ ਆਏ। ਸਾਡੇ ਟੱਬਰ ਨੂੰ ਪਿਸ਼ਾਵਰ ਦੇ ਰਿਫ਼ਿਊਜੀ ਕੈਂਪਾਂ ਵਿਚ ਪਨਾਹ ਲੈਣੀ ਪਈ। ਕਰਨਲ ਪਾਚਾ ਬੜੇ ਸਾਲਾਂ ਤੋਂ ਪਾਕਿਸਤਾਨ ਵਿਚ ਰਹਿੰਦਾ ਰਿਹੈ ਹੈ। ਇਹ ਸਾਡੇ ਕੈਂਪ ਦਾ ਇੰਚਾਰਜ ਸੀ। ਬੜਾ ਲੁੱਚਾ ਆਦਮੀ ਹੈ। ਕੈਂਪ ਦੀ ਹਰ ਸੋਹਣੀ ਕੁੜੀ ਨੂੰ ਉਸ ਦੀ ਹਵਸ ਦਾ ਸ਼ਿਕਾਰ ਹੋਣਾ ਪੈਂਦਾ ਸੀ। ਜਦੋਂ ਕੋਈ ਹੋਰ ਸ਼ਿਕਾਰ ਨਾ ਮਿਲਦਾ ਤਾਂ ਮੈਨੂੰ ਕਿਸੇ ਨਾ ਕਿਸੇ ਬਹਾਨੇ ਦਫ਼ਤਰ ਵਿਚ ਬੁਲਾ ਕੇ...। ਮੇਰੇ ਦੁਖੀ ਮਾਂ ਬਾਪ ਕੁਝ ਵੀ ਨਹੀਂ ਸਨ ਬੋਲ ਸਕਦੇ।"

ਤੇ ਉਹ ਫੇਰ ਡੁਸਕ ਪਈ। ਹਰਪਾਲ ਨੇ ਉਸ ਦੀ ਪਿੱਠ ਥਾਪੜ ਕੇ ਉਸ ਨੂੰ ਧਰਵਾਸ ਦੇਣ ਦਾ ਯਤਨ ਕੀਤਾ।

ਉਸ ਗੱਲ ਜਾਰੀ ਰਖੀ, ਇਹ ਸਿਲਸਿਲਾ ਬੜਾ ਚਿਰ ਚਲਦਾ ਰਿਹਾ। ਫਿਰ ਇਹ ਮੇਰੇ ਅੱਬੂ ਨੂੰ ਕਹਿਣ ਲੱਗਾ ਕਿ ਮੈਂ ਰੋਸ਼ਨ ਆਰਾ ਨਾਲ ਨਿਕਾਹ ਕਰਾਉਣਾ ਚਾਹੁੰਦਾ ਹਾਂ। ਅੱਜ ਕਲ੍ਹ ਅਮਰੀਕਾ ਵਾਲੇ ਅਫ਼ਗਾਨ ਲੋਕਾਂ ਨੂੰ ਸਿਆਸੀ ਪਨਾਹ ਦੇ ਰਹੇ ਨੇ। ਅਮਰੀਕਾ ਚਲੇ ਜਾਵਾਂਗੇ ਤਾਂ ਸਾਰਿਆਂ ਦੀ ਜ਼ਿੰਦਗੀ ਸੰਵਰ ਜਾਏਗੀ। ਬਦਨਾਮੀ ਦੀ ਕੋਈ ਚਿੰਤਾ ਕਰਨ ਦੀ ਲੋੜ ਨਹੀਂ।

ਮੇਰੇ ਸਿੱਧੇ ਸਾਧੇ ਅੱਬੂ ਉਸ ਦੇ ਇਸ ਭੁਚਲਾਵੇ ਵਿਚ ਆ ਗਏ ਤੇ ਅਸੀਂ ਸਾਰੇ ਇਥੇ ਪਹੁੰਚ ਗਏ। ਇਥੇ ਆਏ ਹੋਰ ਅਫ਼ਗਾਨਾਂ ਨੂੰ ਮਿਲਣ ਕਰਕੇ ਅੱਬੂ ਨੂੰ ਕੁਝ ਹੌਸਲਾ ਹੋ ਗਿਆ ਤੇ ਉਨ੍ਹਾਂ ਨੇ ਇਸ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ।

ਮੇਰੀ ਤੇ ਇਸ ਦੀ ਉਮਰ ਵਿਚ 15-16 ਸਾਲਾਂ ਦਾ ਫ਼ਰਕ ਹੈ। ਮੈਂ ਇਸ ਨੂੰ ਨਫ਼ਰਤ ਕਰਦੀ ਹਾਂ। ਮੈਂ ਤਾਂ ਇਸ ਨਾਲ ਸ਼ਾਦੀ ਦੇ ਉਕਾ ਹੱਕ ਵਿਚ ਨਹੀਂ ਹਾਂ। ਇਹ ਗੱਲ-ਗੱਲ ਤੇ ਬਲੈਕ ਮੇਲ ਕਰਨ ਦੇ ਡਰਾਵੇ ਦਿੰਦਾ ਰਹਿੰਦਾ ਹੈ।

ਜਿੰਨਾ ਚਿਰ ਅਸਾਈਲਮ ਦਾ ਕੇਸ ਕਿਸੇ ਪਾਸੇ ਨਹੀਂ ਲਗਦਾ, ਓਨਾ ਚਿਰ ਚੁੱਪ ਕਰ ਕੇ ਜਰ ਰਹੀ ਹਾਂ। ਸਰਕਾਰੀ ਇਮਦਾਦ ਨਾਲ ਏਡੇ ਵੱਡੇ ਕੁਨਬੇ ਵਿਚ ਪੂਰੀ ਕਿੱਥੇ ਪੈਂਦੀ ਹੈ? ਮੇਰੇ ਭਰਾਵਾਂ ਦੀ ਤਾਲੀਮ, ਕੱਪੜੇ-ਲੱਤੇ, ਹੋਰ ਜ਼ਰੂਰਤਾਂ? ਇਹ ਕਹਿੰਦੈ, ਉਨ੍ਹਾਂ ਨੂੰ ਕੰਮ 'ਤੇ ਲੁਆ ਦੇਹ। ਮੈਂ ਚਾਹੁੰਦੀ ਹਾਂ ਕਿ ਉਹ ਪੜ੍ਹ-ਲਿਖ ਜਾਣ, ਫੇਰ ਸ਼ਾਇਦ ਚੰਗੇ ਕੰਮਾਂ 'ਤੇ ਲੱਗ ਸਕਣਗੇ।

ਅੱਜ ਕੱਲ੍ਹ ਇਸ ਨੇ ਪਾਕਿਸਤਾਨ ਦੇ ਰਸਤੇ ਅਫ਼ੀਮ ਸਮਗਲ ਕਰਨੀ ਸ਼ੁਰੂ ਕੀਤੀ ਹੋਈ ਹੈ। ਬੜੀ ਚਾਲਾਕੀ ਨਾਲ ਮਖਮਲੀ ਰਜ਼ਾਈਆਂ ਦੇ ਪਾਰਸਲਾਂ ਰਾਹੀਂ, ਕਦੇ ਓਰੀਐਂਟਲ ਗਲੀਚਿਆਂ ਦੀਆਂ ਤੈਹਾਂ ਵਿਚ, ਕਦੇ ਖ਼ੁਸ਼ਕ ਮੇਵਿਆਂ ਦੇ ਬੰਡਲਾਂ ਥੱਲੇ। ਸਭ ਸਾਡੇ ਐਡਰੈਸ 'ਤੇ ਮੰਗਾਉਂਦੈ। ਹਰ ਦੂਸਰੇ ਹਫ਼ਤੇ ਕਿੰਨੀ ਸਾਰੀ ਅਫ਼ੀਮ ਆਉਂਦੀ ਹੈ। ਅੱਬੂ ਨੂੰ ਤਾਂ ਥੋੜ੍ਹੇ ਜਿਹੇ ਡਾਲਰ ਦੇ ਕੇ ਟਰਕਾ ਦਿੰਦੈ। ਆਪ ਗੁਲਛੱਰੇ ਉਡਾ ਰਿਹੈ।

ਜਦੋਂ ਦਿਲ ਕਰਦੈ ਮੈਨੂੰ ਆਪਣੇ ਅਪਾਰਟਮੈਂਟ 'ਤੇ ਬੁਲਾ ਲੈਂਦਾ। ਅੱਬੂ ਕਦੇ ਉਜ਼ਰ ਕਰਦੇ ਨੇ ਤਾਂ ਪੁਲਿਸ ਵਿਚ ਫੜਾਉਣ ਦੀ ਧਮਕੀ ਦੇ ਦਿੰਦਾ ਹੈ। ਇਕ ਦਿਨ ਤਾਂ ਮੇਰੇ ਇਕ ਭਰਾ ਨੇ ਗੁੱਸੇ ਵਿਚ ਆ ਕੇ ਪੁਲਿਸ ਨੂੰ ਖ਼ਬਰ ਵੀ ਕਰ ਦਿੱਤੀ ਕਿ ਇਹ ਸਮਗਲਰ ਹੈ।

ਰਾਤੀਂ ਮੈਂ ਇਸ ਦੇ ਅਪਾਰਟਮੈਂਟ ਵਿਚ ਆਈ ਹੋਈ ਸਾਂ। ਅਸੀਂ ਕਿੰਨਾਂ ਚਿਰ ਅਫ਼ਗਾਨੀ ਮੌਸੀਕੀ ਸੁਣਦੇ ਰਹੇ। ਕੋਈ ਅੱਧਾ ਕੁ ਘੰਟਾ ਪਹਿਲਾਂ ਕਿਸੇ ਨੇ ਅਪਾਰਟਮੈਂਟ ਦਾ ਬੂਹਾ ਖੜਕਾਇਆ। ਮੈਂ ਉਠ ਕੇ ਦਰਵਾਜ਼ਾ ਖੋਲ੍ਹੇ ਬਿਨਾ ਹੀ ਪੁੱਛਿਆ।

"ਕੌਣ ਹੈ?"

ਜਵਾਬ ਆਇਆ, "ਪੁਲਿਸ।"

ਮੈਂ ਕਿਹਾ, "ਅਸੀਂ ਸੁੱਤੇ ਹੋਏ ਸੀ। ਕੀ ਕੰਮ ਏ?" ਕਹਿਣ ਲੱਗੇ, "ਅਸਾਂ ਕੁਝ ਪੁੱਛ ਗਿੱਛ ਕਰਨੀ ਹੈ।"

ਮੇਰਾ ਮੱਥਾ ਠਣਕਿਆ। ਸੋਚਾਂ ਭਲੇ ਲੋਕ ਹੀ ਹੋਣੇ ਨੇ ਜਿਹੜਾ ਬੂਹਾ ਨਹੀਂ ਭੰਨਿਆ ਕਿ ਕਿਧਰੇ ਗੁਆਂਢੀ ਨਾ ਡਿਸਟਰਬ ਹੋ ਜਾਣ।

ਅੱਛਾ ਇਕ ਮਿੰਟ, ਮੈਂ ਨਾਈਟ-ਗਾਊਨ ਪਾ ਲਵਾਂ। ਮੈਂ ਡਰਦਿਆਂ-ਡਰਦਿਆਂ ਕਿਹਾ, ਤੇ ਪਾਚਾ ਦੀ ਅੱਖ ਬਚਾ ਕੇ, ਪਿਛਲਾ ਬੂਹਾ ਖੋਲ੍ਹ ਕੇ ਨੱਸ ਆਈ। ਬੜਾ ਡਰ ਲੱਗਦੈ, ਹਰਪਾਲ।" ਤੇ ਉਹ ਬੱਚਿਆਂ ਵਾਂਗੂੰ ਰੋਂਦੀ-ਰੋਂਦੀ ਉਸ ਦੇ ਹੋਰ ਨਾਲ ਜਾ ਲੱਗੀ। ਉਸ ਬੇਬਸੀ ਦੀ ਹਾਲਤ ਵਿਚ ਉਹ ਸੱਚ ਮੁੱਚ ਉਸ ਦੀ ਭੈਣ ਪ੍ਰੀਤੀ ਲੱਗ ਰਹੀ ਸੀ।

ਹਰਪਾਲ ਨੇ ਉਹਦੇ ਅੱਥਰੂ ਪੂੰਝ ਕੇ ਠਰੰਮਾ ਦਿੱਤਾ ਤੇ ਉਸ ਦਾ ਡਰ ਦੂਰ ਕਰਨ ਲਈ ਕਹਿਣ ਲੱਗਾ, "ਰੋਸ਼ੀ! ਤੈਨੂੰ ਸੱਚੋ-ਸੱਚ ਦੱਸਾਂ? ਇਹ 'ਬਦ-ਦਾ-ਤੁਖ਼ਮ' ਤੁਹਾਡਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਅਮਰੀਕਾ ਬੜਾ ਵਿਸ਼ਾਲ ਮੁਲਕ ਹੈ। ਤੂੰ ਆਪਣੇ ਅੱਬੂ ਨੂੰ ਕਹਿ ਕੇ ਇਥੋਂ ਕਿਧਰੇ ਦੂਰ ਚਲੀ ਜਾਹ। ਲੋੜ ਪਵੇ ਤਾਂ ਮੇਰੇ ਨਾਲ ਕਦੀ ਵੀ ਸੰਪਰਕ ਕਰ ਲਵੀਂ। ਮੈਂ ਸੌ ਕੰਮ ਛੱਡ ਕੇ ਤੇਰੇ ਕੋਲ ਪਹੁੰਚਾਂਗਾ। ਮੈਂ ਕਦੇ ਕਿਸੇ ਕਿਰਾਏਦਾਰ ਬਾਰੇ ਏਨੀ ਨੇੜਤਾ ਨਹੀਂ ਰੱਖੀ ਪਰ ਚਿਰਾਂ ਤੋਂ ਵਿਛੜੀ ਸਾਡੀ ਪ੍ਰੀਤੀ ਵਰਗੀ ਤੇਰੀ ਪਾਕਿ ਤੱਕਣੀ ਪਤਾ ਨਹੀਂ ਮੈਨੂੰ ਕਿਉਂ ਏਨੀ ਨੇੜਤਾ ਦਿਖਾਉਣ 'ਤੇ ਮਜਬੂਰ ਕਰ ਰਹੀ ਹੈ। ਜੀਅ ਤਾਂ ਨਹੀਂ ਕਰਦਾ, ਪਰ ਕਿਧਰੇ ਤੈਨੂੰ ਕੋਈ ਲੱਭਦਾ ਹੀ ਨਾ ਆ ਜਾਵੇ। ਹੋ ਸਕੇ ਤਾਂ ਅੱਜ ਦੀ ਰਾਤ ਔਖੀ-ਸੌਖੀ ਇਸ ਫੱਟੇ 'ਤੇ ਹੀ ਲੇਟ ਕੇ ਕੱਟ ਲਵੀਂ, ਤੇ ਸਵੇਰ ਹੁੰਦਿਆਂ ਚਲੀ ਜਾਵੀਂ। ਜਾਂ ਮੈਂ ਸਵੇਰੇ ਸਵਖਤੇ ਆ ਕੇ ਤੈਨੂੰ ਤੇਰੇ ਅੱਬੂ ਕੋਲ ਛੱਡ ਆਵਾਂਗਾ। ਮੈਂ ਬੇਸਮੈਂਟ ਦਾ ਤਾਲਾ ਬਾਹਰੋਂ ਲਾ ਜਾਵਾਂਗਾ। ਇਹ ਅੰਦਰੋਂ ਆਰਾਮ ਨਾਲ ਖੁੱਲ੍ਹ ਜਾਂਦੈ। ਕੋਈ ਆਵਾਜ਼ ਦੇਵੇ ਤਾਂ ਹੁੰਗਾਰਾ ਨਾ ਭਰੀਂ। ਬੱਸ ਦੜ ਵੱਟ ਕੇ...।" ਉਸ ਨੇ ਧੀਮੀ ਆਵਾਜ਼ ਵਿਚ ਜਿਵੇਂ ਕੋਈ ਹੁਕਮ ਸੁਣਾਇਆ ਹੋਵੇ। ਰੋਸ਼ਨ ਆਰਾ ਨੂੰ ਉਸ ਦੀਆਂ ਹਮਦਰਦੀ ਭਰੀਆਂ ਗੱਲਾਂ 'ਤੇ ਧਰਵਾਸ ਬੱਝ ਗਿਆ ਜਾਪਦਾ ਸੀ।

ਹਰਪਾਲ ਨੇ, ਟੁਰਨ ਲੱਗਿਆਂ ਨਿਮਰਤਾ ਨਾਲ ਜੁੜੇ ਉਸ ਦੇ ਕੋਮਲ ਹੱਥਾਂ ਨੂੰ ਆਪਣੇ ਸੁਹਜ ਭਰੇ ਹੋਠਾਂ ਨਾਲ ਛੋਹ ਕੇ ਇਕ ਛੋਟੀ ਭੈਣ ਵਾਂਗ ਦੁਲਾਰਿਆ ਤੇ ਬਾਹਰ ਨਿੱਕਲ ਗਿਆ।

ਪਰ੍ਹੇ ਸੜਕ 'ਤੇ ਪੁਲਿਸ ਦੀਆਂ ਕਾਰਾਂ ਦੀਆਂ ਲਾਲ ਬੱਤੀਆਂ ਘੁੰਮ ਰਹੀਆਂ ਸਨ। ਉਹ ਬਿਨਾਂ ਖੜਾਕ ਕੀਤਿਆਂ, ਪਿਛਲੇ ਪਾਸਿਓਂ ਹੀ ਖਿਸਕ ਗਿਆ। ਅਗਲੀ ਸ਼ਾਮ ਹਰਪਾਲ ਨੇ ਹਾਸ਼ਮੀ ਦੇ ਅਪਾਰਟਮੈਂਟ 'ਤੇ ਫੋਨ ਕੀਤਾ। ਉਨ੍ਹਾਂ ਦੀ ਬੇਗਮ ਨੇ ਫ਼ੋਨ ਚੁੱਕਿਆ। ਪਰ ਉਸ ਦੀ ਭਾਸ਼ਾ ਸਮਝਣ ਤੋਂ ਅਸਮਰੱਥ ਹੋਣ ਕਰਕੇ ਉਨ੍ਹਾਂ ਰਿਸੀਵਰ ਰੋਸ਼ਨ ਆਰਾ ਨੂੰ ਫੜਾ ਦਿੱਤਾ।

"ਹੈਲੋ!"

"ਰੋਸ਼ਨ!"

"ਹਾਂ!"

"ਸਭ ਕੁਝ ਠੀਕ ਠਾਕ ਹੈ ਨਾ?"

"ਹੂੰ।"

"ਕਿੰਨੇ ਵਜੇ ਘਰ ਪਹੁੰਚੀ?"

"ਕੋਈ ਸਾਢੇ ਛੇ ਵਜੇ।"

"ਮੈਂ ਤੈਨੂੰ ਸੱਤ ਵਜੇ ਵੇਖਣ ਆਇਆ ਸਾਂ, ਪਰ...। ਮੱਥੇ ਦਾ ਜ਼ਖ਼ਮ ਕੈਸਾ ਹੈ?"

"ਕੋਈ ਖਾਸ ਨਹੀਂ, ਜ਼ਰਾ ਕੁ ਜਿੰਨੀ ਝਰੀਟ ਹੈ। ਮੈਂ ਪੱਟੀ ਲਾਹ ਦਿੱਤੀ ਸੀ।"

"ਕਿਸੇ ਨੇ ਘਰੇ ਪੁੱਛਿਆ ਤਾਂ ਹੋਣੈ।"

"ਮੈਂ ਕੀ ਦੱਸਦੀ? ਇਹ ਵੀ ਕੋਈ ਗੱਲ ਕਰਨ ਵਾਲੀ ਸੀ?"

"ਜ਼ਖ਼ਮ ਵਾਲੀ ਥਾਂ 'ਤੇ ਹੁਣ ਪੀੜ ਤਾਂ ਨਹੀਂ ਹੁੰਦੀ?"

"ਤੇਰੇ ਬੋਲਾਂ ਵਿਚ ਕਿੰਨੀ ਸ਼ਫ਼ਾ ਹੈ...?"

ਉਹ ਕੁਝ ਨਾ ਬੋਲਿਆ।

"ਤੇਰੀ ਜੈਕਿਟ ਮੇਰੇ ਕੋਲ ਪਈ ਹੈ। ਕਦੋਂ ਲੈਣ ਆਵੇਂਗਾ?" ਜਿਵੇਂ ਤਰਲਾ ਕਰਦੀ ਹੋਵੇ ਕਿ 'ਫੇਰ ਕਦੋਂ ਵਿਖਾਲੀ ਦੇਵੇਂਗਾ?'

"ਅੱਜ ਤਾਂ ਜ਼ਰਾ ਬਿਜ਼ੀ ਹਾਂ। ਕਿਸੇ ਨੂੰ ਭੇਜ ਦਿਆਂਗਾ।"

"ਆਪੇ ਦੇ ਕੇ ਗਿਆ ਸੀ। ਜਦੋਂ ਵਿਹਲ

***(ਬਾਕੀ ਅਗਲੇ ਸਫੇ 'ਤੇ)***

**ਤੇਰੀ ਸ਼ਕਲ ਵੇਖ ਕੇ ਤਾਂ ਕਦੀ-ਕਦੀ ਅੱਬੂ ਵੀ ਚਾਨਣ ਨੂੰ ਯਾਦ ਕਰਦੇ ਡੁਲ੍ਹ ਪੈਂਦੇ ਸਨ। ਸੱਚ ਪੁੱਛੇਂ ਤਾਂ ਤੂੰ ਮੈਨੂੰ ਉਹਦੇ ਵਰਗਾ ਹੀ ਸਾਫ ਦਿਲ ਲੱਗਾ ਸੈਂ। ਜੇ ਸਾਫ ਦਿਲ ਨਾ ਹੁੰਦਾ ਤਾਂ ਜਿਵੇਂ ਉਸ ਰਾਤ ਦੇ ਹਨੇਰੇ ਵਿਚ ਅਸੀਂ ਏਨਾ ਸਮਾਂ ਇਕ ਦੂਸਰੇ ਦੀ ਬੁੱਕਲ ਵਿਚ ਤੇਰੀ ਬੇਸਮੈਂਟ 'ਚ ਕੱਟਿਆ ਸੀ, ਮੈਂ ਤੇਰੇ ਕੋਲੋਂ ਬੇਦਾਗ਼ ਹੋਏ ਬਿਨਾ ਕਿਵੇਂ ਪਰਤ ਸਕਦੀ ਸਾਂ? ਪਤਾ ਨਹੀਂ, ਮੇਰੇ ਹੱਥਾਂ 'ਤੇ ਤੇਰੀ ਉਹ ਇਕ ਮਹਿਬੂਬ ਦਾ ਚੁੰਬਨ ਸੀ ਜਾਂ ਇਕ ਲੜਿੱਕੇ ਵੀਰ ਵਾਲਾ। ਦਰਅਸਲ ਮੇਰੀ ਤਾਂ ਉਕਾ ਰੂਹ ਨਹੀਂ ਸੀ ਕਰਦੀ, ਉਸ ਘੜੀ ਤੈਥੋਂ ਵੱਖ ਹੋਣ ਨੂੰ।**

# ਰੌਬਰਟ ਤੋਂ ਰੇਸ਼ਮ ਸਿੰਘ ਤੱਕ ਦਾ ਸਫ਼ਰ

**ਮੂੰਹ ਆਈ ਬਾਤ**



**ਮੇਜਰ ਕੁਲਾਰ ਬੋਪਾਰਾਏਕਲਾਂ**
**ਫੋਨ:916-273-2856**
www.boparaisudhar.com

ਲਾਸ ਏਂਜਲਸ ਤੋਂ ਵਾਪਸ ਸੈਕਰਾਮੈਂਟੋ ਆ ਰਿਹਾ ਸੀ। ਰਸਤੇ ਵਿਚ ਰੈਸਟ ਏਰੀਏ 'ਚ ਤਰੋ-ਤਾਜ਼ਾ ਹੋਣ ਲਈ ਰੁਕਿਆ। ਕਾਰ ਪਾਰਕ ਕਰ ਕੇ ਜਾ ਰਿਹਾ ਸੀ ਤਾਂ ਦੇਖਿਆ, ਕੋਈ ਗੋਰਾ ਸਿਰ 'ਤੇ ਸੋਹਣੀ ਦਸਤਾਰ ਸਜਾਈ ਆਪਣੇ ਕੁੱਤੇ ਨੂੰ ਘੁੰਮਾ-ਫਿਰਾ ਰਿਹਾ ਸੀ। ਮੇਰੇ ਕਦਮ ਉਸ ਗੋਰੇ ਵੱਲ ਵਧੇ ਤੇ ਫਤਿਹ ਜਾ ਬੁਲਾਈ। ਉਹਨੇ ਵੀ ਦੋਵੇਂ ਹੱਥ ਜੋੜ ਕੇ ਫਤਿਹ ਬੁਲਾਈ ਤੇ ਬੁੱਕਲ ਵਿਚ ਲਿਆ।

ਉਹ ਪੰਜਾਬੀ ਬੋਲ ਰਿਹਾ ਸੀ। ਮੈਂ ਸੋਚਣ ਲੱਗਾ, ਸ਼ਾਇਦ ਕੋਈ ਪੰਜਾਬੀ ਹੀ ਲੋੜੋਂ ਵੱਧ ਚਿੱਟਾ ਹੈ ਜੋ ਗੋਰੇ ਦਾ ਭੁਲੇਖਾ ਪਾਉਂਦਾ ਹੈ ਪਰ ਉਹਦੇ ਦਾੜ੍ਹੇ ਦੇ ਕੱਕੇ-ਭੂਰੇ ਵਾਲਾਂ ਨੇ ਉਹਦੀ ਸ਼ਨਾਖਤ ਕਰ ਦਿੱਤੀ ਕਿ ਉਹ ਗੋਰਾ ਹੀ ਹੈ। ਉਹਨੇ ਆਪਣਾ ਨਾਂ ਰੇਸ਼ਮ ਸਿੰਘ ਦੱਸਿਆ। ਮੈਂ ਛੇ-ਸੱਤ ਘੰਟਿਆਂ ਦੀ ਡਰਾਈਵ ਹੋਣ ਕਰ ਕੇ ਪੱਗ ਲਾਹ ਕੇ ਸਿਰ ਉਤੇ ਟੋਪੀ ਰੱਖ ਲਈ ਸੀ। ਰੇਸ਼ਮ ਸਿੰਘ ਦੇ ਸਿਰ ਸਜਾਈ ਸੋਹਣੀ ਦਸਤਾਰ ਦੇਖ ਕੇ ਸ਼ਰਮਿੰਦਗੀ ਮਹਿਸੂਸ ਕੀਤੀ। ਵਾਸ਼ਰੂਮ ਜਾ ਕੇ ਮੂੰਹ ਧੋਤਾ ਤੇ ਸ਼ੀਸ਼ੇ ਵਿਚ ਦੇਖਿਆ ਤਾਂ ਮੇਰਾ ਆਪਾ ਮੈਨੂੰ ਲਾਹਨਤਾਂ ਪਾ ਰਿਹਾ ਸੀ- 'ਦੇਖ ਲੈ, ਉਹ ਗੋਰਾ ਹੁੰਦਿਆਂ ਵੀ ਖਾਲਸਾ ਰੂਪ ਹੈ ਤੇ ਤੂੰ ਗੁਰੂ ਗੋਬਿੰਦ ਸਿੰਘ ਦੇ ਸਿੱਖ ਪਰਿਵਾਰ ਵਿਚ ਜਨਮ ਲੈ ਕੇ ਅੰਗਰੇਜ਼ ਬਣਿਆ ਫਿਰਦਾ ਹੈਂ।' ਮੈਂ ਤੇਜ਼ੀ ਨਾਲ ਬਾਹਰ ਨਿਕਲ ਕੇ ਰੇਸ਼ਮ ਸਿੰਘ ਵੱਲ ਵਧਿਆ ਜੋ ਆਪਣੇ ਕੁੱਤੇ ਨੂੰ ਡਾਇਪਰ (ਪੋਤੜਾ) ਬੰਨ੍ਹ ਰਿਹਾ ਸੀ। ਮੈਂ ਉਹਨੂੰ ਪੁੱਛਿਆ ਕਿ ਅਜਿਹਾ ਕਿਉਂ? ਉਹਨੇ ਉਤਰ ਦਿੱਤਾ- ਇਹ ਬੁੱਢਾ ਹੋ ਗਿਆ ਹੈ, ਇਸ ਨੂੰ ਪੇਸ਼ਾਬ ਤੇ ਜੰਗਲ-ਪਾਣੀ ਦੀ ਸੁੱਧ-ਬੁੱਧ ਨਹੀਂ ਰਹਿੰਦੀ।

"ਤੁਸੀਂ ਇਹਨੂੰ ਡੌਗ ਕੇਅਰ ਵਾਲਿਆਂ ਨੂੰ ਦੇ ਦਿਓ, ਤੁਹਾਨੂੰ ਸੌਖ ਹੋ ਜਾਊ। ਟਰੱਕ ਦੇ ਸਫ਼ਰ ਵਿਚ ਮੁਸ਼ਕਿਲ ਆਉਂਦੀ ਹੋਊ।" ਮੈਂ ਕਿਹਾ।

"ਇਸੇ ਦੀ ਬਦੌਲਤ ਤਾਂ ਮੈਂ ਜ਼ਿੰਦਾ ਹਾਂ। ਇਹ ਨਾ ਹੁੰਦਾ ਤਾਂ ਅੱਜ ਮੈਂ ਰੇਸ਼ਮ ਸਿੰਘ ਨਾ ਹੁੰਦਾ।" ਉਹਨੇ ਜਵਾਬ ਦਿੱਤਾ।

ਮੈਨੂੰ ਹੁਣੇ ਹੁਣੇ ਵਾਪਰੀ ਇਕ ਘਟਨਾ ਯਾਦ ਆ ਗਈ। ਅਮਰੀਕਾ ਰਹਿੰਦੇ ਇਕ ਪਰਿਵਾਰ ਨੇ ਆਪਣੇ ਬਜ਼ੁਰਗ ਨੂੰ ਸਾਂਭਣ ਤੋਂ ਕੰਨੀ ਕਤਰਾਉਂਦਿਆਂ ਉਹਨੂੰ ਪੰਜਾਬ ਵਿਚ ਬਿਰਧ ਆਸ਼ਰਮ ਵਿਚ ਛੱਡ ਦਿੱਤਾ। ਬਜ਼ੁਰਗ ਬਾਗ-ਪਰਿਵਾਰ ਤੋਂ ਵਿਛੜ ਕੇ ਦੋ ਹਫਤਿਆਂ ਬਾਅਦ ਹੀ ਸੁਰਗਵਾਸ ਹੋ ਗਿਆ। ਉਹਦੇ ਭੋਗ ਉਤੇ ਪਰਿਵਾਰ ਦਾ ਕੋਈ ਜੀਅ ਵੀ ਪੰਜਾਬ ਨਹੀਂ ਪਹੁੰਚਿਆ। ਹਰ ਇਕ ਨੇ ਆਪਣੀ ਮਜਬੂਰੀ ਦੀ ਸ਼ਰਧਾਂਜਲੀ ਸੁਣਾ ਦਿੱਤੀ ਸੀ।

ਸਾਡੇ ਬਹੁਤੇ ਪੰਜਾਬੀ ਤਾਂ ਬਜ਼ੁਰਗਾਂ ਨੂੰ ਵਾਧੂ ਭਾਰ ਸਮਝ ਲੈਂਦੇ ਨੇ, ਪਰ ਰੇਸ਼ਮ ਸਿੰਘ ਕੁੱਤੇ ਨੂੰ ਵੀ ਹਿੱਕ ਨਾਲ ਲਾਈ ਫਿਰਦਾ ਹੈ। ਰੇਸ਼ਮ ਸਿੰਘ ਨੇ ਆਪਣੀ ਹੱਡਬੀਤੀ ਸੁਣਾਈ:

ਮੈਂ ਐਰੀਜ਼ੋਨਾ ਦਾ ਜੰਮਪਲ ਹਾਂ। ਸਰਕਾਰੀ ਨੌਕਰੀ ਕਰਦਾ ਸੀ। ਕਿਸੇ ਗਲਤਫਹਿਮੀ ਕਾਰਨ ਮੈਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਫਿਰ ਮੈਂ ਟਰੱਕ ਦਾ ਲਾਇਸੈਂਸ ਲੈ ਲਿਆ। ਸਖ਼ਤ ਮਿਹਨਤ ਕਰਨੀ ਪੈਂਦੀ ਸੀ, ਪਰ ਚਾਰ ਡਾਲਰ ਜੁੜਦੇ ਸਨ। ਰਹਿਣ ਲਈ ਪਿਉ-ਦਾਦੇ ਵਾਲਾ ਘਰ ਫਰੀ ਮਿਲਿਆ ਹੋਇਆ ਸੀ। ਵੀਕ-ਐਂਡ ਉਤੇ ਫਨ ਕਰਨ ਲਈ ਆਪਣੀ ਬੋਟ ਰੱਖੀ ਹੋਈ ਸੀ। ਅਮਰੀਕਾ ਦੀ ਕੋਈ ਅਜਿਹੀ ਬੀਚ ਨਹੀਂ ਜਿਥੇ ਜਾ ਕੇ ਮੁਰਗਾ ਨਾ ਭੁੰਨਿਆ ਹੋਵੇ। ਜ਼ਿੰਦਗੀ ਵਿਚ ਕਈ ਗਰਲਫਰੈਂਡਾਂ ਆਈਆਂ ਤੇ ਗਈਆਂ। ਮੇਰੀ ਰਹਿਣੀ-ਬਹਿਣੀ ਸਾਫ਼ ਸੁਥਰੀ ਸੀ ਜੋ ਅੱਜ ਵੀ ਹੈ।

ਇਕ ਦਿਨ ਮੈਨੂੰ ਇਕ ਸਿੰਘ, ਟਰੱਕ ਸਟਾਪ ਉਤੇ ਮਿਲਿਆ। ਮੈਂ ਉਹਨੂੰ ਪੁੱਛਿਆ, ਕਿੰਨੇ ਗਜ਼ ਲੰਮੀ ਪੱਗ ਸਿਰ ਉਤੇ ਲਪੇਟੀ ਹੋਈ ਹੈ। ਉਹਨੇ ਦੱਸਿਆ-ਸਵਾ ਸੱਤ ਗਜ਼। ਮੈਂ ਹੈਰਾਨ ਹੋ ਕੇ ਪੁੱਛਿਆ, ਤੂੰ ਇੰਨਾ ਭਾਰ ਸਿਰ 'ਤੇ ਕਿਵੇਂ ਚੁੱਕੀ ਰੱਖਦਾ ਹੈਂ? ਉਹ ਕਹਿੰਦਾ, ਤੈਨੂੰ ਦੇਖਣ ਲਈ ਤਾਂ ਇਹ ਕੱਪੜਾ ਲੱਗਦੀ ਹੈ ਪਰ ਇਹ ਦਸਤਾਰ ਸਿੱਖੀ ਦਾ ਤਾਜ ਹੈ ਜੋ ਉਨ੍ਹਾਂ ਦੇ ਗੁਰੂਆਂ ਨੇ ਕੁਰਬਾਨੀਆਂ ਦੇ ਕੇ ਸਾਡੇ ਸਿਰ ਸਜਾਇਆ ਹੈ। ਜੇ ਸਿਰ 'ਤੇ ਨਹੀਂ ਹੁੰਦੀ ਤਾਂ ਮਹਿਸੂਸ ਹੁੰਦਾ ਹੈ ਕਿ ਅਸੀਂ ਫਿਰ ਕਿਸੇ ਦੇ ਗੁਲਾਮ ਹੋ ਗਏ ਹਾਂ।

ਮੈਨੂੰ ਤਾਂ ਆਪਣੇ ਧਰਮ ਬਾਰੇ ਵੀ ਪੂਰਾ ਪਤਾ ਨਹੀਂ ਸੀ, ਸਿੱਖ ਧਰਮ ਬਾਰੇ ਤਾਂ ਕੀ ਹੋਣਾ ਸੀ। ਮੈਂ ਉਸ ਸਿੰਘ ਤੋਂ ਕੁਝ ਹੋਰ ਜਾਣਨ ਦੀ ਇੱਛਾ ਪ੍ਰਗਟਾਈ, ਪਰ ਉਹ ਸਮੇਂ ਦੀ ਮਜਬੂਰੀ ਦੱਸ ਕੇ ਤੁਰ ਗਿਆ, ਜਾਂ ਮੇਰੇ ਵਰਗੇ ਕਮਲੇ ਗੋਰੇ ਤੋਂ ਆਪਣਾ ਖਹਿੜਾ ਛੁਡਾ ਗਿਆ। ਸਿੱਖ ਧਰਮ ਲਈ ਹੋਰ ਸਿੱਖਣ ਦੀ ਚਾਹਤ ਨੇ ਮੈਨੂੰ ਇਕ ਦਿਨ ਗੁਰਦੁਆਰੇ ਵੱਲ ਖਿੱਚ ਲਿਆ। ਚਾਰੇ ਪਾਸੇ ਪੱਗਾਂ ਤੇ ਦਾੜ੍ਹੀਆਂ ਵਾਲੇ ਬੰਦੇ ਦੇਖ ਕੇ ਮੈਂ ਥੋੜ੍ਹਾ ਹੱਸਿਆ ਕਿ ਸਿਰ ਕਿਵੇਂ ਨੂੜੀ ਫਿਰਦੇ ਨੇ। ਅੰਦਰ ਗਿਆ ਤਾਂ ਸਾਹਮਣੇ ਬੋਰਡ 'ਤੇ ਕਿਸੇ ਨੇ ਕਮਰਾ ਕਿਰਾਏ ਉਤੇ ਲੈਣ ਲਈ ਫੋਨ ਨੰਬਰ ਲਿਖਿਆ ਹੋਇਆ ਸੀ। ਮੈਂ ਉਸ ਨੰਬਰ 'ਤੇ ਫੋਨ ਕੀਤਾ। ਅੱਗਿਉਂ ਉਹ ਵੀ ਸਿੰਘ ਸੀ ਜੋ ਗੁਰਦੁਆਰੇ ਵਿਚ ਹੀ ਸੇਵਾ ਕਰਦਾ ਸੀ। ਉਹਨੂੰ ਬੁਲਾ ਕੇ ਮੈਂ ਕਿਹਾ, ਮੇਰੇ ਕੋਲ ਕਮਰਾ ਵਾਧੂ ਹੈ, ਇਥੋਂ ਨੇੜੇ ਵੀ ਹੈ। ਉਹ ਪਹਿਲਾਂ ਤਾਂ ਮੈਨੂੰ ਗੋਰਾ ਦੇਖ ਕੇ ਝਿਜਕਿਆ, ਦੂਜੇ ਦਿਨ ਘਰ ਦੇਖਣ ਦਾ ਪ੍ਰੋਗਰਾਮ ਤੈਅ ਹੋ ਗਿਆ।

ਉਸ ਨੇ ਕਮਰਾ ਵੇਖਿਆ ਅਤੇ ਦੋ ਸੌ ਡਾਲਰ ਮਹੀਨਾ ਕਿਰਾਇਆ ਤੈਅ ਹੋ ਗਿਆ। ਆਉਂਦੀ ਪਹਿਲੀ ਤਾਰੀਕ ਨੂੰ ਉਹ ਸਿੰਘ ਆ ਗਿਆ ਜਿਸ ਦਾ ਨਾਂ ਮਹਿਤਾਬ ਸਿੰਘ ਸੀ। ਹੌਲੀ ਹੌਲੀ ਸਾਡੀ ਨੇੜਤਾ ਵਧਣ ਲੱਗੀ। ਮੈਂ ਉਹਨੂੰ ਸਿੱਖ ਧਰਮ ਬਾਰੇ ਪੁੱਛਿਆ। ਉਹਨੇ ਗੁਰੂ ਨਾਨਕ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਤੱਕ ਮੈਨੂੰ ਹੌਲੀ ਹੌਲੀ ਸਭ ਕੁਝ ਦੱਸ ਦਿੱਤਾ। ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਦੀ ਜੋ ਵਿਥਿਆ ਉਸ ਨੇ ਸ਼ਾਂਤਮਈ ਢੰਗ ਨਾਲ ਸੁਣਾਈ ਤੇ ਮੈਂ ਉਹਦੀਆਂ ਅੱਖਾਂ ਵਿਚੋਂ ਅੱਥਰੂ ਦਾੜ੍ਹੇ ਵੱਲ ਡਿੱਗਦੇ ਵੇਖੇ, ਤਾਂ ਮੈਂ ਉਹਦੇ ਪੈਰ ਫੜ ਲਏ ਕਿ ਧੰਨ ਸਿੱਖੀ, ਜਿਹੜੀ ਤੱਤੀਆਂ ਤਵੀਆਂ 'ਤੇ ਬੈਠ ਕੇ ਕਹਿੰਦੀ ਹੈ, ਤੇਰਾ ਕੀਆ ਮੀਠਾ ਲਾਗੈ ਹਰਿ ਨਾਮੁ ਪਦਾਰਥੁ ਨਾਨਕ ਮਾਂਗੈ॥ ਜਿਵੇਂ ਜਿਵੇਂ ਉਹ ਸਿੱਖ ਇਤਿਹਾਸ ਦੇ ਪੰਨੇ ਮੈਨੂੰ ਪੜ੍ਹ ਕੇ ਸੁਣਾਉਂਦਾ ਗਿਆ, ਮੇਰਾ ਮਨ ਬਦਲਦਾ ਗਿਆ। ਪਹਿਲਾਂ ਮੈਨੂੰ ਪੱਗਾਂ ਵਾਲਿਆਂ 'ਤੇ ਹਾਸਾ ਆਉਂਦਾ ਸੀ, ਹੁਣ ਮੈਨੂੰ ਮੋਨੇ ਸਿੱਖਾਂ 'ਤੇ ਗੁੱਸਾ ਆਉਣ ਲੱਗ ਪਿਆ ਕਿ ਜਿਨ੍ਹਾਂ ਦੇ ਗੁਰੂ ਨੇ ਸਿੱਖੀ ਲਈ ਆਪਣੇ ਮਾਸੂਮ ਪੁੱਤਰ ਵੀ ਨੀਂਹਾਂ ਵਿਚ ਚਿਣਾ ਦਿੱਤੇ, ਉਹ ਕੇਸ ਕਤਲ ਕਰਵਾਉਣ ਲਈ ਕਿਵੇਂ ਤਿਆਰ ਹੋ ਜਾਂਦੇ ਨੇ? ਮਹਿਤਾਬ ਸਿੰਘ ਨੇ ਮੈਨੂੰ ਪੰਜਾਬੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ, ਤੇ ਮੈਂ ਇੰਟਰਨੈਟ 'ਤੇ ਪੰਜਾਬੀ ਫਿਲਮਾਂ ਜਰੀਏ ਛੇਤੀ ਹੀ ਪੰਜਾਬੀ ਬੋਲਣ ਤੇ ਲਿਖਣ ਲੱਗ ਪਿਆ।

ਇਕ ਦਿਨ ਮੈਂ ਆਇਆ ਤਾਂ ਮਹਿਤਾਬ ਸਿੰਘ ਰੋ ਰਿਹਾ ਸੀ। ਕਾਰਨ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹਦੀ ਮਾਂ ਸੁਰਗਵਾਸ ਹੋ ਗਈ ਹੈ। ਮੈਂ ਕਿਹਾ, ਤੂੰ ਇੰਡੀਆ ਜਾ ਆ। ਉਹ ਬੋਲਿਆ, ਮੈਂ ਕੀਰਤਨੀ ਜਥੇ ਤੋਂ ਅਲੱਗ ਹੋ ਕੇ ਓਵਰਸਟੇਅ ਹੋ ਗਿਆ ਸੀ। ਹੁਣ ਵਾਪਸ ਇੰਡੀਆ ਜਾ ਤਾਂ ਸਕਦਾ ਹਾਂ, ਪਰ ਵਾਪਸ ਅਮਰੀਕਾ ਨਹੀਂ ਆ ਸਕਦਾ। ਮਹਿਤਾਬ ਸਿੰਘ ਦਾ ਦਰਦ ਮੇਰੇ ਕੋਲੋਂ ਝੱਲਿਆ ਨਾ ਜਾਵੇ। ਮੈਂ ਆਪਣੀ ਪੁਰਾਣੀ ਜਾਣਕਾਰ ਫਰੈਂਡ ਅੱਗੇ ਮਹਿਤਾਬ ਸਿੰਘ ਦੇ ਪੇਪਰਾਂ ਦੀ ਅਰਜ਼ੀ ਰੱਖ ਦਿੱਤੀ। ਪਹਿਲਾਂ ਉਹ ਮੰਨੇ ਨਾ, ਫਿਰ ਉਹਨੇ ਮਹਿਤਾਬ ਸਿੰਘ ਨਾਲ ਵਿਆਹ ਕਰਵਾਉਣਾ ਮੰਨ ਲਿਆ। ਪਾਰਸ ਨੇ ਲੋਹੇ ਨੂੰ ਸੋਨਾ ਬਣਾ ਦਿੱਤਾ ਤੇ ਮੇਰੀ ਫਰੈਂਡ ਵੀ ਸਿੱਖੀ ਦੇ ਬੂਟੇ ਦੀ ਛਾਵੇਂ ਬੈਠ ਗਈ। ਮਹਿਤਾਬ ਸਿੰਘ ਨੇ ਉਹਨੂੰ ਅੰਮ੍ਰਿਤ ਛਕਾ ਕੇ ਸਿੰਘਣੀ ਸਜਾ ਲਿਆ, ਨਾਂ ਸੁੰਦਰ ਕੌਰ ਰੱਖਿਆ ਗਿਆ। ਹੁਣ ਉਹਨੇ ਮੈਨੂੰ ਵੀ ਵਿਆਹ ਕਰਵਾਉਣ ਲਈ ਜੋਰ ਦਿੱਤਾ। ਆਪਣੀ ਗਰਲ ਫਰੈਂਡ ਨੂੰ ਵਿਆਹ ਲਈ ਕਿਹਾ, ਉਹਨੇ ਅਗਲੇ ਸਾਲ 'ਤੇ ਗੱਲ ਪਾ ਦਿੱਤੀ। ਉਨ੍ਹਾਂ ਹੀ ਦਿਨਾਂ ਵਿਚ ਸਾਡੀ ਧੀ ਦਾ ਜਨਮ ਹੋ ਗਿਆ। ਸਾਡੀ ਧੀ ਜਿਵੇਂ ਆਸਮਾਨੋਂ ਉਤਰੀ ਪਰੀ ਹੋਵੇ। ਨਾਂ ਅਸੀਂ ਐਂਜਲ ਰੱਖਿਆ। ਐਂਜਲ ਦੋ ਸਾਲ ਦੀ ਹੋਈ ਤਾਂ ਉਹ ਆਪਣੇ ਨਾਨਕੇ ਘਰੋਂ ਆਹ ਰੈਂਬੋ (ਕੁੱਤੇ ਵੱਲ ਇਸ਼ਾਰਾ ਕਰ ਕੇ) ਲੈ ਆਈ। ਰੈਂਬੋ ਦੋ'ਹ ਮਹੀਨਿਆਂ ਦਾ ਸੀ, ਮੈਂ ਟਰੱਕ ਦਾ ਕੰਮ ਲੋਕਲ ਹੀ ਕਰਨ ਲੱਗ ਪਿਆ। ਮਹਿਤਾਬ ਸਿੰਘ ਮੈਨੂੰ ਗੁਰਦੁਆਰੇ ਲੈ ਜਾਂਦਾ। ਸ੍ਰੀ ਗੁਰੂ ਤੇਗ ਬਹਾਦਰ ਦੀ ਕਿਸੇ ਹੋਰ ਧਰਮ ਲਈ ਦਿੱਤੀ ਕੁਰਬਾਨੀ ਨੇ ਮੇਰਾ ਸਿਰ ਸ਼ਰਧਾ ਨਾਲ ਝੁਕਾ ਦਿੱਤਾ। ਗੁਰੂ ਗੋਬਿੰਦ ਸਿੰਘ ਦੀ ਬਹਾਦਰੀ ਦੇ ਗੁਣ ਮਹਿਤਾਬ ਸਿੰਘ ਕੀਰਤਨ ਰਾਹੀਂ ਸੁਣਾਉਂਦਾ। ਮੈਂ ਤੇ ਐਂਜਲਾ ਬੜੇ ਧਿਆਨ ਨਾਲ ਸੁਣਦੇ।

ਸੁੰਦਰ ਕੌਰ ਰਾਹੀਂ ਮਹਿਤਾਬ ਸਿੰਘ ਨੂੰ ਗਰੀਨ ਕਾਰਡ ਮਿਲ ਗਿਆ। ਉਹ ਖੁਸ਼ ਸੀ, ਪਰ ਸੁੰਦਰ ਕੌਰ ਉਦਾਸ ਰਹਿਣ ਲੱਗੀ। ਉਹਨੂੰ ਡਰ ਪੈ ਗਿਆ ਕਿ ਮਹਿਤਾਬ ਸਿੰਘ ਇੰਡੀਆ ਜਾ ਕੇ ਵਾਪਸ ਨਹੀਂ ਆਵੇਗਾ। ਉਹਨੇ ਆਪਣੀ ਉਦਾਸੀ ਮੇਰੇ ਨਾਲ ਸਾਂਝੀ ਕੀਤੀ। ਮੈਂ ਮਹਿਤਾਬ ਸਿੰਘ ਨੂੰ ਪੁੱਛ ਲਿਆ ਤੇ ਉਹ ਕਹਿੰਦਾ, ਤੁਸੀਂ ਇਸ ਤਰ੍ਹਾਂ ਸੋਚ ਕਿਵੇਂ ਲਿਆ? ਸੁੰਦਰ ਕੌਰ ਮੇਰੀ ਹੈ ਤੇ ਮੈਂ ਉਹਦਾ। ਮਹਿਤਾਬ ਸਿੰਘ ਇੰਡੀਆ ਚਲਿਆ ਗਿਆ। ਤਿੰਨ ਮਹੀਨਿਆਂ ਬਾਅਦ ਉਹ ਵਾਪਸ ਆਇਆ ਤਾਂ ਮੇਰੇ ਲਈ ਦਰਬਾਰ ਸਾਹਿਬ ਦੀ ਸੁੰਦਰ ਤਸਵੀਰ ਲੈ ਕੇ ਆਇਆ। ਕਹਿਣ ਲੱਗਾ, ਤਸਵੀਰ ਆਪਣੇ ਕਮਰੇ ਵਿਚ ਲਾ ਲੈ। ਜੇ ਤੂੰ ਅਜੇ ਵੀ ਬੀਅਰ ਜਾਂ ਸ਼ਰਾਬ ਪੀਂਦਾ ਹੈਂ, ਛੱਡ ਦੇ, ਤੇਰੀ ਜ਼ਿੰਦਗੀ ਵਿਚ ਕਦੇ ਦੁੱਖ ਨਹੀਂ ਆਵੇਗਾ। ਗੁਰੂ ਜੀ ਤੇਰੇ ਅੰਗ-ਸੰਗ ਰਹਿਣਗੇ। ਮੈਂ ਉਸ ਕੋਲ ਸਭ ਕੁਝ ਮੰਨ ਗਿਆ। ਆਪਣੀ ਗਰਲਫਰੈਂਡ ਨਾਲ ਵਿਆਹ ਵੀ ਕਰਵਾ ਲਿਆ। ਐਂਜਲ ਸਕੂਲ ਜਾਣ ਲੱਗ ਪਈ। ਮਹਿਤਾਬ ਸਿੰਘ ਸਮੇਤ ਸਾਰਾ ਪਰਿਵਾਰ ਖੁਸ਼ੀ ਨਾਲ ਰਹਿ ਰਿਹਾ ਸੀ; ਪਰ ਜੋ ਵਾਹਿਗੁਰੂ ਨੂੰ ਮਨਜ਼ੂਰ ਸੀ, ਉਹੀ ਹੋਇਆ। ਸੁੰਦਰ ਕੌਰ ਨੂੰ ਦਿਲ ਦਾ ਦੌਰਾ ਪਿਆ ਤੇ ਉਹ ਸੁਰਗਵਾਸ ਹੋ ਗਈ। ਸੁੰਦਰ ਕੌਰ ਦੇ ਜਾਣ ਪਿਛੋਂ ਮਹਿਤਾਬ ਸਿੰਘ ਵੀ ਉਦਾਸ ਰਹਿਣ ਲੱਗ ਪਿਆ। ਫਿਰ ਉਹ ਇੰਡੀਆ ਚਲਿਆ ਗਿਆ ਤੇ ਚਾਰ ਮਹੀਨਿਆਂ ਬਾਅਦ ਵਾਪਸ ਆ ਕੇ ਬੋਲਿਆ, 'ਰੌਬਰਟ! ਮੈਂ ਹੁਣ ਇਥੇ ਨਹੀਂ ਰਹਿ ਸਕਦਾ, ਮੈਂ ਕੈਲੀਫੋਰਨੀਆ ਸ਼ਿਫਟ ਹੋ ਜਾਣਾ ਹੈ।' ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਚਲਿਆ ਗਿਆ। ਮੈਂ ਉਸ ਤੋਂ ਬਿਨਾ ਇਕੱਲਾ ਹੋ ਗਿਆ। ਐਂਜਲਾ ਤੇ ਰੈਂਬੋ ਦੀਆਂ ਸ਼ਰਾਰਤਾਂ ਵੀ ਮੈਨੂੰ ਚੰਗੀਆਂ ਨਾ ਲੱਗਦੀਆਂ।

ਇਕ ਦਿਨ ਐਂਜਲਾ ਤੇ ਉਸ ਦੀ ਮਾਂ ਘਰ ਨ੍ਹੀਂ ਸਨ। ਮਹਿਤਾਬ ਸਿੰਘ ਦੀ ਯਾਦ ਆਈ, ਫੋਨ ਕੀਤਾ। ਉਹਨੇ ਦੋ-ਚਾਰ ਗੱਲਾਂ ਕੀਤੀਆਂ ਤੇ ਫੋਨ ਕੱਟ ਦਿੱਤਾ। ਮੇਰੀ ਬੇਚੈਨੀ ਵਧਣ ਲੱਗੀ। ਮੈਂ ਕਾਰ ਸਟਾਰਟ ਕੀਤੀ ਤੇ ਸ਼ਰਾਬ ਦੀ ਬੋਤਲ ਖਰੀਦ ਲਿਆਇਆ। ਪੂਰੀ ਬੋਤਲ ਚਾੜ੍ਹ ਗਿਆ ਤੇ ਬੇਸੁੱਧ ਹੋ ਕੇ ਬੈਡ ਉਤੇ ਡਿੱਗ ਗਿਆ। ਪਤਾ ਨਹੀਂ, ਕੁਦਰਤ ਦੀ ਕੀ ਖੇਡ ਹੋਈ, ਘਰ ਨੂੰ ਅੱਗ ਲੱਗ ਗਈ। ਮੈਨੂੰ ਕੋਈ ਸੁਰਤ ਨਹੀਂ ਸੀ, ਰੈਂਬੋ ਬਹੁਤ ਭੌਂਕਿਆ, ਪਰ ਮੈਂ ਘੋੜੇ ਵੇਚ ਕੇ ਸੁੱਤਾ ਸੀ। ਜਦੋਂ ਅੱਗ ਮੇਰੇ ਕਮਰੇ ਨੂੰ ਆ ਪਈ ਤਾਂ ਰੈਂਬੋ ਛਾਲ ਮਾਰ ਕੇ ਮੇਰੇ ਉਪਰ ਚੜ੍ਹ ਗਿਆ। ਸਾਹਮਣੇ ਵਾਲੇ ਪਾਸੇ ਲੱਗੀ ਦਰਬਾਰ ਸਾਹਿਬ ਦੀ ਸੁੰਦਰ ਤਸਵੀਰ ਮੇਰੇ ਸਿਰ ਉਤੇ ਆ ਡਿੱਗੀ ਜਿਸ ਨਾਲ ਮੇਰੀ ਸੁਰਤ ਟਿਕਾਣੇ ਆ ਗਈ। ਅੱਗ ਬੁਝਾਉਣ ਵਾਲੀਆਂ ਗੱਡੀਆਂ ਆ ਗਈਆਂ ਸਨ। ਮੈਂ ਮਹਿਤਾਬ ਸਿੰਘ ਨੂੰ ਸਾਰੀ ਘਟਨਾ ਸੁਣਾਈ ਤੇ ਉਹ ਅਗਲੇ ਦਿਨ ਮੇਰੇ ਕੋਲ ਪਹੁੰਚ ਗਿਆ।

ਮੈਂ ਉਸ ਤੋਂ ਆਪਣੀ ਗਲਤੀ ਦੀ ਮੁਆਫ਼ੀ ਮੰਗੀ। ਵਾਅਦਾ ਕੀਤਾ ਸੀ ਕਿ ਕਦੇ ਸ਼ਰਾਬ ਨਹੀਂ ਪੀਵਾਂਗਾ। ਜਿਸ ਦਿਨ ਪੀਤੀ, ਉਸੇ ਦਿਨ ਹੀ ਭਾਣਾ ਵਰਤ ਗਿਆ। ਹੁਣ ਮੈਂ ਮਹਿਤਾਬ ਤੋਂ ਵੱਖ ਨਹੀਂ ਰਹਿਣਾ ਚਾਹੁੰਦਾ ਸੀ। ਪਹਿਲਾਂ ਮੈਂ ਕੋਸ਼ਿਸ਼ ਕੀਤੀ ਕਿ ਉਹਨੂੰ ਐਰੀਜ਼ੋਨਾ ਹੀ ਰੱਖਾਂ, ਪਰ ਉਹ ਨਾ ਮੰਨਿਆ। ਫਿਰ ਮੈਂ ਕੈਲੀਫੋਰਨੀਆ ਸ਼ਿਫ਼ਟ ਹੋਣ ਦਾ ਮਨ ਬਣਾ ਲਿਆ। ਐਰੀਜ਼ੋਨਾ ਵਾਲਾ ਘਰ ਕਿਰਾਏ ਉਤੇ ਦੇ ਦਿੱਤਾ ਤੇ ਇਥੇ ਕਿਰਾਏ 'ਤੇ ਲੈ ਲਿਆ। ਫਿਰ ਮੈਂ, ਪਤਨੀ ਤੇ ਐਂਜਲਾ ਮਹਿਤਾਬ ਸਿੰਘ ਨਾਲ ਇੰਡੀਆ ਉਸ ਇਤਿਹਾਸਕ ਗੁਰਦੁਆਰੇ ਦੇ ਦਰਸ਼ਨ ਕਰ ਕੇ ਆਏ ਜਿਸ ਬਾਰੇ ਮਹਿਤਾਬ ਸਿੰਘ ਨੇ ਦੱਸਿਆ ਹੋਇਆ ਸੀ। ਚਾਂਦਨੀ ਚੌਕ ਦਾ ਸਾਕਾ ਤੇ ਸਰਹਿੰਦ ਦੀ ਕੰਧ ਦਾ ਕਹਿਰ ਜਿਵੇਂ ਮੇਰੀਆਂ ਅੱਖਾਂ ਅੱਗੇ ਹੀ ਵਾਪਰਿਆ ਹੋਵੇ। ਪੰਜਾਬ ਦੇ ਨੌਜਵਾਨਾਂ ਨੂੰ ਦੇਖ ਕੇ ਗੁੱਸਾ ਆ ਰਿਹਾ ਸੀ ਕਿ ਉਹ ਕਿਵੇਂ ਆਪਣੇ ਧਰਮ ਤੋਂ ਦੂਰ ਜਾ ਰਹੇ ਹਨ। ਦੋ ਮਹੀਨੇ ਪੰਜਾਬ ਰਹਿ ਕੇ ਵਾਪਸ ਆ ਗਏ। ਫਿਰ ਮਹਿਤਾਬ ਸਿੰਘ ਨੂੰ ਕਿਹਾ ਕਿ ਅਸੀਂ ਸਾਰਾ ਪਰਿਵਾਰ ਅੰਮ੍ਰਿਤ ਛਕਣ ਲਈ ਤਿਆਰ ਹਾਂ। ਉਹ ਮੇਰੀ ਗੱਲ ਸੁਣ ਕੇ ਖੁਸ਼ ਹੋਇਆ ਤੇ ਸਾਨੂੰ ਅੰਮ੍ਰਿਤ ਛਕਾ ਲਿਆਇਆ। ਮੈਂ ਰੌਬਰਟ ਤੋਂ ਰੇਸ਼ਮ ਸਿੰਘ ਬਣ ਗਿਆ। ਜਿਸ ਦਿਨ ਦੀ ਰੈਂਬੋ ਨੇ ਮੇਰੀ ਜਾਨ ਬਚਾਈ ਹੈ, ਉਸ ਦਿਨ ਦਾ ਮੇਰੇ ਨਾਲ ਹੀ ਹੈ।

ਰੇਸ਼ਮ ਸਿੰਘ ਦੀ ਹੱਡਬੀਤੀ ਸੁਣ ਕੇ ਮੈਂ ਹੈਰਾਨ ਵੀ ਹੋਇਆ ਤੇ ਆਪਣੇ ਸਿਰ 'ਤੇ ਹੱਥ ਵੀ ਫੇਰਿਆ ਕਿ ਕੋਈ ਗੋਰਾ ਕਿਵੇਂ ਸਿੰਘ ਬਣ ਗਿਆ, ਤੇ ਮੈਂ ਸਿੰਘ ਤੋਂ ਅੰਗਰੇਜ਼ ਬਣਿਆ ਫਿਰਦਾ ਹਾਂ!

# ਅਨਮੋਲ ਹੀਰਾ

(ਪਿਛਲੇ ਸਫੇ ਦੀ ਬਾਕੀ)

ਮਿਲੀ, ਆਪੇ ਆ ਕੇ ਲੈ ਜੀਂ।" ਉਹ ਜ਼ਰਾ ਚਾਂਭਲ ਕੇ ਬੋਲੀ।

"ਝੱਲੀ ਤਾਂ ਨਹੀਂ ਹੋ ਗਈ?" ਉਸ ਨੇ ਹੱਸ ਕੇ ਕਿਹਾ।

"ਕਲ੍ਹ ਤੱਕ ਤਾਂ ਨਹੀਂ ਸਾਂ। ਪਤਾ ਨਹੀਂ ਤੂੰ ਰਾਤੀਂ ਮੈਨੂੰ ਕੀ...?" ਉਹ ਆਪਣੇ ਸਾਹਾਂ 'ਚ ਹੀ ਕੁਝ ਕਹਿ ਰਹੀ ਸੀ।

ਹਰਪਾਲ ਨੂੰ ਡਰ ਭਾਸਣ ਲੱਗਾ। ਸ਼ਾਇਦ ਉਸ ਦੀ ਹਮਦਰਦੀ ਦੀ ਪੇਸ਼ਕਸ਼ ਨੇ ਕਿਧਰੇ ਕੋਈ ਗਲਤ ਸੰਦੇਸ਼ ਨਾ ਦੇ ਦਿੱਤਾ ਹੋਵੇ।

ਫੇਰ ਪਤਾ ਨਹੀਂ ਕਦੋਂ ਤੇ ਕਿਹੜੇ ਦਿਨ, ਹਾਸ਼ਮੀ ਪਰਿਵਾਰ ਦੇ ਮੈਂਬਰ ਅਪਾਰਟਮੈਂਟ ਖਾਲੀ ਕਰਕੇ ਕਿੱਥੇ ਚਲੇ ਗਏ। ਕਰਨਲ ਪਾਸ਼ਾ ਦਾ ਇਕ ਦਿਨ ਫੋਨ ਆਇਆ ਪਰ ਹਰਪਾਲ ਨੇ ਉਸ ਨੂੰ ਕੋਈ ਘਾਹ ਨਾ ਪਾਇਆ। ਉਹ ਖੁਸ਼ ਸੀ ਕਿ ਵਿਚਾਰੀ ਰੋਸ਼ਨ ਆਰਾ ਨੂੰ ਇਕ ਮਾੜੇ ਬੰਦੇ ਦੇ ਜ਼ੁਲਮ ਤੋਂ ਨਿਜਾਤ ਮਿਲ ਗਈ ਸੀ।

ਹਰ ਸਾਲ ਕਿੰਨੇ ਹੀ ਕਿਰਾਏਦਾਰ ਆਉਂਦੇ-ਜਾਂਦੇ ਰਹਿੰਦੇ ਸਨ। ਪਰ ਪਤਾ ਨਹੀਂ ਕਿਉਂ, ਕਈ ਵਾਰੀਂ ਉਸ ਦੀਆਂ ਅੱਖਾਂ ਮੂਹਰੇ ਉਸ ਕੁੜੀ ਦਾ ਮਾਸੂਮ ਚਿਹਰਾ ਆ ਖਲੋਂਦਾ। ਉਹ ਸ਼ੁਭ ਕਾਮਨਾਵਾਂ ਨਾਲ ਸੋਚਣ ਲੱਗ ਜਾਂਦਾ। 'ਹੇ ਵਾਹਿਗੁਰੂ! ਉਨ੍ਹਾਂ ਬੇ-ਸਹਾਰਾ ਲੋਕਾਂ ਦੀ ਰੱਖਿਆ ਕਰੀਂ।'

ਕੋਈ ਦੋ ਸਾਲਾਂ ਬਾਅਦ, ਇਕ ਦਿਨ ਹਰਪਾਲ ਨੂੰ ਰੋਸ਼ਨ ਆਰਾ ਦਾ ਖ਼ਤ ਮਿਲਿਆ। ਉਸ ਨੇ ਬੜੀ ਉਤਸਕਤਾ ਨਾਲ ਖੋਲ੍ਹ ਕੇ ਪੜ੍ਹਿਆ।

ਲਾਸ-ਏਂਜਲਸ

"ਹਰਪਾਲ! ਹੈਰਾਨ ਹੋਇਆ ਹੋਵੇਂਗਾ, ਇਹ ਗੁਰਮੁਖੀ ਵਿਚ ਲਿਖੀ ਚਿੱਠੀ ਵੇਖ ਕੇ। ਭਲਾ ਹੋਵੇ ਸਾਡੇ ਗੁਆਂਢੀ ਸਰਦਾਰਾਂ ਦੀ ਕੁੜੀ ਦਾ, ਜੋ ਮੇਰੀ ਸਹੇਲੀ ਵੀ ਹੈ ਤੇ ਹਮਰਾਜ਼ ਵੀ।

ਕਿਨ੍ਹਾਂ ਲਫਜ਼ਾਂ ਨਾਲ ਮੈਂ ਤੇਰਾ ਸ਼ੁਕਰੀਆ ਅਦਾ ਕਰਾਂ। ਮੈਨੂੰ ਅਫ਼ਸੋਸ ਹੈ ਕਿ ਮੈਂ ਤੈਨੂੰ ਮਿਲ ਕੇ ਨਾ ਜਾ ਸਕੀ। ਕੁਝ ਹਾਲਾਤ ਹੀ ਐਸੇ ਹੋ ਗਏ ਸਨ। ਪਰ ਮੈਂ ਤੇਰੀ ਹਦਾਇਤ 'ਤੇ ਫੁੱਲ ਚੜ੍ਹਾਏ, ਤੇ ਅੱਜ ਸਾਡਾ ਸਾਰਾ ਕੁਨਬਾ ਤੇਰਾ ਪੁਰ-ਪੁਰ ਅਹਿਸਾਨਮੰਦ ਹੈ। ਉਸ ਰਾਤ ਮੈਂ ਏਨੀ ਡਰੀ ਹੋਈ ਸਾਂ, ਪਤਾ ਨਹੀਂ ਕੀ ਕੁਝ ਬੋਲ ਗਈ ਹੋਵਾਂਗੀ। ਯਾਦ ਹੈ, ਜਿਸ ਰੋਜ਼ ਮੈਂ ਤੈਨੂੰ ਪਹਿਲੀ ਵਾਰ ਤੇਰੇ ਦਫਤਰ ਵਿਚ ਵੇਖਿਆ ਸੀ, ਤੇ ਤੇਰੇ ਕੋਲੋਂ ਗੁਰਦੁਆਰੇ ਤੋਂ ਲਿਆਂਦਾ ਪ੍ਰਸ਼ਾਦ ਲਿਆ ਸੀ? ਤੇਰੇ ਹੱਥ ਦੇ ਸਪਰਸ਼ ਨੇ ਮੈਨੂੰ ਧੁਰ ਅੰਦਰੋਂ ਲਰਜ਼ਾ ਦਿੱਤਾ ਸੀ। ਮੈਂ ਤਾਂ ਉਸੇ ਦਿਨ ਤੋਂ ਹੀ ਆਪਣਾ ਆਪ ਤੇਰੇ ਕਦਮਾਂ 'ਤੇ ਨਿਛਾਵਰ ਕਰਨ ਦਾ ਸੰਕਲਪ ਕਰੀ ਬੈਠੀ ਸਾਂ।

ਫੇਰ ਆਖੇਂਗਾ ਕਿ ਮੈਂ ਝੱਲੀ ਹਾਂ। ਕੁਝ ਵੀ ਸਮਝ ਲੈ। ਮੈਂ ਤੈਨੂੰ ਆਪਣੇ ਬਚਪਨ ਦੀ ਇਕ ਦਾਸਤਾਨ ਦੱਸਦੀ ਹਾਂ। ਗ਼ਜ਼ਨੀ ਵਿਚ ਸਾਡੇ ਗੁਆਂਢ ਇਕ ਸਿੱਖ ਪਰਿਵਾਰ ਰਹਿੰਦਾ ਸੀ, ਚਾਚਾ ਕਸ਼ਮੀਰਾ ਸਿੰਘ ਦਾ। ਸਾਡੇ ਦੋਹਾਂ ਘਰਾਂ ਦੀ ਕੰਧ ਸਾਂਝੀ ਸੀ। ਉਹ ਵਿਦੇਸ਼ੀ ਕਰੰਸੀ ਦਾ ਵਪਾਰ ਕਰਦੇ ਸਨ। ਉਨ੍ਹਾਂ ਦਾ ਲੜਕਾ ਚਾਨਣ ਸਿੰਘ ਮੇਰਾ ਹਾਣੀ ਸੀ। ਅਸੀਂ ਇਕੱਠੇ ਖੇਡਦੇ ਵੱਡੇ ਹੋਏ ਸਾਂ। ਵੱਡੇ ਹੋ ਕੇ ਸਾਡੀ ਉਹ ਖੇਡ, ਇਕ ਮੋਹ ਭਰਿਆ ਰਿਸ਼ਤਾ ਬਣ ਗਿਆ। ਜਵਾਨ ਉਮਰ ਦੇ ਹੋਣ ਕਰਕੇ ਅਸੀਂ ਲੋਕਾਂ ਸਾਹਮਣੇ ਖੁੱਲ੍ਹ ਕੇ ਨਹੀਂ ਸਾਂ ਮਿਲ ਸਕਦੇ। ਬੱਸ ਕੰਧ ਓਹਲੇ ਖਲੋ ਕੇ ਹੀ ਕਿੰਨਾ-ਕਿੰਨਾ ਚਿਰ ਗੱਲਾਂ ਕਰਦੇ ਰਹਿੰਦੇ। ਪਹਿਲਾਂ ਮੇਰਾ ਪਠਾਣੀ ਨਾਮ ਸਾਲਿਹਾ ਹੁੰਦਾ ਸੀ। ਮੈਂ ਉਸ ਨੂੰ ਕਹਿੰਦੀ, ਤੇਰਾ ਨਾਮ ਚਾਨਣ ਕਿੰਨਾ ਪਿਆਰਾ ਹੈ। ਤੇ ਉਹ ਆਖਦਾ, ਇਹ ਤਾਂ ਤੇਰੇ ਚਾਨਣ ਸਦਕੇ ਰੋਸ਼ਨ ਹੈ। ਮੇਰੀ ਅਸਲੀ ਰੋਸ਼ਨੀ ਤਾਂ ਤੂੰ ਹੈਂ। ਮੇਰਾ ਵੱਸ ਚੱਲੇ ਤਾਂ ਤੇਰਾ ਨਾਮ ਬਦਲ ਕੇ ਰੋਸ਼ਨ ਆਰਾ ਰੱਖ ਦਿਆਂ। ਮੈਂ ਅੰਮੀ ਨੂੰ ਇਸ ਬਾਰੇ ਮਨਾ ਲਿਆ ਤੇ ਉਨ੍ਹਾਂ ਅੱਬੂ ਨੂੰ ਕਹਿ ਕੇ ਮੇਰਾ ਨਾਮ ਬਦਲ ਲੈਣ ਦੀ ਜ਼ਿੱਦ ਪੂਰੀ ਕਰ ਦਿੱਤੀ। ਅਸੀਂ ਇਕ ਦੂਸਰੇ 'ਤੇ ਏਨਾ ਕੁਰਬਾਨ ਜਾਂਦੇ ਸਾਂ, ਮੈਂ ਦੱਸ ਨਹੀਂ ਸਕਦੀ। ਕਦੇ-ਕਦੇ ਅਸੀਂ ਮਜ਼੍ਹਬੀ ਅਕੀਦਿਆਂ ਦੇ ਖੋਖਲੇਪਨ ਬਾਰੇ ਸੋਚਦੇ ਸਲਾਹੀਂ ਪੈ ਜਾਂਦੇ। ਪਈ ਵੇਖੋ, ਦੋਵੇਂ ਹੀ ਪਗੜੀ ਬੰਨ੍ਹਦੇ ਨੇ ਤੇ ਦਾਹੜੀ ਰੱਖਦੇ ਨੇ। ਦੋਵੇਂ ਬੁੱਤ-ਪ੍ਰਸਤੀ ਦੇ ਖਿਲਾਫ ਤੇ ਇਕ ਪਰਵਰਦਗਾਰ ਦੇ ਪੈਰੋਕਾਰ ਨੇ। ਜੇ ਅਸੀਂ ਪੰਜ ਨਮਾਜ਼ਾਂ ਪੜ੍ਹਦੇ ਹਾਂ ਤਾਂ ਸਿੱਖ ਵੀ ਪੰਜ ਬਾਣੀਆਂ ਪੜ੍ਹਦੇ ਨੇ। ਤਾਂ ਫੇਰ ਅਸੀਂ ਆਪਸ ਵਿਚ ਵਿਆਹ ਕਿਉਂ ਨਹੀਂ ਕਰਾ ਸਕਦੇ?

ਇਕ ਦਿਨ ਚਾਨਣ, ਗੁਰਦੁਆਰੇ ਤੋਂ ਮੇਰੇ ਲਈ ਪ੍ਰਸ਼ਾਦ ਲੈ ਕੇ ਆਇਆ, ਤੇ ਬੜੇ ਚਾਅ ਨਾਲ ਕਹਿਣ ਲੱਗਾ, "ਮੈਂ ਅੱਜ ਇਕ ਸੁੱਖਣਾ ਸੁੱਖੀ ਹੈ।"

ਮੈਂ ਕਿਹਾ, "ਕੀ?"

ਕਹਿਣ ਲੱਗਾ, "ਮੈਂ ਗੁਰਦੁਆਰੇ ਦੇ ਭਾਈ ਜੀ ਕੋਲੋਂ, ਤੈਨੂੰ ਆਪਣੀ ਹਮਸਫ਼ਰ ਬਣਾਉਣ ਨਮਿਤ ਅਰਦਾਸ ਕਰਾ ਕੇ ਆਇਆ ਹਾਂ।

ਤੇ ਪਤੈ ਮੈਂ ਕੀ ਕਿਹਾ? "ਚਾਨਣ! ਤੇਰੇ ਅੱਬੂ ਤਾਂ ਵਿਦੇਸ਼ੀ ਕਰੰਸੀ ਦੇ ਵਪਾਰ ਲਈ ਅਕਸਰ ਵਲੈਤਾਂ 'ਚ ਜਾਂਦੇ ਰਹਿੰਦੇ ਨੇ। ਤੂੰ ਮੈਨੂੰ ਕਿਸੇ ਦੂਸਰੇ ਮੁਲਕ ਨਸਾ ਕੇ ਕਿਉਂ ਨਹੀਂ ਲੈ ਜਾਂਦਾ। ਮੈਂ ਸੱਚ-ਮੁੱਚ ਇਕ ਸਿੱਖਣੀ ਬਣ ਕੇ ਤੇਰੇ ਲੜ ਲੱਗਣਾ ਚਾਹੁੰਦੀ ਹਾਂ।" ਉਹ ਕਹਿੰਦਾ, "ਨਾ, ਮੈਂ ਏਨਾ ਬੇ-ਗ਼ੈਰਤ ਨਹੀਂ ਹਾਂ। ਇਸ ਤਰ੍ਹਾਂ ਕਰਨ ਨਾਲ ਹਾਸ਼ਮੀ ਚਾਚੇ ਨਾਲ ਵਿਸਾਹਘਾਤ ਹੋਵੇਗਾ। ਮੈਂ ਇਕ ਰਿਸ਼ਤਾ ਜੋੜਨ ਲਈ ਹੋਰ ਸਾਰੇ ਰਿਸ਼ਤੇ ਕਿਵੇਂ ਤੋੜ ਦਿਆਂ?" ਸੱਚੀਂ ਉਹਦੇ ਏਨੇ ਉਚੇ ਆਦਰਸ਼ ਸੁਣ ਕੇ ਸਤਿਕਾਰ ਨਾਲ ਮੇਰੀਆਂ ਅੱਖਾਂ ਛਲਕ ਉਠੀਆਂ ਸਨ।

ਫੇਰ ਪਤਾ ਕੀ ਹੋਇਆ? ਜਿਸ ਦਿਨ ਸਾਡੇ ਮੁਹੱਲੇ 'ਤੇ ਬੰਬ ਡਿੱਗੇ, ਸਾਡੀ ਤਾਂ ਜਾਨ ਬਚ ਗਈ, ਪਰ ਚਾਨਣ ਹੋਰਾਂ ਦਾ ਖੁਰਾ-ਖੋਜ ਵੀ ਨਾ ਲੱਭਾ। ਮੈਂ ਉਸ ਨੂੰ ਯਾਦ ਕਰਕੇ ਜ਼ਾਰ-ਜ਼ਾਰ ਰੋਈ ਸਾਂ। ਪਰ ਉਸ ਹਫੜਾ-ਦਫੜੀ ਵਿਚ ਸਾਰੇ ਸ਼ਹਿਰ ਨੂੰ ਭਾਜੜ ਪੈ ਗਈ ਤੇ ਅੱਬੂ ਹੋਰਾਂ ਨੇ ਦਰ੍ਹਾ ਖ਼ੈਬਰ ਵੱਲ ਕੂਚ ਕਰ ਦਿੱਤਾ।

ਤੇਰੀ ਸ਼ਕਲ ਵੇਖ ਕੇ ਤਾਂ ਕਦੀ-ਕਦੀ ਅੱਬੂ ਵੀ ਚਾਨਣ ਨੂੰ ਯਾਦ ਕਰਦੇ ਡੁਲ੍ਹ ਪੈਂਦੇ ਸਨ। ਸੱਚ ਪੁੱਛੇਂ ਤਾਂ ਤੂੰ ਮੈਨੂੰ ਉਹਦੇ ਵਰਗਾ ਹੀ ਸਾਫ ਦਿਲ ਲੱਗਾ ਸੈਂ। ਜੇ ਸਾਫ ਦਿਲ ਨਾ ਹੁੰਦਾ ਤਾਂ ਜਿਵੇਂ ਉਸ ਰਾਤ ਦੇ ਹਨੇਰੇ ਵਿਚ ਅਸੀਂ ਏਨਾ ਸਮਾਂ ਇਕ ਦੂਸਰੇ ਦੀ ਬੁੱਕਲ ਵਿਚ ਤੇਰੀ ਬੇਸਮੈਂਟ 'ਚ ਕੱਟਿਆ ਸੀ, ਮੈਂ ਤੇਰੇ ਕੋਲੋਂ ਬੇਦਾਗ਼ ਹੋਏ ਬਿਨਾ ਕਿਵੇਂ ਪਰਤ ਸਕਦੀ ਸਾਂ? ਪਤਾ ਨਹੀਂ, ਮੇਰੇ ਹੋਂਠਾਂ 'ਤੇ ਤੇਰੀ ਉਹ ਇਕ ਮਹਿਬੂਬ ਦਾ ਚੁੰਬਨ ਸੀ ਜਾਂ ਇਕ ਲੜਕੇ ਵੀਰ ਵਾਲਾ। ਦਰਅਸਲ ਮੇਰੀ ਤਾਂ ਉਕਾ ਰੂਹ ਨਹੀਂ ਸੀ ਕਰਦੀ, ਉਸ ਘੜੀ ਤੈਥੋਂ ਵੱਖ ਹੋਣ ਨੂੰ। ਵਕਤ ਨੇ ਵਫ਼ਾ ਨਾ ਕੀਤੀ। ਸਾਡੇ ਵਿਚਕਾਰ ਏਨੀ ਵਿੱਥ ਪਾ ਦਿੱਤੀ। ਕਈ ਵਾਰੀ ਜੀ ਕਰਦਾ ਸੀ, ਤੈਨੂੰ ਆਵਾਜ਼ ਦਿਆਂ। ਫੇਰ ਸੋਚਿਆ, ਮੈਂ ਇਕ ਬਦਨਾਮ ਲੜਕੀ ਤੇਰੇ ਲਾਇਕ ਕਿਵੇਂ ਹੋ ਸਕਦੀ ਹਾਂ?

ਯਾਦ ਹੈ, ਤੂੰ ਇਕ ਵਾਰੀ ਕਿਹਾ ਸੀ? ਮੈਂ ਜਦੋਂ ਵੀ ਤੈਨੂੰ ਯਾਦ ਕੀਤਾ, ਤੂੰ ਸੌ ਕੰਮ ਛੱਡ ਕੇ ਵੀ ਮੇਰੇ ਕੋਲ ਪੁੱਜੇਂਗਾ। ਤੇਰਾ ਫ਼ੋਨ ਨੰਬਰ ਮੈਥੋਂ ਕਿਧਰੇ ਗੁਆਚ ਗਿਆ ਸੀ। ਆਖਿਰ ਹਿੰਮਤ ਕਰਕੇ ਹੁਣ ਜਦੋਂ ਆਪਣੀ ਨਿਊ ਯਾਰਕ ਰਹਿੰਦੀ ਸਹੇਲੀ ਰਾਹੀਂ ਤੇਰਾ ਪਤਾ ਕਰਨਾ ਚਾਹਿਆ ਤਾਂ ਉਹ ਕਹਿਣ ਲੱਗੀ ਕਿ ਪਿਛਲੇ ਮਹੀਨੇ ਤੇਰਾ ਵਿਆਹ ਹੋ ਚੁੱਕਾ ਹੈ। ਮੈਂ ਤਾਂ ਸੁਣਦੇ ਸਾਰ ਸੁੰਨ ਹੀ ਹੋ ਗਈ। ਸੱਚ-ਮੁੱਚ ਮੇਰੀ ਕਿਸਮਤ 'ਚ ਉਹ ਪਿਆਰ ਲਿਖਿਆ ਹੀ ਨਹੀਂ, ਜਿਸ ਦੀ ਰਿਸ਼ਮ ਮੇਰੇ ਚਾਨਣ ਨੇ ਵਿਖਾਈ ਸੀ ਤੇ ਜਿਸ ਦਾ ਸੇਕ ਤੇਰੇ ਬੁੱਲ੍ਹਾਂ ਦੀ ਛੋਹ ਨੇ ਨਵੇਂ ਸਿਰੇ ਜਗਾਇਆ ਸੀ।

ਮੇਰੇ ਵਲੋਂ ਵਿਆਹ ਦੀ ਮੁਬਾਰਕਬਾਦ ਕਬੂਲ ਕਰ ਲਵੀਂ ਤੇ ਆਪਣੀ ਖੁਸ਼ ਕਿਸਮਤ ਪਤਨੀ ਨੂੰ ਮੇਰੀ ਇਹ ਅਸੀਸ ਜ਼ਰੂਰ ਪਹੁੰਚਾ ਦੇਵੀਂ।

"ਅੜੀਏ ਤੂੰ ਸੱਚ-ਮੁਚ ਪਿਛਲੇ ਜਨਮ ਵਿਚ ਕੋਈ ਮੋਤੀ ਪੁੰਨ ਕੀਤੇ ਹੋਣਗੇ, ਜਿਹੜਾ ਤੈਨੂੰ ਏਨੇ ਉਚੇ ਆਚਰਣ ਵਾਲਾ ਗੁਰਸਿੱਖ ਪਤੀ ਮਿਲਿਐ। ਇਹ ਇਕ 'ਬੇਸ਼-ਕੀਮਤ' ਹੀਰਾ ਹੈ। ਵੇਖੀਂ ਸਾਂਭ ਕੇ ਰੱਖੀਂ!"

ਇਕ ਅਭਾਗਣ, ਜੋ ਤੇਰੀ ਹੋਣ ਦੇ ਸੁਫ਼ਨੇ ਲੈਂਦੀ ਹੀ ਰਹਿ ਗਈ।

-ਰੋਸ਼ਨ।

# ਮੇਰਾ ਸ਼ਾਮ

**'ਮੇਰਾ ਸ਼ਾਮ' ਨਾਂ ਦੇ ਇਸ ਨਿੱਕੇ ਜਿਹੇ ਲੇਖ ਵਿਚ ਕਾਨਾ ਸਿੰਘ ਨੇ ਬਹੁਤ ਵੱਡਾ ਸਵਾਲ ਸਾਡੇ ਸਭਨਾਂ ਲਈ ਛੱਡਿਆ ਹੈ। ਇਹ ਉਹ ਸਵਾਲ ਹੈ ਜੋ ਸਦੀਆਂ ਤੋਂ ਸਾਡਾ ਖਹਿੜਾ ਨਹੀਂ ਛੱਡ ਰਿਹਾ; ਅੰਤਾਂ ਦੀ ਤਰੱਕੀ ਦੇ ਬਾਵਜੂਦ ਇਹ ਜਿਉਂ ਦਾ ਤਿਉਂ ਸਮਾਜ ਦੀਆਂ ਜੜ੍ਹਾਂ ਵਿਚ ਕੁੰਡਲੀ ਮਗਰ ਕੇ ਬੈਠਾ ਹੋਇਆ ਹੈ ਅਤੇ ਅਕਸਰ ਆਪਣਾ ਫਨ ਉਤਾਂਹ ਉਲਾਰ ਕੇ ਜ਼ਹਿਰ ਛਿੜਕਾ ਜਾਂਦਾ ਹੈ। ਇਹ ਸਵਾਲ ਜਾਤ ਬਾਰੇ ਹੈ ਜਿਸ ਕਾਰਨ ਅਨੇਕਾਂ ਜਿਉੜਿਆਂ ਨੂੰ ਬੇਵਜ੍ਹਾ ਨਮੋਸ਼ੀ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਕਾਨਾ ਸਿੰਘ ਨੇ ਇਹ ਸਵਾਲ ਬਹੁਤ ਭਾਵੁਕ ਹੋ ਕੇ ਉਠਾਇਆ ਹੈ ਅਤੇ ਆਪਣੇ ਇਕ ਹੋਣਹਾਰ ਵਿਦਿਆਰਥੀ ਦੀ ਕਥਾ ਛੋਹੀ ਹੈ। ਇਹ ਕਥਾ ਉਦਾਸ ਕਰਨ ਵਾਲੀ ਤਾਂ ਹੈ, ਪਰ ਅਜਿਹੀਆਂ ਉਦਾਸੀਆਂ ਵਿਚੋਂ ਹੀ ਤਾਂ ਫਿਰ ਪਿਆਰ ਦੇ ਬੀਜ ਪੁੰਗਰਦੇ ਹਨ! -ਸੰਪਾਦਕ**



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

ਸੰਨ 1957...ਪ੍ਰਾਇਮਰੀ ਸਕੂਲ ਦੀ ਅਧਿਆਪਕਾ ਸਾਂ ਮੈਂ, ਤੀਜੀ ਜਮਾਤ ਦੀ। ਸ਼ਾਮ ਮਨੀਟਰ ਸੀ ਮੇਰੀ ਜਮਾਤ ਦਾ, ਤੇ ਮੇਰਾ ਮਨਭਾਉਂਦਾ ਵਿਦਿਆਰਥੀ। ਸਕੂਲ ਦੁਪਹਿਰੇ ਲਗਦਾ ਸੀ, ਇਕ ਵਜੇ। ਸਵੇਰੇ ਘਰਾਂ ਦੀ ਸਫ਼ਾਈ ਕਰਨ ਮਗਰੋਂ, ਸ਼ਾਮ ਨਹਾ ਧੋ ਕੇ ਸਾਫ਼ ਸੁਥਰੀ ਵਰਦੀ ਵਿਚ ਸਕੂਲ ਆਉਂਦਾ ਸੀ। ਉਚੀਆਂ ਜਾਤਾਂ ਦੇ ਬਾਲਕ ਭਾਵੇਂ ਕਦੇ ਬਿਨਾਂ ਵਰਦੀ ਦੇ ਜਾਂ ਮੈਲੇ ਕੱਪੜਿਆਂ ਵਿਚ ਸਕੂਲ ਆ ਜਾਵਣ, ਪਰ ਸ਼ਾਮ ਹਮੇਸ਼ਾਂ ਬਿਲਕੁਲ ਸਹੀ ਤੇ ਸਾਫ਼ ਵਰਦੀ ਵਿਚ ਹੁੰਦਾ। ਨਹੁੰ ਕੱਟੇ ਹੋਏ, ਦੰਦ ਸਾਫ਼ ਤੇ ਲਿਸ਼ ਲਿਸ਼ ਕਰਦੇ, ਤੇਲ ਲੱਗੇ, ਕੰਘੀ ਕੀਤੇ ਲਿਸ਼ਕਦੇ ਪਟੇ। ਉਹ ਕਾਲਾ ਸੀ, ਸ਼ਾਹ ਕਾਲਾ ਪਰ ਤਿੱਖੇ ਨੈਣ-ਨਕਸ਼ਾਂ ਵਾਲਾ ਹੋਣਹਾਰ ਬੱਚਾ। ਬੜੀ ਉਂਜ ਨਾਲ ਸ਼ਾਮ ਮੇਰੀ ਸੇਵਾ ਦੀ ਖੁਸ਼ੀ ਲੈਂਦਾ। ਦਫ਼ਤਰ 'ਚੋਂ ਚਾਕ ਮੰਗਵਾਵਾਂ ਜਾਂ ਝਾੜਨ ਜਾਂ ਗਲੋਬ, ਉਹ ਦੌੜ ਕੇ ਮੇਰੇ ਅੱਗੇ ਲਿਆ ਪੇਸ਼ ਕਰਦਾ।

ਅੱਧੀ ਛੁੱਟੀ ਵੇਲੇ ਜ਼ਿਆਦਾ ਕਰ ਕੇ ਮੈਂ ਆਪਣੀ ਜਮਾਤ ਦੇ ਕਮਰੇ ਵਿਚ ਹੀ ਨਾਸ਼ਤਾ ਕਰਦੀ ਤੇ ਨਾਲੋ-ਨਾਲ ਵਿਦਿਆਰਥੀਆਂ ਦੇ ਘਰ ਦੇ ਕੰਮ ਦੀਆਂ ਕਾਪੀਆਂ ਚੈੱਕ ਕਰਦੀ ਰਹਿੰਦੀ। ਬੱਚੇ ਆਪੋ-ਆਪਣੇ ਟਿਫ਼ਨ ਖਾਂਦੇ ਤੇ ਮੈਂ ਆਪਣਾ ਚਾਰਾ। ਕਦੇ ਖੀਰੇ, ਮੂਲੀਆਂ, ਟਮਾਟਰ ਤੇ ਕਦੇ ਫਲ। ਇਹ ਸਭ ਕੁਝ ਸ਼ਾਮ ਬੜੇ ਚਾਅ ਨਾਲ ਧੋਂਦਾ, ਕੱਟਦਾ ਤੇ ਮੈਨੂੰ ਪਰੋਸਦਾ। ਇੰਜ ਨੇੜੇ ਦੀ ਸਾਂਝ ਮੈਨੂੰ ਵੀ ਮਾਫ਼ਕ ਸੀ ਤੇ ਬੱਚਿਆਂ ਨੂੰ ਵੀ। ਜਿਹੜੇ ਚਾਹੁਣ ਕਮਰੇ ਵਿਚ ਬੈਠਣ, ਜਿਹੜੇ ਚਾਹੁਣ ਮੈਦਾਨ ਵਿਚ ਜਾ ਖੇਡਣ। ਮੈਂ ਵੀ ਤਾਂ ਕਦੇ ਕਦੇ ਸਟਾਫ਼ ਰੂਮ ਵਿਚ ਸਾਰੀਆਂ ਅਧਿਆਪਕਾਵਾਂ ਨਾਲ ਚਾਹ-ਪਾਣੀ ਵੇਲੇ ਸ਼ਾਮਲ ਹੁੰਦੀ ਸਾਂ। ਜ਼ਿਆਦਾ ਕਰ ਕੇ ਇੰਜ ਇਮਤਿਹਾਨਾਂ ਦੌਰਾਨ ਹੀ ਹੁੰਦਾ ਸੀ ਜਦੋਂ ਕੁੜੀਆਂ-ਮੁੰਡੇ ਪਰਚੇ ਦੇ ਕੇ ਘਰੋ-ਘਰ ਚਲੇ ਜਾਂਦੇ ਜਾਂ ਮੈਦਾਨ ਵਿਚ ਖੇਡਣ ਲਗਦੇ ਤੇ ਅਸੀਂ ਸਾਰੀਆਂ ਉਸਤਾਨੀਆਂ ਸਟਾਫ਼ ਰੂਮ ਵਿਚ ਬਹਿ ਕੇ ਪਰਚੇ ਚੈੱਕ ਕਰਦੀਆਂ।

ਇਹੋ ਜਿਹਾ ਹੀ ਇਕ ਦਿਨ ਸੀ। ਹਾਸਾ-ਠੱਠਾ, ਚਾਹ-ਪਕੌੜੇ। ਮੁੱਖ ਅਧਿਆਪਕਾ ਸ਼ੀਲਾ ਜੈਨ ਲੰਮੀ ਛੁੱਟੀ 'ਤੇ ਸੀ। ਉਹਦੀ ਥਾਂ 'ਤੇ ਮੈਂ ਹੀ ਮੁਖ਼ਤਿਆਰ ਸਾਂ। ਮਾਤਹਿਤ ਸਨ ਮੇਰੀ ਮਾਂ ਵਰਗੀ ਦਇਆਵਤੀ ਭੈਣ ਜੀ, ਕੰਵਲਜੀਤ, ਚੰਚਲ, ਸਰਲਾ ਸ਼ਰਮਾ ਤੇ ਅੱਧਖੜ ਉਮਰ ਦੀਆਂ ਪ੍ਰਕਾਸ਼ਵਤੀ ਤੇ ਅਸ਼ਰਫ਼ੀ ਦੇਵੀ। ਇਹ ਦੋਵੇਂ ਵਿਧਵਾ ਸਨ, ਦਿੱਲੀ ਦੇ ਮੂਲ ਨਿਵਾਸੀ ਪਰਿਵਾਰਾਂ ਨਾਲ ਸਬੰਧਤ। ਅਕਸਰ ਇਕੱਠੀਆਂ ਹੀ ਰਹਿੰਦੀਆਂ। ਲਤਗੁੱਚ। ਸਾਂਝੇ ਪੂਜਾ-ਪਾਠ, ਰਸਮ-ਰਿਵਾਜ ਤੇ ਨੇਮ-ਬਰਤ। ਅਸ਼ਰਫ਼ੀ ਦੇਵੀ ਆਪਣੀ ਹਿੰਮਤ ਤੇ ਬਲਬੂਤੇ ਆਪਣੇ ਪੁੱਤਰ ਨੂੰ ਡਾਕਟਰੀ ਕਰਵਾ ਰਹੀ ਸੀ, ਤੇ ਪ੍ਰਕਾਸ਼ਵਤੀ ਦੀਆਂ ਦੋਵੇਂ ਧੀਆਂ ਅਧਿਆਪਕ ਸਨ।

ਮਾਹੌਲ ਖੁਸ਼ਗਵਾਰ ਸੀ।

"ਅਰੇ ਭਸੀਨ ਜੀ (ਮੈਂ) ਪਾਨੀ ਤੋ ਮੰਗਵਾਈਏ।"

ਦਇਆਵਤੀ ਚਪੜਾਸਣ ਜਾਂ ਛੁੱਟੀ 'ਤੇ ਸੀ, ਜਾਂ ਫਿਰ ਕਿਧਰੇ ਅੱਗੇ-ਪਿੱਛੇ।

"ਅਰੇ ਸ਼ਾਮ ਜ਼ਰਾ ਪਾਨੀ ਤੋ ਲਾ ਦੇ।"



***ਮੈਂ ਪਾਣੀ ਦਾ ਜੱਗ ਚੁੱਕਿਆ ਤੇ ਸਾਹਮਣੇ ਮੈਦਾਨ ਵਿਚ ਖੇਡਦੇ ਸ਼ਾਮ ਨੂੰ ਆਵਾਜ਼ ਲਗਾਈ।***

***ਸ਼ਾਮ ਦੌੜਦਾ ਗਿਆ। ਨਲ ਤੋਂ ਜੱਗ ਭਰ ਲਿਆਇਆ ਤੇ ਗਲਾਸ ਚੁੱਕੀ ਸਭ ਨੂੰ ਵਾਰੋਵਾਰ ਪਾਣੀ ਪਿਲਾਣ ਲੱਗਾ। ਅਸ਼ਰਫ਼ੀ ਦੇਵੀ ਨੇ ਵੀ ਪੀ ਲਿਆ। ਪਰਚਾ ਵੇਖਦੀ ਨੇ ਜਦੋਂ ਜੂਠਾ ਗਲਾਸ ਫੜਾਉਂਦਿਆਂ ਸਿਰ ਚੁੱਕ ਕੇ ਸ਼ਾਮ ਵੱਲ ਵੇਖਿਆ ਤਾਂ ਤੜਫ਼ ਉਠੀ: "ਅਰੇ ਭਸੀਨ ਜੀ, ਯੇਹ ਕਿਆ ਕੀਆ ਆਪ ਨੇ? ਆਪ ਨੇ ਤੋ ਹਮਾਰਾ ਜਨਮ ਹੀ ਭ੍ਰਸ਼ਟ ਕਰ ਦੀਆ। ਯੇਹ ਤੋ ਅਛੂਤ ਹੈ, ਭੰਗੀ। ਹਮਾਰੀ ਗਲੀ ਕੀ ਨਾਲੀਆਂ ਧੋਤਾ ਹੈ।"***

***ਸ਼ਾਮ ਉਥੇ ਹੀ ਜੰਮ ਗਿਆ, ਫੱਕ। ਬੁੱਤ ਦਾ ਬੁੱਤ ਤੇ ਮੈਂ ਓਿੱਸ ਪਈ। ਫੁੱਟ ਫੁੱਟ ਅੱਥਰੂ।***

ਕੰਵਲਜੀਤ 'ਨਾ ਯੇਹ ਚਾਂਦ ਹੋਗਾ ਨਾ ਤਾਰੇ ਰਹੇਂਗੇ' ਹੁਣੇ ਹੁਣੇ ਗਾ ਕੇ ਹਟੀ ਸੀ ਤੇ ਸਰਲਾ 'ਜਾਨੇ ਕਿਆ ਤੂਨੇ ਕਹੀ ਜਾਨੇ ਕਿਆ ਮੈਨੇ ਸੁਨੀ...' ਛੁਹਣ ਵਾਲੀ। ਇਹ ਉਸ ਦਾ ਮਨਭਾਉਂਦਾ ਗੀਤ ਸੀ ਤੇ ਅਸਾਂ ਸਾਰੀਆਂ ਦੀ ਹਮੇਸ਼ਾਂ ਦੀ ਫਰਮਾਇਸ਼।

ਮੈਂ ਪਾਣੀ ਦਾ ਜੱਗ ਚੁੱਕਿਆ ਤੇ ਸਾਹਮਣੇ ਮੈਦਾਨ ਵਿਚ ਖੇਡਦੇ ਸ਼ਾਮ ਨੂੰ ਆਵਾਜ਼ ਲਗਾਈ।

ਸ਼ਾਮ ਦੌੜਦਾ ਗਿਆ। ਨਲਕੇ ਤੋਂ ਜੱਗ ਭਰ ਲਿਆਇਆ ਤੇ ਗਲਾਸ ਚੁੱਕੀ ਸਭ ਨੂੰ ਵਾਰੋਵਾਰ ਪਾਣੀ ਪਿਲਾਣ ਲੱਗਾ। ਅਸ਼ਰਫ਼ੀ ਦੇਵੀ ਨੇ ਵੀ ਪੀ ਲਿਆ। ਪਰਚਾ ਵੇਖਦੀ ਨੇ ਜਦੋਂ ਜੂਠਾ ਗਲਾਸ ਫੜਾਉਂਦਿਆਂ ਸਿਰ ਚੁੱਕ ਕੇ ਸ਼ਾਮ ਵੱਲ ਵੇਖਿਆ ਤਾਂ ਤੜਫ਼ ਉਠੀ: "ਅਰੇ ਭਸੀਨ ਜੀ, ਯੇਹ ਕਿਆ ਕੀਆ ਆਪ ਨੇ? ਆਪ ਨੇ ਤੋ ਹਮਾਰਾ ਜਨਮ ਹੀ ਭ੍ਰਸ਼ਟ ਕਰ ਦੀਆ। ਯੇਹ ਤੋ ਅਛੂਤ ਹੈ, ਭੰਗੀ। ਹਮਾਰੀ ਗਲੀ ਕੀ ਨਾਲੀਆਂ ਧੋਤਾ ਹੈ।"

ਸ਼ਾਮ ਉਥੇ ਹੀ ਜੰਮ ਗਿਆ, ਫੱਕ। ਬੁੱਤ ਦਾ ਬੁੱਤ ਤੇ ਮੈਂ ਓਿੱਸ ਪਈ। ਫੁੱਟ ਫੁੱਟ ਅੱਥਰੂ।

ਉਸ ਤੋਂ ਬਾਅਦ ਮੈਂ ਕਦੇ ਵੀ ਸ਼ਾਮ ਨਾਲ ਅੱਖ ਨਾ ਮਿਲਾ ਸਕੀ।

ਉਦੋਂ ਪਹਿਲੀ ਤੋਂ ਪੰਜਵੀਂ ਜਮਾਤ ਤਕ ਇਕੋ ਹੀ ਅਧਿਆਪਕਾ ਹੁੰਦੀ ਸੀ। ਉਹ ਵਿਦਿਆਰਥੀਆਂ ਦੇ ਨਾਲੋ-ਨਾਲ ਪਰੋਮੋਟ ਹੁੰਦੀ। ਇੰਦਾਂ ਬਾਲਕਾਂ ਦੀ ਅਧਿਆਪਕ ਨਾਲ ਭਾਵੁਕ ਸਾਂਝ ਪੈ ਜਾਂਦੀ ਜੋ ਬਾਲ-ਮਨ ਦੇ ਵਿਕਾਸ ਲਈ ਬਹੁਤ ਜ਼ਰੂਰੀ ਹੈ।

ਚੌਥੀ ਤੇ ਪੰਜਵੀਂ, ਹੋਰ ਦੋ ਸਾਲ ਸ਼ਾਮ ਮੇਰੇ ਨਾਲ ਰਿਹਾ, ਮੇਰੀ ਜਮਾਤ ਵਿਚ। ਜਮਾਤ ਦਾ ਮਨੀਟਰ ਪਰ ਮੇਰਾ ਉਸ ਦਾ ਰਿਸ਼ਤਾ ਚੁੱਪ ਦਾ ਹੀ ਸੀ, ਗੁੱਝੀ ਪੀੜ ਦਾ ਰਿਸ਼ਤਾ।

ਅੱਖਾਂ ਹੀ ਅੱਖਾਂ ਰਾਹੀਂ ਦਰਦ ਦਾ ਸੰਚਾਰ।

ਮੈਂ ਅਸ਼ਰਫ਼ੀ ਦੇਵੀ ਨੂੰ ਕੁਝ ਤਾਂ ਕਹਿ ਸਕਦੀ ਸਾਂ। ਸਟਾਫ਼ ਵਿਚ ਸੰਵਾਦ ਤਾਂ ਛੇੜ ਸਕਦੀ ਸਾਂ। ਉਸ ਦੇ ਖਿਲਾਫ਼ ਰਿਪੋਰਟ ਤਾਂ ਕਰ ਸਕਦੀ ਸਾਂ? ਆਖਰ ਮੁੱਖ ਅਧਿਆਪਕਾ ਦੇ ਅਹੁਦੇ 'ਤੇ ਸਾਂ।

ਮੈਂ ਕਿਉਂ ਚੁੱਪ ਰਹਿ ਗਈ?

ਮੇਰੇ ਅੱਥਰੂ ਮੇਰੀ ਕਮਜ਼ੋਰੀ ਸਨ, ਬੇਵਸੀ ਜਾਂ ਉਮਰ ਦਾ ਲਿਹਾਜ਼?

ਅਸ਼ਰਫ਼ੀ ਦੇਵੀ ਸਦਾ ਵਿਚਕਾਰ ਰਹੀ। ਮੇਰੇ ਤੇ ਸ਼ਾਮ ਦੇ।

ਪੰਜਵੀਂ ਦਾ ਨਤੀਜਾ ਨਿਕਲਿਆ। ਸ਼ਾਮ ਅੱਵਲ ਆਇਆ। ਪਹਿਲੀ ਵਾਰ।

"ਸ਼ਾਮ ਮਿਠਾਈ ਨਹੀਂ ਖਿਲਾਈ ਤੂਨੇ।" ਸਰਟੀਫਿਕੇਟ ਫੜਾਉਂਦਿਆਂ ਮੈਂ ਸ਼ਾਮ ਦੀ ਗੱਲ੍ਹ 'ਤੇ ਚੂਟਕੀ ਲਈ।

"ਅਭੀ ਲਾਤਾ ਹੂੰ ਦੀਦੀ।" ਸ਼ਾਮ ਦੌੜ ਗਿਆ। ਜਲਦੀ ਹੀ ਪਰਤ ਆਇਆ ਲੱਡੂਆਂ ਦੇ ਡੱਬੇ ਨਾਲ। ਅੱਧਾ ਲੱਡੂ ਉਹਨੂੰ ਖੁਆ ਕੇ ਅੱਧਾ ਮੈਂ ਆਪਣੇ ਮੂੰਹ ਵਿਚ ਪਾ ਲਿਆ।

ਅੱਖਾਂ ਭਰ ਆਈਆਂ ਸ਼ਾਮ ਦੀਆਂ ਵੀ ਤੇ ਮੇਰੀਆਂ ਵੀ।... ਬਸ ਇਕ ਤਰਲਾ ਮਾਤਰ ਹੀ ਸੀ ਗੁਨਾਹ ਦੇ ਅਹਿਸਾਸ ਤੋਂ ਮੁਕਤ ਹੋਣ ਦਾ।

ਪਰ ਕੀ ਇੰਨੀ ਹੀ ਸੌਖੀ ਹੈ ਮੁਕਤੀ?

#

---

## ਕਾਵਿ-ਕਿਆਰੀ

### ਸੱਤ ਸਮੁੰਦਰੋਂ ਪਾਰ

ਸੱਤ ਸਮੁੰਦਰ ਲੰਘ ਆਇਆ ਹਾਂ।
ਸਭ ਕੁਝ ਲੈ ਕੇ ਸੰਗ ਅਇਆ ਹਾਂ।
ਕਲ੍ਹਾ-ਕਲੇਸ਼ ਕਰੋਧ ਵੀ ਆਏ,
ਵਾਦ-ਵਿਵਾਦ ਵਿਰੋਧ ਵੀ ਆਏ।
ਈਰਖਾ ਆਈ ਤ੍ਰਿਸ਼ਨਾ ਆਈ,
ਮੰਦ-ਬੋਲੀ ਇਹ ਰਸਨਾ ਆਈ।

ਜਾਤ ਵੀ ਆਈ ਪਾਤ ਵੀ ਆਈ,
ਸੰਗ ਮੇਰੇ ਔਕਾਤ ਵੀ ਆਈ।
ਉਚ-ਨੀਚ ਮੈਂ ਛੱਡ ਨਾ ਸਕਿਆ,
ਭਿੰਨ-ਭੇਦ ਮੈਂ ਰੱਦ ਨਾ ਸਕਿਆ।
ਰਾਜਨੀਤੀ ਨੇ ਰੰਗ ਵਿਖਾਇਆ,
ਏਥੇ ਵੀ ਆਪਣਾ ਢੰਗ ਵਿਖਾਇਆ।

ਗੁਰੂ ਘਰਾਂ ਦਾ ਅਰਥ ਮੈਂ ਭੁੱਲਿਆ,
ਚੌਧਰ ਵਿਚ ਵਿਅਰਥ ਮੈਂ ਭੁੱਲਿਆ।
ਕਥਾ-ਕੀਰਤਨ ਸੁਣਨਾ ਸੀ ਮੈਂ,
ਰੱਬ ਦੇ ਨਾਮ ਨਾਲ ਜੁੜਨਾ ਸੀ ਮੈਂ।
ਸ਼ਾਂਤੀ ਲਈ ਸੀ ਦਰ ਬਣਾਏ,
ਰਣ-ਭੂਮੀ ਗੁਰੂ ਘਰ ਬਣਾਏ।

ਦੇਸ਼ ਵੀ ਖੋਇਆ ਵੇਸ ਵੀ ਖੋਇਆ,
ਇੰਜ ਜਾਪੇ ਪਰਦੇਸ ਵੀ ਖੋਇਆ।
ਜੇ ਮੈਂ ਛੱਡ ਕੇ ਔਗੁਣ ਆਉਂਦਾ,
ਏਥੋਂ ਦੇ ਮੈਂ ਗੁਣ ਅਪਨਾਉਂਦਾ।

ਆਪਣੇ ਵਤਨ ਦੇ ਗੁਣ ਨਾ ਭੁੱਲਦਾ,
ਚਮਕ-ਦਮਕ 'ਤੇ ਮੈਂ ਨਾ ਡੁੱਲ੍ਹਦਾ।
ਦੇਸ਼ ਦਾ ਨਾਂ ਫਿਰ ਉਚਾ ਹੁੰਦਾ,
ਪਰਦੇਸ ਵੀ ਮੇਰਾ ਸੁੱਚਾ ਹੁੰਦਾ।

***-ਸੁਖਦੇਵ ਸਿੰਘ ਸ਼ਾਂਤ***
***ਇੰਡੀਅਨਐਪੋਲਿਸ।***

### ਸਰਕਾਰ ਜੀ...

ਗਿਆਰਾ ਮਹੀਨੇ ਦੇ ਵਿਚ ਤੁਸੀਂ,
ਲਾ ਲਏ ਪੰਦਰਾਂ ਗੇੜੇ ਨੇ,
ਕਾਲਾ ਧੰਨ ਜੋ ਵਾਪਸ ਲਿਆਏ,
ਭਰੇ ਖਜ਼ਾਨੇ ਬਥੇਰੇ ਨੇ।
ਵਾਪਸ ਲਿਆਂਦਾ ਧੰਨ ਆਪਾਂ,
ਬਾਹਰ ਨਹੀਂ ਮੁਕਾਉਣਾ ਏ,
ਦੱਸੋ ਮੇਰੀ ਸਰਕਾਰ ਜੀ,
ਕਦੋਂ ਵਤਨੀ ਫੇਰਾ ਪਾਉਣਾ ਏ?

ਥੋੜੀ ਚਲਾਈ ਮੁਹਿਮ ਦੇ ਸਦਕਾ,
ਹੋ ਗਈ ਪੂਰੀ ਸਫਾਈ ਏ,
ਹੁਣ ਤਾਂ ਕਿਤੇ ਲੱਭਣ 'ਤੇ ਵੀ,
ਗੰਦਗੀ ਨਜ਼ਰ ਨਾ ਆਈ ਏ।
ਵਿਦੇਸ਼ਾਂ ਵਰਗਾ ਹੀ ਲੱਗਣਾ ਏ,
ਜਦੋਂ ਤੁਸੀਂ ਮੁੜ ਆਉਣਾ ਏ।
ਦੱਸੋ ਮੇਰੀ ਸਰਕਾਰ ਜੀ,
ਕਦੋਂ ਵਤਨੀ ਫੇਰਾ ਪਾਉਣਾ ਏ?

ਖੇਤੀ, ਬਿਜਨਸ ਚੰਗੇ ਚੱਲਦੇ,
ਹੋ ਗਏ ਵਾਰੇ ਨਿਆਰੇ ਨੇ,
ਨਾ ਕੋਈ ਦਿਸੇ ਰੋਸ ਮੁਜਾਹਰਾ,
ਨਾਹੀਂ ਲੱਗਦੇ ਨਾਹਰੇ ਨੇ,
'ਅੱਛੇ ਦਿਨ' ਆ ਗਏ ਲੱਗਦੈ,
ਤੁਹਾਡਾ ਬਾਕੀ ਆਉਣਾ ਏ।
ਦੱਸੋ ਮੇਰੀ ਸਰਕਾਰ ਜੀ,
ਕਦੋਂ ਵਤਨੀ ਫੇਰਾ ਪਾਉਣਾ ਏ?

ਸਾਡੇ ਖਾਸ ਪੰਜਾਬ ਉਤੇ,
ਵਾਹਵਾ ਈ ਨਦਰ ਸਵੱਲੀ ਏ,
ਬੱਦਲਾਂ ਨੇ ਕਦੇ ਬਾਦਲ ਨੇ,
ਕਰਵਾ ਰੱਖੀ ਤਸੱਲੀ ਏ।
ਮਿੰਟੋ-ਮਿੰਟੀ ਫਸਲ ਵਿੱਕ'ਗੀ,
ਮੁਆਵਜ਼ਾ ਵਾਹਵਾ ਆਉਣਾ ਏ।
ਦੱਸੋ ਮੇਰੀ ਸਰਕਾਰ ਜੀ,
ਕਦੋਂ ਵਤਨੀ ਫੇਰਾ ਪਾਉਣਾ ਏ?

ਵੇਖ 'ਦਵਿੰਦਰਾ' ਅਮੀਰੀ ਸਾਡੀ,
ਸੁਟ ਲੱਖਾਂ ਦੇ ਪਾਉਂਦੇ ਹਾਂ,
ਜਨਤਾ ਤਰਸੇ ਰੋਟੀ ਨੂੰ,
ਪਰ ਪੈਰ ਨਾ ਜਹਾਜ਼ੋਂ ਲਾਹੁੰਦੇ ਹਾਂ।
ਫੁੱਟ-ਪਾਥ 'ਤੇ ਸੌਂਦੇ ਲੋਕੀਂ,
ਜਿਨ੍ਹਾਂ ਫਿਰ ਜਿਤਾਉਣਾ ਏ।
'ਪੰਜਾਬ' ਕੈਲੀਫੋਰਨੀਆ ਬਣਿਆ,
'ਦੇਸ਼' ਅਮਰੀਕਾ ਬਣਾਉਣਾ ਏ।

***-ਦਵਿੰਦਰ ਸਿੰਘ ਸੇਖੋਂ***
***ਫੋਨ: 913-735-4661***

---

### ਚੁੱਪ ਸਰਕਾਰ

ਗਲਤ ਕੰਮੋਂ ਪਿਆਰ ਦੇ ਨਾਲ ਵਰਜੋ,
ਇੱਕ ਦੂਜੇ ਦਾ ਕਰੋ ਸਤਕਾਰ ਭਾਈਓ।
ਪੂਰੀ ਕੌਮ ਨੂੰ ਦਾਅ 'ਤੇ ਨਾ ਲਾਵੋ,
ਬਾਬੇ ਨਾਲ ਜੇ ਹੈਗਾ ਪਿਆਰ ਭਾਈਓ।
ਕਿਰਪਾ ਵਾਲੀ ਕਿਰਪਾਨ ਨੂੰ ਛੱਡ ਦਿੱਤਾ,
ਖਿੱਚ ਲਈ ਹੈ ਤੁਸੀਂ ਤਲਵਾਰ ਭਾਈਓ।
ਕੌਣ ਕਹਿੰਦਾ ਹੈ ਸਿੱਖਾਂ 'ਤੇ ਜ਼ੁਲਮ ਹੁੰਦਾ,
ਸੋਧਾ ਲਾਣ ਨੂੰ ਲਾਇਆ ਦਰਬਾਰ ਭਾਈਓ।

ਜੇਕਰ ਆਪ ਹੀ ਆਪਣੀ ਲਾਹੀ ਜਾਂਦੇ,
ਬੰਨ੍ਹੂ ਪੋਚਵੀਂ ਕੌਣ ਦਸਤਾਰ ਭਾਈਓ।
ਹਰ ਥਾਂ 'ਤੇ ਪਹਿਰਾ ਹੈ ਲਾਲੋਆਂ ਦਾ,
ਬਣ ਕੇ ਚੱਲੋ ਨਾ ਭਾਗੋ ਦੇ ਯਾਰ ਭਾਈਓ।
ਇਹੀ ਕਾਲੀਆਂ ਬਿੱਲੀਆਂ ਕਰਦੀਆਂ ਸੀ,
ਲੋਕਾਂ ਵਾਸਤੇ ਬੜਾ 'ਉਪਕਾਰ' ਭਾਈਓ।
ਇੱਕ ਦੂਜੇ ਦੀਆਂ ਸ਼ਹਾਦੀਆਂ, ਤਾਂ ਭਰਦੇ,
ਲੁਚਾ ਰਿਹਾ ਹੈ ਲੰਡੇ ਦਾ ਯਾਰ ਭਾਈਓ।
ਰਾਖੀ ਆਪਣੇ ਇਸ਼ਟ ਦੀ ਕਰਨ ਖਾਤਰ,
ਚੁੱਕ ਲਏ ਨੇ ਤੁਸੀਂ ਹਥਿਆਰ ਭਾਇਓ।
ਪੱਗ ਇੱਕ ਦੀ ਦੂਜੇ ਦੇ ਹੱਥ ਹੋਵੇ,
ਕੀਤੀ ਚੁੱਪ ਹੈ ਤਾਹੀਂ ਸਰਕਾਰ ਭਾਈਓ।

***-ਹਰਜਿੰਦਰ ਸਿੰਘ ਗੁਲਪੁਰ***

### ਮੇਰਾ ਮਾਹੀ ਮਲਵਈ

ਦੇਸ ਮਾਲਵਾ ਸੀ ਮੇਰਾ
ਅਤੇ ਮਾਹੀ ਮਲਵਈ।
ਉਹਨੂੰ ਪਹਿਲੀ ਵਾਰੀ ਤੱਕ ਕੇ
ਮੈਂ ਮਰ ਮਰ ਗਈ।

ਉਹਦੇ ਗਲ ਸੋਹੇ ਕੈਂਠਾ, ਕੰਨੀ ਸੀ ਨੱਤੀਆਂ।
ਹੱਥ ਸੰਮਾਂ ਵਾਲੀ ਡਾਂਗ,
ਨਸ਼ਈ ਸੀ ਅੱਖੀਆਂ।
ਮੈਂ ਤਾਂ ਵੇਖਦੇ ਹੀ ਸਾਰ, ਮਰ ਮਰ ਗਈ।...

ਖੇਤੀਂ ਕਣਕਾਂ ਸੀ ਪੱਕੀਆਂ,
ਵਾਢੀ ਕੀਤੀ ਜੱਟੀਆਂ।
ਵਿਸਾਖੀ ਵਾਲੇ ਮੇਲੇ ਵਿਚ
ਰੌਣਕਾਂ ਸੀ ਹੱਟੀਆਂ।
ਵਾਰ ਵਾਰ ਉਡ ਜਾਏ,
ਮੇਰੀ ਚੁੰਨੀ ਸੁਰਮਈ।...

ਤੀਆਂ ਜਦੋਂ ਆਈਆਂ,
ਬਣੇਂ ਖੀਰ ਮਾਲ-ਪੂੜੇ।
ਰਲ ਪੀਘਾਂ ਸੀ ਝੂਟੀਆਂ
ਤਾਂ ਪਿਆਰ ਪਏ ਗੂੜ੍ਹੇ।
ਨੈਣ ਮਿਲੇ ਬਦੋਬਦੀ,
ਸਾਡੀ ਅੱਖ ਲੜ ਗਈ।...

ਪੱਗ ਸਿਰ 'ਤੇ ਰੰਗੀਲੀ,
ਉਤੇ ਤੁਰਲਾ ਕਮਾਲ ਦਾ।
ਧੂਹਵਾਂ ਚਾਦਰਾ ਭੁਲੇਖਾ ਪਾਇਆ
ਰਾਂਝੇ ਵਾਲੀ ਚਾਲ ਦਾ।
ਉਹਦਾ ਮੁੱਖ ਸੀ ਨੂਰਾਨੀ,
ਉਹਦੀ ਅੱਖ ਸੁਰਮਈ।...

ਫਲ, ਕਣਕ, ਮੱਕੀ, ਛੋਨਾ,
ਇਹਦੀ ਧਰਤ ਉਗਾਏ।
ਅੰਨਦਾਤੇ ਪੀਰ ਯੋਧੇ ਜੰਮੇ,
ਵੱਡੇ ਇਹਦੇ ਜਾਏ।
ਪੋਨੇ ਗੰਨਿਆਂ ਦੇ ਖੇਤੋਂ ਲੰਘੀ,
ਲੁਕ ਛਿਪ ਗਈ।...

ਬੈਲਾਂ ਬੋਤੇ ਗਲ ਟੱਲੀਆਂ ਦਾ
ਮਿੱਠਾ ਸੰਗੀਤ ਸੀ।
ਖੂਹ ਦੀਆਂ ਟਿੰਡਾਂ ਵਾਲਾ
ਪਾਣੀ ਮਿੱਠਾ ਸੀਤ ਸੀ।
ਮੈਂ ਵੀ ਮਾਹੀ ਨਾਲ
ਗਾਧੀ ਉਤੇ ਬੈਠ ਗਈ।...

ਮਿੱਸੀ ਰੋਟੀ 'ਤੇ ਸਾਗ ਨਾਲ
ਗੰਢਾ ਤੇ ਅਚਾਰ ਸੀ।
ਲੱਸੀ ਅਧ ਰਿੜਕੇ ਤੇ
ਦੁੱਧ ਦੀ ਬਹਾਰ ਸੀ।
ਖੇਤ ਲੈ ਕੇ ਭੱਤਾ ਮੈਂ ਚਾਈਂ ਚਾਈਂ ਗਈ।...
ਉਹਨੂੰ ਵੇਖ ਕੇ ਮੈਂ 'ਗਿੱਲਾ'
ਮਰ ਮਰ ਗਈ।
ਦੇਸ ਮਾਲਵਾ ਸੀ ਮੇਰਾ
ਅਤੇ ਮਾਹੀ ਮਲਵਈ।

***-ਗੁਰਬੰਸ ਕੌਰ ਗਿੱਲ***
***ਫੋਨ: 703-757-0446***
***ਵਰਜੀਨੀਆ।***

### ਵਿਅੰਗ

ਬੇਰੁਜ਼ਗਾਰ ਮੰਦੀਰ ਸਕੀਮ ਘੜ ਲਈ
ਆਪਾਂ ਛੇੜੀਏ ਸਫਾਈ ਮੁਹਾਜ ਸਾਥੀ।
ਹੋਣਾ ਕੱਖ ਤੋਂ ਲੱਖ ਜੇ ਦਿਨਾਂ ਅੰਦਰ
'ਤ੍ਰਿਸੂਲ' ਪਿੰਡਾਂ ਨੂੰ ਕਰੋ ਆਗਾਜ਼ ਸਾਥੀ।
ਅਹੁਦੇਦਾਰੀਆਂ ਦਾ ਸਭ ਨੂੰ ਲੋਭ ਦੇਵੋ
ਵਿਚਲਾ ਦੱਸੋ ਨਾ ਕਿਸੇ ਨੂੰ ਰਾਜ਼ ਸਾਥੀ।
ਜਨਤਾ ਜਦੋਂ ਪੁਕਾਰਿਆ ਲੋੜ ਵੇਲੇ
ਲਾਓ ਦਫਤਰ ਸਮੇਤ ਪਰਵਾਜ਼ ਸਾਥੀ।
ਹਿੰਦੀ, ਹਿੰਦੂ, ਹਿੰਦੁਸਤਾਨ ਦਾ ਲਾਓ ਨਾਅਰਾ
ਮਾਰੋ ਪੰਜਾਬੀਅਤ ਨੂੰ ਬੇਲਿਹਾਜ਼ ਸਾਥੀ।

***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***

ਸਤਿਯੁਗੀ ਬੰਦੇ-5



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਤੇਰਾ ਦਾਨਾ ਖਾ ਕੇ ਮੈਂ ਨਰਕੀ ਬਣਾਂ?

*ਸਿਆਣਿਆਂ ਨੇ ਸੱਚ ਕਿਹਾ ਹੈ ਕਿ ਬੰਦੇ ਨੂੰ ਅਤੀਤ ਹਮੇਸ਼ਾਂ ਚੰਗਾ ਲਗਦਾ ਹੈ ਕਿਉਂਕਿ ਬੰਦਾ ਆਪਣੇ ਵਰਤਮਾਨ ਤੋਂ ਅਕਸਰ ਅਸੰਤੁਸ਼ਟ ਹੁੰਦਾ ਹੈ। ਅਜੋਕੇ ਸਮੇਂ ਇਹ ਗੱਲ, ਖਾਸ ਕਰਕੇ ਮਨੁੱਖੀ ਰਿਸ਼ਤਿਆਂ ਦੇ ਮਾਮਲੇ ਵਿਚ ਹੈ ਵੀ ਸੋਲਾਂ ਆਨੇ ਸੱਚ। ਪੈਸਾ ਅਤੇ ਪਦਾਰਥਵਾਦ ਇੰਨਾ ਹਾਵੀ ਹੋ ਚੁਕਾ ਹੈ ਕਿ ਭੇਦ-ਭਾਵ ਅਤੇ ਲੋਭ-ਲਾਲਚ ਤੋਂ ਨਿਰਲੇਪ ਭਾਈਚਾਰਕ ਰਿਸ਼ਤੇ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ। ਅਜਿਹੇ ਰਿਸ਼ਤੇ ਨਿਭਾਉਣ ਵਾਲੇ 'ਸਤਿਯੁਗੀ' ਬੰਦੇ ਲੋਕ ਮਨਾਂ ਦੀ ਸਦੀਵੀ ਯਾਦ ਬਣ ਗਏ ਹਨ। ਵਡੇਰੀ ਉਮਰ ਦੇ ਲੋਕ ਜਦੋਂ ਉਨ੍ਹਾਂ ਨੂੰ ਚੇਤੇ ਕਰਦੇ ਹਨ ਤਾਂ ਉਨ੍ਹਾਂ ਉਪਰ ਜਿਵੇਂ ਕੋਈ ਇਲਾਹੀ ਵਿਸਮਾਦ ਛਾ ਜਾਂਦਾ ਹੈ। ਗਲਪਕਾਰ ਤੇ ਪੱਤਰਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਉਨ੍ਹਾਂ ਭਲੇ ਵੇਲਿਆਂ ਨੂੰ ਚੇਤੇ ਕੀਤਾ ਹੈ। ਇਸ ਲੜੀ ਦੇ ਕੁਝ ਲੇਖ ਅਸੀਂ ਕੁਝ ਸਮਾਂ ਪਹਿਲਾਂ ਛਾਪ ਚੁਕੇ ਹਾਂ। -ਸੰਪਾਦਕ*

ਗੱਲ ਸੌ ਸਾਲ ਪੁਰਾਣੀ ਹੈ। ਉਦੋਂ ਧੀਆਂ ਦਾ ਮਾਪਿਆਂ ਦੀ ਜਾਂ ਨੂੰਹਾਂ ਦਾ ਸਹੁਰਿਆਂ ਦੀ ਜ਼ਮੀਨ-ਜਾਇਦਾਦ ਵਿਚੋਂ ਹਿੱਸੇਦਾਰ ਹੋਣਾ ਸਮਾਜਕ ਸੋਚ ਦਾ ਹਿੱਸਾ ਨਹੀਂ ਸੀ। ਅਜੇ ਨਾ ਇਹਦੀ ਕੋਈ ਕਲਪਨਾ ਹੀ ਕਰਦਾ ਸੀ ਤੇ ਨਾ ਮੰਗ। ਇਸਤਰੀ ਦੇ ਹੱਕਾਂ ਦੀ ਗੱਲ ਕੋਈ ਸੋਚਦਾ ਵੀ ਨਹੀਂ ਸੀ। ਮੁੰਡੇ ਵਾਲੇ ਵੀ ਅਜੇ ਦਾਜ ਦੀ ਅਤੇ ਵਿਆਹ ਵੇਲੇ ਦੀਆਂ ਸੁਖ-ਸਹੂਲਤਾਂ ਦੀ ਲੰਮੀ ਸੂਚੀ ਕੁੜੀ ਵਾਲਿਆਂ ਅੱਗੇ ਪੇਸ਼ ਕਰਨ ਨਹੀਂ ਸਨ ਲੱਗੇ। ਜੋ ਜ਼ੇਵਰ ਤੇ ਲੀੜਾ-ਕੱਪੜਾ ਆਦਿ, ਜਿਸ ਨੂੰ ਆਮ ਬੋਲੀ ਵਿਚ ਟੂਮ-ਟਾਕੀ ਕਿਹਾ ਜਾਂਦਾ ਸੀ, ਧੀ-ਵਾਲੇ ਆਪੇ ਹੀ ਦੇ ਦਿੰਦੇ ਸਨ, ਉਹੋ ਮੁੰਡੇ ਵਾਲਿਆਂ ਨੂੰ ਪਰਵਾਨ ਹੁੰਦਾ ਸੀ। ਇਸ ਦਾ ਫ਼ੈਸਲਾ ਧੀ ਵਾਲਿਆਂ ਦੀ ਸਮਾਜਕ ਹੈਸੀਅਤ, ਮਾਇਕ ਸਮਰੱਥਾ ਤੇ ਪਰਿਵਾਰਕ ਇੱਛਾ ਕਰਦੀ। ਵਿਚੋਲਾ ਜ਼ਰੂਰ ਅੰਦਰੇ-ਅੰਦਰ ਇਹ ਖ਼ਿਆਲ ਰਖਦਾ ਕਿ ਦੇਣ-ਲੈਣ ਧੀ ਵਾਲਿਆਂ ਦੀ ਪੁੱਜਤ ਵਿਚ ਵੀ ਹੋਵੇ ਤੇ ਪੁੱਤ ਵਾਲਿਆਂ ਦੀ ਅਣਕਹੀ ਝਾਕ ਤੇ ਇੱਛਾ ਵੀ ਪੂਰੀ ਕਰ ਦੇਵੇ। ਇਸੇ ਕਰਕੇ ਕਹਾਵਤ ਸੀ, ਜੀਹਨੇ ਧੀ ਦੇ ਦਿੱਤੀ, ਉਹਨੇ ਸਭ ਕੁਝ ਹੀ ਦੇ ਦਿੱਤਾ!

ਉਸ ਜ਼ਮਾਨੇ ਵਿਚ, ਹੁਣ ਤੋਂ ਕੋਈ ਸੌ ਸਾਲ ਪਹਿਲਾਂ, ਮੇਰਾ ਨਾਨਾ ਪੂਰਾ ਹੋਣ ਵੇਲੇ ਪੁੱਤਾਂ ਨੂੰ ਆਖ ਗਿਆ, "ਬਾਕੀ ਸਭ ਕੁਛ ਥੋਡਾ, ਟਾਹਲੀ ਵਾਲਾ ਖੇਤ ਮੈਂ ਧਨਕੁਰ ਨੂੰ ਦੇ ਚੱਲਿਆਂ।" ਧਨ ਕੌਰ ਮੇਰੀ ਮਾਂ ਦਾ ਨਾਂ ਸੀ। ਮੈਂ ਅੱਜ ਵੀ ਹੈਰਾਨ ਹੁੰਦਾ ਹਾਂ ਕਿ ਉਸ ਮਾਹੌਲ ਤੇ ਉਸ ਜ਼ਮਾਨੇ ਵਿਚ ਨਾਨੇ ਦੇ ਮਨ ਵਿਚ ਇਹ ਉਚਾ-ਸੁੱਚਾ ਵਿਚਾਰ ਕਿਵੇਂ ਆਇਆ ਹੋਵੇਗਾ! ਮੈਂ ਦੇਖਿਆ ਤਾਂ ਨਹੀਂ ਪਰ ਉਹ ਕੋਈ ਅਗੇਵਧੂ ਸਮਾਜਕ ਸਮਝ ਵਾਲਾ ਪੜ੍ਹਿਆ-ਲਿਖਿਆ ਬੰਦਾ ਯਕੀਨਨ ਹੀ ਨਹੀਂ ਸੀ। ਉਹਨੇ ਕਿਥੋਂ ਪੜ੍ਹਨਾ ਸੀ, ਮੇਰੇ ਮਾਮੇ ਵੀ ਸੁੱਧੇ ਅਨਪੜ੍ਹ ਸਨ। ਕਾਲ਼ਾ ਅੱਖਰ ਮ੍ਹੈਂਸ ਬਰਾਬਰ! ਕਿਸੇ ਨੇ ਡੇਰੇ ਜਾਂ ਗੁਰਦੁਆਰੇ ਜਾ ਕੇ ਰੇਤੇ ਉਤੇ ਊੜਾ-ਆੜਾ ਪਾਉਣਾ ਸਿੱਖਣ ਦੀ ਲੋੜ ਵੀ ਨਹੀਂ ਸੀ ਸਮਝੀ। ਉਦੋਂ ਪਿੰਡਾਂ ਦੇ ਪਿੰਡ ਹੀ ਅਨਪੜ੍ਹਾਂ ਦੇ ਹੁੰਦੇ ਸਨ। ਕੋਈ ਕੋਈ ਬੰਦਾ ਡੇਰਿਉਂ-ਗੁਰਦੁਆਰਿਉਂ ਪੰਜ-ਗ੍ਰੰਥੀ, ਦਸ-ਗ੍ਰੰਥੀ ਦਾ ਪਾਠ ਸਿੱਖਦਾ। ਜੋ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਪਾਠ ਕਰ ਲੈਂਦਾ, ਉਹ ਤਾਂ ਪਿੰਡ ਦਾ ਵਿਦਵਾਨ ਹੁੰਦਾ। ਲੋਕ ਉਹਨੂੰ ਅਕਸਰ ਗਿਆਨੀ ਜਾਂ ਗਿਆਨੀ ਜੀ ਆਖ ਕੇ ਬੁਲਾਉਂਦੇ। ਕੋਈ ਵਿਰਲਾ-ਟਾਂਵਾਂ, ਖਾਸ ਕਰਕੇ ਕਿਸੇ ਫ਼ੌਜੀ ਜਾਂ ਹੋਰ ਮੁਲਾਜ਼ਮ ਦਾ ਮੁੰਡਾ ਦੂਰ-ਨੇੜੇ ਦੇ ਸਕੂਲ ਦਾ ਮੂੰਹ ਦੇਖਦਾ। ਕੁੜੀਆਂ ਨੂੰ ਪੜ੍ਹਾਉਣਾ ਤਾਂ ਪਾਪ ਕਮਾਉਣ ਤੁੱਲ ਸਮਝਿਆ ਜਾਂਦਾ ਸੀ। ਗੱਲ ਕੀ, ਪੜ੍ਹਨਾ ਉਦੋਂ ਪੇਂਡੂਆਂ ਦੇ ਜੀਵਨ-ਉਦੇਸ਼ਾਂ ਵਿਚ ਸ਼ਾਮਲ ਨਹੀਂ ਸੀ।

ਕੁੜੀਆਂ ਨੂੰ ਜੰਮਦੀਆਂ ਨੂੰ ਮਾਰਨਾ ਆਮ ਵਰਤਾਰਾ ਸੀ। ਦਾਈ ਤੋਂ ਇਲਾਵਾ ਹਰ ਪਿੰਡ ਵਿਚ ਕਿਸੇ ਨਾ ਕਿਸੇ ਚਾਚੀ-ਤਾਈ ਨੇ ਅਨੁਭਵ ਦੇ ਆਧਾਰ ਉਤੇ ਇਸ ਕੰਮ ਦੀ ਮੁਹਾਰਤ ਹਾਸਲ ਕੀਤੀ ਹੋਈ ਹੁੰਦੀ। ਕੁੜੀ ਜੰਮੀ ਦਾ ਸੁਨੇਹਾ ਮਿਲੇ ਤੋਂ ਉਹ ਝੱਟ ਆ ਹਾਜ਼ਰ ਹੁੰਦੀ ਜਿਵੇਂ ਕੋਈ ਜ਼ਰੂਰੀ ਜ਼ਿੰਮੇਵਾਰੀ ਨਿਭਾਉਣ ਆਈ ਹੋਵੇ! ਉਹ ਮਾਂ ਦੇ ਦੁੱਧ ਵਾਸਤੇ ਬੁੱਲ੍ਹ ਹਿਲਾਉਂਦੀ ਨਵ-ਜਨਮੀ ਬਾਲੜੀ ਨੂੰ ਬੜੇ ਸਹਿਜ ਨਾਲ ਗੋਦ ਵਿਚ ਪਾ ਕੇ ਉਹਦੇ ਮੂੰਹ ਨੂੰ ਅੱਕ ਦੇ ਦੁੱਧ ਵਿਚ ਭਿੱਜਿਆ ਰੂੰ ਦਾ ਫੰਭਾ ਲਾ ਦਿੰਦੀ। ਨਾਲ ਹੀ ਉਹ ਬੜੇ ਪਿਆਰ ਨਾਲ ਗਾਉਂਦੀ, "ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ, ਵੀਰ ਨੂੰ ਘੱਤੀਂ!" ਅੱਕ ਦੇ ਦੁੱਧ ਵਾਲਾ ਰੂੰ ਚਪੋਲ ਕੇ ਤੇ ਇਹ ਯਮਦੂਤੀ 'ਲੋਰੀ' ਸੁਣ ਕੇ ਬਾਲੜੀ ਇਸ ਜੱਗ ਵਿਚ ਅੱਖਾਂ ਖੋਲ੍ਹਣ ਤੋਂ ਪਹਿਲਾਂ ਹੀ ਜਿਧਰੋਂ ਆਈ ਹੁੰਦੀ, ਪੁਠੇ-ਪੈਰੀਂ ਉਧਰੇ ਹੀ ਮੁੜ ਜਾਂਦੀ ਸੀ। ਜਦੋਂ ਵੱਡਾ ਹੋ ਕੇ ਮੈਨੂੰ ਇਨ੍ਹਾਂ ਸਭ ਗੱਲਾਂ ਦੀ ਸਮਝ ਆਈ, ਮੇਰਾ ਸਿਰ ਨਾਨੇ ਦੀ ਯਾਦ ਅੱਗੇ ਝੁਕਣਾ ਸੁਭਾਵਿਕ ਸੀ।

ਮੇਰੇ ਨਾਨਕੇ ਰੋਮਾਣਾ ਅਜੀਤ ਸਿੰਘ ਸਨ। ਪੰਦਰਾਂ ਕੋਹ ਵਾਟ ਅਸੀਂ ਆਮ ਕਰ ਕੇ ਪੈਦਲ ਹੀ ਜਾਂਦੇ। ਜਾਂ ਫੇਰ ਰਾਮਪੁਰਾ ਫੂਲ ਤੋਂ ਫੜੀ ਗੱਡੀ ਬਠਿੰਡੇ ਜੰਕਸ਼ਨ ਬਦਲ ਕੇ ਗੋਨੇਆਣਾ ਮੰਡੀ ਜਾ ਉਤਰਦੇ। ਉਥੋਂ ਟਾਂਗਾ ਲੈ ਕੇ ਘੰਟੇ ਵਿਚ ਸੂਏ ਦੇ ਪੁਲ਼ ਉਤੇ ਜਾ ਪਹੁੰਚਦੇ। ਉਥੋਂ ਕੋਹ ਕੁ ਵਾਟ ਸੂਏ ਦੀ ਪਟੜੀ ਜਾ ਕੇ ਅੱਗੇ ਏਨੀ ਕੁ ਹੀ ਪਗਡੰਡੀ ਖੇਤਾਂ ਵਿਚੋਂ ਜਾਂਦੀ। ਫੇਰ ਮਾਮੇ ਦਾ ਪਿੰਡ ਤੇ ਘਰ ਆਉਂਦਾ। ਪਰ ਨਾਨਕਿਆਂ ਦੇ ਚਾਅ ਵਿਚ ਥਕੇਵਾਂ ਸਾਡੇ ਨੇੜੇ ਵੀ ਨਾ ਢੁਕਦਾ! ਮਾਮੇ ਤਾਂ ਮੇਰੇ ਤਿੰਨ ਸਨ। ਉਨ੍ਹਾਂ ਦੀ ਇਕ ਗੱਲ ਬੜੀ ਦਿਲਚਸਪ ਸੀ। ਉਹ ਜਿਸ ਜਿਸ ਮਹੀਨੇ ਜੰਮਦੇ ਗਏ, ਨਾਨੇ-ਨਾਨੀ ਨੇ ਉਹੋ ਉਨ੍ਹਾਂ ਦਾ ਨਾਂ ਰੱਖ ਦਿੱਤਾ। ਚੇਤ ਵੱਡਾ ਸੀ, ਸਾਉਣ ਵਿਚਕਾਰਲਾ ਤੇ ਮੱਘਰ ਛੋਟਾ। ਨਾਮਕਰਨ ਦੀ ਇਸ ਵਿਧੀ ਤੋਂ ਮੇਰੀ ਮਾਂ ਪਤਾ ਨਹੀਂ ਕਿਵੇਂ ਬਾਹਰ ਰਹਿ ਗਈ! ਸਾਉਣ ਮਾਮਾ ਮੇਰੀ ਸੁਰਤ ਤੋਂ ਪਹਿਲਾਂ ਗੁਜ਼ਰ ਗਿਆ। ਚੇਤ ਮਾਮੇ ਨੇ ਇਥੋਂ ਕੁਛ ਜ਼ਮੀਨ ਵੇਚ ਕੇ ਰਾਜਸਥਾਨ ਵਿਚ ਜਾ ਖਰੀਦੀ। ਉਹ ਬਹੁਤਾ ਉਥੇ ਹੀ ਰਹਿੰਦਾ। ਬੱਸ ਮਾਮਾ ਮੱਘਰ ਹੀ ਸਾਡੇ ਸਮੁੱਚੇ ਨਾਨਕੇ ਸੀ।

ਮੇਰੀ ਮਾਂ ਦਸਦੀ ਹੁੰਦੀ, ਉਹ ਜਦੋਂ ਪਹਿਲਾਂ-ਪਹਿਲ ਆਉਂਦਾ, ਰੋਟੀ ਨਾਲ ਲੈ ਕੇ ਆਉਂਦਾ। ਦੂਜੇ ਰੋਟੀ ਵੇਲ਼ੇ ਤੋਂ ਪਹਿਲਾਂ ਹੀ ਉਹ ਅਗਲੀ ਸਵੇਰ ਲੱਸੀ ਦੇ ਦੋ ਛੰਨੇ ਪੀ ਕੇ ਵਾਪਸ ਚੱਲ ਪੈਂਦਾ। ਲੱਸੀ ਤਾਂ ਉਹਨੇ ਸਾਡੇ ਘਰ ਦੀ ਕਿਥੋਂ ਪੀਣੀ ਸੀ, ਉਹਦੇ ਪੀਣ ਵਾਸਤੇ ਪਾਣੀ ਵੀ ਮਾਂ ਗੁਆਂਢੀਆਂ ਦੇ ਘਰੋਂ ਲਿਆਉਂਦੀ। ਕੁਝ ਚਿਰ ਇਹ ਰੀਤ ਇਉਂ ਨਿਭਦੀ ਰਹੀ। ਫੇਰ ਇਕ ਦਿਨ ਮਾਂ ਨੇ ਕਿਹਾ, "ਵੇ ਵੀਰ ਮੱਘਰਾ, ਛੱਡ ਇਹ ਝੇੜਾ, ਤੂੰ ਘਰੋਂ ਸੱਜਰੀ ਰੋਟੀ ਖਾਇਆ ਕਰ ਤੇ ਜਾਣ ਲੱਗਿਆਂ ਸਾਰੇ ਰੋਟੀ-ਟੁੱਕ ਤੇ ਦੁੱਧ-ਲੱਸੀ ਦਾ ਹਿਸਾਬ ਲਾ ਕੇ ਮੈਨੂੰ ਪੈਸੇ ਦੇ ਜਾਇਆ ਕਰ।" ਮਾਮਾ ਬਾਗੋ-ਬਾਗ ਹੋ ਗਿਆ, "ਕਾਕੀ, ਇਹ ਤੂੰ ਬਹੁਤ ਠੀਕ ਸੋਚਿਆ। ਲੈ, ਇਹ ਗੱਲ ਮੇਰੀ ਅਕਲ ਵਿਚ ਕਿਉਂ ਨਹੀਂ ਆਈ!" ਉਹ ਮੇਰੀ ਮਾਂ ਨੂੰ ਕਾਕੀ ਹੀ ਆਖਦਾ ਸੀ।

ਜਦੋਂ ਅਸੀਂ ਵੱਡੇ ਹੋਏ, ਜਾਣ ਵੇਲੇ ਉਹਨੂੰ ਖਾਧੇ-ਪੀਤੇ ਦੇ ਪੈਸੇ ਦਿੰਦਾ ਦੇਖ ਕੇ ਟੋਕਦੇ, "ਮਾਮਾ ਜੀ, ਜ਼ਮਾਨਾ ਕਿਤੇ ਦਾ ਕਿਤੇ ਪਹੁੰਚ ਗਿਆ, ਥੋਡੀ ਭੈਣ ਦਾ ਘਰ ਹੈ, ਛੱਡੋ ਹੁਣ ਇਹ ਗੱਲਾਂ।" ਉਹ ਝਿੜਕਦਾ, "ਆਬਦੀਆਂ ਅਕਲਾਂ ਆਬਦੇ ਕੋਲ਼ ਰੱਖੋ। ਚਾਰ ਅੱਖਰ ਪੜ੍ਹ ਕੇ ਤੁਸੀਂ ਮੈਥੋਂ ਸਿਆਣੇ ਨਹੀਂ ਹੋ ਗਏ! ਜਾਣਦਾਂ ਮੈਂ ਥੋਡੇ ਜਮਾਨੇ ਨੂੰ!" ਅਸੀਂ ਕੱਚੇ ਜਿਹੇ ਹੋ ਕੇ ਚੁੱਪ ਕਰ ਜਾਂਦੇ। ਉਦੋਂ ਖੇਤੀ ਆਮ ਕਰਕੇ ਇਕ-ਫ਼ਸਲੀ ਹੀ ਹੁੰਦੀ ਸੀ। ਮਾਮਾ ਸਾਡੀ ਜ਼ਮੀਨ ਵਿਚ ਕਣਕ ਬੀਜਦਾ। ਉਸ ਜ਼ਮੀਨ ਵਿਚ ਇਕ ਬੇਰੀ ਸੀ, ਪੁਰਾਣੀ, ਬਹੁਤ ਵੱਡੀ। ਉਹ ਸੀ ਤਾਂ ਦੇਸੀ ਹੀ, ਪਿਉਂਦੀ ਨਹੀਂ, ਪਰ ਉਹਨੂੰ ਬੇਰ ਬੜੇ ਮਿੱਠੇ ਤੇ ਵੱਡੇ ਲਗਦੇ। ਮਾਮਾ ਉਹਨੂੰ ਸਿਉ ਬੇਰੀ ਆਖਦਾ। ਬੇਰ ਕਣਕ ਤੋਂ ਥੋੜ੍ਹਾ ਪਹਿਲਾਂ ਪੱਕ ਜਾਂਦੇ। ਮਾਮਾ ਸੀਰੀ ਨੂੰ ਜਿੰਨੀ ਹਦਾਇਤ ਡੰਗਰ-ਪਸੂ ਤੋਂ ਕਣਕ ਦੀ ਰਾਖੀ ਦੀ ਦਿੰਦਾ, ਓਨੀ ਹੀ ਮੁੰਡਿਆਂ-ਖੁੰਡਿਆਂ ਤੋਂ ਬੇਰਾਂ ਦੀ ਰਾਖੀ ਦੀ ਦਿੰਦਾ। ਬੇਰ ਪੱਕਿਆਂ ਤੋਂ ਉਹ ਢਾਂਗੇ ਨਾਲ ਇਕ-ਇਕ ਡਾਹਣੀ ਹਲੂਣਦਾ ਤੇ ਘਰ ਲਿਆ ਕੇ ਸੁੱਕਣੇ ਪਾ ਦਿੰਦਾ। ਸੁੱਕ ਕੇ ਉਹ ਛੁਹਾਰਿਆਂ ਵਰਗੇ ਹੋ ਜਾਂਦੇ। ਮਾਮਾ ਬੋਤੇ ਉਤੇ ਆਉਂਦਾ ਤੇ ਬੇਰਾਂ ਦੀ ਗਠੜੀ ਮੰਜੇ ਉਤੇ ਲਿਆ ਰਖਦਾ। ਏਨੇ ਬੇਰ ਕੌਣ ਖਾਵੇ! ਸਾਡੇ ਸਕੇ ਕਈ ਘਰਾਂ ਦੇ ਕੰਮ ਆਉਂਦੇ।

ਕਣਕ ਨਿਕਲਦੀ ਤਾਂ ਮਾਮੇ ਦਾ ਗੱਡਾ ਬਾਰ ਅੱਗੇ ਆ ਖਲੋਂਦਾ। ਹੇਠਾਂ ਕਣਕ ਦੀਆਂ ਬੋਰੀਆਂ, ਉਤੇ ਤੂੜੀ ਅਤੇ ਉਹਦੇ ਉਤੇ ਰੱਖੀ ਹੋਈ ਘੁੰਡੀਆਂ ਦੀ ਪੰਡ। ਕਾਲੇ ਖਾਂ ਘੁਮਿਆਰ ਮਾਮੇ ਦਾ ਪੂਰਾ ਇਤਬਾਰੀ ਬੰਦਾ ਸੀ। ਘਰ ਵਿਚ ਜੋ ਮਰਜ਼ੀ ਚੁੱਕੇ, ਜੋ ਮਰਜ਼ੀ ਰੱਖੇ। ਮਾਮਾ ਫਸਲਾਂ ਦੀਆਂ ਗਿਣਤੀਆਂ-ਮਿਣਤੀਆਂ ਤੋਂ ਵੀ ਮੁਕਤ ਸੀ। ਇਹੋ ਜਿਹੇ ਸਭ ਝੰਜਟ ਉਹਨੇ ਕਾਲ਼ੇ ਦੇ ਗਲ਼ ਪਾਏ ਹੋਏ ਸਨ। ਗੱਡੇ ਨਾਲ ਕਾਲ਼ਾ ਵੀ ਆਉਂਦਾ।

ਇਕ ਵਾਰੀਂ ਮਾਮੇ ਨੂੰ ਪਰੇ ਗਿਆ ਦੇਖ ਮੇਰੀ ਮਾਂ ਆਖਣ ਲੱਗੀ, "ਵੇ ਭਾਈ ਕਾਲ਼ਿਆ, ਮੇਰਾ ਭੋਲ਼ਾ ਭਰਾ ਤਾਂ ਜਿਹੋ ਜਿਹਾ ਹੈ ਸੋ ਹੈ, ਤੂੰ ਹੀ ਇਹਨੂੰ ਸਮਝਾਇਆ ਕਰ। ਭਲਾਂ ਇਹ ਘੁੰਡੀਆਂ ਦਾ ਗੱਠੜ ਕਿਉਂ ਐਵੇਂ ਵਾਧੂ ਚਕਦੇ ਫਿਰਦੇ ਹੋ। ਮੇਰੇ ਇਹ ਕਿਸ ਕੰਮ? ਤੰਦੂਰ ਮੈਂ ਬਾਲਣਾ ਨਹੀਂ, ਹੋਰ ਇਹ ਮੇਰੇ ਕਿਸੇ ਕੰਮ ਆਉਂਦੀਆਂ ਨਹੀਂ।"

ਕਾਲ਼ਾ ਹੱਸਿਆ, "ਭੂਆ, ਚੰਗਾ ਫਸਾਉਣ ਲੱਗੀ ਹੈਂ ਤੂੰ ਮੈਨੂੰ! ਚਾਚੇ ਨੂੰ ਮੈਂ ਕਹਾਂ, ਭੂਆ ਦੀ ਕਣਕ ਦੀਆਂ ਘੁੰਡੀਆਂ ਇਥੇ ਹੀ ਪਈਆਂ ਰਹਿਣ ਦੇ ਤੇ ਫੇਰ ਕਈ ਦਿਨ ਉਹਦੇ ਸਲੋਕ ਸੁਣਦਾ ਰਹਾਂ!" ਇਹ ਗੱਲ ਇਧਰ ਨੂੰ ਆਉਂਦੇ ਮਾਮੇ ਨੂੰ ਵੀ ਸੁਣ ਗਈ। ਉਹ ਬੋਲਿਆ, "ਕੌਣ ਕੀਹਨੂੰ ਸਲੋਕ ਸੁਣਾਉਂਦਾ ਐ ਬਈ ਕਾਲ਼ੇ ਖਾਂ?"

ਕਾਲ਼ਾ ਕਹਿੰਦਾ, "ਚਾਚਾ, ਸਲੋਕ ਮੈਨੂੰ ਤੂੰ ਸੁਣਾਵੇਂਗਾ, ਹੋਰ ਕੌਣ ਸੁਣਾਊ!...ਭੂਆ ਕਹਿੰਦੀ ਹੈ, ਆਬਦੇ ਚਾਚੇ ਨੂੰ ਆਖ, ਘੁੰਡੀਆਂ ਨਾ ਲਿਆਇਆ ਕਰੇ, ਮੇਰੇ ਕਿਸੇ ਕੰਮ ਨਹੀਂ।" ਮਾਮੇ ਨੇ ਸਲਾਹ ਦਿੱਤੀ, "ਕਾਕੀ, ਜੇ ਤੰਦੂਰ ਨਹੀਂ ਬਾਲਣਾ, ਰੂੜੀ ਉਤੇ ਸਿੱਟ ਦੇ, ਵਧੀਆ ਖਾਦ ਬਣੂ!"

ਕਾਲ਼ੇ ਨੇ ਮੇਰੀ ਮਾਂ ਦੀ ਓਟ ਤੱਕ ਕੇ ਭੇਤ ਖੋਲ੍ਹਿਆ, "ਚਾਚੇ ਨੇ ਘੁੰਡੀਆਂ ਕਿਥੋਂ ਰੱਖਣੀਆਂ ਨੇ, ਭੂਆ, ਆਪਣੇ ਢੇਰ ਤੋਂ ਤੇਰੀ ਤੂੜੀ ਵਿਚ ਪੰਡ ਤੂੜੀ ਦੀ ਤੇ ਦਾਣਿਆਂ ਵਿਚ ਦੋ ਪਰਾਂਤਾਂ ਦਾਣਿਆਂ ਦੀਆਂ ਵਾਧੂ ਪਾ ਦਿੰਦਾ ਐ।"

ਮੇਰੀ ਮਾਂ ਹੈਰਾਨ ਹੋਈ, "ਭਾਈ ਮੱਘਰਾ, ਇਹ ਕਿਉਂ?" ਉਹਨੇ ਸਮਝਾਇਆ, "ਹਵਾ-ਹਨੇਰੀ ਨਾਲ ਤੇਰੇ ਖੇਤ ਦੀਆਂ ਬੱਲੀਆਂ ਮੇਰੇ ਖੇਤ ਵਿਚ ਤੇ ਤੇਰੇ ਪਿੜ ਦੇ ਦਾਣੇ ਮੇਰੇ ਪਿੜ ਵਿਚ ਰਲ਼ ਜਾਣ ਤਾਂ ਮੈਂ ਤੇਰੇ ਖੇਤ ਦਾ ਅੰਨ ਖਾ ਕੇ ਨਰਕਾਂ ਦਾ ਭਾਗੀ ਬਣਾਂ?"

ਹੁਣ ਉਹ ਅਵਸਥਾ ਬਣ ਗਈ ਸੀ ਜਿਥੇ ਪਹੁੰਚ ਕੇ ਸਭ ਸ਼ਬਦ ਖ਼ਤਮ ਹੋ ਜਾਂਦੇ ਹਨ। ਮੇਰੀ ਮਾਂ ਵੀ ਮੋਹ-ਮਮਤਾ ਨਾਲ ਛਲਕਦੀਆਂ ਅੱਖਾਂ ਪੂੰਝ ਕੇ ਚੁੱਪ ਕਰ ਗਈ।

---

# ਸ਼ਿਵ ਬਟਾਲਵੀ ਤੋਂ ਬਿਆਲੀ ਵਰ੍ਹੇ ਬਾਅਦ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸ਼ਿਵ ਕੁਮਾਰ ਬਟਾਲਵੀ ਨੂੰ ਇਸ ਦੁਨੀਆਂ ਤੋਂ ਕੂਚ ਕੀਤਿਆਂ ਬਿਆਲੀ ਵਰ੍ਹੇ ਹੋ ਗਏ ਹਨ। ਸਾਹਿਤ ਦੀ ਦੁਨੀਆਂ ਵਿਚ ਉਹ ਮੇਰੀ ਪਸੰਦ ਦੇ ਤਿੰਨ ਬੰਦਿਆਂ ਵਿਚੋਂ ਇੱਕ ਸੀ। ਦੂਜੇ ਦੋ ਡਾ. ਮਹਿੰਦਰ ਸਿੰਘ ਰੰਧਾਵਾ ਤੇ ਕੁਲਵੰਤ ਸਿੰਘ ਵਿਰਕ ਸਨ। ਡਾ. ਰੰਧਾਵਾ 78 ਵਰ੍ਹੇ ਜੀਵਿਆ, ਵਿਰਕ 67 ਵਰ੍ਹੇ ਤੇ ਸ਼ਿਵ ਕੇਵਲ 36 ਵਰ੍ਹੇ। ਡਾ. ਰੰਧਾਵਾ ਆਪਣੇ ਕੰਮਾਂ, ਵਿਰਕ ਆਪਣੀਆਂ ਲਿਖਤਾਂ ਤੇ ਸ਼ਿਵ ਆਪਣੇ ਬੋਲਾਂ ਸਦਕਾ-ਤਿੰਨੇ ਅੱਜ ਵੀ ਲੋਕ ਮਨਾਂ ਵਿਚ ਜਿਊਂਦੇ ਹਨ। ਡਾ. ਰੰਧਾਵਾ ਦਾ ਖੇਤਰ ਵਿਸ਼ਾਲ ਸੀ, ਵਿਰਕ ਦਾ ਪ੍ਰਭਾਵੀ ਤੇ ਸ਼ਿਵ ਦਾ ਸਰਬਵਿਆਪੀ। ਪੰਜਾਬ ਕਲਾ ਪ੍ਰੀਸ਼ਦ ਦੇ ਰੰਧਾਵਾ ਆਡੀਟੋਰੀਅਮ ਵਿਚ ਸ਼ਿਵ ਦੀ ਯਾਦ ਵਿਚ ਮਨਾਏ ਗਏ ਸਮਾਗਮ ਨੇ ਮੈਨੂੰ ਤਿੰਨੇ ਚੇਤੇ ਕਰਵਾ ਦਿੱਤੇ। ਡਾ. ਰੰਧਾਵਾ ਪ੍ਰੀਸ਼ਦ ਦਾ ਬਾਨੀ ਚੇਅਰਮੈਨ ਸੀ ਤੇ ਵਿਰਕ ਬਾਨੀ ਸਕੱਤਰ।

ਜੇ ਡਾ. ਰੰਧਾਵਾ ਦੀ ਯਾਦ ਵਿਚ ਹਰ ਵਰ੍ਹੇ ਸਮਾਗਮ ਹੁੰਦੇ ਹਨ ਤੇ ਸ਼ਿਵ ਦੀ ਯਾਦ ਸੰਗੀਤਮਈ ਸ਼ਾਮਾਂ, ਤਾਂ ਵਿਰਕ ਦੀ ਯਾਦ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪਿਛਲੇ ਦਿਨੀਂ ਉਸ ਦੀਆਂ ਚੋਣਵੀਆਂ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ ਕਰਵਾ ਕੇ ਉਨ੍ਹਾਂ ਵਿਚ ਉਸ ਦੇ ਮੂਲ ਅੰਗਰੇਜ਼ੀ ਲੇਖ ਤੇ ਮਿਡਲ ਪ੍ਰਕਾਸ਼ਤ ਕਰਕੇ ਅੰਗਰੇਜ਼ੀ ਭਾਸ਼ਾ ਵਿਚ ਇੱਕ ਤਿੰਨ ਗ੍ਰੰਥੀ ਪ੍ਰਕਾਸ਼ਤ ਕੀਤੀ ਹੈ।

ਇਹ ਰਚਨਾਵਲੀ ਵੀਹਵੀਂ ਸ਼ਤਾਬਦੀ ਦੇ ਪੰਜਾਬੀ ਜੀਵਨ ਦਾ ਸਮਾਜਕ ਇਤਿਹਾਸ ਹੈ। ਭਾਵੇਂ ਕੁਲਵੰਤ ਸਿੰਘ ਵਿਰਕ ਦੇ ਮੱਦਾਹ ਚੋਣਵੇਂ ਤੇ ਸੀਮਤ ਹਨ ਪਰ ਹਨ ਸਦੀਵੀ। ਡਾ. ਰੰਧਾਵਾ ਨੂੰ ਯਾਦ ਕਰਨ ਵਾਲੀਆਂ ਕਈ ਸੰਸਥਾਵਾਂ ਤੇ ਵਿਅਕਤੀ ਹਨ, ਸ਼ਿਵ ਬਟਾਲਵੀ ਸਮੁੱਚੇ ਪੰਜਾਬੀਆਂ ਦੇ ਮਨਾਂ ਵਿਚ ਵਸਦਾ ਹੈ, ਉਸ ਦੇ ਬੋਲ ਕਿਸੇ ਨਾ ਕਿਸੇ ਰੂਪ ਵਿਚ ਲੋਕ ਮਨਾਂ ਵਿਚ ਵਸੇ ਹੋਏ ਹਨ।

ਸਜਰਾ ਸਮਾਗਮ ਪੰਜਾਬ ਸੰਗੀਤ ਨਾਟਕ ਅਕਾਡਮੀ ਤੇ ਸੁਰ ਸੰਗਮ ਦਾ ਨਾ ਹੋ ਕੇ ਨਾਰਥ ਜ਼ੋਨ ਕਲਚਰਲ ਸੈਂਟਰ-ਪਟਿਆਲਾ ਅਤੇ ਹਰਿਆਣਾ ਤੇ ਚੰਡੀਗੜ੍ਹ ਪ੍ਰਸ਼ਾਸਨ ਦਾ ਵੀ ਹੋ ਨਿਬੜਿਆ। ਸਮਾਗਮ ਦਾ ਮੁਖ ਮਹਿਮਾਨ ਪੰਜਾਬ ਰਾਜਪਾਲ ਦਾ ਸਲਾਹਕਾਰ ਵਿਜੇ ਕੁਮਾਰ ਦੇਵ ਸੀ, ਜਿਸ ਦਾ ਪੁਸ਼ਤੈਨੀ ਪਿੰਡ ਸ਼ਿਵ ਦੇ ਪੁਸ਼ਤੈਨੀ ਪਿੰਡ ਦੇ ਨੇੜੇ ਹੀ ਸੀ, ਨਾਰੋਵਾਲ ਦੀ ਤਹਿਸੀਲ ਵਿਚ ਜੋ ਹੁਣ ਪਾਕਿਸਤਾਨ ਦਾ ਹਿੱਸਾ ਬਣ ਚੁੱਕੀ ਹੈ। ਵੱਡੀ ਗੱਲ ਇਹ ਕਿ ਉਸ ਨੂੰ ਸ਼ਿਵ ਦੇ ਏਨੇ ਗੀਤ ਮੂੰਹ ਜ਼ੁਬਾਨੀ ਕੰਠ ਸਨ, ਜਿੰਨੇ ਸ਼ਾਇਦ ਸ਼ਾਮ ਦੀ ਮਹਿਫਿਲ ਵਿਚ ਗਾਉਣ ਵਾਲੇ ਐਸ ਡੀ ਸ਼ਰਮਾ, ਰੀਤਾ ਗੰਗਾਹਰ, ਐਸ ਡੀ ਕੈਲੇ ਤੇ ਡਾ. ਕੋਮਲ ਚੁੱਘ ਨੂੰ ਵੀ ਨਹੀਂ ਸਨ। ਰੰਧਾਵਾ ਆਡੀਟੋਰੀਅਮ ਪੂਰੇ ਢਾਈ ਘੰਟੇ 'ਇੱਕ ਮੇਰੀ ਅੱਖ ਕਾਸ਼ਨੀ ਦੂਜਾ ਰਾਤ ਦੇ ਉਣੀਂਦਰੇ ਨੇ ਮਾਰਿਆ' ਅਤੇ 'ਮਾਏ ਨੀ ਮਾਏਂ ਮੇਰੇ ਗੀਤਾਂ ਦਿਆਂ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ' ਵਰਗੇ ਗੀਤਾਂ ਨਾਲ ਭਰਿਆ ਪਿਆ ਸੀ। ਐਸ. ਡੀ. ਸ਼ਰਮਾ ਨੇ 'ਇਕ ਕੁੜੀ ਜੀਹਦਾ ਨਾਮ ਮੁਹੱਬਤ, ਸ਼ਹਿਰ ਤੇਰੇ ਤਰਕਾਲਾਂ ਢਲੀਆਂ' ਤੇ 'ਮੈਂ ਅਧੂਰੇ ਗੀਤ ਦੀ ਇਕ ਸਤਰ ਹਾਂ' ਪੇਸ਼ ਕਰਕੇ ਸਰੋਤਿਆਂ ਨੂੰ ਨਿਹਾਲ ਕੀਤਾ ਅਤੇ ਆਰ ਡੀ ਕੈਲੇ ਨੇ ਸਰੋਤਿਆਂ ਦੀਆਂ ਇਕ ਦਰਜਨ ਫਰਮਾਇਸ਼ਾਂ ਉਤੇ ਪੂਰਾ ਉਤਰ ਕੇ। 'ਜੋਬਨ ਰੁੱਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ' ਕਹਿਣ ਵਾਲਾ ਸ਼ਿਵ ਇਕ ਪੂਰੀ ਸ਼ਾਮ ਰੰਧਾਵਾ ਆਡੀਟੋਰੀਅਮ ਵਿਚ ਛਾਇਆ ਰਿਹਾ, ਕੁਝ ਏਸ



*ਸ਼ਿਵ ਬਟਾਲਵੀ ਦਾ ਇਕ ਚਿੱਤਰ*

ਤਰ੍ਹਾਂ ਜਿਵੇਂ ਉਹ ਰੰਧਾਵਾ ਤੇ ਵਿਰਕ ਨੂੰ ਮਾਤ ਪਾ ਗਿਆ ਸੀ। ਜੇ ਅੱਜ ਨਹੀਂ ਤਾਂ ਕੱਲ ਪਾ ਜਾਵੇਗਾ। ਪਹਾੜਾਂ ਵਿਚ ਉਗੀ ਕੰਡਿਆਲੀ ਥੋਹਰ ਵੀ ਇਹੀਓ ਕਹਿ ਰਹੀ ਸੀ।

ਗਦਰ ਪਾਰਟੀ ਲਹਿਰ ਦੀ ਪੈੜ ਨੱਪਣ ਵਾਲੇ: ਗਦਰ ਪਾਰਟੀ ਲਹਿਰ ਆਪਣੀ ਸਥਾਪਨਾ ਦੇ ਸੌ ਵਰ੍ਹੇ ਪੂਰੇ ਕਰ ਚੁੱਕੀ ਹੈ। 1913 ਵਿਚ ਇਸਦੀ ਸ਼ਤਾਬਦੀ ਮਨਾਉਣ ਦੇ ਪ੍ਰਸੰਗ ਵਿਚ ਅਨੇਕਾਂ ਪ੍ਰੋਗਰਾਮ ਨੇਪਰੇ ਚੜ੍ਹੇ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਇਸ ਦੀ ਏਨੀ ਮਹੱਤਤਾ ਹੈ ਕਿ ਇਸ ਦੀ ਪੈੜ ਨੱਪਣ ਵਾਲੇ ਕੋਈ ਨਾ ਕੋਈ ਰਚਨਾ ਲੈ ਕੇ ਹਾਜ਼ਰ ਹੋ ਜਾਂਦੇ ਹਨ। 2014 ਵਿਚ ਭਾਰਤ ਸਰਕਾਰ ਨੇ ਡਾ. ਰਘਬੀਰ ਸਿੰਘ ਤੋਂ 'ਗਦਰ ਪਾਰਟੀ ਲਹਿਰ: ਸੰਖੇਪ ਇਤਿਹਾਸ' ਲਿਖਵਾ ਕੇ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਨ ਵਰਗਾ ਉਪਰਾਲਾ ਕੀਤਾ ਹੈ। ਭਾਵੇਂ ਰਘਬੀਰ ਸਿੰਘ ਇਸ ਲਹਿਰ ਦੀ ਉਤਪਤੀ ਅਤੇ ਵਿਕਾਸ ਖੋਜਣ ਵਿਚ ਲੰਮੇ ਅਰਸੇ ਤੋਂ ਜੁੜਿਆ ਹੋਇਆ ਸੀ ਪਰ ਇਸ ਦੀ ਪੁਸਤਕੀ ਪੇਸ਼ਕਾਰੀ ਪਿਛਲੇ ਸਾਲ ਹੀ ਹੋ ਸਕੀ ਹੈ।

ਇਸ ਲਹਿਰ ਬਾਰੇ ਵੱਖ-ਵੱਖ ਨਾਂਵਾਂ ਥੱਲੇ ਕਈ ਦਸਤਾਵੇਜ਼ ਛਪ ਚੁੱਕੇ ਹਨ ਜਿਨ੍ਹਾਂ ਵਿਚੋਂ ਜਗਜੀਤ ਸਿੰਘ, ਗੁਰਚਰਨ ਸਿੰਘ ਸਹਿੰਸਰਾ, ਭਗਤ ਸਿੰਘ ਬਿਲਗਾ ਤੇ ਸੋਹਣ ਸਿੰਘ ਜੋਸ਼ ਦੀ ਪੇਸ਼ਕਾਰੀ ਤੇ ਪ੍ਰਸ਼ੰਸਾ ਦਾ ਵਿਸ਼ਾ ਰਹੀ ਹੈ। ਰਘਬੀਰ ਸਿੰਘ ਦੀ ਵਡਿਆਈ ਇਸ ਵਿਚ ਹੈ ਕਿ ਉਸ ਨੇ ਆਪਣੀ ਸੰਖੇਪ ਰਚਨਾ ਵਿਚ ਗਦਰ ਲਹਿਰ ਦੀ ਸੈਕੂਲਰ ਸੋਚ ਨੂੰ ਇਸ ਦਾ ਬਣਦਾ ਸਥਾਨ ਦਿੱਤਾ ਹੈ। ਗਦਰ ਪਾਰਟੀ ਲਹਿਰ ਨੂੰ ਪ੍ਰਣਾਏ ਸੂਰਮਿਆਂ ਦੀ ਦੇਣ ਨੂੰ ਭੁਲਾਉਣ ਵਾਲਾ ਤਾਂ ਕੋਈ ਨਹੀਂ ਜੰਮਿਆ ਪਰ ਦੇਸ਼ ਭਰ ਵਿਚ ਆਏ ਫਿਰਕਾਪ੍ਰਸਤੀ ਦੇ ਨਵੇਂ ਦੌਰ ਨੇ ਇਸ ਦੇ ਸੈਕੂਲਰ ਸੁਭਾਅ ਉਤੇ ਪੋਚਾ ਫੇਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨੂੰ ਰੋਕਣ ਵਿਚ ਬਣਦਾ-ਸਰਦਾ ਯੋਗਦਾਨ ਪਾਉਣਾ ਹਰ ਬੁੱਧੀਜੀਵੀ ਲਈ ਅਵਸ਼ਕ ਹੋ ਗਿਆ ਹੈ। ਜੇ ਮਲਵਿੰਦਰ ਜੀਤ ਸਿੰਘ ਵੜੈਚ ਨੇ 'ਸਾਕਾ ਕਾਮਾਗਾਟਾ ਮਾਰੂ' ਦੀ ਦੇਣ ਨੂੰ ਪਹਿਚਾਣਿਆ ਹੈ ਤਾਂ ਕਿਰਪਾਲ ਸਿੰਘ ਕਸੇਲ ਨੇ ਗਦਰ ਲਹਿਰ ਦੇ ਨਾਇਕਾਂ ਊਧਮ ਸਿੰਘ ਕਸੇਲ ਤੇ ਹਰਨਾਮ ਸਿੰਘ ਕਸੇਲ ਦੀ ਦੇਣ ਨੂੰ ਓਸੇ ਤਰ੍ਹਾਂ ਚੇਤੇ ਕੀਤਾ ਹੈ ਜਿਵੇਂ ਚਰੰਜੀ ਲਾਲ ਕੰਗਣੀਵਾਲ ਨੇ ਬਾਬਾ ਭਗਵਾਨ ਸਿੰਘ ਦੁਸਾਂਝ ਦੀ ਜੀਵਨੀ ਤੇ ਸੰਘਰਸ਼ ਨੂੰ। ਅੱਜ ਦੇ ਦਿਨ ਸਾਨੂੰ ਫਿਰਕੂ ਕਟੜਪੁਣੇ ਤੋਂ ਬਚਣ ਦੀ ਕਿੰਨੀ ਲੋੜ ਹੈ ਕਿਸੇ ਨੂੰ ਭੁੱਲੀ ਹੋਈ ਨਹੀਂ। ਇਨ੍ਹਾਂ ਬੁੱਧੀਜੀਵੀਆਂ ਦੇ ਦਸਤਾਵੇਜ਼ਾਂ ਦਾ ਸਵਾਗਤ ਹੈ।

ਅੰਤਿਕਾ: (ਸ਼ਕੀਲ ਬਦਾਯੂੰਨੀ)
ਵਹੀ ਕਾਰਵਾਂ, ਵਹੀ ਰਾਸਤੇ
ਵਹੀ ਜ਼ਿੰਦਗੀ, ਵਹੀ ਮਰਹਲੇ,
ਮਗਰ ਅਪਨੇ ਅਪਨੇ ਮੁਕਾਮ ਪਰ
ਕਭੀ ਤੁਮ ਨਹੀਂ ਕਭੀ ਹਮ ਨਹੀਂ।

# ਹਕੀਕਤ ਦੇ ਰੂ-ਬ-ਰੂ ਸਿਨੇਮਾ

## ਆਵਾਜ਼ ਦੇ ਕਹਾਂ ਹੈ

2

ਸਿਨੇਮਾ ਤੇ ਸਮਾਜ ਦਾ ਬਿਰਤਾਂਤ




ਕੁਲਦੀਪ ਕੌਰ
ਫੋਨ: +91-98554-04330

1941 ਵਿਚ ਫਿਲਮਸਾਜ਼ ਵੀ. ਸ਼ਾਂਤਾਰਾਮ ਨੇ ਵੱਖ-ਵੱਖ ਫਿਰਕਿਆਂ ਦੀ ਸਹਿ-ਹੋਂਦ 'ਤੇ ਆਧਾਰਿਤ ਫਿਲਮ 'ਪੜੋਸੀ' ਬਣਾਈ। ਅਗਲੇ ਸਾਲ 1942 ਵਿਚ ਮਹਿਬੂਬ ਖਾਨ ਨੇ 'ਰੋਟੀ' ਬਣਾ ਕੇ ਵਰਗ-ਵੰਡ ਦੀ ਵਿਚਾਰਧਾਰਾ ਅਤੇ ਮਜ਼ਦੂਰਾਂ ਦੇ ਤਰਸਯੋਗ ਹਾਲਾਤ ਦੀ ਗੱਲ ਕੀਤੀ। ਉਸ ਸਮੇਂ ਦੇ ਨੌਜਵਾਨਾਂ ਦੇ ਮਾਨਸਿਕ ਦਵੰਦਾਂ ਨੂੰ ਆਵਾਜ਼ ਦਿੰਦੀ 'ਕਿਸਮਤ' ਨੂੰ ਭਾਰਤ ਦੀ ਪਹਿਲੀ ਸੁਪਰਹਿੱਟ ਫ਼ਿਲਮ ਮੰਨਿਆ ਜਾਂਦਾ ਹੈ। ਇਸ ਫਿਲਮ ਦੇ ਨਿਰਦੇਸ਼ਕ ਗਿਆਨ ਮੁਖਰਜੀ ਸਨ ਅਤੇ ਇਸ ਵਿਚ ਮੁੱਖ ਭੂਮਿਕਾ ਅਸ਼ੋਕ ਕੁਮਾਰ ਤੇ ਮੁਮਤਾਜ਼ ਸ਼ਾਂਤੀ ਦੀ ਸੀ। ਫਿਲਮ ਵਿਚ ਅਸ਼ੋਕ ਕੁਮਾਰ ਅਜਿਹੇ ਨੌਜਵਾਨ ਦੀ ਭੂਮਿਕਾ ਵਿਚ ਹੈ ਜੋ ਬੇਰੁਜ਼ਗਾਰੀ ਤੇ ਗਰੀਬੀ ਤੋਂ ਤੰਗ ਆ ਕੇ ਜੇਬਕਤਰਾ ਬਣ ਜਾਂਦਾ ਹੈ। ਅਪਰਾਧ ਦੀ ਦੁਨੀਆਂ ਵਿਚ ਰਹਿੰਦਿਆਂ ਵੀ ਉਸ ਅੰਦਰਲੀ ਸੰਵੇਦਨਸ਼ੀਲਤਾ, ਮਮਤਾ ਅਤੇ ਮੋਹ ਨਹੀਂ ਮਰਦਾ। ਇਸ ਫਿਲਮ ਦੀ ਜ਼ਿਆਦਾ ਚਰਚਾ ਇਸ ਦੇ ਗੀਤ 'ਦੂਰ ਹਟੋ, ਦੂਰ ਹਟੋ, ਐ ਦੁਨੀਆਂ ਵਾਲੋ... ਹਿੰਦੋਸਤਾਨ ਹਮਾਰਾ ਹੈ' ਕਰ ਕੇ ਹੁੰਦੀ ਹੈ ਜਿਸ ਦਾ ਬ੍ਰਿਟਿਸ਼ ਸਰਕਾਰ ਨੇ ਸਖ਼ਤ ਨੋਟਿਸ ਲਿਆ ਸੀ।

ਨੌਜਵਾਨਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਇਕ ਹੋਰ ਫਿਲਮ 'ਚਲ ਚਲ ਰੇ ਨੌਜਵਾਨ' 1944 ਵਿਚ ਫਿਲਮ ਆਈ। ਇਸ ਫਿਲਮ ਦੀ ਪਟਕਥਾ ਸਾਅਦਤ ਹਸਨ ਮੰਟੋ ਨੇ ਲਿਖੀ ਸੀ। 1944 ਵਿਚ 'ਫੂਲ' ਰਾਹੀਂ ਪੱਤਰਕਾਰ-ਲੇਖਕ ਖ਼ਵਾਜਾ ਅਹਿਮਦ ਅੱਬਾਸ ਨੇ ਫਿਲਮ ਸੰਸਾਰ ਵਿਚ ਪਹਿਲੀ ਦਸਤਕ ਦਿੱਤੀ। 1946 ਵਿਚ ਮਹਿਬੂਬ ਖ਼ਾਨ ਦੀ ਫਿਲਮ 'ਅਨਮੋਲ ਘੜੀ' ਨੇ ਭਾਰਤੀ ਸਿਨੇਮਾ ਵਿਚ ਗੀਤ-ਸੰਗੀਤ ਦੀ ਸਰਦਾਰੀ ਨੂੰ ਪੱਕੇ ਪੈਰੀਂ ਕੀਤਾ, ਨਾਲ ਹੀ ਨੂਰ ਜਹਾਂ ਵਰਗੀ ਖ਼ੂਬਸੂਰਤ ਅਦਾਕਾਰਾ ਤੇ ਮਖਮਲੀ ਆਵਾਜ਼ ਰਾਤੋ-ਰਾਤ ਘਰ-ਘਰ ਪਹੁੰਚਾ ਦਿੱਤੀ। ਇਸ ਫਿਲਮ ਦੇ ਗਾਣੇ 'ਆਵਾਜ਼ ਦੇ ਕਹਾਂ ਹੈ', 'ਜਵਾਂ ਹੈ ਮੁਹੱਬਤ' ਅਜਿਹੀਆਂ ਸਦਾਬਹਾਰ ਧੁਨਾਂ ਹੋ ਨਿਬੜੀਆਂ।

1946 ਦਾ ਵਰ੍ਹਾ ਭਾਰਤੀ ਸਿਨੇਮਾ ਵਿਚ ਬੇਹੱਦ ਮਹੱਤਵਪੂਰਨ ਸੀ। 1946 ਤੱਕ ਆਉਂਦਿਆਂ ਜਿੱਥੇ ਆਲਮੀ ਪੱਧਰ 'ਤੇ ਦੂਜੀ ਵੱਡੀ ਜੰਗ ਨੇ ਜ਼ਿਆਦਾਤਰ ਮੁਲਕਾਂ ਦੀ ਆਰਥਿਕਤਾ ਨੂੰ ਤੋੜ ਸੁੱਟਿਆ ਸੀ, ਉਥੇ ਇਸ ਦੇ ਪ੍ਰਭਾਵ ਕਾਰਨ ਬ੍ਰਿਟਿਸ਼ ਸਾਮਰਾਜਵਾਦ ਦੀਆਂ ਚੂਲਾਂ ਵੀ ਜਰਕ ਰਹੀਆਂ ਸਨ। 1941 ਵਿਚ ਨਜ਼ਰਬੰਦੀ ਤੋਂ ਛੁੱਟ ਕੇ ਸ਼ੁਭਾਸ ਚੰਦਰ ਬੋਸ ਅਚਾਨਕ ਫ਼ਰਾਰ ਹੋ ਗਏ। ਬਰਲਿਨ ਪਹੁੰਚ ਕੇ ਹਿਟਲਰ ਨਾਲ ਮਿਲ ਕੇ ਉਨ੍ਹਾਂ ਅੰਗਰੇਜ਼ਾਂ ਖਿਲਾਫ਼ ਮੋਰਚਾ ਖੋਲ੍ਹ ਲਿਆ। ਉਧਰ 1942 ਤੱਕ ਆਉਂਦਿਆਂ 'ਭਾਰਤ ਛੱਡੋ' ਦਾ ਨਾਅਰਾ ਬੁਲੰਦ ਹੋਣਾ ਸ਼ੁਰੂ ਹੋ ਗਿਆ ਜਿਸ ਨੇ ਸਾਰੇ ਮੁਲਕ ਵਿਚ ਆਉਣ ਵਾਲੀ 'ਆਜ਼ਾਦੀ' ਦੀ ਉਮੀਦ ਜਗਾਈ। 1943-44 ਵਿਚ ਹੀ ਬੰਗਾਲ ਵਿਚ ਭਿਅੰਕਰ ਅਕਾਲ ਪਿਆ। 1944 ਵਿਚ ਹੀ ਕਮਿਊਨਿਸਟ ਪਾਰਟੀ ਨੇ ਆਪਣੀ ਸਭਿਆਚਾਰਕ ਇਕਾਈ ਦੇ ਤੌਰ ਉਤੇ 'ਇਪਟਾ' (ਇੰਡੀਅਨ ਪੀਪਲਜ਼ ਥਿਏਟਰ ਐਸ਼ੋਸੀਏਸ਼ਨ) ਬਣਾਈ। ਇਸ ਦੇ ਨਾਲ ਹੀ ਮੁਸਲਿਮ ਲੀਗ ਨੇ ਨਵੇਂ ਰਾਸ਼ਟਰ ਦੀ ਸਥਾਪਨਾ ਦੀ ਮੰਗ ਚੁੱਕਣੀ ਸ਼ੁਰੂ ਕਰ ਦਿੱਤੀ। ਬ੍ਰਿਟਿਸ਼ ਸਰਕਾਰ ਦੁਆਰਾ ਸਿਆਸੀ ਸਥਿਤੀ ਦਾ ਫ਼ਾਇਦਾ ਲੈਣ ਲਈ ਅਤੇ ਵੋਟਾਂ ਦੇ ਆਧਾਰ 'ਤੇ ਫ਼ਿਰਕਾਪ੍ਰਸਤੀ ਦੇ ਉਭਾਰ ਲਈ ਚੋਣਾਂ ਕਰਵਾਈਆਂ ਗਈਆਂ। ਕਾਂਗਰਸ ਪਾਰਟੀ ਜੇਤੂ ਰਹੀ, ਪਰ ਮੁਸਲਿਮ ਬਹੁ-ਗਿਣਤੀ ਵਾਲੇ ਖ਼ੇਤਰਾਂ ਤੋਂ ਮੁਸਲਿਮ ਨੇਤਾ ਚੁਣੇ ਗਏ। ਇਸ ਤੋਂ ਉਤਸ਼ਾਹਿਤ ਹੁੰਦਿਆਂ 16 ਅਗਸਤ 1946 ਤੋਂ ਮੁਹੰਮਦ ਜਿਨਾਹ ਨੇ ਭਾਰਤ ਦੀ ਵੰਡ ਅਤੇ ਮੁਸਲਮਾਨਾਂ ਲਈ ਵੱਖਰੇ ਮੁਲਕ ਦੀ ਪ੍ਰਾਪਤੀ ਲਈ ਅੰਦੋਲਨ ਸ਼ੁਰੂ ਕਰ ਦਿੱਤਾ। ਬ੍ਰਿਟਿਸ਼ ਹਕੂਮਤ ਲਈ ਇਹ ਸਾਰੀ ਉਥਲ-ਪੁਥਲ ਭਾਰਤ ਵਿਚੋਂ ਆਪਣੀ ਬੋਰੀਆ-ਬਿਸਤਰ ਸਮੇਟਣ ਦੀ ਘੰਟੀ ਸੀ। ਉਂਝ ਵੀ ਦੂਜੀ ਵੱਡੀ ਜੰਗ ਦੀ ਝੰਬੀ ਅੰਗਰੇਜ਼ੀ ਹਕੂਮਤ ਲਈ ਬਸਤੀਆਂ ਦਾ ਸ਼ਾਸਨ ਤੇ ਪ੍ਰਬੰਧ ਗਲੇ ਦੀ ਹੱਡੀ ਬਣ ਰਿਹਾ ਸੀ। ਬੰਗਾਲ ਦਾ ਅਕਾਲ 1946 ਵਿਚ ਫਿਲਮਸਾਜ਼ ਖਵਾਜਾ ਅਹਿਮਦ ਅੱਬਾਸ ਦੀ ਫਿਲਮ 'ਧਰਤੀ ਕੇ ਲਾਲ' ਦਾ ਆਧਾਰ ਬਣਿਆ। ਇਹ ਫਿਲਮ 'ਇਪਟਾ' ਨੇ ਬਣਾਈ ਸੀ ਜਿਹੜੀ ਅਕਾਲ ਦੀ ਤਬਾਹੀ ਦੇ ਬਾਵਜੂਦ ਸਮੂਹਿਕ ਚੇਤਨਾ ਅਤੇ ਸੰਘਰਸ਼ ਵਿਚ ਉਮੀਦ ਦੀ ਕਿਰਨ ਤਲਾਸ਼ਦੀ ਹੈ। ਫਿਲਮ ਨੂੰ ਯਥਾਰਥਵਾਦੀ ਸਿਨੇਮਾ ਨਾਲ ਜੋੜ ਕੇ ਵੀ ਸਮਝਿਆ ਜਾ ਸਕਦਾ ਹੈ। ਇਸੇ ਸਮੇਂ ਦੌਰਾਨ ਹੀ ਵੀ. ਸ਼ਾਂਤਾਰਾਮ ਨੇ ਖਵਾਜਾ ਅਹਿਮਦ ਅੱਬਾਸ ਦੀ ਕਹਾਣੀ 'ਐਂਡ ਵੰਨ ਡਿਡ ਨੌਟ ਕਮ ਬੈਕ' ਉਤੇ ਫਿਲਮ ਬਣਾਈ 'ਡਾ. ਕੋਟਨਿਸ ਕੀ ਅਮਰ ਕਹਾਨੀ'। ਇਹ ਫਿਲਮ ਕਈ ਪੱਖਾਂ ਤੋਂ ਮਹੱਤਵਪੂਰਨ ਹੈ। ਫਿਲਮ ਵਿਚ ਅਜਿਹੇ ਨੌਜਵਾਨ ਡਾਕਟਰ ਦੀ ਕਹਾਣੀ ਹੈ ਜਿਸ ਨੂੰ ਅੰਗਰੇਜ਼ੀ ਹਕੂਮਤ ਦੂਜੀ ਵੱਡੀ ਜੰਗ ਵਿਚ ਲੜ ਰਹੇ ਚੀਨੀ ਸੈਨਿਕਾਂ ਦੇ ਇਲਾਜ ਲਈ ਚੀਨ ਭੇਜਦੀ ਹੈ। ਚੀਨੀ ਸੈਨਿਕਾਂ ਦੇ ਇਲਾਜ ਦੌਰਾਨ ਡਾ. ਕੋਟਨਿਸ ਦੀ ਮੁਲਾਕਾਤ ਚੀਨੀ ਕੁੜੀ ਚਿੰਗ ਲਾਨ ਨਾਲ ਹੁੰਦੀ ਹੈ ਤੇ ਉਹ ਉਸ ਨਾਲ ਪ੍ਰੇਮ-ਵਿਆਹ ਕਰ ਲੈਂਦਾ ਹੈ। ਜ਼ਖ਼ਮੀਆਂ ਦੇ ਇਲਾਜ ਦੌਰਾਨ ਉਹਨੂੰ ਵੀ ਭਿਅੰਕਰ ਰੋਗ ਲਪੇਟ ਵਿਚ ਲੈ ਲੈਂਦਾ ਹੈ ਤੇ ਉਸ ਦੀ ਮੌਤ ਹੋ ਜਾਂਦੀ ਹੈ।






*1946 ਵਿਚ ਬਣੀ ਫਿਲਮ 'ਧਰਤੀ ਕੇ ਲਾਲ' (ਉਪਰ) ਨਾਲ ਯਥਾਰਥਵਾਦੀ ਫਿਲਮਾਂ ਦੀ ਦਸਤਕ ਹੋਈ ਸੀ ਅਤੇ (ਸੱਜੇ) ਫਿਲਮ 'ਐਲਾਨ' (1947) ਦਾ ਪੋਸਟਰ। ਇਹ ਰਾਜ ਕਪੂਰ ਤੇ ਮਧੂ ਬਾਲਾ ਦੀ ਪਲੇਠੀ ਫਿਲਮ ਸੀ।*

> *1940 ਤੋਂ 1950 ਦਾ ਸਮਾਂ ਜਿਥੇ ਸਿਆਸੀ ਪੱਧਰ ਤੇ ਰਾਸ਼ਟਰੀ ਉਥਲ-ਪੁਥਲ ਵਾਲਾ ਸੀ, ਉਥੇ ਸਮਾਜਕ ਤੌਰ 'ਤੇ ਇਹ ਸਮਾਂ ਧਾਰਮਿਕ ਅਸਹਿਣਸ਼ੀਲਤਾ, ਸਮਾਜ ਸੁਧਾਰ ਲਹਿਰਾਂ, ਰਾਸ਼ਟਰੀ ਅੰਦੋਲਨਾਂ ਦਾ ਸਮਾਂ ਵੀ ਸੀ। ਇਸ ਦੌਰ ਦਾ ਸਿਨੇਮਾ ਇਕ ਪਾਸੇ ਇਨ੍ਹਾਂ ਹਾਲਾਤ ਪ੍ਰਤੀ ਯਥਾਰਥਵਾਦੀ ਨਜ਼ਰੀਆ ਰੱਖਦਾ ਸੀ, ਦੂਜੇ ਪਾਸੇ ਫਿਲਮਾਂ ਗੀਤ-ਸੰਗੀਤ ਪੱਖੋਂ ਮੁਹੱਬਤ ਤੇ ਰੁਮਾਨੀਅਤ ਵੱਲ ਵੀ ਵਧ ਰਹੀਆਂ ਸਨ।*

'ਇਪਟਾ' ਦਾ ਕਲਾ ਦੇ ਜਮਹੂਰੀਕਰਨ ਵਿਚ ਮਹੱਤਵਪੂਰਨ ਰੋਲ ਰਿਹਾ ਹੈ। ਇਪਟਾ ਦੀ ਟੀਮ ਦੀ ਮਦਦ ਨਾਲ 1946 ਵਿਚ ਚੇਤਨ ਆਨੰਦ ਨੇ ਆਪਣੀ ਪਹਿਲੀ ਫਿਲਮ 'ਨੀਚਾ ਨਗਰ' ਦਾ ਨਿਰਮਾਣ ਕੀਤਾ। ਮੈਕਿਸਮ ਗੋਰਕੀ ਦੀ ਕਹਾਣੀ 'ਤੇ ਆਧਾਰਿਤ ਇਸ ਫਿਲਮ ਵਿਚ ਕਿਸਾਨਾਂ/ਮਜ਼ਦੂਰਾਂ/ਨਿਮਨ ਵਰਗਾਂ ਦੇ ਜਿਉਣ ਹਾਲਾਤ ਨੂੰ ਯਥਾਰਥਕ ਢੰਗ ਨਾਲ ਦਿਖਾਇਆ ਗਿਆ ਸੀ। ਫਿਲਮ ਅਜਿਹੇ ਜ਼ਿਮੀਦਾਰ ਦੀ ਸੋਚ ਅਤੇ ਕਾਰਜਸ਼ੈਲੀ ਪੇਸ਼ ਕਰਦੀ ਹੈ ਜਿਸ ਲਈ ਮਜ਼ਦੂਰ-ਕਿਸਾਨ ਕੀੜੇ-ਮਕੌੜਿਆਂ ਵਾਂਗ ਹਨ। ਇਸ ਫਿਲਮ ਨੂੰ ਫ਼ਰਾਂਸ ਦੇ ਕਾਨ ਫਿਲਮ ਫੈਸਟੀਵਲ ਵਿਚ ਖ਼ਾਸ ਪੁਰਸਕਾਰ ਵੀ ਦਿੱਤਾ ਗਿਆ।

ਇਸ ਦੌਰ ਦੇ ਸਿਨੇਮਾ ਵਿਚ ਬਹੁਤ ਸਾਰੇ ਨਿਰਦੇਸ਼ਕ ਤੇ ਅਦਾਕਾਰ ਮੁਸਲਿਮ ਸਨ। ਮੁਸਲਿਮ ਸਮਾਜ ਦੀਆਂ ਸਮੱਸਿਆਵਾਂ ਅਤੇ ਵਰਗ ਸ਼ੰਘਰਸ 'ਤੇ ਆਧਾਰਿਤ ਫਿਲਮ 'ਐਲਾਨ' 1947 ਵਿਚ ਰਿਲੀਜ਼ ਹੋਈ। ਇਸ ਫਿਲਮ ਰਾਹੀਂ ਸ਼ੋਅਮੈਨ ਰਾਜਕਪੂਰ ਅਤੇ ਅਦਾਕਾਰਾ ਮਧੂਬਾਲਾ ਨੇ ਆਪਣਾ ਫਿਲਮੀ ਸਫ਼ਰ ਸ਼ੁਰੂ ਕੀਤਾ। ਇਉਂ ਭਾਰਤੀ ਸਿਨੇਮਾ ਵਿਚ 1940 ਤੋਂ 1950 ਦਾ ਸਮਾਂ ਜਿਥੇ ਸਿਆਸੀ ਪੱਧਰ ਤੇ ਰਾਸ਼ਟਰੀ ਉਥਲ-ਪੁਥਲ ਵਾਲਾ ਸੀ, ਉਥੇ ਸਮਾਜਕ ਤੌਰ 'ਤੇ ਇਹ ਸਮਾਂ ਧਾਰਮਿਕ ਅਸਹਿਣਸ਼ੀਲਤਾ, ਸਮਾਜ ਸੁਧਾਰ ਲਹਿਰਾਂ, ਰਾਸ਼ਟਰੀ ਅੰਦੋਲਨਾਂ ਦਾ ਸਮਾਂ ਵੀ ਸੀ। ਇਸ ਦੌਰ ਦਾ ਸਿਨੇਮਾ ਇਕ ਪਾਸੇ ਇਨ੍ਹਾਂ ਹਾਲਾਤ ਪ੍ਰਤੀ ਯਥਾਰਥਵਾਦੀ ਨਜ਼ਰੀਆ ਰੱਖਦਾ ਸੀ, ਦੂਜੇ ਪਾਸੇ ਫਿਲਮਾਂ ਗੀਤ-ਸੰਗੀਤ ਪੱਖੋਂ ਮੁਹੱਬਤ ਤੇ ਰੁਮਾਨੀਅਤ ਵੱਲ ਵੀ ਵਧ ਰਹੀਆਂ ਸਨ। ਫਿਲਮ ਬਣਾਉਣਾ ਉਸ ਸਮੇਂ ਵੀ ਵੰਗਾਰ ਤੋਂ ਘੱਟ ਨਹੀਂ ਸੀ। ਫਿਲਮ ਲੇਖਕ ਤੋਂ ਲੈ ਕੇ ਅਦਾਕਾਰ ਤੱਕ ਸਾਰੇ, ਕੰਪਨੀਆਂ ਦੀਆਂ ਤਨਖਾਹਾਂ 'ਤੇ ਕੰਮ ਕਰਦੇ ਸਨ। ਇਸ ਦੇ ਬਾਵਜੂਦ ਜੇ ਸਿਨੇਮਾ ਆਪਣੀਆਂ ਕਲਾਤਮਿਕ ਅਤੇ ਸਮਾਜਕ ਜ਼ਿੰਮੇਵਾਰੀਆਂ ਤੋਂ ਅਵੇਸਲਾ ਨਹੀਂ ਹੋਇਆ ਤਾਂ ਬੇਸ਼ੱਕ, ਇਸ ਦਾ ਸਿਹਰਾ ਉਸ ਸਮੇਂ ਦੇ ਸਮਰੱਥ ਫਿਲਮਸਾਜ਼ਾਂ ਨੂੰ ਜਾਂਦਾ ਹੈ।

**(ਚਲਦਾ)**



ਕਾਨ ਫਿਲਮ ਮੇਲੇ 'ਤੇ ਇਕ ਫਿਲਮ ਅਦਾਕਾਰਾ

# ਸ਼ਬਾਨਾ ਆਜ਼ਮੀ ਦੇ ਕਾਨ ਸਰੋਕਾਰ

ਪੰਜ ਵਾਰ ਕੌਮੀ ਪੁਰਸਕਾਰ ਜਿੱਤ ਚੁੱਕੀ ਬੜੀ ਜਾਨਦਾਰ ਅਦਾਕਾਰਾ ਅਤੇ ਧੜੱਲੇਦਾਰ ਸਮਾਜਕ ਕਾਰਕੁਨ ਸ਼ਬਾਨਾ ਆਜ਼ਮੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਫਰਾਂਸ ਦਾ ਕਾਨ ਫਿਲਮ ਮੇਲਾ ਫੈਸ਼ਨ ਸ਼ੋਅ ਨਹੀਂ ਬਣਦਾ ਚਾਹੀਦਾ। ਯਾਦ ਰਹੇ ਕਿ ਫਰਾਂਸ ਦੇ ਇਸ ਫਿਲਮ ਮੇਲੇ ਦੌਰਾਨ ਅੱਜ ਕੱਲ੍ਹ ਵੱਖ ਵੱਖ ਦੇਸ਼ਾਂ ਦੀਆਂ ਫਿਲਮ ਅਭਿਨੇਤਰੀਆਂ ਫੈਸ਼ਨ ਸ਼ੋਅ ਵਿਚ ਹਿੱਸਾ ਲੈਣ ਵਾਂਗ ਸਜ-ਧਜ ਕੇ ਪੁੱਜਦੀਆਂ ਹਨ ਅਤੇ ਰੈੱਡ ਕਾਰਪੈਟ 'ਤੇ ਉਨ੍ਹਾਂ ਦਾ ਸਵਾਗਤ ਵੀ ਫੈਸ਼ਨ ਸ਼ੋਅ ਦੇ ਕਿਸੇ ਰੈਂਪ ਵਾਂਗ ਹੀ ਹੁੰਦਾ ਹੈ। ਇਸ ਵਾਰ ਭਾਰਤ ਤੋਂ ਫਿਲਮ ਅਦਾਕਾਰਾ ਕੈਟਰੀਨਾ ਕੈਫ ਪਹਿਲੀ ਵਾਰ ਇਸ ਮੇਲੇ ਵਿਚ ਰੈੱਡ ਕਾਰਪੈੱਟ ਉਤੇ ਮਟਕਦੀ ਨਜ਼ਰ ਆਈ। ਉਸ ਤੋਂ ਇਲਾਵਾ ਐਸ਼ਵਰਿਆ ਰਾਏ ਬੱਚਨ ਅਤੇ ਸੋਨਮ ਕਪੂਰ ਨੇ ਇਸੇ ਹਿਸਾਬ ਨਾਲ ਇਸ ਮੇਲੇ ਵਿਚ ਹਿੱਸਾ ਲਿਆ। ਐਸ਼ਵਰੀਆ ਰਾਏ ਤਾਂ ਪਿਛਲੇ ਕਈ ਇਕ ਦਹਾਕੇ ਤੋਂ ਇਸ ਮੇਲੇ ਵਿਚ ਕਿਸੇ ਨਾ ਕਿਸੇ ਰੂਪ ਵਿਚ ਸ਼ਿਰਕਤ ਕਰ ਰਹੀ ਹੈ। ਰੈੱਡ ਕਾਰਪੈੱਟ ਉਤੇ ਤੁਰਨਾ ਹੁਣ ਸ਼ਾਨ ਸਮਝੀ ਜਾਣ ਲੱਗੀ ਹੈ।

ਸ਼ਬਾਨਾ ਆਜ਼ਮੀ ਮੁਤਾਬਕ ਇਹ ਮੇਲਾ ਸੰਸਾਰ ਭਰ ਦੀਆਂ ਚੰਗੀਆਂ ਫਿਲਮਾਂ ਦਾ ਗੰਭੀਰ ਕੌਮਾਂਤਰੀ ਮੇਲਾ ਹੈ ਅਤੇ ਇਸ ਦਾ ਇਹ ਅਕਸ ਵਿਗੜਨਾ ਨਹੀਂ ਚਾਹੀਦਾ, ਇਸ ਦੀ ਸੰਜੀਦਗੀ ਬਰਕਰਾਰ ਰਹਿਣੀ ਚਾਹੀਦੀ ਹੈ। ਉਨ੍ਹਾਂ ਮੁਤਾਬਕ ਅਜਿਹੇ ਫੈਸ਼ਨ ਸ਼ੋਅਜ਼ ਲਈ ਤਾਂ ਹੋਰ ਬਥੇਰੇ ਮੰਚ ਹਨ, ਇਸ ਲਈ ਕਾਨ ਵਿਚ ਇਸ ਤਰ੍ਹਾਂ ਦੇ ਸ਼ੋਅ ਜੇ ਨਾ ਹੋਣ ਤਾਂ ਚੰਗਾ ਹੈ। ਗੌਰਤਲਬ ਹੈ ਕਿ ਕਾਨ ਫਿਲਮ ਮੇਲਾ 1946 ਵਿਚ ਸ਼ੁਰੂ ਕੀਤਾ ਗਿਆ ਸੀ। ਉਂਝ ਇਸ ਨੂੰ 1930ਵਿਆਂ ਵਿਚ ਫਰਾਂਸ ਦੇ ਸਿੱਖਿਆ ਮੰਤਰੀ ਜੀਨ ਜੇਅ ਵੱਲੋਂ ਸ਼ੁਰੂ ਕਰਵਾਏ ਕੌਮਾਂਤਰੀ ਸਿਨੇਮਾ ਆਟੋਗ੍ਰਾਫਿਕ ਮੇਲੇ ਨਾਲ ਵੀ ਜੋੜਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਕੌਮਾਂਤਰੀ ਸਿਨੇਮਾ ਆਟੋਗ੍ਰਾਫਿਕ ਮੇਲਾ ਹੀ ਅਗਾਂਹ ਜਾ ਕੇ ਕਾਨ ਫਿਲਮ ਮੇਲਾ ਬਣਿਆ। ਉਂਝ ਇਹ ਗੱਲ ਹੈ ਵੀ ਸੱਚ ਕਿ ਇਹ ਮੇਲਾ ਆਏ ਸਾਲ ਆਪਣਾ ਸਰੂਪ ਬਦਲਦਾ ਰਿਹਾ ਹੈ। ਹਰ ਸਾਲ ਇਸ ਮੇਲੇ ਵਿਚ ਕੁਝ ਨਾ ਕੁਝ ਨਵਾਂ ਜੁੜਦਾ ਰਿਹਾ ਹੈ।

1947 ਵਿਚ ਇਸ ਫਿਲਮ ਮੇਲੇ ਵਿਚ ਸਿਰਫ 16 ਦੇਸ਼ਾਂ ਨੇ ਸ਼ਿਰਕਤ ਕੀਤੀ ਸੀ। ਮਗਰੋਂ ਯੂਰਪੀ ਫਿਲਮਾਂ ਲਈ ਇਹ ਮੇਲਾ ਬੜਾ ਵੱਡਾ ਮੰਚ ਸਾਬਤ ਹੋਇਆ। ਫਿਲਮ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਫਿਲਮ ਮੇਲੇ ਨੇ ਵਪਾਰਕ ਅਤੇ ਅਲੋਚਨਾ ਪੱਖੋਂ ਯੂਰਪੀ ਫਿਲਮਾਂ ਨੂੰ ਉਭਾਰਨ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਇਹੀ ਨਹੀਂ, ਹੁਣ ਤਾਂ ਇਸ ਫਿਲਮ ਮੇਲੇ ਦਾ ਘੇਰਾ ਸਮੁੱਚੇ ਸੰਸਾਰ ਤੱਕ ਫੈਲ ਗਿਆ ਹੈ ਅਤੇ ਪੂਰਬੀ ਦੇਸ਼ਾਂ ਨੂੰ ਵੀ ਇਸ ਵਿਚ ਨੁਮਾਇੰਦੀ ਮਿਲਣੀ ਸ਼ੁਰੂ ਹੋ ਗਈ ਹੈ। ਇਸ ਵਾਰ ਭਾਰਤ ਦੀਆਂ ਵੀ ਦੋ ਫਿਲਮਾਂ ਇਸ ਮੇਲੇ ਵਿਚ ਦਿਖਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਫਿਲਮ ਤਾਂ ਫਿਲਮਸਾਜ਼ ਗੁਰਵਿੰਦਰ ਸਿੰਘ ਵੱਲੋਂ ਪੰਜਾਬੀ ਵਿਚ ਬਣਾਈ ਫਿਲਮ 'ਚੌਥੀ ਕੂਟ' ਹੈ ਅਤੇ ਦੂਜੀ ਫਿਲਮ 'ਮਸਾਣ' ਫਿਲਮਸਾਜ਼ ਨੀਰਜ ਗਵਾਨ ਨੇ ਬਣਾਈ ਹੈ। ਚੌਥੀ ਕੂਟ ਪੰਜਾਬੀ ਕਹਾਣੀਕਾਰ ਵਰਿਆਮ ਸੰਧੂ ਦੀਆਂ ਦੋ ਕਹਾਣੀਆਂ ਚੌਥੀ ਕੂਟ ਅਤੇ ਹੁਣ ਮੈਂ ਠੀਕ-ਠਾਕ ਹਾਂ ਉਤੇ ਆਧਾਰਤ ਹੈ। ਇਨ੍ਹਾਂ ਕਹਾਣੀਆਂ ਵਿਚ ਪੰਜਾਬ ਦੇ ਉਸ ਸੰਕਟ ਦਾ ਜ਼ਿਕਰ ਕੀਤਾ ਗਿਆ ਹੈ, ਜਦੋਂ ਪੰਜਾਬੀ ਲੋਕ ਦਹਿਸ਼ਤਗਰਦਾਂ ਅਤੇ ਸਰਕਾਰੀ ਦਹਿਸ਼ਤਗਰਦੀ ਵਿਚਾਲੇ ਪਿਸ ਰਹੇ ਸਨ। ਬਹੁਤ ਸਾਰੇ ਕਲਾ ਪ੍ਰੇਮੀਆ ਨੇ ਸ਼ਬਾਨਾ ਆਜ਼ਮੀ ਦੇ ਇਸ ਖਿਆਲ ਦੀ ਡਟ ਕੇ ਹਮਾਇਤ ਕੀਤੀ ਹੈ ਅਤੇ ਕਿਹਾ ਹੈ ਕਿ ਕਾਨ ਫਿਲਮ ਮੇਲੇ ਵਰਗੇ ਗੰਭੀਰ ਮੰਚ ਦੇ ਸਰੋਕਾਰ ਧੁੰਦਲੇ ਨਹੀਂ ਪੈਣੇ ਚਾਹੀਦੇ ਅਤੇ ਉਥੇ ਹੀਰੋਇਨਾਂ ਦੇ ਲਿਬਾਸ ਦੀ ਥਾਂ ਚੰਗੀਆਂ ਫਿਲਮਾਂ ਬਾਰੇ ਹੀ ਚਰਚਾ ਹੋਣੀ ਚਾਹੀਦੀ ਹੈ।





GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com




Surveillance Camera
Systems
2 Year Warranty
Vista
Full HD 1080P
Now Sell & Install
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
UP GRADE YOUR SECURITY SYSTEM
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores, Hotel/Motel,warehouse & Homes
Call
Sukhpal
1-661-586-5080
Email: commvision@sbcglobal.net




ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114
Truck Trailer Wash $55
*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ
ਵਾਜਬ ਰੇਟ
Free Parking
Stearing Tires
American
(set of two)
$799.99
ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110



BIGGEST SALE EVER ON PUNJABI TV
40% OFF PER MONTH
FOR 12 MONTHS ON PUNJABI MEGA PACK
GET DISH FOR THE BEST PUNJABI TV PROGRAMMING
PUNJABI MEGA PACK
$14.99 MO
FOR 12 MONTHS
$24.99 MO
REGULAR PRICE
jus punjabi
PTC PUNJABI
WILLOW HD
GLOBAL PUNJAB
TASHAN
jus 24x7
PTC NEWS
PTC chak de
Requires 24-month commitment, credit qualification and subscription to qualifying American programming. Early Termination Fee appplies. Cannot be combined with other International offers.
Order now and SAVE $120!
1-888-626-0801
Use Offer Code SAVEBIG
dish
International programming requires additional $10/mo. International Basic Package or any America's Top Package.
Important Terms and Conditions: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 8/13/15.
© 2015 DISH Network L.L.C. All rights reserved.
0801-Q2R2-PUNJABI BSE Promo MAY